# ਸਾਹਿਬ ਗੁਣੀ ਗਹੇਰਾ

ਤਾਰਾ ਸਿੰਘ
ਅਨਜਾਣ

Namdhari Elibrary NamdhariElibrary@gmail.com

# ਸਾਹਿਬੁ ਗੁਣੀ ਗਹੇਰਾ

ਹੱਥਲੀ ਪੁਸਤਕ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਨਾਲ ਸਰਵ-ਪੱਖੀ ਜਾਣਕਾਰੀ ਕਰਾਉਣ ਦਾ ਇਕ ਨਿਮਾਣਾ ਜਿਹਾ ਉੱਦਮ ਪੇਸ਼ ਹੈ । ਸਤਿਗੁਰੂ ਪਰਤਾਪ ਸਿੰਘ ਜੀ ਨੇ ਲਗਭਗ ਅੱਧੀ ਸਦੀ ਤਕ ਗੁਰਗੱਦੀ ਉਤੇ ਬਿਰਾਜ-ਮਾਨ ਰਹਿ ਕੇ ਭਾਰਤੀਆਂ ਦੇ ਗੁਲਾਮਾਨਾ ਜੀਵਨ ਵਤੀਰੇ ਨੂੰ, ਅਜਾਦੀ ਤੇ ਸੁਤੰਤਰਤਾ ਦੀ ਪ੍ਰਾਪਤੀ ਵੱਲ ਪਰਤਣ ਦੀ ਅਗਵਾਈ ਦਿੱਤੀ । ਇਹ ਉਹ ਸਮਾਂ ਸੀ ਜਦੋਂ ਅੰਗਰੇਜ਼ੀ ਰਾਜ ਪੂਰਨ ਤੌਰ ਉਤੇ ਭਾਰਤ ਦੇਸ਼ ਉਪਰ ਆਪਣੀ ਪ੍ਰਭੂ-ਸੱਤਾ ਦੀ ਮੋਹਰ ਛਾਪ ਲਾ ਚੁੱਕਾ ਸੀ । ਉਨ੍ਹਾਂ ਦੀ ਪ੍ਰਭੂ-ਸੱਤਾ ਦੇ ਹਿੰਸਾਤਮਕ ਵਤੀਰੇ ਦੇ ਵਿਰੋਧ ਵਿਚ ਸਤਿਗੁਰੂ ਜੀ ਨੇ 1906 ਤੋਂ ਨਾਮਿਲਵਰਤਨ ਤੇ ਸੁਦੇਸ਼ੀ ਵਸਤਾਂ ਦੀ ਵਰਤੋਂ ਕਰਨ ਦਾ ਅੰਦੋਲਨ ਕਰਨ, ਜੋ ਸਤਿਗੁਰੂ ਰਾਮ ਸਿੰਘ ਜੀ ਨੇ ਅਰੰਭਿਆ ਸੀ, ਦੀ ਅਗਵਾਈ ਦੀ ਵਾਗਡੋਰ ਆਪਣੇ ਹੱਥਾਂ ਵਿਚ ਲਈ ਸੀ । ਉਦੋਂ ਭੈਣੀ ਸਾਹਿਬ ਦੀ ਸਥਿਤੀ ਇਕ ਨੀਮ ਜੇਲ੍ਹ ਖਾਨੇ ਵਰਗੀ ਬਣ ਚੁੱਕੀ ਸੀ । ਅਜਿਹੀ ਪਿੱਠ-ਭੂਮੀ ਵਿੱਚੋਂ ਆਪ ਨੇ ਦੇਸ਼ ਦੀ ਸੁਤੰਤਰਤਾ ਲਈ ਹਰ ਲਹਿਰ ਨੂੰ ਮਿਲਵਰਤਨ ਦਿੱਤਾ । ਸਿੱਖ-ਸੰਪ੍ਰਦਾਵਾਂ ਵਿਚ ਏਕਤਾ ਸਥਾਪਿਤ ਕਰਨ ਲਈ ਆਪ ਦੀ ਚਲਾਈ 'ਗੁਰੂ ਨਾਨਕ ਸਰਬ-ਸੰਪ੍ਰਦਾਇ' ਕਾਨਫਰੰਸ ਦਾ ਅਰੰਭ ਭੈਣੀ ਸਾਹਿਬ ਤੋਂ ਹੋਇਆ । ਬਾਅਦ ਵਿੱਚ ਥਾਂ ਪਰ ਥਾਂ ਅਜਿਹੀਆਂ ਕਾਨਫਰੰਸਾਂ ਆਯੋਜਿਤ ਕੀਤੀਆਂ ਗਈਆਂ । ਆਪ ਨੇ ਹਿੰਦੂ-ਸਿੱਖ ਏਕਤਾ ਲਈ ਮਿਲਾਪ ਕਾਨਫਰੰਸ ਕੀਤੀ : ਪੰਜਾਬੀ ਭਾਸ਼ਾ ਦੀ ਉੱਨਤੀ ਲਈ ਪੰਜਾਬੀ ਕਾਨਫਰੰਸ ਕੀਤੀ । ਸਤਿਗੁਰੂ ਜੀ ਨੇ ਰਾਜਨੀਤਿਕ, ਸਮਾਜਕ ਸਰਗਰਮੀਆਂ ਦੇ ਨਾਲ ਨਾਲ ਅਧਿਆਤਮਕ ਉੱਨਤੀ ਲਈ ਸੰਗਤਾਂ ਨੂੰ ਨਾਮ ਬਾਣੀ ਦੇ ਅਭਿਆਸ ਵੱਲ ਪ੍ਰੇਰਿਆ ਅਤੇ 'ਹਰਿ ਕੀਰਤਨ' ਦੀ ਕੇਂਦਰੀ ਮਹੱਤਤਾ ਨੂੰ ਅਗ੍ਰਭੂਮਨ ਕਰਨ ਲਈ ਗੁਰਮਤਿ ਸੰਗੀਤ ਅਤੇ ਸਾਸਤਰੀ ਸੰਗੀਤ ਨੂੰ ਪਰੰਪਰਾਗਤ ਲੀਹਾਂ ਉਤੇ ਤੋਰਨ ਦੇ ਉਚੇਚੇ ਉੱਦਮ ਕੀਤੇ । ਆਪ ਦਾ ਜੀਵਨ ਸਾਡੇ ਲਈ ਇਕ ਚਾਨਣ ਮੁਨਾਰਾ ਹੈ ।

Namdhari Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information about the process or your contribution - please contact

Email: NamdhariElibrary@gmail.com

ਤਾਰਾ ਸਿੰਘ ਅਨਜਾਣ
ਜਨਮ : 4 ਅਕਤੂਬਰ, 1944
ਰਾਇਵਿੰਡ ਮੰਡੀ, ਲਾਹੌਰ (ਪਾਕਿਸਤਾਨ)
ਵਿੱਦਿਆ : ਐਮ. ਏ.
ਕਿੱਤਾ : ਅਧਿਆਪਨ—ਲੈਕਚਰਾਰ, ਐਸ. ਸੀ. ਈ. ਆਰ. ਟੀ. ਨਵੀਂ ਦਿੱਲੀ
ਪਤਾ : ਏ-110, ਜਨਤਾ ਕਾਲੋਨੀ,
ਨਵੀਂ ਦਿੱਲੀ-110027 ਫ਼ੋਨ : 532038

ਹੋਰ ਪ੍ਰਕਾਸ਼ਨਾਵਾਂ : ਸਭਹਨ ਕੇ ਸਿਰਮੌਰ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) —ਮੌਲਿਕ ਜੀਵਨੀ

| | |
|---|---|
| ਕਥਾ-ਕਹਾਣੀ | —ਸਹਿ-ਸੰਪਾਦਨ |
| ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ | ,, |
| ਵਡ ਪਰਤਾਪੁ ਅਚਰਜ ਰੂਪ | ,, |
| ਪਰਤਾਪ ਸਦਾ ਗੁਰ ਕਾ ਘਟਿ ਘਟਿ | ,, |
| ਸਾਡੇ ਲਾਭਦਾਇਕ ਬੂਟੇ | —ਅਨੁਵਾਦ |

ਸਨਮਾਨ :

1982 ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬੀ ਸੇਵਾ ਸਨਮਾਨ।

1989-90 ਵਿੱਚ ਪੰਜਾਬੀ ਅਕਾਦਮੀ, ਦਿੱਲੀ ਵੱਲੋਂ ਪੰਜਾਬੀ ਭਾਸ਼ਾ ਸੇਵਾ ਸਨਮਾਨ।

1990 ਵਿੱਚ ਪੰਜਾਬੀ ਸਾਹਿਤਕ ਮੰਚ, ਦਿੱਲੀ ਵੱਲੋਂ ਮਾਣ-ਪੱਤਰ।

Namdhari Elibrary NamdhariElibrary@gmail.com

# ਸਾਹਿਬੁ ਗੁਣੀ ਗਹੇਰਾ

ਤਾਰਾ ਸਿੰਘ ਅਨਜਾਣ

ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ
[illegible]

Namdhari Elibrary NamdhariElibrary@gmail.com

## ਤਤਕਰਾ


7 ਆਮੁਖ/ਅਮਰ ਭਾਰਤੀ
9 ਘਰ ਦਾ ਮਾਲਕ
19 ਰੋਹ ਤੇ ਵਿਦਰੋਹ
34 ਭਾਰੀ ਕਰੀ ਤਪਸਿਆ
44 ਅਦ੍ਵਤੀ ਅਨੰਦ ਕਾਰਜ
58 ਬਖ਼ਸ਼ਸ਼ ਦਾ ਦਰ
74 ਸੁਤੰਤਰ ਘਰ—ਸੁਤੰਤਰ ਸੋਚ
107 ਹੋਇ ਇਕਤ੍ਰ
115 ਖਾਰੇ ਸਮੁੰਦਰੋਂ ਪਾਰ—ਸਿਆਮ
119 ਮਿਲਬੇ ਕੀ ਮਹਿਮਾ
127 ਮਰਯਾਦਾ ਦੀ ਦ੍ਰਿੜਤਾ
138 ਜੁੜਨ-ਜੋੜਨ ਪ੍ਰਕਿਰਿਆ
150 ਬਾਹ ਪਕਰਿ ਕਢਿ ਲੀਨੇ
159 ਬਿਖੜੇ ਪੈਂਡੇ—ਲੰਮਾ ਰਸਤਾ
170 ਸਾਹਿਬੁ ਗੁਣੀ ਗਹੇਰਾ
178 ਸਹਾਇਕ ਪੁਸਤਕਾਂ ਤੇ ਪੱਤ੍ਰਿਕਾਵਾਂ


Namdhari Elibrary NamdhariElibrary@gmail.com

# ਆਮੁਖ

ਸਤਿਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੂ
ਵਿਲਖਣ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਇਕ ਇਹੋ ਜਿਹਾ ਸਮਾਜ ਰਚਨ ਦੀ ਕੋਸ਼ਿ
ਕੀਤੀ—ਜਿਹੜਾ ਅਧਿਆਤਮ, ਨੈਤਿਕਤਾ ਅਤੇ ਤਨ ਮਨ ਦੀ ਆਜ਼ਾਦੀ ਨੂੰ ਜਿੱਤਣ
ਜਿਊਣ ਦੀ ਸਮਰੱਥਾ ਰੱਖਦਾ ਹੋਵੇ। ਆਪ ਅਜੇ ਆਪਣੇ ਕੰਮ ਦੇ ਪ੍ਰਾਰੰਭਕ ਦੌਰ ਵਿੱ
ਹੀ ਸਨ ਕਿ ਵਿਰੋਧੀ ਦਾਨਵੀ ਤਾਕਤਾਂ ਨੇ ਭਰਪੂਰ ਹਮਲਾ ਕਰ ਦਿੱਤਾ ਅਤੇ ਆ
ਜਲਾਵਤਨ ਕਰ ਦਿੱਤੇ ਗਏ।

ਆਪ ਦੇ ਜਾਣ ਤੋਂ ਬਾਅਦ ਸਤਿਗੁਰੂ ਹਰੀ ਸਿੰਘ ਜੀ ਦੇ ਜ਼ਿੰਮੇ ਜਿਹੜ
ਜ਼ਿੰਮੇਵਾਰੀ ਆਈ, ਉਹ ਸੀ—ਉਸ ਸਮਾਜ ਰਚਨਾ ਨੂੰ ਵਿਰੋਧੀ ਤਾਕਤਾਂ
ਹਮਲਿਆਂ ਤੋਂ ਬਚਾਉਣਾ ਤੇ ਖਿੰਡਰਨ ਨਾ ਦੇਣਾ। ਸਤਿਗੁਰੂ ਰਾਮ ਸਿੰਘ ਜੀ
ਜਿਸ ਸਮੇਂ ਨਾਮਧਾਰੀ ਸਮਾਜ ਦੀ ਸਿਰਜਨਾ ਕੀਤੀ ਓਦੋਂ ਤਕ ਹਰ ਸਮਾਜ ਕਿ
ਨਾ ਕਿਸੇ ਰੂਪ ਵਿਚ 'ਗੁਰੂ' ਦੀ ਅਗਵਾਈ ਵਿੱਚ ਚੱਲਣ ਦੀ ਪਰੰਪਰਾ ਦਾ ਧਾਰ
ਸੀ। ਖ਼ਾਸ ਕਰ ਕੇ ਸਿੱਖ ਸਮਾਜ ਤਾਂ ਜਿਊਂਦਾ ਹੀ ਗੁਰੂ ਦੇ ਨਾਮ ਤੇ ਸੀ
ਓਦੋਂ ਵੀ ਸਿੱਖ ਸਮਾਜ ਦੇ ਵੱਡੇ ਹਿੱਸੇ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣ
ਰਹਿਬਰ ਮੰਨਿਆ ਸੀ। ਫਿਰ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਪੰਜ
ਸਾਲ ਬਾਅਦ ਇਤਿਹਾਸ ਵਿੱਚ ਪਹਿਲੀ ਵਾਰੀ ਉਹ ਸਮਾਂ ਆਇਆ ਜਦੋਂ ਸਿੱ
ਸਮਾਜ ਦੇ ਇਕ ਹਿੱਸੇ ਨੇ 'ਗੁਰੂ' ਦੀ ਰਹਿਬਰੀ ਵਾਲਾ ਸਿਧਾਂਤ ਬਦਲ ਕੇ ਸੰਸਥਾ ਦ
ਰਹਿਬਰੀ ਪਰਵਾਨ ਕਰਦਿਆਂ 'ਸਿੰਘ ਸਭਾ' ਜਾਂ 'ਖ਼ਾਲਸਾ ਦੀਵਾਨ ਲਾਹੌਰ' ਦ
ਸਿਰਜਨਾ ਕੀਤੀ।

ਜਦੋਂ ਨਾਮਧਾਰੀ ਸਮਾਜ ਦੀ ਰਹਿਬਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੱ
ਆਈ ਓਦੋਂ ਤਕ ਦੇਸ਼ ਵਿੱਚ ਭਾਰੀ ਸਮਾਜਕ, ਧਾਰਮਕ ਤੇ ਸਿਆਸੀ ਤਬਦੀਲੀਅ
ਆ ਚੁੱਕੀਆਂ ਸਨ। ਕਾਂਗਰਸ ਤੇ ਹੋਰ ਕਈ ਸਿਆਸੀ ਜਮਾਤਾਂ ਉਸ ਵੇਲੇ ਤ
ਵਜੂਦ ਵਿੱਚ ਆ ਕੇ ਆਜ਼ਾਦੀ ਦੀ ਲੜਾਈ ਲੜ ਰਹੀਆਂ ਸਨ। ਓਦੋਂ ਤ
ਬਹੁਤੀਆਂ ਧਾਰਮਕ ਸੰਸਥਾਵਾਂ ਆਪਣਾ ਅਸਲ ਕੰਮ ਛੱਡ ਕੇ ਆਪਸ ਵਿੱਚ ਲੜ ਭਿੜ
ਕੇ ਭਾਰਤ ਵਿਚ ਅੰਗਰੇਜ਼ੀ ਰਾਜ ਦੀ ਉਮਰ ਵਧਾਉਣ ਦੇ ਕੰਮ ਵਿਚ ਹੀ ਜੁੱਟੀਅ
ਹੋਈਆਂ ਸਨ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਜਿਹੜੀਆਂ ਜ਼ਿੰਮੇਵਾਰੀਆਂ ਆਪਣੇ ਸਿ
ਲਈਆਂ, ਉਹ ਸਨ—ਸਿੱਖਾਂ ਦਾ ਅਧਿਆਤਮਕ ਤੇ ਸੱਚਾ-ਸੁੱਚਾ ਸਾਦਾ ਜੀਵਨ ਉੱਚ
ਰੱਖਦਿਆਂ ਹੋਇਆਂ ਹੋਰਨਾਂ ਧਾਰਮਕ ਜਾਂ ਮਜ਼ਹਬੀ ਸੰਸਥਾਵਾਂ ਨੂੰ ਆਪਸ ਵਿੱਚ ਲੜਨੋ
ਵਰਜ ਕੇ ਆਪਣਾ ਇੱਕ ਸਾਂਝਾ ਮੇਲ ਮਿਲਾਪ ਦਾ ਧਾਰਮਕ ਮੰਚ ਮੁਹੱਈਆ ਕਰਨਾ ਤੇ
ਕਿਸੇ ਨਾ ਕਿਸੇ ਰੂਪ ਵਿਚ ਅੰਗਰੇਜ਼ੀ ਰਾਜ ਦੇ ਵਿਰੁੱਧ ਭਾਰਤ ਦੀ ਆਜ਼ਾਦੀ ਲਈ
ਜੂਝਣ ਵਾਲੀਆਂ ਸਿਆਸੀ ਜਮਾਤਾਂ ਨੂੰ ਸਹਿਯੋਗ ਦੇਣਾ। ਇਹ ਕੰਮ ਆਪਣੇ ਆ
ਵਿਚ ਔਖਾ ਤੇ ਵਿਲੱਖਣ ਸੀ ਅਤੇ ਦੇਸ਼ ਵਿੱਚ—ਖ਼ਾਸ ਕਰ ਕੇ ਪੰਜਾਬ ਵਿੱਚ ਕੇਵਲ
ਸਤਿਗੁਰੂ ਪਰਤਾਪ ਸਿੰਘ ਜੀ ਹੀ ਇਸ ਦੇ ਅਧਿਆਤਮਕ ਨਾਇਕ ਸਨ।

ਤਾਰਾ ਸਿੰਘ ਜੀ ਅਨਜਾਣ ਨੇ 'ਸਾਹਿਬ ਗਣੀ ਗਹੇਰਾ' ਨਾਮ ਦੀ ਇਸ ਪੁਸਤਕ

Namdhari Elibrary NamdhariElibrary@gmail.com

ਵਿੱਚ ਓਸੇ ਗੁਣਾਂ ਦੇ ਸਾਗਰ-ਨਾਇਕ ਸਤਿਗੁਰੂ ਪਰਤਾਪ ਸਿੰਘ ਦੇ ਜੀਵਨ ਚਰਿਤ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਨਜਾਣ ਜੀ ਇਸ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਚਰਿਤ 'ਸਭਹਨ ਕੇ ਸਿਰਮੌਰ' ਦੇ ਨਾਮ ਹੇਠ ਪੁਸਤਕ ਰੂਪ ਵਿੱਚ ਦੇ ਚੁੱਕੇ ਹਨ ਤੇ 'ਸਾਹਿਬੁ ਗੁਣੀ ਗਹੇਰਾ' ਆਪ ਦੀ ਦੂਜੀ ਪੁਸਤਕ ਹੈ। ਅਨਜਾਣ ਜੀ ਨਾਮਧਾਰੀ ਸਮਾਜ ਵਿੱਚੋਂ ਅਜੋਕੀ ਪੀੜ੍ਹੀ ਦੇ ਸੁਲਝੇ ਹੋਏ ਲੇਖਕ ਤੇ ਦਿੱਲੀ ਦੇ ਪੰਜਾਬੀ ਵਿਦਿਅਕ ਖੇਤਰ ਵਿੱਚ ਬਹੁ ਪਰਸ਼ੰਸਕ ਧਿਰ ਹਨ। ਦਿੱਲੀ ਦੇ ਸਕੂਲਾਂ ਵਿੱਚ ਹਰ ਪੰਜਾਬੀ ਬੱਚੇ ਨੂੰ ਪੰਜਾਬੀ ਵਿਦਿਆ ਦਿਵਾਉਣ ਲਈ ਜਿੰਨੀਆਂ ਵੀ ਕੋਸ਼ਿਸ਼ਾਂ ਹੋਈਆਂ ਜਾਂ ਹੋ ਰਹੀਆਂ ਹਨ—ਉਨ੍ਹਾਂ ਵਿੱਚ ਪਰਮੁੱਖ ਹਿੱਸਾ ਅਨਜਾਣ ਜੀ ਦਾ ਹੈ।

ਸਿੱਧੀ-ਸਾਦੀ ਭਾਵਪੂਰਤ ਬੋਲੀ ਵਿੱਚ ਸਾਹਿਤਕ ਜਾਂ ਇਤਿਹਾਸਕ ਰਚਨਾ ਆਪ ਦੀ ਲੇਖਣ ਸ਼ੈਲੀ ਦੀ ਸਿਫ਼ਤ ਹੈ। ਇਤਿਹਾਸਕ ਘਟਨਾਵਾਂ ਦੇ ਆਦਿ-ਅੰਤ ਬਾਰੇ ਪਰਮਾਣੀਕ ਤੱਥ ਲਭ ਕੇ ਉਨ੍ਹਾਂ ਨੂੰ ਰੋਚਕ ਢੰਗ ਨਾਲ ਪੇਸ਼ ਕਰਨਾ ਇਨ੍ਹਾਂ ਲਈ ਬਹੁਤ ਹੀ ਸਹਿਜ ਹੈ। ਕੋਈ ਲੇਖਕ ਜਦੋਂ ਕੋਈ ਰਚਨਾ ਕਰਨ ਬੈਠਦਾ ਹੈ ਤਾਂ ਉਸ ਕੋਲ ਦੱਸਣ ਲਈ ਬਹੁਤ ਕੁਝ ਹੁੰਦਾ ਹੈ—ਪਰ ਸੁਘੜ ਲੇਖਕ ਓਹੋ ਹੀ ਮੰਨਿਆ ਜਾਂਦਾ ਹੈ ਜਿਹੜਾ ਬਹੁਤ ਕੁਝ ਦੱਸਣ ਦਾ ਪੰਡਤਾਊ ਲਾਲਚ ਛੱਡ ਕੇ ਸਿਰਫ਼ ਓਹੋ ਕੁਝ ਦੱਸਣ ਦੀ ਕੋਸ਼ਿਸ਼ ਕਰੇ, ਜੋ ਜ਼ਰੂਰੀ ਹੋਵੇ ਤੇ ਜਿਸ ਨੂੰ ਪਾਠਕ ਦਿਲਚਸਪੀ ਨਾਲ ਪੜ੍ਹ ਸਕੇ।

ਤਾਰਾ ਸਿੰਘ ਜੀ ਅਨਜਾਣ ਇਸ ਪੱਖ ਤੋਂ ਖਰੇ ਉਤਰੇ ਹਨ। ਇਨ੍ਹਾਂ ਨੇ ਸਤਿਗੁਰੂ ਪਰਤਾਪ ਸਿੰਘ ਜੀ ਵਰਗੀ ਵਿਲਖਣ ਸ਼ਖ਼ਸੀਅਤ ਦੇ ਘਟਨਾਵਾਂ ਭਰਪੂਰ ਜੀਵਨ ਦੇ ਵਿਵਿਧ ਪੱਖ ਇਸ ਢੰਗ ਨਾਲ ਪੇਸ਼ ਕੀਤੇ ਹਨ ਕਿ ਪੜ੍ਹਦਿਆਂ ਇੰਜ ਲਗਦਾ ਹੈ ਕਿ ਇਹ ਤਾਂ ਬਹੁਤ ਜ਼ਰੂਰੀ ਸਨ।

ਚੰਗੇ ਲੇਖਕ ਨੂੰ ਜੇ ਚੰਗਾ ਉਤਸ਼ਾਹਦਾਤਾ ਤੇ ਚੰਗਾ ਸਹਿਯੋਗੀ ਮਿਲ ਜਾਏ ਤਾਂ ਉਸ ਦੀ ਲੇਖਣੀ ਸਫਲ ਹੋ ਜਾਂਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਭਰੀ ਦ੍ਰਿਸ਼ਟੀ ਤਾਰਾ ਸਿੰਘ ਅਨਜਾਣ ਜੀ ਨੂੰ ਉਤਸ਼ਾਹਦਾਤਾ ਦੇ ਰੂਪ ਵਿਚ ਹਾਸਿਲ ਹੈ ਤੇ ਸ: ਹਰਵਿੰਦਰ ਸਿੰਘ ਜੀ ਹੰਸਪਾਲ ਐਮ. ਪੀ. ਜਿਹੇ ਪਰੇਰਕ ਵਿਅਕਤੀ ਦਾ ਸਹਿਯੋਗ ਇਨ੍ਹਾਂ ਦੇ ਸੰਗ ਸਾਥ ਹੈ। 'ਸਤਿਗੁਰੂ ਪਰਤਾਪ ਸਿੰਘ ਅਵਤਾਰ ਸ਼ਤਾਬਦੀ ਕਮੇਟੀ' ਦੇ ਪਰਧਾਨ ਦੇ ਨਾਤੇ ਹੰਸਪਾਲ ਜੀ ਜਿਹੜੇ ਕਈ ਪੁਸਤਕਾਂ, ਰਿਸਾਲਿਆਂ ਤੇ ਅਖ਼ਬਾਰਾਂ ਦੇ ਵਿਸ਼ੇਸ਼ ਅੰਕਾਂ ਲਈ ਲਿਖ ਲਿਖਵਾ ਅਤੇ ਛਪਵਾ ਰਹੇ ਹਨ—ਹੱਥਲੀ ਪੁਸਤਕ ਉਸੇ ਪੁਸਤਕ-ਮਾਲਾ ਦਾ ਇਕ ਮੋਤੀ ਹੈ।

ਸਤਿਗੁਰੂ ਕਿਰਪਾ ਕਰਨ, ਲੇਖਕ ਉਤਸ਼ਾਹਦਾਤਾ ਤੇ ਪਰੇਰਕ ਦਾ ਇਹ ਰਿਸ਼ਤਾ ਵੱਡਾ-ਵਡੇਰਾ ਹੋਵੇ।

C-5D/79 ਏ, ਜਨਕਪੁਰੀ,
ਨਵੀਂ ਦਿੱਲੀ-110058
26 ਫ਼ਰਵਰੀ 1991

**ਅਮਰ ਭਾਰਤੀ**

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਘਰ ਦਾ ਮਾਲਕ

19ਵੀਂ ਸਦੀ ਦੇ ਪਹਿਲੇ ਅੱਧ ਤੱਕ, ਭੈਣੀ ਭੂੰਦੜ, ਲੁਧਿਆਣਾ (ਪੰਜਾਬ) ਦਾ ਇਕ ਆਮ ਜਿਹਾ, ਬੇਪਛਾਣ ਜਿਹਾ, ਕੱਚੇ-ਪੱਕੇ ਕੋਠਿਆਂ ਦਾ, ਨਿੱਕਾ ਜਿਹਾ ਪਿੰਡ ਸੀ। ਇਸ ਪਿੰਡ ਵਿਚੋਂ ਜਗੀ ਭਗਤੀ ਤੇ ਸ਼ਕਤੀ ਦੀ ਜੋਤ ਨੇ ਉਂਗਲਾਂ ਤੇ ਗਿਣੇ ਜਾ ਸਕਣ ਵਾਲੇ ਵਰ੍ਹਿਆਂ ਵਿਚ ਹੀ ਨਾਮ ਬਾਣੀ ਤੇ ਸੁਤੰਤਰਤਾ ਲਈ ਸੰਘਰਸ਼ ਦਾ ਚਾਨਣ ਸਾਰੇ ਪੰਜਾਬ ਵਿਚ ਖਿਲਾਰ ਦਿੱਤਾ, ਜਿੱਥੋਂ ਇਹ ਭਾਰਤ ਦੇ ਦੂਜੇ ਸੂਬਿਆਂ ਵਿਚ ਵੀ ਪਸਰਿਆ। ਇਸ ਨਾਲ ਸਮੇਂ ਦੀ ਹਕੂਮਤ — ਬਰਤਾਨਵੀ ਸਰਕਾਰ — ਦੀ ਨੀਂਦ ਹਰਾਮ ਹੋ ਗਈ। ਸੱਤ ਸਮੁੰਦਰੋਂ ਪਾਰ ਬਰਤਾਨੀਆ ਦੀ ਰਾਜਧਾਨੀ ਲੰਡਨ ਵਿਚ ਵੀ ਗੰਭੀਰਤਾ ਨਾਲ ਸੋਚਿਆ ਜਾਣ ਲਗਾ ਕਿ ਕਿਤੇ ਇਹ ਲਟ ਲਟ ਬਲਦੀ ਜੋਤ, ਆਪਣੇ ਸੇਕ ਨਾਲ ਉਹਨਾਂ ਦੇ ਸਾਮਰਾਜ ਨੂੰ ਹੀ ਨਾ ਨੁਕਸਾਨ ਪਹੁੰਚਾਏ।

ਲੋਕਾਂ ਲਈ ਸ਼ਰਧਾ ਦਾ ਪ੍ਰਤੀਕ ਤੇ ਸ਼ਕਤੀ ਦਾ ਕੇਂਦਰ ਬਣ ਜਾਣ ਕਰਕੇ ਭੈਣੀ ਭੂੰਦੜ, ਸ੍ਰੀ ਭੈਣੀ ਸਾਹਿਬ ਬਣ ਗਿਆ ਸੀ। ਇਹ ਸੰਸਾਰ ਦੇ ਹੋਰ ਦੇਸਾਂ ਦੀ ਸੋਚ ਦਾ ਵੀ ਕੇਂਦਰ ਬਿੰਦੂ ਬਣ ਰਿਹਾ ਸੀ।

ਇਸ ਜੋਤ ਨੂੰ ਬੁਝਾਉਣ ਲਈ ਨਾਮਧਾਰੀ ਪੰਥ ਦੇ ਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪ੍ਰਮੁੱਖ ਸੂਬਿਆਂ ਨੂੰ, 18 ਜਨਵਰੀ, 1872 ਈ: ਨੂੰ, ਪੰਜਾਬ ਵਿਚੋਂ ਕੱਢ ਕੇ, ਦੂਰ ਦੁਰਾਡੇ ਸ਼ਹਿਰਾਂ ਵਿਚ, ਨਜ਼ਰਬੰਦ, ਕੈਦ ਤੇ ਉਮਰ ਕੈਦ ਕੀਤਾ ਗਿਆ। ਇਸ ਤੋਂ ਪਹਿਲਾਂ ਕੁਝ ਨਾਮਧਾਰੀਆਂ ਨੂੰ ਫਾਂਸੀ ਦਿੱਤੀ ਗਈ ਸੀ ਅਤੇ ਕੁਝ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ।

ਸਰਕਾਰ ਨੂੰ ਡਰ ਸੀ ਕਿ ਸ੍ਰੀ ਭੈਣੀ ਸਾਹਿਬ ਡੇਰੇ ਵਿਚ ਬਹੁਤ ਧਨ ਪਦਾਰਥ, ਅਸਲਾ ਤੇ ਹੋਰ ਸਰਕਾਰ ਵਿਰੋਧੀ ਪਰਚਾਰ ਹਿੱਤ ਸਮੱਗਰੀ ਪਈ ਸੀ। ਉਸ ਨੇ ਡੇਰੇ ਦੀ ਡਿਓੜੀ ਅਗੇ ਪੁਲਿਸ ਚੌਂਕੀ ਬਿਠਾ ਦਿੱਤੀ ਸੀ। ਲੈਫ਼ਟੀਨੈਂਟ ਕਰਨਲ ਬੇਲੀ ਨੇ 25 ਘੁੜ-ਸਵਾਰਾਂ ਸਹਿਤ ਸ੍ਰੀ ਭੈਣੀ ਸਾਹਿਬ ਆ ਕੇ ਡੇਰੇ ਨੂੰ ਡੂੰਘਾ ਪੁੱਟਿਆ। ਉਹਨਾਂ ਨੂੰ ਕਿਸੇ ਵੀ ਹਥਿਆਰ ਜਾਂ ਇਤਰਾਜ਼ਯੋਗ ਸਮੱਗਰੀ ਦੀ ਥਾਂ ਉੱਤੇ ਨਿਰਾਸ਼ਾ ਹੱਥ ਲੱਗੀ।

Namdhari Elibrary NamdhariElibrary@gmail.com

ਨਾਮਧਾਰੀ ਸਿੱਖਾਂ (ਕੂਕਿਆਂ) ਨੂੰ ਸੁਤੰਤਰਤਾ ਤੇ ਭਗਤੀ ਦੀ ਇਸ ਭਿੰਨੀ ਭਿੰਨੀ ਮਹਿਕਾ ਵੰਡਦੀ ਧਰਤੀ ਦੀ ਛੋਹ ਤੋਂ ਦੂਰ ਰੱਖਣ ਲਈ ਉਹਨਾਂ ਦੇ ਏਥੇ ਆਉਣ ਤੇ ਸਖਤ ਪਾਬੰਦੀ ਲਾਈ ਗਈ। ਹੋਰ ਪਿੰਡਾਂ ਤੇ ਨਗਰਾਂ ਵਿੱਚ ਵੀ ਪੰਜ ਕੂਕਿਆਂ ਦਾ ਇਕੱਠੇ ਹੋਣਾ ਕਾਨੂੰਨੀ ਜੁਲਮ ਕਰਾਰ ਦਿੱਤਾ ਗਿਆ। ਆਦਿ ਸ੍ਰੀ ਗ੍ਰੰਥ ਸਾਹਿਬ ਦੇ ਆਖੰਡ ਪਾਠ ਕਰਨ, ਕਰਵਾਉਣ ਵਾਲਿਆਂ ਨੂੰ ਜੁਰਮਾਨੇ ਭਰਨੇ ਪਏ ਤੇ ਕੈਦਾਂ ਭੁਗਤਣੀਆ ਪਈਆਂ।

ਸਖਤੀਆਂ ਦੇ ਇਸ ਦੌਰ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਰਾ ਸ੍ਰੀ ਬੁਧ ਸਿੰਘ ਜੀ ਨੇ ਆਪ ਜੀ ਦੇ ਨਜ਼ਰਬੰਦੀ ਸਮੇਂ ਭੇਜੇ ਹੁਕਮਨਾਮੇ ਨੂੰ, 'ਸਤਿ ਬਚਨ' ਕਹਿ ਮੰਨਦਿਆਂ ਅਤੇ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਸਤਿਗੁਰੂ ਹਰੀ ਸਿੰਘ ਦੇ ਨਾਮ ਨਾਲ ਸਿੱਖੀ ਨੂੰ ਹਰੀ ਰੱਖਣ ਲਈ ਲੱਕ ਬੰਨ੍ਹ ਲਿਆ। ਪਰ ਸਿੱਖਾਂ ਨੂੰ ਸ੍ਰੀ ਭੈਣੀ ਸਾਹਿਬ ਆ ਕੇ ਦਰਸ਼ਨ ਪਰਸਨ ਦੀ ਸਖਤ ਮਨਾਹੀ ਸੀ। ਆਪ ਜੀ ਦੌਰਿਆਂ ਤੇ ਵੀ ਨਹੀਂ ਸਨ ਜਾ ਸਕਦੇ। ਕਈ ਸਾਲਾਂ ਬਾਅਦ ਸਰਕਾਰ ਵਲੋਂ 5-10 ਸਿੱਖਾਂ ਨੂੰ ਦਰਸ਼ਨ ਕਰਨ ਦੀ ਛੁੱਟੀ ਮਿਲਣ ਲੱਗੀ। ਉਹਨਾਂ ਨੂੰ ਆਪਣਾ ਨਾਂ, ਪਤਾ, ਵੇਰਵਾ ਲਿਖਣਾ ਪੈਂਦਾ ਸੀ। ਉਹ ਆਪਣੀ ਵਾਰੀ ਸਿਰ ਹੀ ਦਰਸ਼ਨ ਕਰ ਸਕਦੇ ਸਨ। ਸੁਤੰਤਰਤਾ ਸੰਗਰਾਮੀ, ਭਜਨ ਬੰਦਗੀ ਕਰਨ ਵਾਲੇ ਨਾਮਧਾਰੀ, ਆਪਣੀ ਵਾਰੀ ਦੀ ਉਡੀਕ ਵਿੱਚ, ਕਈ ਕਈ ਦਿਨ ਤੇ ਮਹੀਨੇ ਭੈਣੀ ਸਾਹਿਬ ਅਤੇ ਆਲੇ ਦੁਆਲੇ ਦੇ ਪਿੰਡਾਂ ਦੀ ਜੂਹ ਵਿੱਚ ਬੈਠੇ ਰਹਿੰਦੇ ਸਨ। ਪੁਲਿਸ ਉਹਨਾਂ ਨਾਲ ਵੀ ਜ਼ਿਆਦਤੀਆਂ ਕਰਦੀ, ਉਹਨਾਂ ਨੂੰ, ਲਗਦੀ ਵਾਹ ਡੇਰਿਉਂ ਪਰਸ਼ਾਦਾ-ਪਾਣੀ ਵੀ ਨਾ ਪਹੁੰਚਣ ਦੇਂਦੀ। ਦੀਦਾਰ-ਅੰਮ੍ਰਿਤ ਦੇ ਤਿਹਾਏ ਇਹ ਸਖਤੀਆਂ ਵੀ ਸਹਿੰਦੇ ਰਹਿੰਦੇ ਸਨ।

ਸਤਿਗੁਰੂ ਰਾਮ ਸਿੰਘ ਦਾ ਕੋਈ ਸਾਹਿਬਜ਼ਾਦਾ ਨਹੀਂ ਸੀ, ਨਾ ਹੀ ਗੁਰੂ ਹਰੀ ਸਿੰਘ ਦਾ ਕੋਈ ਲਖਤੇ ਜਿਗਰ ਸੀ। ਇਹ ਘਾਟ, ਗੁਰੂ ਘਰ ਦੇ ਸ਼ਰਧਾਵਾਨ ਸਿੱਖ ਤੇ ਸੂਬੇ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਸਨ। ਸਤਿਗੁਰੂ ਰਾਮ ਸਿੰਘ ਦੇ ਮਹਿਲ ਮਾਤਾ ਜੱਸਾਂ ਜੀ 1871 ਈ: ਵਿਚ ਹੀ ਪ੍ਰਲੋਕ ਗਮਨ ਕਰ ਚੁੱਕੇ ਸਨ। ਸਤਿਗੁਰੂ ਜੀ ਆਪ ਰੰਗੂਨ ਦੀ ਜੇਲ੍ਹ ਵਿਚ ਸ਼ਾਹੀ ਕੈਦੀ ਸਨ। ਸਤਿਗੁਰੂ ਹਰੀ ਸਿੰਘ ਨੂੰ, ਉਹਨਾਂ ਦੇ ਮਹਿਲ, ਮਾਤਾ ਸਾਹਿਬ ਕੌਰ ਜੀ ਦੇ ਖਿਰਧ ਤੇ ਬਿਮਾਰ ਹੋਣ ਕਰਕੇ, ਹੋਰ ਅਨੰਦ ਕਾਰਜ ਕਰਵਾਉਣ ਲਈ ਅਰਜ਼ ਕੀਤੀ ਗਈ। ਆਪ ਦੇ ਇਨਕਾਰ ਕਰਨ ਉਤੇ ਸੂਬਾ ਸ਼ੇਰ ਸਿੰਘ ਮਸਤ ਡਫਰਕੇ (ਲਾਹੌਰ) ਨੇ ਮਸਤਾਨੀ ਬਿਰਤੀ ਵਿਚ ਬੋਲਾ ਕੀਤਾ :

"ਇਕ ਨਹੀਂ ਦੋ ਨਾਲੇ ਜੱਟੀਆਂ।"

1871 ਈ: ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਮਾਲਵੇ ਦਾ ਦੌਰਾ ਸੀ। ਆਪ ਬਰਾਜ ਪਹੁੰਚੇ, ਏਥੇ ਆਪ ਦਾ ਡੇਰਾ ਸੂਬਾ ਖੁਸ਼ਹਾਲ ਸਿੰਘ ਦੇ ਘਰ ਸੀ। ਸੂਬਾ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਉਸ ਨੇ ਆਪਣੀਆਂ ਬੱਚੀਆਂ, ਜੀਵਨ ਕੌਰ ਤੇ ਫਤਿਹ ਕੌਰ ਨੂੰ 9 ਸਾਲ ਤੇ 7 ਸਾਲ ਦੀ ਉਮਰ ਦੀਆਂ ਨੂੰ ਹੀ, ਅਬਲੂ ਦੇ ਸਰਦਾਰਾਂ ਘਰ ਵਿਆਹ ਦਿੱਤਾ ਸੀ। ਉਹ ਸਰਦਾਰ ਨਾਮਧਾਰੀ ਰਹਿਤ ਮਰਿਆਦਾ ਨੂੰ ਮੰਨਣੋਂ ਇਨਕਾਰੀ ਸਨ। ਇਸ ਕਰਕੇ ਉਸ ਨੇ ਉਹਨਾਂ ਘਰ ਲੜਕੀਆਂ ਨਹੀਂ ਸਨ ਤੋਰੀਆਂ।



Namdhari Elibrary NamdhariElibrary@gmail.com

ਤ੍ਰੇਸ ਨੇ ਸਤਿਗੁਰੂ ਜੀ ਦੀ ਆਗਿਆ ਜਾਨਣ ਲਈ ਬੇਨਤੀ ਕੀਤੀ ਸੀ। ਆਪ ਨੇ ਸੂਬਾ ਜੀ ਨੂੰ, ਬੱਚੀਆਂ ਨੂੰ ਉਹਨਾਂ ਦੇ ਗ਼ੈਰ-ਨਾਮਧਾਰੀ ਸਹੁਰੇ ਘਰ ਨਾ ਭੇਜਣ ਲਈ ਕਹਾ। ਸੂਬਾ ਜੀ ਨੇ ਮੰਨ ਲਿਆ।

ਇਕ ਵਾਰ ਸੂਬਾ ਜੀ ਦੋਹਾਂ ਬੱਚੀਆਂ ਨੂੰ ਲੈ ਕੇ ਸ੍ਰੀ ਭੈਣੀ ਸਾਹਿਬ ਆਏ। ਸਚੇ ਪਾਤਸ਼ਾਹ ਜੀ ਡਿਓੜੀ ਵਿਚ ਕੁਰਸੀ ਉਤੇ ਬੈਠੇ ਹੋਏ ਸਨ। ਤਿੰਨਾ ਨੇ ਉਹਨਾਂ ਨੂੰ ਨਮਸਕਾਰ ਕੀਤੀ ਤੇ ਹੱਥ ਜੋੜ ਕੇ ਖੜ੍ਹੇ ਗਏ। ਪਿਤਾ ਜੀ ਦਾ ਇਸ਼ਾਰਾ ਪਾ ਕੇ ਛੋਟੀ ਬੱਚੀ ਫ਼ਤਿਹ ਕੌਰ ਨੇ :

"ਤੁਧ ਧਿਆਇਨ ਬੇਦ ਕਤੇਬ ਦਰ ਖੜ੍ਹੇ।"

ਸ਼ਬਦ ਪੂਰਾ ਸੁਣਾਇਆ। ਸਤਿਗੁਰੂ ਜੀ ਨੇ ਪਰਸ਼ਾਦ ਦਿੱਤਾ। ਆਪ ਨੇ ਚੁਪ-ਚਾਪ ਕੋਲ ਖੜ੍ਹੀ ਜੀਵਨ ਕੌਰ ਦੇ ਸਿਰ ਤੇ ਹੱਥ ਫੇਰਿਆ ਤੇ ਕਿਹਾ, "ਇਹ ਜੀਵਨ ਕੌਰ ਤਾਂ ਜਗਤ ਮਾਤਾ ਹੈ।"

ਇਕ ਸਮੇਂ ਪਰਦੇਸ, ਗਮਨ ਤੋਂ ਕੁਝ ਪਹਿਲਾਂ, ਸਤਿਗੁਰੂ ਜੀ ਨਾਲ, ਉਹਨਾਂ ਦੇ ਪੋਤਾ ਬਾਬਾ ਜੱਸਾ ਸਿੰਘ ਨੇ ਆਪਣੀ ਪੋਤਰਿਆਂ ਦੀ ਰੀਝ ਦੱਸੀ। ਆਪ ਨੇ ਬਚਨ ਕੀਤਾ, "ਬੁਧ ਸਿੰਘ ਤੋਂ ਪੂਰੀ ਹੋਵੇਗੀ।"

ਇਹ ਸਾਰੇ ਵਰ, ਬਚਨ ਤੇ ਹਾਲਾਤ ਉੱਜਲੇ ਭਵਿੱਖਤ ਦਾ ਸੰਕੇਤ ਸਨ। ਸਤਿਗੁਰੂ ਜੀ ਦੇ ਪਰਦੇਸ ਜਾਣ ਤੋਂ ਪਿੱਛੋਂ, ਕੁਝ ਸਾਲਾਂ ਬਾਅਦ ਜਦ ਕੂਕਿਆਂ ਉਤੇ ਝੁੱਲਦਾ ਸਰਕਾਰੀ ਦਮਨ ਚੱਕਰ ਦਾ ਝੱਖੜ ਕੁਝ ਘਟਣ ਲੱਗਾ ਤਾਂ ਕੂਕੇ, ਅਚਿੰਤੇ ਬਾਜ਼ ਪਏ ਦੀ ਮਾਰ ਤੋਂ ਹੋਸ਼ ਸੰਭਾਲਣ ਲੱਗੇ, ਬਿਰਹਾ ਭੁਯੰਗਮ ਦੇ ਡੰਗ ਦਾ ਅਸਰ ਕੁਝ ਕਮ ਹੋਣ ਲੱਗਾ, ਸਿੱਖ ਜਾਨਾਂ ਹੂਲ ਕੇ, ਰੰਗੂਨ ਜੇਲ੍ਹ ਵਿਚ ਸਤਿਗੁਰੂ ਜੀ ਨਾਲ ਤਾਲਮੇਲ ਬਣਾ ਕੇ, ਹੁਕਮਨਾਮੇ ਲਿਆ ਕੇ, ਪੜ੍ਹ ਕੇ ਆਪਣੇ ਮਨ ਵਿਚ ਵਸਾ ਕੇ, ਕੁਝ ਧਰਵਾਸ ਕਰਨ ਲੱਗੇ ਤਾਂ ਸੂਬਾ ਖ਼ੁਸ਼ਹਾਲ ਸਿੰਘ, ਸਤਿਗੁਰੂ ਰਾਮ ਸਿੰਘ, ਸੂਬਾ ਸ਼ੇਰ ਸਿੰਘ ਝਫਰਕੇ, ਬਾਬਾ ਜੱਸਾ ਸਿੰਘ ਆਦਿ ਦੇ ਬਚਨਾਂ ਦੀ ਕੜੀ ਜੋੜਨ ਬਾਰੇ ਵਿਚਾਰ ਹੋਣ ਲੱਗੀ।

ਮਾਈ ਅਤਰ ਕੌਰ ਖਾਨੇ ਵਾਲੀ ਵੀ, ਭੈਣੀ ਸਾਹਿਬ ਡੇਰੇ ਹੀ ਰਹਿੰਦੀ ਸੀ। ਸੰਤ ਦਾਨ ਸਿੰਘ ਤੋਂ ਬਾਅਦ ਡੇਰੇ ਦੀਆਂ ਕੁੰਜੀਆਂ ਵੀ ਗੁਰੂ ਹਰੀ ਸਿੰਘ ਨੇ ਉਸ ਨੂੰ ਹੀ ਸੌਂਪੀਆਂ ਸਨ। ਉਸ ਨੂੰ ਡੇਰੇ ਦੀ ਕਾਰ-ਮੁਖ਼ਤਿਆਰ ਵੀ ਬਣਾ ਦਿੱਤਾ ਸੀ। ਉਹ ਸੂਬਾ ਖੁਸ਼ਹਾਲ ਸਿੰਘ ਦੇ ਘਰ ਵੀ ਕਈ ਵਾਰ ਗਈ ਸੀ। ਉਸ ਨੂੰ ਜੀਵਨ ਕੌਰ ਤੇ ਫ਼ਤਿਹ ਕੌਰ ਦੇ ਨਿੱਘੇ, ਗੰਭੀਰ, ਸੇਵਾ ਭਾਵ ਵਾਲੇ ਸੁਭਾਅ ਦਾ ਵੀ ਪਤਾ ਸੀ। ਉਸ ਨੇ ਦੋਹਾਂ ਨੂੰ ਡੇਰੇ ਦੀ ਸੇਵਾ ਵਾਸਤੇ ਏਥੇ ਰੱਖਣ ਦੀ ਮਨਜ਼ੂਰੀ ਲੈ ਲਈ ਸੀ। ਸੂਬਾ ਜੀ ਨੂੰ ਉਹਨਾਂ ਨੂੰ ਪਹੁੰਚਾਉਣ ਦਾ ਸੁਨੇਹਾ ਭੇਜ ਦਿੱਤਾ ਗਿਆ।

1888 ਈ: ਵਿਚ ਸੂਬਾ ਖੁਸ਼ਹਾਲ ਸਿੰਘ ਆਪਣੀਆਂ ਦੋਹਾਂ ਬੱਚੀਆਂ ਨੂੰ ਲੈ ਕੇ ਡੇਰੇ ਪਹੁੰਚੇ। ਬਾਬਾ ਸੰਤੋਖ ਸਿੰਘ ਦੀ ਲਿਖਤ ਅਨੁਸਾਰ, "ਮਹਾਰਾਜ (ਗੁਰੂ ਹਰੀ ਸਿੰਘ) ਜੀ ਤੇ ਮਾਈ ਜਿਉਣ ਕੌਰ ਦਾ ਅਰਦਾਸਾ ਕਰ ਦੀਆ।" ਸਤਿਗੁਰੂ ਬਿਲਾਸ।

ਉਸ ਸਮੇਂ ਮਾਤਾ ਜੀਵਨ ਕੌਰ ਦੀ ਉਮਰ 28 ਸਾਲ ਦੀ ਸੀ। ਅਰਦਾਸਾ ਬਾਬਾ

Namdhari Elibrary NamdhariElibrary@gmail.com

ਸ਼ੇਰ ਸਿੰਘ ਮਸਤ ਨੇ ਕੀਤਾ ਸੀ ।

ਉਸ, ਮਾਤਾ ਜੀਵਨ ਕੌਰ ਦੀ ਸੁਭਾਗੀ ਕੁੱਖੋਂ, ਚੇਤ ਵਦੀ ਤੀਜ, ਸੰਮਤ 1946 ਬਿ: (9 ਮਾਰਚ, 1890 ਈ:) ਨੂੰ ਐਤਵਾਰ, ਥੋੜ੍ਹੇ ਜਿਹੇ ਦਿਨ ਰਹਿੰਦੇ ਇਕ ਬਾਲਕ ਨੇ ਅਵਤਾਰ ਧਾਰਿਆ । ਸ਼ਾਮ ਦੇ ਸਮੇਂ ਲਗਦਾ ਸੀ ਕਿ ਉਸ ਖੁਸ਼ੀ ਵਿਚ, ਇੰਦਰ ਦੇਵਤਾ ਵੀ ਭਾਈਵਾਲ ਬਣ ਰਿਹਾ ਸੀ । ਉਹ ਮਿਨ੍ਹੀ-ਮਿਨ੍ਹੀ, ਮਿੱਠੀ-ਮਿੱਠੀ ਫੁਹਾਰ ਰਾਹੀਂ ਪੁਸ਼ਪ ਵਰਖਾ ਕਰ ਰਿਹਾ ਸੀ ।

ਗੁਰੂ ਹਰੀ ਸਿੰਘ ਜੀ ਉਸ ਸਮੇਂ ਰਾਮਸਰ ਕੋਠੀ ਵਿਚ ਬਿਰਾਜਮਾਨ ਸਨ । ਉਹਨਾਂ ਦਾ ਸਰੀਰ ਕੁਝ ਢਿੱਲਾ ਸੀ । ਸਿੱਖਾਂ ਦੇ ਅੰਦਰੋਂ ਬਾਲਕ ਦੇ ਅਵਤਾਰ ਧਾਰਨ ਦੀ ਖੁਸ਼ੀ ਡੁਲ੍ਹ ਡੁਲ੍ਹ ਪੈਂਦੀ ਸੀ । ਉਹਨਾਂ ਛੇਤੀ ਛੇਤੀ ਜਾ ਕੇ ਆਪ ਜੀ ਨੂੰ ਇਹ ਖ਼ਬਰ ਸੁਣਾਈ । ਆਪ ਉੱਠ ਕੇ ਬੈਠ ਗਏ । ਆਪ ਦੇ ਤੇਜਸਵੀ ਚਿਹਰੇ ਉਤੇ ਖੇੜਾ ਹੀ ਖੇੜਾ ਪਸਰ ਗਿਆ । ਆਪ ਨੇ ਪ੍ਰਸੰਨ ਚਿੱਤ ਹੋ ਬਚਨ ਕੀਤਾ, "ਘਰ ਦਾ ਮਾਲਕ ਆਇਆ ਹੈ, ਬੜਾ ਬਲੀ ਤੇ ਪਰਤਾਪ ਵਾਲਾ ਹੈ ।" ਆਪ ਦੇ ਬਚਨ ਅਨੁਸਾਰ ਬਾਲਕ ਦਾ ਨਾਂ ਵੀ ਪਰਤਾਪ ਸਿੰਘ ਰਖਿਆ ਗਿਆ ।

ਗੁਰੂ ਘਰ ਦੀ ਇਸ ਅਪੂਰਵ ਖੁਸ਼ੀ ਉਤੇ 5 ਰੁਪਏ ਦੀ ਰਸਦ ਦਾ ਕੜਾਹ ਪਰਸ਼ਾਦ ਕਰਵਾ ਕੇ ਵਰਤਾਇਆ ਗਿਆ । ਮਣਾਂ ਮੂੰਹੀ ਗੁੜ ਮੰਗਵਾਇਆ ਗਿਆ । ਮਾਤਾ ਜੀ ਦੇ ਹੁਕਮ ਅਨੁਸਾਰ, ਗੁੜ ਡੇਰੇ ਦੇ ਸਾਰੇ ਵਸਨੀਕਾਂ, ਪਿੰਡ ਦੇ ਬਾਸ਼ਿੰਦਿਆਂ, ਲੰਘਦੇ ਜਾਂਦੇ ਰਾਹੀਆਂ-ਪਾਂਧੀਆਂ ਨੂੰ ਆਵਾਜ਼ਾਂ ਮਾਰ ਮਾਰ, ਸੱਦ-ਸੱਦ ਕੇ ਵੰਡਿਆ ਗਿਆ । ਪੁਲਿਸ ਚੌਂਕੀ ਦੇ ਸਿਪਾਹੀਆਂ ਤੇ ਹਵਾਲਦਾਰਾਂ ਦੀਆਂ ਝੋਲੀਆਂ ਵੀ ਗੁੜ-ਪਰਸ਼ਾਦ ਨਾਲ ਭਰੀਆਂ ਗਈਆਂ ।

ਸਾਹਿਬਜ਼ਾਦਾ ਪਰਤਾਪ ਸਿੰਘ ਨੂੰ ਭਜਨ ਭਾਈ ਵਜ਼ੀਰ ਸਿੰਘ ਪੰਡੋਰੀ (ਅੰਮ੍ਰਿਤਸਰ) ਨੇ ਦਿੱਤਾ ।

ਅਲੌਕਿਕ ਸ਼ਕਤੀਆਂ ਦੇ ਮਾਲਕ ਗੁਰੂ ਪਰੰਪਰਾ ਦੇ ਭਵਿੱਖਤ, ਸਾਹਿਬਜ਼ਾਦੇ ਦੀ ਲਖਤਾ ਪਹਿਲਾਂ ਪਹਿਲ ਦੋ ਨਿਹੰਗ ਸਿੰਘਾਂ ਨੂੰ ਹੋਈ । ਉਹਨਾਂ ਦੇ ਨਾਂ ਕਲਿਆਣ ਸਿੰਘ, ਤਰਨਾ ਦਲ ਤੇ ਕਿਰਪਾਲ ਸਿੰਘ, ਬੁੱਢਾ ਦਲ ਸਨ । ਉਹਨਾਂ ਨੇ ਖਾਲਸੇ ਦੀ ਜਨਮ ਭੂਮੀ, ਆਨੰਦਪੁਰ ਸਾਹਿਬ ਦੇ ਦਰਸ਼ਨ ਦੀਦਾਰ ਕਰਨ ਲਈ ਕਮਰਕੱਸੇ ਕੀਤੇ ਹੋਏ ਸਨ । ਦੋਵੇਂ ਚਮਕੌਰ ਸਾਹਿਬ ਵਿਖੇ ਸੁਸਤਾਉਣ ਲਈ ਬੈਠੇ ਹੋਏ ਸਨ । ਨਿਹੰਗ ਕਲਿਆਣ ਸਿੰਘ ਨੂੰ ਬੈਠੇ ਬੈਠੇ ਉੱਘਲਾ ਆ ਗਿਆ । ਜਾਗੋਮੀਟੇ ਵਿੱਚ ਹੀ ਉਸ ਨੂੰ ਸੁਪਨਾ ਆਇਆ ਕਿ ਇਕ ਪਰਤਾਪੀ ਬਾਲਕ, ਦਸਵਾਂ ਜਾਮਾ ਸੀ ਅਤੇ ਉਹ ਸ੍ਰੀ ਭੈਣੀ ਸਾਹਿਬ ਵਿਚ ਪ੍ਰਗਟ ਹੋਇਆ ਸੀ । ਅੱਖ ਖੁੱਲ੍ਹਣ ਉਤੇ ਉਸ ਨੇ ਆਪਣੇ ਸੁਪਨੇ ਬਾਰੇ ਨਿਹੰਗ ਕਿਰਪਾਲ ਸਿੰਘ ਨੂੰ ਦੱਸਿਆ । ਉਸ ਨੇ ਆਪ ਸ੍ਰੀ ਭੈਣੀ ਸਾਹਿਬ ਵਲ ਚਾਲੇ ਪਾਉਣ ਦਾ ਆਪਣਾ ਇਰਾਦਾ ਪ੍ਰਗਟ ਕੀਤਾ । ਨਿਹੰਗ ਕਿਰਪਾਲ ਸਿੰਘ ਵੀ ਸੁਪਨੇ ਦੇ ਸੱਚ ਝੂਠ ਹੋਣ ਬਾਰੇ ਅਜ਼ਮਾਇਸ਼ ਕਰਨ ਲਈ ਉਸ ਦੇ ਨਾਲ ਹੀ ਤੁਰ ਪਿਆ ।

ਦੋਵੇਂ ਨਿਹੰਗ ਸਿੰਘ ਭੈਣੀ ਸਾਹਿਬ ਪਹੁੰਚੇ । ਉਥੇ ਉਹਨਾਂ ਨੂੰ ਬਾਲਕ ਦੇ ਅਵਤਾਰ



Namdhari Elibrary NamdhariElibrary@gmail.com

ਧਾਰਨ ਬਾਰੇ ਪਤਾ ਲੱਗ ਗਿਆ ਸੀ। ਉਹਨਾਂ ਡੇਰੇ ਆ ਕੇ, ਆਪਣੀ ਬਾਲਕ ਦੇ ਦਰਸ਼ਨ ਕਰਨ ਦੀ ਖ਼ਾਹਸ਼ ਪ੍ਰਗਟ ਕੀਤੀ। ਬਾਲਕ ਦੀ ਆਰਬਲਾ ਅਜੇ ਤਿੰਨ ਕੁ ਦਿਨ ਦੀ ਹੀ ਸੀ। ਉਂਜ ਵੀ ਸਿੰਘਾਂ ਦੇ ਉੱਚੇ ਦੁਮਾਲੇ ਤੇ ਸ਼ਸਤਰ ਬਸਤਰ ਵੇਖ ਕੇ ਮਾਈਆਂ, ਸਿੱਖਾਂ-ਸੇਵਕਾਂ ਦਾ ਉਹਨਾਂ ਨੂੰ ਬਾਲਕ ਦੇ ਦਰਸ਼ਨ ਕਰਾਉਣ ਦਾ ਜੀਅ ਨਾ ਕੀਤਾ। ਉਹਨਾਂ ਮਾਤਾ ਜੀ ਨੂੰ ਅਰਜ਼ ਕੀਤੀ ਤਾਂ ਉਹਨਾਂ ਨੇ ਨਿਹੰਗਾਂ ਨੂੰ ਜਲ-ਪਰਸ਼ਾਦਾ ਛਕਾ ਕੇ ਹੀ ਰਾਜ਼ੀ ਕਰਨ ਦੀ ਸਲਾਹ ਦੇ ਦਿੱਤੀ।

ਨਿਹੰਗਾਂ ਨੂੰ ਪਤਾ ਲੱਗਾ ਕਿ ਉਹਨਾਂ ਦੀ ਦੀਦ-ਸਿੱਕ ਪੂਰੀ ਕਰਨ ਦੀ ਥਾਂ ਤੇ ਉਹਨਾਂ ਨਾਲ ਟਾਲ-ਮਟੋਲ ਕੀਤੀ ਜਾ ਰਹੀ ਸੀ। ਉਹਨਾਂ ਦਰਸਨ ਕੀਤੇ ਬਿਨਾ ਅੰਨ-ਜਲ ਨਾ ਗ੍ਰਹਿਣ ਕਰਨ ਦਾ ਬੋਲਾ ਸੁਣਾ ਦਿੱਤਾ। ਦਰਸ਼ਨ ਕਰਵਾਉਣ, ਨਾ ਕਰਵਾਉਣ ਦੀ ਉਲਝਣ ਨੂੰ ਖ਼ਤਮ ਕਰਨ ਲਈ ਸੇਵਕ, ਰਾਮ ਸਰ ਵਾਲੀ ਕੋਠੀ ਵਿਚ ਗਏ, ਉਥੇ ਸਤਿਗੁਰੂ ਹਰੀ ਸਿੰਘ ਨੂੰ ਆਪਣੀ ਉਲਝਣ ਬਾਰੇ ਦੱਸਿਆ। ਸਤਿਗੁਰੂ ਜੀ ਨੇ, ਨਿਹੰਗ ਸਿੰਘਾਂ ਦੀ ਲਾਡਲੀ ਫੌਜ ਦੀ ਸ਼ਰਧਾ ਭਾਵਨਾ ਦੀ ਦਾਦ ਦੇਂਦਿਆਂ ਹੋਇਆਂ, ਤੁਰੰਤ ਸਾਹਿਬਜ਼ਾਦੇ ਦੇ ਦਰਸ਼ਨ ਕਰਵਾਉਣ ਦੀ ਆਗਿਆ ਦੇ ਦਿੱਤੀ। ਆਗਿਆ ਦਾ ਪਾਲਨ ਕੀਤਾ ਗਿਆ। ਨਿਹੰਗ ਸਿੰਘ ਦਰਸ਼ਨ ਕਰਕੇ ਖ਼ੁਸ਼ੀ ਵਿਚ ਜੈਕਾਰੇ ਗਜਾਉਣ ਲਗੇ। ਉਹਨਾਂ ਜਾਤਾ ਕਿ ਉਹਨਾਂ ਦੀ ਤੀਰਥ ਯਾਤਰਾ ਸੰਪੂਰਨ ਤੇ ਸਫਲ ਹੋ ਗਈ ਸੀ। ਉਹਨਾਂ ਨੇ ਸਰਦਾਈ-ਪਾਣੀ ਤੇ ਜਲ-ਪਰਸ਼ਾਦਾ ਛਕਿਆ। ਉਹ ਦੋ-ਤਿੰਨ ਦਿਨ ਸ੍ਰੀ ਭੈਣੀ ਸਾਹਿਬ ਰਹੇ ਅਤੇ ਆਪਣੀ ਮੌਜ ਨਾਲ ਕੂਚ ਕਰ ਗਏ।

ਡੇਰੇ ਨੂੰ ਅਰਧ-ਬੰਦੀਖ਼ਾਨੇ ਦਾ ਰੂਪ ਦੇਣ ਵਾਲੀ ਪੁਲਿਸ ਚੌਕੀ ਨੂੰ ਡਿਓੜੀ ਖ਼ਾਲੀ ਕਰਨ ਲਈ, ਇਸ ਬਾਰੇ ਉੱਚ ਅਧਿਕਾਰੀਆਂ ਦੇ ਆਦੇਸ਼ ਆ ਗਏ ਸਨ ਕਿਉਂਕਿ ਨਾਮਧਾਰੀਆਂ ਵਲੋਂ ਪੁਲਿਸ ਰਾਹੀਂ ਕੀਤੀਆਂ ਜਾ ਰਹੀਆਂ ਜ਼ਿਆਦਤੀਆਂ ਦੀ ਸ਼ਿਕਾਇਤ ਕਈ ਵਾਰ ਹੋ ਚੁੱਕੀ ਸੀ। ਪੁਲਿਸ ਚੌਂਕੀ ਨੇ ਨੇੜੇ ਹੀ ਤਬੇਲੇ ਵਿਚ ਆਪਣੇ ਤੰਬੂ ਗੱਡ ਲਏ। ਉਥੋਂ ਉਹਨਾਂ ਨੂੰ ਪਿੱਪਲਾਂ ਤੇ ਬੋਹੜਾਂ ਕੋਲ ਟਿਕਾਣਾ ਕਰਨਾ ਪਿਆ। ਪਰ ਉਹ ਕਾਂ-ਅੱਖ ਨਾਲ ਡੇਰੇ ਵਿਚ ਆਉਣ ਜਾਣ ਵਾਲੇ ਵੱਲ ਵੇਖਦੇ ਰਹਿੰਦੇ ਸਨ। ਸ਼ਰਧਾਵਾਨ ਸਿੱਖਾਂ ਨੂੰ ਇਸ ਨਾਲ ਵੀ ਕੁਝ ਤਸੱਲੀ ਸੀ ਕਿ ਹੁਣ ਡੇਰੇ ਅੰਦਰ ਜਾਂਦਿਆਂ ਡਿਓੜੀ ਵਿਚ ਤਾਂ ਪੁਲਿਸ ਨਹੀਂ ਸੀ ਬੈਠੀ। ਉਹਨਾਂ ਨੂੰ ਭਰੋਸਾ ਸੀ ਕਿ ਇਹ ਬੰਧਨ ਟੁੱਟਣ ਦੀ ਸ਼ੁਰੂਆਤ ਵੀ ਘਰ ਦੇ ਮਾਲਕ, ਪਰਤਾਪੀ ਬਾਲਕ ਦੀ ਹੀ ਕਰਾਮਾਤ ਸੀ।

ਸੰਤ ਉੱਤਮ ਸਿੰਘ ਜੀ ਨੇ ਜਦੋਂ ਗੁਰੂ ਘਰ ਦੀਆਂ ਖ਼ੁਸੀਆਂ ਦੀ ਸੋ ਸੁਣੀ ਤਾਂ ਉਹਨਾਂ ਨੇ ਘਰ ਦਾ ਤਿਆਰ ਕੀਤਾ 5 ਸੇਰ ਘਿਉ ਲਿਆ। ਉਹ ਪੈਦਲ ਹੀ ਰਾਇ ਸਰੋਂ ਸ੍ਰੀ ਭੈਣੀ ਸਾਹਿਬ ਪਹੁੰਚੇ ਅਤੇ ਆ ਕੇ ਭੇਟਾ ਮੱਥਾ ਟੇਕ ਕੇ, ਸਾਹਿਬਜ਼ਾਦੇ ਨੂੰ ਨਮਸਕਾਰ ਕਰਕੇ, ਜਨਮਾਂ-ਜਨਮਾਂਤਰਾਂ ਦੀ ਮੈਲ, ਧੋਤੀ ਜਾਣ ਦਾ ਸੁੱਖ ਅਨੁਭਵ ਕਰਨ ਲੱਗੇ।

ਇਸ ਖ਼ੁਸ਼ੀ ਦੇ ਮੌਕੇ ਤੇ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਸਾਧਾਰਨ ਪਾਠ ਕੀਤਾ



Namdhari Elibrary NamdhariElibrary@gmail.com

ਗਿਆ । 21 ਮਾਰਚ ਨੂੰ ਮਾਤਾ ਜੀ ਤੇ ਸਾਹਿਬਜ਼ਾਦੇ ਨੂੰ ਅੰਮ੍ਰਿਤ ਛਕਾਇਆ ਗਿਆ ਤਾਂ ਕਿ ਉਹ ਅੰਦਰੋਂ ਬਾਹਰ ਵੀ ਆ ਸੱਕਣ ਅਤੇ ਆਪੇ ਹੀ ਲੋੜ ਅਨੁਸਾਰ ਜਲ ਪਾਣੀ ਪਾ ਕੇ ਛਕ ਸੱਕਣ । ਉਂਜ ਪੂਰਨ ਰੂਪ ਵਿਚ ਸੁੱਚ-ਪਵਿੱਤਰ ਕਰਨ ਲਈ, ਫਿਰ ਤੁਰ ਕੇ ਖੁੱਲ੍ਹੇ ਦਰਸ਼ਨ ਦੇਣ ਲਈ, ਪੱਕੀ ਸੋਧ ਮਰਿਆਦਾ ਧਾਰਨ ਕਰਨ ਲਈ, ਸਵਾ ਮਹੀਨੇ ਬਾਅਦ 17 ਅਪ੍ਰੈਲ ਨੂੰ ਅੰਮ੍ਰਿਤ ਛਕਾਉਣ ਦਾ ਦਿਨ ਮਿਥਿਆ ਗਿਆ । ਉਸ ਦਿਨ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਵੇਲੇ ਤੋਂ ਹੀ ਢੋਲਕੀ ਛੈਣਿਆਂ ਨਾਲ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ । 125 ਰੁਪਏ ਦੀ ਰਸਦ ਦਾ ਕੜਾਹ ਪਰਸ਼ਾਦ ਤਿਆਰ ਕੀਤਾ ਗਿਆ । ਅੰਮ੍ਰਿਤ ਤਿਆਰ ਕੀਤਾ ਗਿਆ ਤੇ ਹਵਨ ਯੱਗ ਕੀਤਾ ਗਿਆ । ਮਾਤਾ ਜੀ ਤੇ ਸਾਹਿਬਜ਼ਾਦੇ ਨੂੰ ਇਸ਼ਨਾਨ ਪਾਣੀ ਕਰਵਾਇਆ ਗਿਆ । ਉਹ ਦੋਵੇਂ ਸਤਿਗੁਰੂ ਜੀ ਤੇ ਸਾਧ ਸੰਗਤ ਨੂੰ ਨਮਸਕਾਰ ਕਰਕੇ ਕੀਰਤਨ ਸੁਨਣ ਲਗੇ । ਮਾਂ-ਪੁੱਤ ਨੂੰ ਅੰਮ੍ਰਿਤ ਛਕਾਉਣ ਦੀ ਸੇਵਾ ਸਤਿਗੁਰੂ ਹਰੀ ਸਿੰਘ ਜੀ ਦੇ ਗੜਵਈ ਸੰਤ ਕੰਧਾਰਾ ਸਿੰਘ, ਤਖ਼ਤ ਹਜ਼ਾਰਾ, ਨੇ ਨਿਭਾਈ । ਭਾਈ ਵਜ਼ੀਰ ਸਿੰਘ ਜੀ ਨੇ ਕੰਨ ਵਿਚ ਭਜਨ ਦਿੱਤਾ । ਉਸ ਤੋਂ ਬਾਅਦ ਸਾਹਿਬਜ਼ਾਦੇ ਪਰਤਾਪ ਸਿੰਘ ਨੂੰ ਕੁਛੜ ਚੁੱਕ ਕੇ, ਸਾਧ ਸੰਗਤ ਨੂੰ ਆਪ ਦੇ ਖੁੱਲ੍ਹੇ ਦਰਸ਼ਨ ਕਰਵਾਏ ਗਏ । ਸੰਗਤ ਨੇ ਨਮਸਕਾਰ ਕੀਤੀ ਤੇ ਖੁਸ਼ੀ ਵਿਚ ਜੈਕਾਰੇ ਗਜਾਏ ।

ਮਾਤਾ ਜੀ ਨੇ ਇਸ ਸੁਭਾਗੇ ਸਮੇਂ ਦਾ ਵਰਨਣ ਤਰਨ ਸਿੰਘ ਵਹਿਮੀ ਨਾਲ ਇਸ ਤਰ੍ਹਾਂ ਕੀਤਾ :

"ਮਾਤਾ ਜੀ ਦੱਸਿਆ ਤਰਨ ਸਿੰਘ ਤੈਨੂੰ ਕੀ ਦੱਸਾਂ ਜੋ ਉਸ ਵੇਲੇ ਇਹਨਾਂ ਤੇ ਰੂਪ ਆਇਆ ਸੀ । ਮੋਟੇ ਨੇਤਰ, ਤਿੱਖਾ ਨੋਕਦਾਰ ਨੱਕ, ਲੰਮਾ ਸਰੀਰ । ਸੋਨੇ ਵਾਂਗੂ ਡਲ੍ਹਕਦਾ ਸਰੀਰ ਦੇਖ ਕੇ ਸੰਗਤ ਨੇ ਧੰਨ ਧੰਨ ਤੇ ਅਕਾਲ ਅਕਾਲ ਦੇ ਜੈਕਾਰੇ ਗਜਾਏ ਸੀ ।"

—ਜੱਸ-ਜੀਵਨ ਭਾਗ ਪਹਿਲਾ

ਮਨਮੋਹਣੀ ਮੂਰਤ ਦੀ ਸੂਰਤ ਦੇ ਚਰਚੇ, ਹਰ ਨਾਮਧਾਰੀ ਘਰ ਪਰਵਾਰ ਵਿਚ ਹੋਣ ਲੱਗੇ । ਸਭ ਦਾ ਜੀਅ ਕਰਦਾ ਸੀ ਕਿ ਛੇਤੀ ਤੋਂ ਛੇਤੀ ਭੈਣੀ ਸਾਹਿਬ ਪਹੁੰਚ ਕੇ ਦਰਸ਼ਨ ਦੀਦਾਰ ਦੀ ਤ੍ਰਿਖਾ ਬੁਝਾਈ ਜਾਵੇ । ਸੰਤ ਲਾਲ ਸਿੰਘ ਭੂਰੇ ਗਿੱਲਾ, ਅੰਮ੍ਰਿਤਸਰ ਨੇ ਵੀ ਆਪਣੇ ਘਰੋਂ ਕਮਰ-ਕੱਸੇ ਕਰ ਲਏ । ਉਹਨਾਂ ਨਾਲ ਕੁਝ ਹੋਰ ਗੁਰੂ ਘਰ ਦੇ ਉਪਾਸ਼ਕ ਵੀ ਰਲ ਗਏ ਅਤੇ ਰਾਹ ਵਿਚ ਵੀ ਰਲਦੇ ਗਏ ਇਸ ਤਰ੍ਹਾਂ ਜੱਥਾ ਵੱਡਾ ਹੁੰਦਾ ਗਿਆ । ਸਭ ਨੇ ਸ੍ਰੀ ਭੈਣੀ ਸਾਹਿਬ ਪਹੁੰਚ ਕੇ, ਪੁੰਨ ਪਰਤਾਪਾਂ ਵਾਲੀ ਸੁਭਾਗੀ ਧਰਤੀ ਦੀ ਮਿੱਟੀ ਨੂੰ ਨਮਸਕਾਰ ਕੀਤੀ, ਮਾਤਾ ਜੀ ਤੇ ਸਾਹਿਬਜ਼ਾਦੇ ਨੂੰ ਚਰਨ ਬੰਦਨਾ ਕੀਤੀ ।

ਮਾਤਾ ਜੀ ਨੇ ਡੇਰੇ ਦੇ ਸੇਵੇਦਾਰਾਂ ਨੂੰ, ਸਾਰੀ ਸਾਧ ਸੰਗਤ ਨੂੰ, ਜਲ ਪਰਸ਼ਾਦਾ ਛਕਾਉਣ ਦਾ ਹੁਕਮ ਦਿੱਤਾ । ਉਦੋਂ ਹੀ ਹਵਾਲਦਾਰ ਆ ਗਿਆ । ਉਹ ਵੱਡਾ ਜਥਾ ਵੇਖਕੇ ਲਾਲ ਪੀਲਾ ਹੋਣ ਲੱਗਾ, ਉਸਨੇ ਸੁੱਚੇ ਮੂੰਹ ਹੀ, ਜਥੇ ਨੂੰ ਧੱਕ ਕੇ, ਤਬੇਲੇ ਵਿਚ ਬੰਦ ਕਰ ਦਿੱਤਾ, ਤੇ ਅੱਗੇ ਸਿਪਾਹੀਆਂ ਦਾ ਪਹਿਰਾ ਲਾ ਦਿੱਤਾ ।

ਸਭ ਦਾ ਮਨ ਬੜਾ ਔਖਾ ਸੀ ਪਰ ਮਾਤਾ ਜੀ ਬੜੇ ਧੀਰਜਵਾਨ ਸਨ । ਉਹ ਸਮੇਂ



Namdhari Elibrary NamdhariElibrary@gmail.com

ੀ ਨਜ਼ਾਕਤ ਨੂੰ ਸਮਝਦੇ ਸਨ । ਉਹ ਸਿੱਖਾਂ ਦੇ ਦੁੱਖ-ਦਰਦ ਤੇ ਉਹਨਾਂ ਦੀ ਭਾਵਨਾ ਨਾਲ ਵੀ ਇੱਕ-ਮਿੱਕ ਸਨ । ਉਹ ਪੁਲਿਸ ਦੀ ਵੁੱਕਤ ਵੀ ਸਮਝਦੇ ਸਨ । ਉਹਨਾਂ ਨੂੰ ਪਤਾ ਸੀ ਕਿ ਪੁਲਿਸ ਨੂੰ ਮਹੁਰਾ ਦੇਣ ਦੀ ਲੋੜ ਨਹੀਂ, ਉਹ ਗੁੜ ਦਿੱਤਿਆਂ ਹੀ ਮਰ ਜਾਵੇਗੀ । ਉਹਨਾਂ ਕੁਝ ਸੇਵਕਾਂ ਨੂੰ ਕਹਿ ਕੇ ਪੁਲਿਸ ਦੇ ਤੰਬੂਆਂ ਵਿਚ ਦੁਧ ਘਿਉ ਤੇ ਹੋਰ ਰਾਸ਼ਨ ਪਾਣੀ ਪਹੁੰਚਾ ਦਿੱਤਾ ।

'ਤੇਲ ਤਮ੍ਹਾ ਜਿਸ ਕੋ ਮਿਲੇ ਤੁਰਤ ਨਰਮ ਹੋ ਜਾਇ', ਅਨੁਸਾਰ ਹਵਾਲਦਾਰ ਤੇ ਸਿਪਾਹੀਆਂ ਦਾ ਗੁੱਸਾ ਕੁਝ ਸ਼ਾਂਤ ਹੋਇਆ । ਉਹਨਾਂ ਮਾਤਾ ਜੀ ਦੇ ਕਿਹਾਂ ਉਸ ਜਥੇ ਨੂੰ ਛੱਡ ਦਿੱਤਾ ਸੀ ਪੁਲਿਸ ਨੇ ਨਾਲ ਹੀ ਅੜੀ ਡਾਹ ਦਿੱਤੀ ਸੀ ਕੀ ਕਿ ਜਥਾ ਰਾਤ ਸ੍ਰੀ ਭੈਣੀ ਸਾਹਿਬ ਨਹੀਂ ਕੱਟੇਗਾ । ਜਥੇ ਨੇ ਜਲ-ਪਰਸ਼ਾਦਾ ਛਕਿਆ ਤੇ ਸੰਤਾਂ ਦੀ ਅਗਵਾਈ ਵਿਚ ਚਾਲੇ ਪਾ ਦਿੱਤੇ । ਉਹਨਾਂ ਤੱਖਰੀਂ ਪਹੁੰਚ ਕੇ ਪਿੰਡੋਂ ਬਾਹਰ ਇਕ ਖੂਹ ਤੇ ਹੀ ਡੇਰੇ ਲਾ ਦਿੱਤੇ । ਉਥੋਂ ਦੇ ਸੰਤ ਪ੍ਰੇਮ ਸਿੰਘ ਦੀ, ਸਿੱਖ ਸਾਧਾਂ ਦੀ, ਘਰ ਸੱਦ ਕੇ, ਸੇਵਾ ਕਰਨ ਦੀ ਸੱਧਰ ਸੀ । ਪਰ ਪਿੰਡ ਵਾਲਿਆਂ ਉਸਨੂੰ ਡਰਾ ਦਿੱਤਾ ਕਿ ਜੇ ਕੂਕੇ ਤੁਹਨਾਂ ਦੇ ਪਿੰਡ, ਉਸਦੇ ਘਰ, ਆਏ ਤਾਂ ਸਰਕਾਰ ਉਹਨਾਂ ਨਾਲ ਬੁਰੀ ਕਰੇਗੀ, ਸਦਾ ਲਈ ਵੈਰ ਪੈ ਜਾਵੇਗੀ, ਪੁਲਿਸ ਤੰਗ ਕਰਦੀ ਰਿਹਾ ਕਰੇਗੀ । ਸਭ ਦਾ ਜਿਉਣਾ ਮੁਹਾਲ ਹੋ ਜਾਵੇਗਾ ।

ਸੰਤ ਪ੍ਰੇਮ ਸਿੰਘ ਮਨ ਮਸੋਸ ਕੇ ਰਹਿ ਗਿਆ । ਉਸਨੇ ਉਹਨਾਂ ਨੂੰ ਘਰ ਨਾਂ ਆਂਦਾ । ਪਰ ਭੁੱਖੜੇ ਭਾਣੇ ਸੰਤਾਂ ਦੀ ਸੇਵਾ ਲਈ, ਖੂਹ ਤੇ ਹੀ ਰਾਸ਼ਨ ਪਾਣੀ ਪਹੁੰਚਾ ਦਿੱਤਾ ।

ਜੱਥੇ ਨੇ ਲੰਗਰ ਪਾਣੀ ਛੱਕਿਆ ਤੇ ਤ੍ਰਿਪਤ ਹੋ ਗਿਆ । ਉਸ ਤੋਂ ਬਾਅਦ ਖੂਹ ਤੇ ਹੀ ਸੰਤਾਂ ਨੇ ਰੈਣ ਸਬਾਈ ਕੀਰਤਨ ਸ਼ੁਰੂ ਕਰ ਦਿੱਤਾ । ਕੁਝ ਬਾਲ, ਬਿਰਧ, ਮਾਈਆਂ ਨੂੰ ਤਾਂ ਪਤਾ ਹੀ ਨਾ ਲੱਗਾ ਕਿ ਕਦੋਂ, ਥੱਕਿਆਂ ਹੋਇਆਂ ਨੂੰ, ਨੀਂਦ ਨੇ ਘੇਰਾ ਪਾ ਲਿਆ । ਪਰ ਬਹੁਤਿਆਂ ਨੇ ਤਾਂ ਸਾਰੀ ਰਾਤ ਸੰਤਾਂ ਦੇ ਕੀਰਤਨ ਦਾ ਰਸ ਮਾਣਿਆ ।

ਦਿਨ ਚੜ੍ਹੇ, ਫਿਰ ਪਤਾ ਨਹੀਂ, ਪੁਲਿਸ ਨੂੰ ਕਿਸ ਸੂਹ ਦੇ ਦਿੱਤੀ । ਉਸ ਨੇ ਜਥੇ ਨੂੰ ਘੇਰਾ ਪਾ ਲਿਆ । ਪਿੰਡ ਵਾਲਾ ਡਰਦਾ ਮਾਰਾ ਕੋਈ ਵੀ ਉਹਨਾਂ ਦੀ ਮਦਦ ਤੇ ਨਾ ਆਇਆ । ਉਹਨਾਂ ਨੂੰ ਪੈਦਲ ਤੋਰ ਕੇ, ਤੱਖਰਾਂ ਤੋਂ ਲੁਧਿਆਣੇ, ਪੁਲਿਸ ਹੈੱਡਕੁਆਟਰ ਪਹੁੰਚਾਇਆ ਗਿਆ, ਸੁਪਰਇੰਨਟੈਂਡੈਂਟ ਪੁਲਿਸ ਦੇ ਪੇਸ਼ ਕੀਤਾ ਗਿਆ, ਉਸਨੂੰ ਉਹਨਾਂ ਤੇ ਸ੍ਰੀ ਭੈਣੀ ਸਾਹਿਬ ਦਰਸ਼ਨ ਕਰਨ ਜਾਣ ਦਾ ਅਤੇ ਰੈਣ-ਸਬਾਈ ਕੀਰਤਨ ਕਰਨ ਦਾ ਗੁਨਾਹਗਾਰ ਦੱਸਿਆ ਗਿਆ । ਉਸਨੇ ਵੇਖਿਆ ਕਿ ਜਥੇ ਵਿਚ ਜ਼ਿਆਦਾਤਰ ਬਿਰਧ, ਮਾਈਆਂ ਤੇ ਬੱਚੇ ਹੀ ਸਨ । ਉਸ ਦੇ ਮਨ ਵਿਚ ਮਿਹਰ ਪਈ ਅਤੇ ਉਸਨੇ ਸਭ ਨੂੰ ਛੱਡ ਦਿੱਤੇ ਜਾਣ ਦਾ ਹੁਕਮ ਦਿੱਤਾ ।

ਲੁਧਿਆਣੇ ਤੋਂ ਜਥਾ ਘਰ ਨਹੀਂ ਗਿਆ । ਉਹ ਫੇਰ ਗੁਰੂ ਘਰ ਪਹੁੰਚੇ । ਰਾਹ ਵਿਚ ਸਾਰੇ ਹੀ ਮੌਜ ਵਿਚ ਸੰਤ ਲਾਲ ਸਿੰਘ, ਭੂਰੇ ਗਿੱਲ ਦੀ ਅਗਵਾਈ ਹੇਠ, 'ਬਿਰਾਜਿਤ ਰਾਮ ਕੋ ਪਰਤਾਪ' ਧਾਰਨਾ ਨਾਲ ਸ਼ਬਦ ਪੜ੍ਹਦੇ ਆ ਰਹੇ ਸਨ । ਉਹ ਇਸ ਕਰਕੇ ਵੀ ਗਦ ਗਦ ਸਨ ਕਿ ਸਾਹਿਬਜ਼ਾਦੇ ਦੇ ਪਰਤਾਪ ਕਰਕੇ ਹੀ ਹਾਕਮਾਂ ਦੇ ਮਨ



Namdhari Elibrary NamdhariElibrary@gmail.com

ਢਲੇ ਤੇ ਉਹਨਾਂ ਨੂੰ ਛੇਤੀ ਹੀ ਦੁਬਾਰਾ ਗੁਰੂ ਘਰ ਨੂੰ ਨਮਸਕਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ ।

ਸਤਿਗੁਰ ਹਰੀ ਸਿੰਘ ਜੀ ਵੀ ਹੁਣ ਹੋਰ ਹਿੰਮਤ ਦਲੇਰੀ ਤੇ ਸ਼ਕਤੀ ਮਹਿਸੂਸ ਕਰਦੇ ਸਨ । ਇਹ ਸੰਸਾਰ ਵੀ ਉਹਨਾਂ ਨੂੰ ਚੰਗਾ ਚੰਗਾ ਲੱਗਦਾ ਸੀ । ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿਚ :

"ਪੁਤੀਂ ਗੰਢ ਪਵੈ ਸੰਸਾਰਿ" ਵਾਕ ਅਨੁਸਾਰ ਹੁਣ ਮੇਰਾ ਸੰਸਾਰ ਭੀ ਮੈਨੂੰ ਪਿਆਰਾ ਲੱਗਦਾ ਹੈ ਕਿਉਂਕਿ ਇਸ ਵਿਚ ਮੇਰੇ ਬੜੇ ਪਰਤਾਪ ਵਾਲੇ ਪਲਣਾ ਏਂ, ਖੇਡਣਾ ਏਂ, ਪੜ੍ਹਨਾ ਏਂ ਤੇ ਕਈ ਕੌਤਕ ਤੇ ਕਮਾਈ ਭਰੇ ਕੰਮ ਕਰਨੇ ਨੇ । ਨਹੀਂ ਤੇ ਪ੍ਰੀਤਮ ਦੇ ਬਦੇਸ ਜਾਣ ਬਾਅਦ ਮੇਰਾ ਇਸ ਸੰਸਾਰ ਨਾਲ ਕੋਈ ਸਨੇਹ ਹੀ ਨਹੀਂ ਸੀ ਰਹਿ ਗਿਆ ।"

—ਜੱਸ-ਜੀਵਨ ਭਾਗ ਪਹਿਲਾ

ਰੋਣਾ ਬੱਚੇ ਦੀ ਆਮ ਆਦਤ ਹੀ ਹੁੰਦੀ ਹੈ । ਉਹ ਰੋ ਕੇ ਹੀ ਆਪਣੀ ਲੋੜ ਪ੍ਰਗਟ ਕਰਦਾ ਹੈ । ਆਪਣਾ ਦੁਖ ਦਰਦ, ਗੁੱਸਾ ਆਦਿ ਪ੍ਰਗਟ ਕਰਨ ਲਈ ਵੀ ਉਹ ਰੋਣ ਦਾ ਹਥਿਆਰ ਹੀ ਵਰਤਦਾ ਹੈ । ਪਰ ਗੁਰੂ ਹਰੀ ਸਿੰਘ ਦੇ ਲਖ਼ਤੇ-ਜਿਗਰ ਦਾ ਇਸ ਕੁਦਰਤੀ ਆਦਤ ਬਾਰੇ ਰਵੱਈਆ ਵੀ ਅਨੋਖਾ ਹੀ ਸੀ । ਉਹਨਾਂ ਨੂੰ ਕਿਸੇ ਨੇ ਨਾ ਕਦੇ ਰੋਂਦੇ ਵੇਖਿਆ ਸੀ ਨਾ ਸੁਣਿਆਂ ਸੀ । ਬੱਸ ਉਹ ਜਾਂ ਖੇਡਦੇ ਰਹਿੰਦੇ ਸਨ ਜਾਂ ਸੁੱਤੇ ਰਹਿੰਦੇ ਸਨ ।

ਆਪ ਦੋ ਸਾਲ ਦੋ ਮਹੀਨੇ ਦੇ ਹੀ ਸਨ ਕਿ ਆਪ ਨੂੰ ਚੇਚਕ (ਮਾਤਾ) ਨੇ ਆ ਘੇਰਿਆ । ਪਿੰਡ ਦੀਆਂ ਜਨਾਨੀਆਂ, ਸਿੱਖਾਂ ਸੇਵਕਾਂ ਨੂੰ, ਪਰਹੇਜ਼ ਕਰਨ ਲਈ ਹਦਾਇਤਾਂ ਦੇਣ ਲੱਗੀਆਂ । ਉਹਨਾਂ ਦਾ ਕਹਿਣਾ ਸੀ ਕਿ, ਵਾਜੇ ਨਾ ਵੱਜਣ, ਬੱਚੇ ਦੇ ਕੰਨੀ ਕੋਈ ਉੱਚੀ ਅਵਾਜ਼ ਨਾ ਪਵੇ, ਉਸਨੂੰ ਚਾਨਣ ਤੋਂ ਪਾਸੇ ਰੱਖਿਆ ਜਾਵੇ, ਕੋਈ ਗਿੱਲੇ ਕੇਸਾਂ ਵਾਲਾ, ਉਸ ਕੋਲ ਬਿਲਕੁਲ ਨਾ ਆਉਣ ਦਿੱਤਾ ਜਾਵੇ । ਜੇ ਕਦੀ ਮੀਂਹ ਕਣੀਂ ਪੈਣ ਲੱਗੇ, ਬੱਦਲ ਗਰਜੇ, ਬਿਜਲੀ ਲਿਸ਼ਕੇ ਤਾਂ ਉਸ ਦੀ ਆਵਾਜ਼ ਤੇ ਲਿਸ਼ਕ ਤੋਂ ਬਚਣ ਲਈ ਪੀਪੇ ਖੜਕਾਏ ਜਾਣ, ਕਮਰੇ ਵਿਚ ਘੁੱਪ ਹਨੇਰਾ ਰੱਖਿਆ ਜਾਵੇ ।

ਮਾਤਾ ਜੀਵਨ ਕੌਰ ਕਿਸੇ ਵਹਿਮ ਕਰਮ ਤੋਂ ਉਤਾਂਹ ਸਨ । ਨਾਮਧਾਰੀ ਤਾਂ ਕੇਸੀ ਇਸ਼ਨਾਨ ਬਿਨਾ, ਇਸ਼ਨਾਨ ਹੀ ਅਧੂਰਾ ਸਮਝਦੇ ਹਨ ਸੋ ਉਹ ਤਾਂ ਸਦਾ ਕੇਸੀ ਇਸ਼ਨਾਨ ਹੀ ਕਰਦੇ ਹਨ । ਮਾਤਾ ਜੀ ਨੇ ਉਹਨਾਂ ਨੂੰ ਨੰਗੇ, ਖੁਲ੍ਹੇ, ਗਿੱਲੇ ਕੇਸੀਂ, ਸਾਹਿਬਜ਼ਾਦੇ ਕੋਲ ਜਾਣੋ ਕਦੀ ਨਾ ਵਰਜਿਆ । ਸਤਿਗੁਰੂ ਜੀ ਦੀ ਵੀ ਆਗਿਆ ਇਹਨਾਂ ਦਿਨਾਂ ਵਿਚ ਭਜਨ-ਬੰਦਗੀ, ਪੂਜਾ-ਪਾਠ ਕਰਨ ਦੀ ਹੀ ਸੀ ।

ਸਾਧ ਸੰਗਤ ਨੇ ਸਵਾ ਮਹੀਨਾ ਨਾਮ ਸਿਮਰਨ ਕੀਤਾ, 10 ਅਖੰਡ ਪਾਠ ਤੇ 12 ਸਾਧਾਰਨ ਪਾਠ ਕੀਤੇ ਗਏ । ਇਹਨਾਂ ਦਿਨਾਂ ਵਿਚ, ਸਾਧ ਸੰਗਤ ਵਿਚ, ਸਨਮਾਨਿਤ, ਪੂਜਨੀਕ ਸੰਤ ਕੇਸਰ ਸਿੰਘ 'ਚੁਪ' ਵੀ ਸ੍ਰੀ ਭੈਣੀ ਸਾਹਿਬ ਸਨ । ਉਹਨਾਂ ਵੀ ਨਾਲ ਹੀ ਹਿੱਸਾ ਲਿਆ । ਸਭ ਇਕ ਮਨ ਇਕ ਚਿੱਤ ਹੋ ਨਾਮ ਸਿਮਰਨ ਵੀ ਕਰਦੇ ਤੇ ਅਰਦਾਸੇ ਵੀ ਕਰਦੇ ਕਿ ਸਾਹਿਬਜ਼ਾਦੇ ਨੂੰ ਛੇਤੀ ਹੀ ਦੇਹ ਅਰੋਗਤਾ ਮਿਲੇ ।

ਚੀਚਕ ਨੂੰ ਉਹਨੀਂ ਦਿਨੀਂ ਬੜੀ ਨਾਮੁਰਾਦ, ਜਾਨ ਲੇਵਾ ਬੀਮਾਰੀ ਸਮਝਿਆ ਜਾਂਦਾ



Namdhari Elibrary NamdhariElibrary@gmail.com

। ਇਸ ਨੇ ਕਈ ਘਰਾਂ ਵਿਚ ਸੱਥਰ ਵਿਛਾ ਦਿੱਤੇ ਸਨ ਸੋ ਸਭ ਦੇ ਦਿਲਾਂ ਵਿਚ ਇਸ ਖਫ ਸੀ । ਇਕ ਦਿਨ ਸਾਹਿਬਜ਼ਾਦੇ ਦਾ ਖਿਡਾਵਾ ਭਾਈ ਵਜ਼ੀਰ ਸਿੰਘ ਕੋਠੇ ਉਤੇ ' ਸੀ । ਉਸ ਨਾਲ ਦੇ ਘਰੋਂ ਸੋਗੀ ਅਵਾਜ਼ਾਂ ਸੁਣੀਆਂ । ਉਹਨਾਂ ਦੇ ਘਰ ਚੀਚਕ ਤ ਬਿਮਾਰ ਇਕ ਬਾਲ ਪੂਰਾ ਹੋ ਗਿਆ ਸੀ । ਭਾਈ ਜੀ ਆਪਾ ਨਾ ਸੰਭਾਲ ਸਕੇ । ' ਧੜੰਮ ਕਰਕੇ, ਥੱਲੇ, ਵਿਹੜੇ ਵਿਚ ਆ ਡਿੱਗੇ । ਮਾਤਾ ਜੀ ਨੇ ਖੜਕਾ ਸੁਣਿਆ, ੜੇ ਵਿਚ ਆਕੇ ਉਹਨਾਂ ਨੂੰ ਸੱਟ-ਫੇਟ ਬਾਰੇ ਪੁੱਛਿਆ ਤਾਂ ਭਾਈ ਜੀ ਨੇ ਬਿਹਬਲ ਆਂ, ਡਬ-ਡੁਬਾਈਆਂ ਅੱਖਾਂ ਨਾਲ ਮਾਤਾ ਜੀ ਵੱਲ ਤੱਕਿਆ । ਮਾਤਾ ਜੀ ਨੇ ਾ, 'ਰਾਜ਼ੀ ਹਨ' । ਸੰਤਾਂ ਸਾਹਿਬਜ਼ਾਦੇ ਦਾ ਰਾਜ਼ੀ ਹੋਣਾ ਸੁਣ ਕੇ ਹੌਸਲਾ ਕੀਤਾ ਤੇ ਨਾਂ ਨੂੰ ਆਪਣਾ ਦੁੱਖ-ਦਰਦ ਭੁੱਲ ਗਿਆ ।

ਲਗਭਗ 40-50 ਦਿਨਾਂ ਬਾਅਦ ਹੀ ਸਾਹਿਬਜ਼ਾਦਾ ਪਰਤਾਪ ਸਿੰਘ ਦਾ ਸਰੀਰ ਕੁਲ ਨਵਾਂ ਨਰੋਆ ਹੋਇਆ । ਰਾਮ ਸਰ ਕੰਢੇ, ਸਾਧ ਸੰਗਤ ਨੂੰ, ਆਪ ਦੇ ਖੁਲ੍ਹੇ ਦਾਰ ਕਰਨ ਦਾ ਮੌਕਾ ਮਿਲਿਆ ਅਤੇ ਉਸਦੀ ਤ੍ਰਿਪਤੀ ਹੋਈ ।

ਸਤਿਗੁਰੂ ਹਰੀ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਦੇ 'ਅਰਧ-ਬੰਦੀਖਾਨੇ' ਵਿਚੋਂ ਬਾਹਰ ਣ ਦੀ ਇਜਾਜ਼ਤ ਨਹੀਂ ਸੀ । ਬੜੀ ਮੁਸ਼ਕਲ ਨਾਲ ਆਪ ਨੂੰ ਸਤੰਬਰ 1892 ਈ: ਦੌਰੇ ਕਰਨ ਦੀ ਇਜਾਜ਼ਤ ਮਿਲੀ ਸੀ । ਆਪ ਨੇ ਬਿਰਹੋਂ ਕੁਠੀ, ਰਾਮ ਵਿਜੋਗੀ, ਗਤ ਨੂੰ ਧਰਵਾਸ ਦੇਣ ਲਈ, ਦੌਰੇ ਕਰਨੇ ਆਰੰਭ ਕੀਤੇ । ਆਪ ਬਹੁਤਾ ਮਾਝੇ, ਲਵੇ ਦਾ ਹੀ ਦੌਰਾ ਕਰਦੇ ਸਨ । ਸਿੱਖ ਆਪ ਦੇ ਦਰਸ਼ਨ ਕਰਕੇ ਪ੍ਰਸੰਨ ਤਾਂ ਹੁੰਦੇ ; ਪਰ ਉਹਨਾਂ ਦੇ ਅੰਦਰ ਆਪ ਪ੍ਰਤੀ ਗੁਰੂ ਵਾਲੀ ਭਾਵਨਾ ਨਹੀਂ ਸੀ । ਸਗੋਂ ਉਹ ਪ ਦਾ, 'ਸਤਿਗੁਰੂ ਕੇ ਭਾਈ ਹੈਂ', ਸਮਝ ਕੇ ਹੀ ਆਦਰ ਸਤਿਕਾਰ ਕਰਦੇ ਸਨ ।

ਸਰਕਾਰ ਨੇ ਨਾਮਧਾਰੀ ਸਿੱਖਾਂ ਨੂੰ ਇਕੱਠੇ ਤਾਂ ਹੋਣ ਨਹੀਂ ਸੀ ਦਿੱਤਾ, ਇਸ ਕਰਕੇ ਤੇ ਸਿੱਖਾਂ ਨੂੰ ਇਹ ਨਹੀਂ ਸੀ ਪਤਾ ਕਿ ਸਤਿਗੁਰੂ ਰਾਮ ਸਿੰਘ ਨੇ ਹੁਕਮਨਾਮਾ ਭੇਜ ਕੇ ਹਨਾਂ ਨੂੰ ਸਿੱਖੀ ਹਰੀ ਰੱਖਣ ਦਾ ਹੁਕਮ ਦਿੱਤਾ ਸੀ । ਹੌਲੀ ਹੌਲੀ ਸਿੱਖਾਂ ਦਾ ਗਿਆਨਤਾ ਦਾ ਹਨ੍ਹੇਰਾ ਆਪ ਦੇ ਗਿਆਨ ਦੇ ਚਾਨਣ ਨਾਲ ਦੂਰ ਹੁੰਦਾ ਗਿਆ । ਦੋਂ ਆਪ ਦੀ ਸ਼ਕਤੀ ਨਾਲ, ਇਬਣ ਵਰਗੇ ਥਾਵਾਂ ਦੇ ਭਜਨ ਬੰਦਗੀ ਕਰਨ ਵਾਲੇ, ਧੀਆਂ ਸਿੱਧੀਆਂ ਦੇ ਮਾਲਕ ਸਮਝੇ ਜਾਣ ਵਾਲੇ, ਮਾਣ ਵਿਚ ਆਏ, ਸਾਧੂਆਂ ਦਾ ਣ ਵੀ ਟੁੱਟਦਾ ਗਿਆ ਤਾਂ ਆਪ ਨੂੰ ਜੋਤ ਕਾ ਜਾਮਾ ਸਤਿਗੁਰੂ ਹਰੀ ਸਿੰਘ ਸਮਝਿਆ ਤੇ ਮੰਨਿਆਂ ਜਾਣ ਵਿਚ ਕੋਈ ਓਹਲਾ ਨਾ ਰਿਹਾ ।

ਕੂਕੇ, ਫਿਰ ਸ੍ਰੀ ਭੈਣੀ ਸਾਹਿਬ ਆਕੇ ਵੱਸਣ ਲੱਗੇ । ਅਕਾਲ ਬੁੰਗੇ, ਰਾਮਸਰ ਆਦਿ ਵਾਂ ਉਤੇ ਵੱਸਣ ਦੀ ਇਜਾਜ਼ਤ ਵੀ ਸਰਕਾਰ ਨੇ ਦੇ ਦਿੱਤੀ ਸੀ । ਪਹਿਲਾਂ ਇੱਕਾ-ਕਾ ਘਰ ਵੱਸੇ ਫਿਰ ਇਹ ਗਿਣਤੀ 30-40 ਤਕ ਪਹੁੰਚ ਗਈ । 1893 ਈ: ਵਿਚ ਣੀ ਦੀ ਲੋੜ ਪੂਰੀ ਕਰਨ ਲਈ ਸੰਤ ਦਾਨ ਸਿੰਘ ਨੇ ਚੱਕ ਦੀ ਥਾਂ ਉੱਤੇ ਗੱਡੇ ਦਾ ਹੀਆ ਸੁੱਟ ਕੇ ਇਕ ਦਿਨ ਵਿਚ ਖੂਹੀ ਉਸਾਰ ਦਿੱਤੀ । ਪਰ ਕਾਹਲੀ ਵਿਚ ਲੱਗਾ ਕਿ ਹੀ ਵਿੰਗੀ ਉਸਰੀ ਹੈ । ਸਿੱਖ ਵਿੰਗੀ ਖੂਹੀ ਬਾਰੇ ਸੋਚ ਤੇ ਗੱਲਬਾਤ ਹੀ ਕਰ ਰਹੇ ਸਨ । ਸ਼ਾਹਿਬਜ਼ਾਦਾ ਪਰਤਾਪ ਸਿੰਘ ਜੀ ਖੇਡਦੇ ਖੇਡਦੇ ਆਏ । ਉਹਨਾਂ ਗੱਲਾਂ ਸੁਣੀਆਂ,



Namdhari Elibrary NamdhariElibrary@gmail.com

ਖੂਹੀ ਵਿਚ ਝਾਤੀ ਮਾਰੀ, ਸਿੱਖਾਂ ਨੇ ਉਹਨਾਂ ਤੋਂ ਬਾਅਦ ਖੂਹੀ ਵਿਚ ਵੇਖਿਆ ਤਾਂ ਉਹ ਸਿੱਧੀ ਹੀ ਲੱਗੀ । ਉਹ ਕਹਿਣ ਲੱਗੇ ਕਿ, "ਸਾਹਿਬਜ਼ਾਦੇ ਹੀ ਕਰਾਮਾਤ ਕੀਤੀ ਹੈ ।"

ਪਿੰਡ ਦੇ ਚੌਧਰੀ ਘੁਮੰਡੇ ਦਾ ਲੜਕਾ ਗੁਰਦਿੱਤਾ ਗੁਰੂ ਘਰ ਤੇ ਨਾਮਧਾਰੀ ਸਿੱਖਾ ਨਾਲ ਖ਼ਾਰ ਖਾਂਦਾ ਸੀ । ਉਸ ਨੂੰ ਉਹਨਾਂ ਦਾ ਏਥੇ ਵਸਣਾ ਬਿਲਕੁਲ ਪਸੰਦ ਨਹੀਂ ਸੀ । ਉਹ ਖੂਹੀ ਵੀ ਨਹੀਂ ਸੀ ਲੱਗਣ ਦੇਣਾ ਚਾਹੁੰਦਾ । ਪਰ ਇਕ ਦਿਨ ਵਿਚ ਉੱਸਰੀ ਖੂਹੀ ਵੇਖ ਕੇ ਉਹ ਹੈਰਾਨ ਪ੍ਰੇਸ਼ਾਨ ਹੋਇਆ । ਉਹ ਕਹਿਣ ਲੱਗਾ, "ਜ਼ੋਰ ਕੀਤਾ ਹੈ ਧੱਕਾ ਹੋਇਆ ਹੈ", ਉਸ ਦੀ ਕਿਸੇ ਨਾ ਸੁਣੀ ।

ਕਤੱਕ ਵਦੀ ਦਸਵੀਂ, ਸੰਮਤ 1949 (16 ਅਕਤੂਬਰ 1892) ਨੂੰ ਐਤਵਾਰ ਵਾਲੇ ਦਿਨ, ਮਾਤਾ ਜੀਵਨ ਕੌਰ ਦੀ ਸੁਭਾਗੀ ਕੁੱਖ ਨੇ ਦੂਜੇ ਸਾਹਿਬਜ਼ਾਦੇ ਨੂੰ ਜਨਮ ਦਿੱਤਾ । ਇਸ ਬਾਰੇ ਜਾਣ ਕੇ ਸਭ ਦੀ ਖੁਸ਼ੀ ਦੂਨ-ਸਵਾਈ ਹੋਈ । ਇਸ ਸਾਹਿਬਜ਼ਾਦੇ ਦਾ ਨਾਂ ਨਿਹਾਲ ਸਿੰਘ ਰੱਖਿਆ ਗਿਆ ।

ਵੱਡੇ ਸਾਹਿਬਜ਼ਾਦੇ ਦੀ ਉਮਰ ਜਦ ਪੰਜਾਂ ਸਾਲਾਂ ਦੀ ਹੋਈ ਤਾਂ ਮਾਤਾ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਇਸਨੂੰ ਪੜ੍ਹਨੇ ਪਾਇਆ ਜਾਵੇ । ਸਤਿਗੁਰੂ ਜੀ ਨੇ ਬਚਨ ਕੀਤਾ, 'ਇਹ ਸਭ ਵਿੱਦਿਆ ਪੜ੍ਹਿਆ ਹੋਇਆ ਹੈ ।' ਫਿਰ ਵੀ ਆਪ ਨੂੰ ਗੁਰ-ਮੁਖੀ ਅੱਖਰਾਂ ਦੀ ਪਛਾਣ ਕਰਾਉਣ ਦਾ ਸੁਭਾਗ ਬਾਬਾ ਸੰਤੋਖ ਸਿੰਘ ਜੀ ਨੂੰ ਪ੍ਰਾਪਤ ਹੋਇਆ । ਉਹਨਾਂ ਆਪ ਨੂੰ ਪੈਂਤੀ ਅੱਖਰੀ ਦੀ ਸੰਥਾ ਦਿੱਤੀ । ਆਪ ਤੀਖਣ ਬੁੱਧ ਹੋਣ ਕਰਕੇ ਇਕ ਵਾਰ ਦਿੱਤੀ ਸੰਥਾ ਨੂੰ ਦੁਬਾਰਾ ਪੁੱਛਣ ਦੀ ਲੋੜ ਹੀ ਨਾ ਮਹਿਸੂਸ ਕਰਦੇ । ਆਪ ਦੇ ਖਿਡਾਵੇ ਭਾਈ ਵਜ਼ੀਰ ਸਿੰਘ ਨੇ ਵੀ ਕੁਝ ਸ਼ਬਦ ਤੇ ਵਾਕ ਆਪ ਨਾਲ ਸਾਂਝੇ ਕੀਤੇ । ਪੰਜਾਬੀ ਦੇ ਲੋੜੀਂਦੇ ਮੁਢਲੇ ਗਿਆਨ ਤੋਂ ਬਾਅਦ ਆਪ ਨੂੰ ਪੋਥੀ-ਪੰਜ ਗ੍ਰੰਥੀ-ਸਰਲ ਕਰਵਾਈ ਸੀ । ਆਪ ਇਕ ਵਾਰ ਦਾ ਪੜ੍ਹਿਆ ਸੁਣਿਆ ਹੂ-ਬਹੂ ਸੁਣਾ ਦੇਣ ਦੀ ਸਮਰਣ-ਸ਼ਕਤੀ ਰੱਖਦੇ ਸਨ । ਜਿਸ ਬਾਰੇ ਜਾਣ ਕੇ ਲੋਕ ਅਚੰਭਿਤ ਹੁੰਦੇ ਸਨ ।

ਆਪ ਇਹਨਾਂ ਦਿਨਾਂ ਵਿਚ ਸੰਤ ਸੰਤ ਸਿੰਘ ਘੁੱਕੇ ਵਾਲੀ ਜਾਂ ਸੰਤ ਵੀਰ ਸਿੰਘ ਭੋਮੇ ਵਡਾਲੇ ਵਾਲਿਆਂ ਕੋਲ ਬਰਾਜਦੇ ਸਨ । ਆਪ ਅੰਮ੍ਰਿਤ ਵੇਲੇ ਹੀ ਜਾਗ ਜਾਂਦੇ ਸਨ । ਉਦੋਂ ਹੀ ਆਪ ਨੂੰ ਸਕੇਸ਼ ਇਸ਼ਨਾਨ ਕਰਵਾਇਆ ਜਾਂਦਾ ਸੀ । ਆਸਾ ਦੀ ਵਾਰ ਦਾ ਕੀਰਤਨ ਤਾਂ ਰੋਜ਼ ਅੰਮ੍ਰਿਤ ਵੇਲੇ ਹੁੰਦਾ ਹੀ ਸੀ । ਆਪ ਸੰਤਾਂ ਨਾਲ ਵਾਰ ਵਾਲੇ ਥਾਂ ਤੇ ਜਾਂਦੇ, ਸੰਗਤ, ਪਿਤਾ-ਸਤਿਗੁਰੂ ਹਰੀ ਸਿੰਘ ਤੇ ਕੀਰਤਨੀਆਂ ਨੂੰ ਨਮਸਕਾਰ ਕਰਕੇ ਸਤਿਗੁਰੂ ਜੀ ਦੇ ਪਿੱਛੇ ਚੌਕੜਾ ਲਾ ਕੇ ਬੈਠ ਜਾਂਦੇ ਸਨ । ਆਪ ਕੀਰਤਨ ਸੁਣਦੇ ਰਹਿੰਦੇ ਤੇ ਸਵਾਸ ਸਵਾਸ ਨਾਮ ਜਪਦੇ ਰਹਿੰਦੇ ਸਨ ।

ਇਸ ਤਰ੍ਹਾਂ ਨਿੱਕੀਆਂ ਪਲਾਂਘਾਂ ਪੁੱਟਦਾ ਘਰ ਦਾ ਮਾਲਕ, ਗੁਰੂ ਘਰ ਦੀ ਮਰਿਆਦਾ ਨੂੰ ਆਪਣੀ ਵੱਧਦੀ ਉਮਰ ਨਾਲ ਧਾਰਨ ਕਰਨ ਲੱਗਾ । ਆਉਣ ਵਾਲੇ ਸਮੇਂ ਵਿਚ ਇਸ ਨੇ ਹੀ ਮਰਿਆਦਾਵਾਂ ਤੇ ਕੀਰਤੀਆਂ ਦੀਆਂ ਲੰਮੀਆਂ ਪਲਾਂਘਾਂ ਪੁੱਟਣੀਆਂ ਸਨ । ਸਿੱਖ-ਸੰਗਤਾਂ ਦੀ ਰਹਿਨੁਮਾਈ ਕਰਨੀ ਸੀ ।

ਇਹ ਭਾਵੀ ਸਤਿਗੁਰੂ ਪਰਤਾਪ ਸਿੰਘ ਦੇ ਜੀਵਨ ਦੀ ਬਚਪਨ ਤੋਂ ਹੋ ਰਹੀ ਸ਼ੁਰੂ-ਆਤ ਸੀ ।



Namdhari Elibrary NamdhariElibrary@gmail.com

# ਰੋਹ ਤੇ ਵਿਦਰੋਹ

ਸ੍ਰੀ ਭੈਣੀ ਸਾਹਿਬ ਬੈਠੀ ਪੁਲਿਸ ਚੌਕੀ ਭਾਵੇਂ ਡੇਰੇ ਤੋਂ ਕੁਝ ਹਟਵੀਂ ਹੋ ਗਈ ਸੀ। ।ਵੀ ਪੁਲਿਸ ਵਾਲੇ ਡੇਰੇ ਵੱਲ ਟਿਕਟਿਕੀ ਲਾ ਕੇ ਵੇਖਦੇ ਰਹਿੰਦੇ ਸਨ। ਡੇਰੇ ਅੰਦਰ ੜ੍ਹੇਣ ਜਾਣ ਵਾਲੇ ਨਾਮਧਾਰੀਆਂ ਪ੍ਰਤੀ ਤਾਂ ਉਹਨਾਂ ਦੀ ਕੌਰੀ ਨਜ਼ਰ ਹੈ ਹੀ ਸੀ। ਆਪਣੇ ਰੋਬ ਦਾ ਨਿਸ਼ਾਨਾ ਬੜੀ ਵਾਰ ਰਾਹੀਆਂ-ਪਾਂਧੀਆਂ ਨੂੰ ਵੀ ਬਣਾ ਲੈਂਦੇ । ਉਹ ਉਹਨਾਂ ਭੁੱਖੇ-ਤਿਹਾਇਆਂ ਨੂੰ ਨਾ ਲੰਗਰੋਂ ਪਰਸ਼ਾਦਾ ਛਕਣ ਦੇਂਦੇ, ਨਾ ਣੀ ਪੀਣ ਦੇਂਦੇ ਸਨ।

ਸਾਹਿਬਜ਼ਾਦੇ ਪਰਤਾਪ ਸਿੰਘ ਨੇ ਕਈ ਵਾਰ ਅੰਦਰ ਖਲੋਤਿਆਂ ਸਹਿਜ ਭਾ ਹੀ ਨਸ ਦਾ ਰਵਈਆ ਵੇਖਿਆ, ਉਹਨਾਂ ਦੀ ਕੁਰਖ਼ਤ ਅਵਾਜ਼ ਸੁਣੀ। ਭਾਵੇਂ ਉਹ ਬਾਰੇ ਕੋਈ ਪ੍ਰਤੀਕਰਮ ਵਿਅਕਤ ਨਾ ਕਰਦੇ ਫਿਰ ਵੀ ਉਹਨਾਂ ਦੇ ਮਨ ਨੂੰ ਤ੍ਰਲਿਤ ਕਰਦੀਆਂ ਇਹ ਗੱਲਾਂ ਅਚੇਤ ਮਨ ਵਿਚ ਇਕੱਠੀਆਂ ਹੁੰਦੀਆਂ ਰਹੀਆਂ ।

ਆਪ ਨੂੰ ਉਂਜ ਅਜੇ ਅਧਿਆਤਮਕ ਗਿਆਨ ਤੇ ਸੰਸਾਰਕ ਸਿੱਖਿਆ ਨਾਲ ਰੋਜ਼ ਕੀਤਾ ਜਾ ਰਿਹਾ ਸੀ। ਆਪ ਨੂੰ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਸੰਥਾ ਦਿੱਤੀ ਜਾ ੀ ਸੀ। 1897 ਈ: ਤਕ ਆਪ ਨੂੰ ਗੁਰਬਾਣੀ ਐਨੀ ਸਰਲ ਹੋ ਗਈ ਕਿ ਆਪ ਜੇ ਹੀ ਰਵਾਨਗੀ ਨਾਲ ਸ਼ੁੱਧ ਤੇ ਸਪੱਸ਼ਟ ਪਾਠ ਕਰ ਲੈਂਦੇ ਸਨ। ਸ਼ਰਧਾਵਾਨ ਸਿੱਖ ਆਪ ਦੀ ਜਿਹਵਾ ਤੇ ਬੈਠੀ ਸਰਸਵਤੀ ਤੋਂ ਵਾਰੇ ਵਾਰੇ ਜਾਂਦੇ ਹੀ ਸਨ, ਜਨ-ਾਰਨ ਵੀ ਮੂੰਹ ਵਿਚ ਉਂਗਲਾਂ ਪਾ ਲੈਂਦਾ ਸੀ।

1900 ਈ: ਵਿਚ ਜਦੋਂ ਆਪ ਨੇ ਦਸਮ ਗ੍ਰੰਥ ਦਾ ਪਾਠ ਵੀ ਸਰਲ ਕਰ ਲਿਆ ਇਹ ਤਾਂ ਹੋਰ ਵੀ ਅਚੰਭੇ ਵਾਲੀ ਗੱਲ ਸੀ, ਕੋਈ ਕ੍ਰਿਸ਼ਮਾ ਸੀ ਜਾਂ ਸ਼ਾਇਦ ਾਮਾਤ। ਦੋਵੇਂ ਗ੍ਰੰਥ ਗੁਰਮੁਖੀ ਅੱਖਰਾਂ ਵਿਚ ਸਨ, ਫਿਰ ਵੀ ਸੰਤ ਭਾਸ਼ਾ, ਫ਼ਾਰਸੀ, ਕ੍ਰਿਤ, ਬ੍ਰਿਜ ਭਾਸ਼ਾ ਅਤੇ ਉਹ ਵੀ ਬਹੁਤ ਸਾਰੇ ਰਾਗਾਂ, ਛੰਦਾਂ, ਕਾਵਿ ਰੂਪਾਂ ਵਿਚ ਕਰਕੇ ਸ਼ੁੱਧ ਤੇ ਸਪੱਸ਼ਟ ਉਚਾਰਨ ਤੇ ਲੈ ਨਾਲ ਪੜ੍ਹਨੇ ਔਖੇ ਸਨ। ਵਡੇਰੀ ਉਮਰ ਪਾਠੀ ਵੀ ਪਾਠ ਕਰਨ ਸਮੇਂ ਆਪਣੀ ਇਲਾਕਾਈ ਬੋਲੀ ਦੀ ਪੁੱਠ ਦੇ ਹੀ ਜਾਂਦੇ



Namdhari Elibrary NamdhariElibrary@gmail.com

ਸਨ। ਇਹ 10 ਸਾਲ ਦਾ ਬਾਲਕ, ਬਾਲਕ ਨਹੀਂ ਸਗੋਂ ਅਲੌਕਾਰ ਸ਼ਕਤੀਆਂ ਦਾ ਮਾਲਕ, ਵਿਲੱਖਣ ਵਿਅਕਤੀ ਸੀ। ਆਪ ਆਪਣੀ ਯਾਦਦਾਸ਼ਤ ਬਾਰੇ ਕਈ ਵਾਰ ਬਚਨ ਕਰਦੇ ਸਨ ਕਿ :

"ਮੈਂ ਜੋ ਸੰਥਾ ਸੁਣਦਾ ਹਾਂ, ਮੇਰੇ ਮਨ ਵਿਚ ਵੱਸ ਜਾਂਦੀ ਹੈ।"

ਆਪ ਨੇ ਹਿੰਦੀ, ਸੰਸਕ੍ਰਿਤ, ਵਿਆਕਰਨ ਲਘੂ ਕੌਮਦੀ, ਪੰਜ ਸੰਧੀ, ਹਿਤ ਉਪਦੇਸ਼, ਕਾਂਸੀ ਤੋਂ ਵਿੱਦਿਆ ਪ੍ਰਾਪਤ ਪੰਡਤ ਬਸੰਤ ਸਿੰਘ ਪਧਾਣਾ ਤੋਂ ਪੜ੍ਹੀ ਸੀ।

ਸਤਿਗੁਰੂ ਹਰੀ ਸਿੰਘ ਨੇ ਸਰਕਾਰ ਕੋਲੋਂ ਛੁੱਟੀ ਮਿਲਣ ਉਤੇ 1897 ਈ: ਵਿਚ ਸ੍ਰੀ ਭੈਣੀ ਸਾਹਿਬ ਨਿਮਾਣੀ ਦਾ ਮੇਲਾ ਕੀਤਾ। ਇਸ ਮੇਲੇ ਉਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਪਾਠ ਕਰਕੇ ਲਿਆਉਣ ਦਾ ਹੁਕਮ ਪਹਿਲਾਂ ਹੀ ਭਿਜਵਾ ਦਿੱਤਾ ਗਿਆ ਸੀ। ਸੋ ਕੁਝ ਪਾਠ ਏਥੇ ਵੀ ਕੀਤੇ ਗਏ ਸਨ ਅਤੇ ਕੁਝ ਨਾਮਧਾਰੀ ਸਿੱਖ ਘਰੋਂ ਕਰਕੇ ਲਿਆਏ। ਸੰਗਤ ਨਿਮਾਣੀ ਇਕਾਦਸੀ (11 ਜੂਨ 1897 ਈ:) ਤੋਂ ਕੁਝ ਦਿਨ ਪਹਿਲਾਂ ਹੀ ਪਹੁੰਚ ਚੁੱਕੀ ਸੀ। ਉਦੋਂ ਹੀ ਤਬੇਲੇ ਨਵੇਂ ਨਵੇਂ ਛੱਤੇ ਗਏ ਸਨ। ਇਹਨਾਂ ਦਿਨਾਂ ਵਿਚ ਧੁੱਪ ਬਹੁਤ ਸੀ। ਫਿਰ ਵੀ ਸੰਗਤ ਹੁੰਮਹੁੰਮਾ ਕੇ ਆਈ ਸੀ। 9 ਜੂਨ ਨੂੰ 21 ਸਾਧਾਰਨ ਪਾਠਾਂ ਦੇ ਭੋਗ ਪਾਏ ਗਏ ਸਨ। ਨਿਮਾਣੀ ਵਾਲੇ ਦਿਨ 500 ਸਾਧਾਰਨ ਪਾਠਾਂ ਦੇ ਭੋਗ ਪਾਏ ਗਏ ਸਨ। ਸ਼ਬਦ ਕੀਰਤਨ ਦਾ ਬੋਹੜਾਂ ਦੀ ਛਾਵੇਂ ਰੰਗ ਬੱਝਿਆ ਰਿਹਾ ਸੀ। ਧੁੱਪ ਕਰਕੇ ਲੰਗਰ, ਤਬੇਲੇ ਦੀ ਛੱਤ ਥੱਲੇ ਵਰਤਾਇਆ ਜਾਂਦਾ ਰਿਹਾ ਸੀ। ਦਾਲ ਪਰਸ਼ਾਦੇ ਦਾ ਤਾਂ ਕਹਿਣਾ ਹੀ ਕੀ ਸੀ, ਸਾਰੀ ਸੰਗਤ ਨੂੰ ਰੱਜਵਾਂ ਕੜਾਹ ਪਰਸ਼ਾਦ ਵੀ ਮਿਲਿਆ।

ਸਾਧ ਸੰਗਤ ਹਰ ਜੱਸ ਕਰਕੇ, ਸੁਣ ਕੇ, ਭਜਨ-ਬੰਦਗੀ ਵਿਚ ਲੀਨ ਰਹਿਕੇ ਸਤਿ-ਗੁਰੂ ਸੱਚੇ ਪਾਤਸ਼ਾਹ, ਕਲਪ ਬ੍ਰਿਛ ਮਾਤਾਵਾਂ, ਸਾਹਿਬਜ਼ਾਦਾ ਪਰਤਾਪ ਸਿੰਘ ਤੇ ਸਾਹਿਬਜ਼ਾਦਾ ਨਿਹਾਲ ਸਿੰਘ ਦੇ ਖੁਲ੍ਹੇ ਦਰਸ਼ਨ ਪਰਮ ਕੇ ਨਿਹਾਲ ਹੋ ਰਹੀ ਸੀ। ਉਸ ਦਾ ਮੇਲੇ ਦਾ ਭੋਗ ਪੈਣ ਬਾਅਦ ਵੀ ਜਾਣ ਲਈ ਜੀਅ ਨਹੀਂ ਸੀ ਕਰਦਾ। ਉਹਨਾਂ ਨੂੰ ਰੱਜ ਨਹੀਂ ਸੀ ਆਇਆ। ਮੇਲੇ ਦੀ ਛੁੱਟੀ ਤਾਂ ਸਰਕਾਰ ਨੇ ਦਿੱਤੀ ਸੀ, ਇਸ ਦੀ ਨਿਗਰਾਨੀ ਕਰਨ ਲਈ ਵੀ ਇੱਕ ਥਾਣੇਦਾਰ ਤੇ ਇੱਕ ਤਹਿਸੀਲਦਾਰ ਭੇਜੇ ਹੋਏ ਸਨ। ਉਹ ਸਿੱਖਾਂ ਨੂੰ ਘਰਾਂ ਨੂੰ ਵਾਪਸ ਨਾ ਪਰਤਦਾ ਵੇਖ ਕੇ ਵਿਚਲਿਤ ਹੋਏ। ਉਹਨਾਂ ਸਤਿਗੁਰੂ ਜੀ ਨੂੰ ਸਿੱਖਾਂ ਨੂੰ ਵਾਪਸ ਭੇਜਣ ਲਈ ਕਿਹਾ। ਆਪਦਾ ਬਚਨ ਮੰਨ ਕੇ ਇਕ ਦੋ ਦਿਨਾਂ ਵਿਚ ਸੰਗਤ ਕਿਰ ਗਈ।

ਸ੍ਰੀ ਭੈਣੀ ਸਾਹਿਬ ਹੁਣ ਪਹਿਲਾਂ ਵਰਗੀ ਕਾਰਾਗਾਰ ਨਹੀਂ ਸੀ ਰਹੀ। ਸਖ਼ਤੀਆਂ ਦਾ ਦੌਰ ਘੱਟ ਰਿਹਾ ਸੀ। ਨਾਮਧਾਰੀਆਂ ਨੂੰ ਏਥੇ ਆ ਕੇ ਮਨਮਰਜ਼ੀ ਦੇ, ਜਿੰਨਾ ਜੀਅ ਕਰੇ, ਉੱਨੇ ਦਿਨ ਰਹਿਣ ਦੀ ਅਨੁਮਤੀ ਸੀ। ਪਰ ਚੌਂਕੀ ਅਜੇ ਵੀ ਬਰਕਰਾਰ ਸੀ। ਪੁਲਸੀਏ ਅਜੇ ਵੀ ਆਪਣੀਆਂ ਵਧੀਕੀਆਂ ਤੋਂ ਬਾਜ਼ ਨਹੀਂ ਸਨ ਆਉਂਦੇ। ਇਕ ਦਿਨ ਮਾਤਾ ਜੀਵਨ ਕੌਰ ਜੀ ਆਪ ਸਤਿਗੁਰੂ ਜੀ ਨੂੰ ਸ਼ਰਦਾਈ ਛਕਾਉਣ ਜਾ ਰਹੇ ਸਨ। ਸਿਪਾਹੀਆਂ ਨੇ ਉਹਨਾਂ ਕੋਲੋਂ ਸ਼ਰਦਾਈ ਰਖਾ ਲਈ। ਮਾਤਾ ਜੀ ਦਾ ਚਿੱਤ ਤਾਂ ਬੜਾ



Namdhari Elibrary NamdhariElibrary@gmail.com

ਔਖਾ ਹੋਇਆ ਪਰ ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿਚ ਰੱਖਕੇ ਉਹ ਆਪਣਾ ਗੁੱਸ
ਪੀ ਗਏ ।

ਜੁਲਾਈ 1895 ਈ: ਵਿਚ ਚੋਂਕੀ ਦਾ ਪਹਿਲਾ ਹਵਾਲਦਾਰ ਬਦਲ ਗਿਆ ਸੀ ਤ ਨਵਾਂ ਹਵਾਲਦਾਰ ਆ ਗਿਆ ਸੀ । ਉਹ ਹੋਰ ਵੀ ਸਖ਼ਤ ਸੀ; ਸਿੱਖਾਂ ਨੂੰ ਡੇਰੇ ਰਹਿਣੋ ਰੋਕਦਾ ਸੀ । ਮਾਤਾ ਜੀ ਨੇ ਉਸਨੂੰ ਬੜਾ ਸਮਝਾਇਆ ਕਿ ਉਹ ਭਜਨ ਬੰਦਗੀ ਕਰਨ ਵਾਲੇ ਸਾਧੂ ਸੁਭਾ ਸਿੱਖਾਂ ਨੂੰ ਕੁਝ ਨਾ ਆਖੇ ਪਰ ਉਹ ਮਾਂਹ ਦੇ ਆਟੇ ਵਾਂਗ ਆਕੜਿਆ ਰਿਹਾ । ਮਾਤਾ ਜੀ ਨੇ ਸਿੱਖਾਂ ਨਾਲ ਬਚਨ ਕੀਤੇ ਅਤੇ ਉਹ ਮਾਤਾ ਜੀ ਦਾ ਬਚਨ ਮੰਨ ਕੇ, ਡੇਰੇ ਤੋਂ ਕੁਝ ਹਟਵਾਂ, ਰਾਮ ਸਰ ਰਹਿਣ ਲੱਗੇ ।

ਇਨ੍ਹਾਂ ਦਿਨਾਂ ਵਿਚ, ਗੁਰੂ ਘਰ ਵਿਚ ਹੋਰ ਘਿਉ ਦੇ ਦੀਵੇ ਬਲਣ ਲੱਗੇ ਜਦ ਮਾਤਾ ਜੀਵਨ ਕੌਰ ਦੀ ਸੁਲਖਣੀ ਕੁੱਖ ਨੇ ਤੀਸਰੇ ਸਾਹਿਬਜ਼ਾਦੇ ਨੂੰ ਜਨਮ ਦਿੱਤਾ ਇਸ ਦਾ ਜਨਮ ਅਸੂ ਸੁਦੀ ਦਸਵੀਂ, ਸੰਮਤ 1954 (5 ਅਕਤੂਬਰ 1897 ਈ:) ਨੂੰ ਮੰਗਲਵਾਰ ਦੇ ਦਿਨ ਹੋਇਆ । ਸਾਹਿਬਜ਼ਾਦੇ ਦਾ ਨਾਂ ਗੁਰਦਿਆਲ ਸਿੰਘ ਰੱਖਿਆ ਗਿਆ । ਸੰਗਤ ਵਿਚ ਇਹ ਖ਼ਬਰ ਬਿਜਲੀ ਵਾਂਗ ਫੈਲ ਗਈ । ਸਭ ਨੇ ਰੱਜ ਰੱਜ ਖੁਸ਼ੀਆਂ ਮਨਾਈਆਂ ।

1898 ਈ: ਵਿਚ ਸਰਕਾਰ ਨੇ ਇਹ ਵੇਖਣ ਲਈ ਕਿ ਸਤਿਗੁਰੂ ਹਰੀ ਸਿੰਘ ਦੇ ਦੌਰਿਆਂ ਸਮੇਂ ਸਿੱਖਾਂ ਵਿਚ ਬੇਚੈਨੀ ਤਾਂ ਨਹੀਂ ਫੈਲਦੀ, ਲੋਕ ਬਦਅਮਨੀ ਵੱਲ ਤ ਰੁਚਿਤ ਨਹੀਂ ਹੁੰਦੇ । ਆਪ ਨੂੰ ਤਿੰਨ ਮਹੀਨੇ ਦਾ ਦੌਰਾ ਕਰਨ ਦੀ ਇਕੱਠੀ ਛੁੱਟੀ ਦਿੱਤੀ । ਆਪ ਨੂੰ ਇਸ ਬਾਰੇ ਸ੍ਰ. ਦਰਬਾਰਾ ਸਿੰਘ ਨੇ ਲੁਧਿਆਣਿਓਂ ਪਤਾ ਕਰਕੇ ਦੱਸਿਆ ਸੀ । ਆਪ ਨੇ ਦਾਨ ਸਿੰਘ, ਦਰਬਾਰਾ ਸਿੰਘ, ਨਰਾਇਣ ਸਿੰਘ ਆਦਿ ਸਿੱਖ ਨਾਲ ਲਏ ਅਤੇ ਸਾਰੇ ਦੌਰੇ ਦੀ ਵਿਉਂਤ ਬੰਦੀ ਕਰਕੇ ਸੰਗਤ ਨੂੰ ਇਸ ਬਾਰੇ ਆਪਣੇ ਨਿਜੀ ਡਾਕ ਪ੍ਰਬੰਧ ਰਾਹੀਂ ਸੂਚਨਾ ਦੇ ਕੇ ਚਾਲੇ ਪਾਏ । ਆਪਨੇ ਅੰਮ੍ਰਿਤਸਰ, ਲਾਹੋਰ, ਗੁਜਰਾਂਵਾਲਾ, ਸਿਆਲਕੋਟ, ਝੰਗ ਆਦਿ ਜ਼ਿਲ੍ਹਿਆਂ ਦਾ ਦੌਰਾ ਰੱਖਿਆ । ਜਿੱਥੇ ਵੀ ਆਪ ਦਰਸ਼ਨ ਦੇਂਦੇ ਸ਼ਬਦ ਕੀਰਤਨ ਹੁੰਦਾ, ਨਾਮ ਜਪਣ, ਬਾਣੀ ਪੜ੍ਹਨ, ਸੁੱਚ-ਸੋਧ ਰੱਖਣ, ਕੇਵਲ ਦੇਸੀ ਚੀਜ਼ਾਂ ਵਰਤਣ ਦਾ ਉਪਦੇਸ਼ ਦਿੱਤਾ ਜਾਂਦਾ ਸੀ । ਲੋਕਾਂ ਵਿਚ ਨਵਾਂ ਜੀਵਨ ਸਿਰਜਿਆ ਜਾਣ ਲੱਗਾ । ਉਹ ਮਾਸ ਸ਼ਰਾਬ ਛੱਡ ਕੇ, ਭਜਨ ਪੁੱਛ ਕੇ ਫਿਰ ਸਿੱਖੀ ਧਾਰਨ ਕਰਨ ਲੱਗੇ । ਹਰ ਥਾਂ ਤੇ ਲੰਗਰ ਵੀ ਹੁੰਦੇ ਸਨ ।

ਹਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਵੀ ਇਹਨਾਂ ਦੌਰਿਆਂ ਦੀ ਜਾਣਕਾਰੀ ਹੁੰਦੀ ਸੀ । ਗੁਜਰਾਂਵਾਲੇ ਦੇ ਡੀ. ਸੀ. ਸ੍ਰੀ ਜੇ. ਆਰ. ਡਰੂਮੋਂਡਾ ਨੇ ਇਹ ਚੇਤਾਵਨੀ ਦੇ ਕੇ ਕਿ ਕੋਈ ਦੰਗਾ ਫਸਾਦ ਨਾ ਹੋਵੇ ਆਪਨੂੰ ਆਪਣੇ ਜ਼ਿਲ੍ਹੇ ਵਿਚ ਦੌਰੇ ਕਰਨ ਦੀ ਮਨਜ਼ੂਰੀ ਦੇ ਦਿੱਤੀ ਸੀ । ਹਰ ਦੀਵਾਨ ਵਿਚ ਸਤਿਗੁਰੂ ਜੀ ਦੀ ਸ਼ਖ਼ਸੀਅਤ ਪ੍ਰਭਾਵਤ ਕਰਦੀ ਸੀ । ਇਸ ਵਧਦੇ ਪ੍ਰਭਾਵ ਨੂੰ ਲੁਧਿਆਣੇ ਦਾ ਸੁਪਰਇੰਨਟੈਂਡੈਂਟ ਪੁਲਿਸ ਨਾ ਜਰ ਸੱਕਿਆ ਉਸਨੇ ਆਪ ਨੂੰ ਵਾਪਸ ਬੁਲਾ ਕੇ ਦੌਰਿਆਂ ਬਾਰੇ ਪੁਣਛਾਣ ਕੀਤੀ । ਉਸਨੇ ਆਪਦੇ ਦੌਰਿਆਂ ਤੇ ਕਿੰਤੂ ਕੀਤਾ ਤਾਂ ਉਸ ਨੂੰ ਦੌਰਿਆਂ ਦੀ ਅਨੁਮਤੀ ਦੇ ਕਾਗਜ਼ ਵਿਖਾਏ ਗਏ । ਉਹ ਲਾਜ਼ਮ ਤਾਂ ਹੋਇਆ ਪਰ, ਪੰਚਾਂ ਦਾ ਆਖਾ ਸਿਰ ਮੱਥੇ ਪਰਨਾਲਾ



Namdhari Elibrary NamdhariElibrary@gmail.com

ਉੱਥੇ ਦਾ ਉੱਥੇ ਰੱਖਣ ਵਾਂਗ, ਉਸ ਨੇ ਆਪ ਦੇ ਦੌਰਾ ਜ਼ਾਰੀ ਰੱਖਣ ਉਤੇ ਰੋਕ ਲਾ ਦਿੱਤੀ ਅਤੇ ਆਪ ਨੂੰ ਵਾਪਸ ਮੁੜਨਾ ਪਿਆ। ਇਹ ਜ਼ਿਆਦਤੀ ਹਾਲਾਤ ਦੀ ਮਜ਼ਬੂਰੀ ਕਾਰਣ ਚੁਪ ਤਾਂ ਕਰਵਾ ਦੇਂਦੀ ਸੀ ਪਰ ਰੋਹ, ਜ਼ਰੂਰ ਪੈਦਾ ਕਰਦੀ ਰਹੀ ਸੀ।

ਸ੍ਰੀ ਭੈਣੀ ਸਾਹਿਬ ਆਕੇ ਵੀ ਆਪ ਭਜਨ ਬਾਣੀ ਦੇ ਨਿੱਤ ਕਰਮ ਵਿੱਚ ਜੁੜੇ ਰਹਿੰਦੇ ਸਨ। ਇਸ ਤੋਂ ਬਿਨਾ ਆਪ ਨੇ ਮਾਤਾ ਫ਼ਤਿਹ ਕੌਰ ਲਈ ਹੁਕਮ ਕੀਤਾ ਕਿ ਉਹ ਮਰਦਾਂ ਵਾਂਗ ਰਿਹਾ ਕਰਣ। ਬਾਬਾ ਸੰਤੋਖ ਸਿੰਘ ਨੇ ਲਿਖਿਆ ਹੈ ਕਿ, "ਮਾਈ ਫ਼ਤਿਹ ਕੌਰ ਕੋ ਮਹਾਰਾਜ ਜੀ ਬਚਨ ਕੀਤਾ ਸੀ। ਸਿਰ ਤੇ ਪਰਨਾ ਰੱਖਿਆ ਕਰੋ। ਮਾਈ ਪਰਣਾ ਬੰਨ੍ਹਣ ਲਗੀ।"—ਸਤਿਗੁਰੂ ਬਿਲਾਸ।

ਅਗਲੇ ਸਾਲ, ਜੂਨ 1899 ਵਿਚ, ਫਿਰ ਸਰਕਾਰ ਨੇ ਇਜਾਜ਼ਤ ਦੇ ਦਿੱਤੀ, ਕਿ ਸਤਿਗੁਰੂ ਜੀ, ਇਕ ਮਹੀਨੇ ਲਈ, ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿੱਚ ਜਾ ਕੇ, ਦੌਰਾ ਕਰ ਸਕਦੇ ਸਨ। ਦੌਰੇ ਦਾ ਮਤਲਬ ਸਰਵੇਖਣ ਕਰਨਾ ਥੋੜ੍ਹਾ ਸੀ। ਆਪਣੇ ਪੈਰੋਕਾਰਾਂ ਨੂੰ ਦਰਸ਼ਨ ਦੇਣੇ ਸਨ, ਉਹਣਾਂ ਦੇ ਘਰੀ ਚਰਨ ਪਾਉਣੇ ਸਨ। ਉਹਨਾਂ ਨੂੰ ਖੁਸ਼ੀਆਂ ਬਖਸਣੀਆਂ ਸਨ। ਉਹਨਾਂ ਨੂੰ ਆਪ ਆਪਣੀ ਸੱਚੀ ਸੁਚੀ, ਸਨਾਤਨ ਮਰਿਆਦਾ ਨੂੰ ਦ੍ਰਿੜ੍ਹਤਾ ਨਾਲ ਅਪਣਾਈ ਰੱਖਣ ਲਈ ਮਨੋਬਲ ਪ੍ਰਦਾਨ ਕਰਨਾ ਸੀ ਅਤੇ ਸਦ ਗੁਣਾਂ ਦਾ ਹੋਰ ਲੋਕਾਂ ਵਿੱਚ ਪਰਚਾਰ ਤੇ ਸੰਚਾਰ ਕਰਨਾ ਸੀ। ਸਤਿਗੁਰੂ ਜੀ ਨੇ ਮੈਨ ਦੁਆਬ ਦਾ ਦੌਰਾ ਸ਼ੁਰੂ ਕੀਤਾ। ਦੌਰੇ ਵਿਚ ਇੱਕ ਥਾਂ ਤੋਂ ਦੂਜੀ ਥਾਂ ਉਤੇ ਜਾਣ ਸਮੇਂ ਸਿੱਖ ਵੀ ਨਾਲ ਤੁਰ ਪਏ ਸਨ। ਗੁਰੂ ਤੇ ਸਿੱਖਾਂ ਦਾ ਵੱਧਦਾ ਮੇਲ ਸਰਕਾਰ ਦੀ ਅੱਖ ਵਿੱਚ ਰੜਕਦਾ ਸੀ। ਸਰਕਾਰ ਨੇ ਫਿਰ ਲੁਧਿਆਣਿਓਂ ਪਰਵਾਨਾ ਭੇਜ ਦਿੱਤਾ ਕਿ ਉਹ ਬਹੁਤੇ ਸਿੱਖ ਨਾਲ ਲੈ ਕੇ ਦੌਰਾ ਕਿਉਂ ਕਰਦੇ ਸੀ।

ਸਰਕਾਰ ਦੌਰਿਆਂ ਦੀ ਇਜਾਜ਼ਤ ਦੇ ਕੇ ਇਹ ਦੱਸਣਾ ਚਾਹੁੰਦੀ ਸੀ ਕਿ ਭਾਰਤ ਦੀ ਕਿਸੇ ਵੀ ਸੰਪਰਦਾ ਉਤੇ ਕੋਈ ਪ੍ਰਤਿਬੰਧ ਨਹੀਂ ਪਰ ਨਾਮਧਾਰੀ ਪ੍ਰਤਿਬੰਧਾਂ ਤੋਂ ਮੁਕਤ ਨਹੀਂ ਸਨ। ਹੋਰ ਹਰ ਕੋਈ ਆਪਣੇ ਧਰਮ, ਆਪਣੀ ਮਾਨ ਮਰਿਆਦਾ ਦਾ ਪ੍ਰਚਾਰ ਕਰ ਸਕਦਾ ਸੀ, ਕਿਉਂਕਿ ਹੋਰ ਕਿਸੇ ਸੰਸਥਾ ਦੀ ਰਾਜਨੀਤਕ ਚੇਤਨਤਾ ਬਾਰੇ ਸਰਕਾਰ ਨੂੰ ਭਰੋਸਾ ਸੀ ਕਿ ਉਹ ਉਹਨਾਂ ਲਈ ਚਿੰਤਾ ਦਾ ਕਾਰਨ ਨਹੀਂ ਬਣਨਗੇ ਪਰ ਜਦੋਂ ਵੀ ਨਾਮਧਾਰੀ, ਨਾਮ ਜਪਣ, ਵਾਸਤੇ ਵੀ ਇਕੱਠੇ ਹੁੰਦੇ ਤਾਂ ਬਰਤਾਨਵੀ ਹਕੂਮਤ ਸਮਝਦੀ ਸੀ ਕਿ ਅਠੋਤਰੀ ਉਹਨਾਂ ਦੇ ਰਾਜ ਦੇ ਖ਼ਿਲਾਫ਼ ਹੀ ਫੇਰੀ ਜਾ ਰਹੀ ਸੀ ਏਸੇ ਕਰਕੇ ਸਤਿਗੁਰੂ ਰਾਮ ਸਿੰਘ ਦੇ ਪ੍ਰਦੇਸ ਗਵਨ ਦੇ 27 ਸਾਲਾਂ ਬਾਅਦ ਵੀ ਦਮਨ ਚੱਕਰ ਬੰਦ ਨਹੀਂ ਸੀ ਹੋਇਆ।

ਸਤਿਗੁਰੂ ਹਰੀ ਸਿੰਘ ਵੀ ਉਹਨਾਂ ਦੀ ਇਸ ਨੀਅਤ ਨੂੰ ਭਲੀ ਭਾਂਤ ਸਮਝਦੇ ਸਨ। ਫਿਰ ਵੀ ਉਹ ਜਦ ਛੁੱਟੀ ਮਿਲਦੀ ਦੌਰਿਆਂ ਉਤੇ ਜ਼ਰੂਰ ਚਲੇ ਜਾਂਦੇ ਸਨ। ਇਸ ਨਾਲ ਇਕ ਤਾਂ ਸਿੱਖੀ ਬੂਟੇ ਨੂੰ ਮਿਲਾਪ ਦਾ ਪਾਣੀ ਦਿੱਤਾ ਜਾ ਸਕਦਾ ਸੀ, ਭਾਵੇਂ ਪਪੀਹੇ ਨੂੰ ਮਿਲੀ ਬੂੰਦ ਜਿੰਨਾ ਹੀ। ਦੂਜੇ ਪਾਸੇ ਸਰਕਾਰ ਦੇ ਹਾਥੀ ਦੇ ਦੰਦਾਂ ਦਾ ਪਤਾ ਲਗਦਾ ਸੀ ਜਿਹੜੇ ਖਾਣ ਦੇ ਹੋਰ ਸਨ ਤੇ ਵਿਖਾਉਣ ਦੇ ਹੋਰ ਸਨ।

ਆਪ ਦਾ, ਆਪਣਾ ਡੇਰੇ ਦੀ ਸੰਭਾਲ ਦਾ ਕੰਮ ਤਾਂ ਚਲਦਾ ਹੀ ਸੀ। ਇਹਨਾਂ



Namdhari Elibrary NamdhariElibrary@gmail.com

ਦਿਨਾਂ ਵਿਚ ਡੇਰੇ ਦੀ ਕੁੰਜੀ-ਬਰਦਾਰ ਮਾਈ ਅਤਰ ਕੌਰ ਸੀ। ਉਸ ਨੇ ਜ਼ਿੰਮੇਦਾਰੀ ਦ ਸੌਂਪਣਾ ਗੁਰਦੇਈ ਨੂੰ ਕਰ ਰੱਖੀ ਸੀ। ਉਹ ਹੱਥ ਘੁੱਟ ਕੇ ਵਰਤਦੀ ਸੀ। ਨਾਮਧਾਰ ਸਿੱਖ ਉਸ ਦੀ ਬਦਸਲੂਕੀ ਕਰਕੇ ਵੀ ਔਖੇ ਸਨ। ਬਾਹਰ ਪੁਲਿਸ ਦੀ ਤੰਗੀ ਵ ਉਹਨਾਂ ਲਈ ਤਕਲੀਫ਼ਦੇਹ ਸੀ। ਮੌਕਾ ਪਾ ਕੇ ਸੰਤ ਸੁਧ ਸਿੰਘ ਬਗਲੀ ਵਾਲਿਅ ਸਤਿਗੁਰੂ ਜੀ ਅੱਗੇ ਸਿੱਖਾਂ ਦੀ ਤਕਲੀਫ਼ ਦੱਸੀ ਤੇ ਨਾਲ ਹੀ ਅਰਜ਼ ਕੀਤੀ ਕਿ ਸਿੱਖ ਦਾ ਦਰਦ ਸਮਝਣ ਵਾਲਾ, ਉਹਨਾਂ ਤੇ ਕਿਰਪਾ ਤੇ ਮਿਹਰਾਂ ਦਾ ਮੀਂਹ ਵਸਾਉਣ ਵਾਲਾ ਗੁਰੂ ਘਰ ਹੀ ਸੀ, ਸੋ ਚਾਬੀਆਂ ਵੀ ਆਪਣੇ ਕੋਲ ਹੀ ਰੱਖ ਲਈਆਂ ਜਾਣ।

ਸਤਿਗੁਰੂ ਜੀ ਨੇ ਸੰਤ ਸੁਧ ਸਿੰਘ ਦੀ ਜ਼ਬਾਨੀ ਸਿੱਖਾਂ ਦੀ ਵਿੱਥਿਆ ਸੁਣੀ, ਉਸ ਨੂੰ ਸਮਝਿਆ। ਆਪ ਨੇ ਮਾਈ ਅਤਰ ਕੌਰ ਨੂੰ ਇਹ ਚਾਬੀਆਂ ਮਾਤਾ ਜੀਵਨ ਕੌਰ ਜੀ ਨੂੰ ਸੌਂਪ ਦੇਣ ਦੀ ਆਗਿਆ ਦਿਤੀ। 1 ਅਗਸਤ 1899 ਈ: (ਸੌਣ ਵਧੀ ਦਸ 1956 ਬਿ.) ਮੰਗਲਵਾਰ ਵਾਲੇ ਦਿਨ ਮਾਤਾ ਜੀ ਡੇਰੇ ਦੇ ਖ਼ਜ਼ਾਨੇ ਦੇ ਕੁੰਜੀ-ਬਰਦਾਰ ਬਣੇ।

ਇਹ ਸਾਲ ਹਿੰਦੁਸਤਾਨ ਲਈ ਭੁੱਖਮਰੀ ਦਾ ਸਾਲ ਸੀ। ਮੀਂਹ ਪਏ ਨੂੰ ਬੜਾ ਚਿਰ ਹੋ ਗਿਆ ਸੀ। ਔੜਾਂ ਮਾਰੀ ਧਰਤੀ ਦੇ ਰੁੱਖਾਂ ਦੇ ਪੱਤੇ ਵੀ ਪੀਲੇ ਪੈ ਗਏ ਸਨ। ਪੱਛਮੀ ਹਿੰਦੁਸਤਾਨ ਦਾ ਸਾਰਾ ਮਾਰੂਥਲ ਢਿੱਡੋਂ ਭੁੱਖਾ, ਮੂੰਹੋਂ ਪਿਆਸਾ, ਘਰ ਬਾਹਰ ਖੁੱਲ੍ਹਾ ਛੱਡ ਕੇ ਹੀ ਆਪਣਾ ਮਾਲ ਡੰਗਰ ਲੈ ਕੇ, ਰੋਟੀ ਦੀ ਭਾਲ ਵਿਚ, ਨਿਕਲ ਤੁਰਿਆ ਸੀ। 12000 ਭੁੱਖੇ ਬਾਗੜੀਆਂ ਨੇ ਸੰਗਰੂਰ ਵਿਚ ਲੁੱਟ ਮਾਰ ਸ਼ੁਰੂ ਕਰ ਦਿੱਤੀ ਸੀ। ਪਰ ਲੁੱਟੇ ਦਾਣੇ ਹੀ ਸਨ ਤਾਂ ਕਿ ਭੁੱਖੇ ਢਿੱਡਾਂ ਨੂੰ ਭਰਨ ਦਾ ਆਸਰਾ ਹੋ ਸਕੇ। ਉਹਨਾਂ ਨੂੰ ਜੇਲ੍ਹ ਜਾਣ ਦਾ ਵੀ ਡਰ ਭੈ ਨਹੀਂ ਸੀ ਉਹਨਾਂ ਦੀ ਦਲੀਲ ਸੀ ਕਿ ਜੇ ਸਰਕਾਰ ਜੇਲ੍ਹ ਵਿਚ ਡੱਕ ਦੇਵੇਗੀ ਤਾਂ ਵੀ ਭੁੱਖਿਆਂ ਤੇ ਨਾ ਰੱਖੇਗੀ, ਰੋਟੀ ਤਾਂ ਦੇਵੇਗੀ ਹੀ।

ਬਾਗੜੀਆਂ ਨੂੰ ਇਹ ਵੀ ਪਤਾ ਲੱਗਾ ਕਿ ਪੰਜਾਬ ਵਿਚ, ਸ੍ਰੀ ਭੈਣੀ ਸਾਹਿਬ, ਹੀ ਐਸੀ ਥਾਂ ਸੀ ਜਿਥੇ ਡੇਰਿਓਂ ਅੱਠੇ ਪਹਿਰ ਦਾਲ ਪ੍ਰਸ਼ਾਦਾ ਮਿਲ ਸਕਦਾ ਸੀ। ਉਹਨਾਂ ਏਧਰ ਮੂੰਹ ਕਰ ਲਿਆ। ਡੇਰੇ 600-600 ਦੀ ਇੱਕ ਇੱਕ ਪੰਗਤ ਲੱਗਦੀ ਸੀ। ਸਭ ਨੂੰ ਬਿਨਾ ਵਿਤਕਰੇ ਤੋਂ ਰਜਵਾਂ ਅੰਨ ਪਾਣੀ ਮਿਲਦਾ ਸੀ।

ਸਤਿਗੁਰੂ ਜੀ ਨੇ ਸਰਕਾਰ ਨੂੰ ਲਿਖਿਆ ਕਿ ਉਹਨਾਂ ਨੂੰ ਚਾਰ ਕੁ ਮਹੀਨੇ ਦੀ ਛੁੱਟੀ ਦਿੱਤੀ ਜਾਵੇ ਤਾਂ ਕਿ ਉਹ ਸਾਧ ਸੰਗਤ ਕੋਲੋਂ ਉਗਰਾਹੀ ਕਰਕੇ, ਗਰੀਬਾਂ-ਭੁੱਖਿਆਂ ਦੇ ਮੂੰਹ, ਅੰਨ ਪਾਉਣ ਦਾ ਹੋਰ ਪ੍ਰਬੰਧ ਕਰ ਸਕਣ। ਹਾਕਮਾਂ ਨੇ ਛੁੱਟੀ ਦੇਣ ਦੀ ਥਾਂ ਕਹਿ ਦਿੱਤਾ, "ਲੰਗਰ ਨਾ ਲਾਓ।" ਸਤਿਗੁਰੂ ਜੀ ਨੇ ਜਵਾਬ ਭੇਜਿਆ, "ਸਦਾ ਵਰਤ ਚਲਦਾ ਰਹੇਗਾ। ਜੇ ਛੁੱਟੀ ਨਾ ਮਿਲੀ ਤਾਂ ਕੋਠਿਆਂ ਦੀਆਂ ਕੜੀਆਂ ਲਾਹ ਲਵਾਂਗੇ। ਉਹ ਵੇਚ ਕੇ ਰਾਸ਼ਨ ਪਾਣੀ ਲੈ ਆਵਾਂਗੇ, ਪਰ ਲੰਗਰ ਬੰਦ ਨਹੀਂ ਕਰਾਂਗੇ।"

ਲੰਗਰ ਬੰਦ ਨਾ ਹੋਇਆ, ਅੰਨਪੂਰਨਾ ਮਾਤਾ ਜੀਵਨ ਕੌਰ ਜੀ ਹਰ ਰੋਜ਼ ਸਵੇਰੇ 12 ਪਾਤਸ਼ਾਹੀਆਂ ਦਾ ਅਰਦਾਸਾ ਕਰਕੇ, ਲੰਗਰ ਢੱਕ ਕੇ, ਇਕ ਪਾਸਿਓਂ ਵਰਤਾਉਣ ਦਾ ਹੁਕਮ ਦਿੱਤਾ ਹੋਇਆ ਸੀ ਜਿਸ ਨਾਲ ਕਦੀ ਤੋਟਾ ਨਾ ਆਇਆ।

ਹਾਕਮ ਨੇ ਰੋਬ੍ਹ ਦਾ, ਆਪਣੇ ਹਥਿਆਰ ਦਾ, ਵਾਰ ਬਿਰਥਾ ਜਾਂਦਾ ਵੇਖ ਕੇ, ਇੱਕ



Namdhari Elibrary NamdhariElibrary@gmail.com

ਹੋਰ ਦਾਅ ਖੇਡਣ ਲਈ ਇਕ ਅਧਿਕਾਰੀ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ । ਉਸ ਨੇ ਆ ਕੇ ਸਤਿਗੁਰੂ ਜੀ ਦੇ ਚਲਾਏ ਸਦਾ ਵਰਤ ਦੀ ਪ੍ਰਸੰਸਾ ਕੀਤੀ । ਉਸ ਨੇ ਇਨਾਮ ਵਜੋਂ ਆਪ ਨੂੰ ਮੁਰੱਬੇ ਦੇਣ ਦੀ ਵੀ ਪੇਸ਼ਕਸ਼ ਕੀਤੀ । ਸਤਿਗੁਰੂ ਜੀ ਨੇ ਇਹ ਕਹਿ ਕੇ ਪੇਸ਼ਕਸ਼ ਠੁਕਰਾ ਦਿਤੀ ਕਿ :

"ਸਾਰਾ ਹਿੰਦੁਸਤਾਨ ਮੇਰਾ ਹੈ, ਤੁਸੀਂ ਸਾਨੂੰ ਇਸ ਵਿਚੋਂ ਕੁਝ ਦੇਣ ਵਾਲੇ ਕੌਣ ਹੁੰਦੇ ਹੋ ? ਜੇ ਦੇਣਾ ਹੀ ਹੈ ਤਾਂ ਬਰਤਾਨੀਆ ਦੀ ਧਰਤੀ ਵਿਚੋਂ ਕੁਝ ਦਿਓ, ਅਸੀਂ ਲੈਣ ਬਾਰੇ ਸੋਚ ਲਵਾਂਗੇ ।"

ਅਧਿਕਾਰੀ ਨੇ ਇਕ ਹੋਰ ਸੁਆਲ ਚਾ ਕੀਤਾ ।

"ਜੇ ਤੁਹਾਡੇ ਕੋਲ ਅੰਨ ਧਨ ਖਤਮ ਹੋ ਜਾਵੇਗਾ ਤਾਂ ਕੀ ਕਰੋਗੇ ?"

"ਮੈਂ ਇਹਨਾਂ ਨਾਲ ਹੀ ਤੁਰ ਪਵਾਂਗਾ ।"

ਉਹ ਨਿਰੁਤਰ ਸੀ । ਉਹ ਵਾਪਸ ਚਲਾ ਗਿਆ ।

ਸਤਿਗੁਰੂ ਜੀ ਨੇ ਕਲਕੱਤੇ ਅਤੇ ਲੰਡਨ ਗੁਰਮੁਖੀ ਵਿਚ ਅਰਜ਼ੀਆਂ ਭੇਜੀਆਂ ਕਿ ਸਤਿਗੁਰੂ ਰਾਮ ਸਿੰਘ ਨੂੰ ਬੇਕਸੂਰ ਨੂੰ ਹੀ, ਬਿਨਾ ਮੁਕੱਦਮਾ ਚਲਾਏ, ਕਿਸੇ ਅਗਿਆਤ ਥਾਂ ਉਤੇ ਅਣਮਿਥੇ ਸਮੇਂ ਲਈ ਨਜ਼ਰਬੰਦ ਕਰ ਰੱਖਿਆ ਸੀ । ਉਹਨਾਂ ਨੂੰ ਰਿਹਾਅ ਕਰਕੇ ਵਾਪਸ ਭੇਜਿਆ ਜਾਵੇ । ਇਹ ਚਿੱਠੀ ਤਾਂ ਰਾਜਨੀਤਕ ਸੀ ਸੋ ਪੰਜਾਬ ਨੇ ਹੀ ਸੈਂਸਰ ਕਰ ਦਿੱਤੀ ਤੇ ਇਹ ਟਿਪਣੀ ਕਰਕੇ ਵਾਪਸ ਮੋੜ ਦਿੱਤੀ ਕਿ ਚਿੱਠੀ ਫ਼ਾਰਸੀ ਅੱਖਰਾਂ ਵਿਚ ਹੋਵੇ । ਆਪ ਨੇ ਚਿੱਠੀ ਫ਼ਾਰਸੀ ਅੱਖਰਾਂ ਵਿਚ ਲਿਖਵਾ ਕੇ ਭੇਜੀ ਪਰ ਕਿਸੇ ਨੇ ਵੱਟੀ ਨਾ ਵਾਹੀ ।

ਸਾਹਿਬਜ਼ਾਦਾ ਪਰਤਾਪ ਸਿੰਘ ਜੀ ਭਾਵੇਂ ਇਸ ਸਮੇਂ ਛੋਟੇ ਸਨ । ਪਰ ਮਾਹੌਲ ਦੀ ਘੁਟਣ ਉਹ ਵੀ ਮਹਿਸੂਸ ਕਰਦੇ ਸਨ । ਉਂਜ ਆਪ ਚੁਸਤ ਸਨ ਆਪ ਦਾ ਸੁਭਾਅ ਵੀ ਬੜਾ ਖਿੜ੍ਹੇ ਮੱਥੇ, ਬੇਪਰਵਾਰ ਰਹਿਣ ਵਾਲਾ ਸੀ । ਖੇਡਾਂ ਵੀ ਆਪ ਮਨ ਭਾਉਂਦੀਆਂ ਖੇਡਣਾ ਚਾਹੁੰਦੇ ਸਨ । ਆਪ ਸਿਪਾਹੀਆਂ ਨੂੰ ਤਾਸ਼ ਖੇਡਦਿਆਂ ਵੇਖਦੇ ਰਹੇ ਤਾਂ ਆਪ ਨੂੰ ਵੀ ਤਾਸ਼ ਖੇਡਣੀ ਆ ਗਈ । ਹੁਣ ਆਪ ਦਾ ਤਾਸ਼ ਖੇਡਣ ਨੂੰ ਜੀਅ ਕਰੇ । ਮਾਘਾ ਸਿੰਘ, ਲਾਲ ਸਿੰਘ, ਮਸਤਾਨ ਸਿੰਘ, ਦੇਵਾ ਸਿੰਘ ਨੂੰ ਵੀ ਤਾਸ਼ ਖੇਡਣੀ ਆਉਂਦੀ ਸੀ । ਆਪ ਸਾਰੇ ਤਾਸ਼ ਨਹੀਂ ਸਨ ਖੇਡਦੇ ਕਿਉਂਕਿ ਆਪ ਨੂੰ ਪਤਾ ਸੀ ਕਿ ਮਾਤਾ ਜੀ ਖਫ਼ਾ ਹੋ ਸਕਦੇ ਸਨ । ਫਿਰ ਵੀ ਆਪ ਨੇ ਆਪਣੀ ਖੁਸ਼ੀ ਲਈ, ਤਾਸ਼ ਖੇਡਣ ਲਈ, ਤਬੇਲੇ ਦਾ ਉਹਲਾ ਚੁਣਿਆ । ਇਕ ਮੁੰਡਾ ਮੋਰੀ ਵਿਚੋਂ ਵੇਖਦਾ ਰਹਿੰਦਾ ਕਿ ਕਿਤੇ ਮਾਤਾ ਜੀ ਤਾਂ ਨਹੀਂ ਆ ਰਹੇ । ਫਿਰ ਵੀ ਇਕ ਦਿਨ ਮਾਤਾ ਜੀ ਨੇ ਰੰਗੇ ਹੱਥੀਂ ਫੜ ਲਿਆ । ਪਰ ਖਿਮਾ ਮੰਗਣ ਅਤੇ ਅਗੋਂ ਲਈ ਤਾਸ਼ ਨਾ ਖੇਡਣ ਦਾ ਇਕਰਾਰ ਕਰਨ ਉਤੇ ਮਾਫ਼ ਕਰ ਦਿੱਤਾ ।

ਆਪ ਨੇ ਆਪਣੀ ਬਿਰਤੀ ਹੋਰ ਖੇਡਾਂ ਵੱਲ ਮੋੜੀ । ਟੋਲੀਆਂ ਬਣਾ ਬਣਾ ਕੇ ਸਰੀਰਕ ਕਸਰਤਾਂ ਵਾਲੀਆਂ ਖੇਡਾਂ ਖੇਡਣ ਲੱਗੇ । ਟੋਲੀਆਂ ਵਿਚ ਆਪ ਦੇ ਹਾਣੀਆਂ, ਸਾਥੀਆਂ, ਗੁਰਸਿੱਖਾਂ ਦੇ ਬੱਚਿਆਂ ਤੋਂ ਬਿਨਾ ਪਿੰਡ ਦੇ ਹੋਰ ਬੱਚੇ ਵੀ ਸ਼ਾਮਲ ਹੁੰਦੇ ਆਪ ਕਬੱਡੀ ਖੇਡਦੇ, ਕੁਸ਼ਤੀ ਕਰਦੇ ਤੇ ਖਿਦੋ ਖੂੰਡੀ ਖੇਡਦੇ ਰਹਿੰਦੇ ਸਨ । ਖੁੱਡੀਆਂ ਤਾ



Namdhari Elibrary NamdhariElibrary@gmail.com

ਾਂ ਦੀਆਂ ਮੋਟੀਆਂ ਟਾਹਣੀਆਂ ਵੱਢ ਕੇ ਹੀ ਬਣਾ ਲਈਆਂ ਜਾਂਦੀਆਂ ਸਨ। ਪਰ ਾ ਪੀਢਾ ਖਿਦੋ ਮਾਤਾ ਜੀ, ਹਰਨਾਮ ਸਿੰਘ ਕੋਲੋਂ ਪਿੜੀਆ ਪਾ ਕੇ ਬਣਵਾਉਂਦੇ ਕਿ ਉਹ ਖੂੰਡੀਆਂ ਦੀ ਮਾਰ ਸਹਿ ਸਕੇ। ਆਪ ਘੋੜ ਸਵਾਰੀ ਵੀ ਰੋਜ਼ਾਨਾ ਹੀ ਦੇ ਸਨ। ਆਪ ਦੇ ਹਾਣੀ ਖੇਡ-ਮੱਲ ਕੇ ਘਰੋ ਘਰੀਂ ਚਲੇ ਜਾਂਦੇ ਸਨ। ਕਦੀ ਕਦੀ ਤ ਡੇਰੇ ਹੀ ਪਏ ਰਹਿੰਦੇ ਸਨ।

ਸਾਹਿਬਜ਼ਾਦਾ ਨਿਹਾਲ ਸਿੰਘ ਦੇ ਵੱਡੇ ਹੋਣ ਨਾਲ ਦੋਹਾਂ ਭਰਾਵਾਂ ਦੀਆਂ ਦੋ ਟੋਲੀਆਂ ਜਾਂਦੀਆਂ। ਸਭ ਨੂੰ ਖੇਡਣ ਦਾ ਐਨਾ ਆਨੰਦ ਆਉਂਦਾ ਕਿ ਜਿਸ ਦਿਨ ਕਿਸੇ ਣੀ ਨੇ ਨਾ ਆਉਣਾ ਤਾਂ ਸਭ ਨੂੰ ਬੇਚੈਨੀ ਜਿਹੀ ਹੋਣੀ।

ਇਕ ਦਿਨ, ਆਪ ਨੂੰ, ਦੇਵਾ ਸਿੰਘ ਤੇ ਲਾਲ ਸਿੰਘ ਦੀ ਬੜੀ ਉਡੀਕ ਕਰਨੀ ੀ। ਆਪ ਨੇ ਸਹਿਜ ਸੁਭਾਅ ਕਹਿ ਦਿੱਤਾ, "ਉਹਨਾਂ ਨੂੰ ਕੀ ਸੱਪ ਲੜ ਗਿਆ ?" ਹ ਬਚਨ ਦੋਹਾਂ ਨੂੰ ਸਰਾਪ ਬਣ ਕੇ ਲਗਾ। ਉਹਨਾਂ ਨੂੰ ਸੱਚੀ-ਮੁੱਚੀ ਸੱਪ ਲੜ ਆ ਸੀ। ਬੜੇ ਓਹੜ ਪੋਹੜ ਕਰਨ ਨਾਲ ਵੀ ਉਹ ਅਗੋਂ ਹੋ ਕੇ ਬਚੇ ਸਨ। ੜ ਪਾਸੇ ਸਭ ਨੂੰ ਕੰਨ ਹੋ ਗਏ ਕਿ ਆਪ ਜੀ ਦੀ ਆਗਿਆ ਦਾ ਪਾਲਣ ਕਰਨਾ ਹੈ ਕਿ ਉਹਨਾਂ ਦੇ ਸਰਾਪ ਤੋਂ ਬਚਿਆ ਜਾ ਸਕੇ। ਦੂਜੇ ਪਾਸੇ ਮਾਤਾ ਜੀ ਨੇ ਆਪ ਨੂੰ ਹਜ ਸੁਭਾ ਵੀ ਐਸੇ ਬਚਨ ਕਰਨੋਂ ਵਰਜਿਆ ਜਿਨ੍ਹਾਂ ਦਾ ਦੂਜਿਆਂ ਉਤੇ ਦੁਸ਼ਪ੍ਰਭਾਵ ਸਕਦਾ ਹੋਵੇ।

ਆਪ ਕਈ ਵਾਰ ਹਾਣੀਆਂ ਨਾਲ ਗੱਲਾਂ ਬਾਤਾਂ ਕਰਦੇ ਗੁਰੂ ਸਰ ਲੱਲਾਂ ਤੱਕ ਵੀ ਰ ਤੁਰ ਆਉਂਦੇ ਸਨ। ਮਾਤਾ ਜੀ ਨੇ ਆਪ ਦੀ ਖਾਧ ਖੁਰਾਕ ਦਾ ਤਾਂ ਧਿਆਨ ਣਾ ਹੀ ਸੀ, ਆਪ ਆਪਣੇ ਸੁਭਾ ਅਨੁਸਾਰ, ਆਪ ਜੀ ਦੇ ਹਾਣੀਆਂ ਨੂੰ ਵੀ ਣ ਲਈ ਸੁੱਕੇ ਮੇਵੇ, ਬਦਾਮ, ਫਲ, ਮਠਿਆਈਆਂ ਅਤੇ ਹੋਰ ਉੱਤਮ ਪਦਾਰਥ ਦੇ ਸਨ।

ਤਬੇਲੇ ਅਤੇ ਡੇਰੇ ਦੇ ਵਿਚਕਾਰ ਇਕ ਗਲੀ ਸੀ। ਆਪ ਜੀ ਦੇ ਅਤੇ ਆਪ ਦੇ ਥੀਆਂ ਦੇ ਆਉਣ ਜਾਣ ਵਾਸਤੇ ਗਲੀ ਛੱਤ ਦਿੱਤੀ ਗਈ ਸੀ। ਆਪ ਜੀ ਦਾ ਡੇਰਾ ਾਰੇ ਵਿਚ ਸੀ ਇਸ ਕਰਕੇ ਤਬੇਲੇ ਰਾਹੀਂ ਸਿੱਧਾ ਹੀ ਉਹ ਹਾਣੀਆਂ ਨਾਲ ਉਪਰ ੇ ਜਾਂਦੇ ਸਨ। ਉਹਨਾਂ ਦੇ ਨਾਲ ਮੁੰਡਿਆਂ ਦੇ, ਡੇਰੇ ਦੇ ਅੰਦਰ ਜਾਣ ਉੱਤੇ ਲਿਸ ਬੜੀ ਕੌੜ ਕਰਦੀ ਸੀ। ਆਪ ਨੂੰ ਵੀ ਪੁਲਿਸ ਦਾ ਕਿਰਦਾਰ ਪਤਾ ਸੀ। ਪ ਉਹਨਾਂ ਦੀਆਂ ਜ਼ਿਆਦਤੀਆਂ ਬਾਰੇ ਸੋਚ ਕੇ ਰੋਹ ਵਿਚ ਆ ਜਾਂਦੇ, ਉਹਨਾਂ ਦੀ ੀ ਪਰਵਾਹ ਨਾ ਕਰਦੇ ਅਤੇ ਲਾ-ਪਰਵਾਹੀ ਨਾਲ ਹਾਣੀਆਂ ਸਣੇ ਅੰਦਰ ਚਲੇ ਦੇ ਸਨ।

ਇਹ ਪੁਲ, ਪੁਲਿਸ ਨੂੰ ਤੇ ਛਾਣਬੀਣ ਕਰਨ ਲਈ ਆਏ ਅਫਸਰਾਂ ਨੂੰ ਵੀ ਰੜਕਦਾ । ਇਕ ਵਾਰ ਇਸ ਦਾ ਇਕ ਛਤੀਰ ਟੁੱਟ ਗਿਆ। ਸਿੱਖ ਉਸ ਦੀ ਥਾਂ ਗਾਰਡਰ ਕੇ ਪੱਕਾ ਪ੍ਰਬੰਧ ਕਰਨਾ ਚਾਹੁੰਦੇ ਸਨ। ਉਦੋਂ ਹੀ ਲੁਧਿਆਣੇ ਵਿਚੋਂ ਅੰਗਰੇਜ਼ ਅਫਸਰ ਇਆ ਅਤੇ ਉਸ ਨੇ ਗਾਰਡਰ ਪਾਉਣੋ ਰੋਕ ਦਿੱਤਾ। ਬਾਬਾ ਸੰਤੋਖ ਸਿੰਘ ਦੇ ਬਦਾਂ ਵਿਚ,

"ਗਲੀ ਪਰ ਪੁਲ ਸੀ। 1958 ਸੰਮਤ (1901 ਈ:) ਫਰੰਗੀ ਆਇਆ। ਦਾਨ ਸਿੰਘ ਕਿਹਾ ਸਾਹਿਬਜ਼ਾਦੇ ਪਰਤਾਪ ਸਿੰਘ ਦਾ ਉਸ ਉਪਰ ਆਸਣ ਹੈ ਤੇ ਜਾਣ ਵਾਸਤੇ ਪਾਇਆ ਹੈ। ਜੋ ਪਹਿਲੇ ਛਤੀਰ ਸੀ ਟੁੱਟ ਗਿਆ ਸੀ। ਹੁਣ ਲਟੈਣ ਪਾਈ ਹੈ। ਹੌਲਦਾਰ ਦੇ ਸਿਖਾਏ ਫਰੰਗੀ ਕਿਹਾ, ਸਿੰਘ ਲੰਘਣ ਨੂੰ ਬਣਾਇਆ ਹੈ। ਇਹ ਕਹਿ ਰੋਕ ਦਿੱਤਾ।"

—ਸਤਿਗੁਰੂ ਬਿਲਾਸ

ਇਕ ਹੋਰ ਸਮੇਂ ਦੀ ਗੱਲ ਕਰਦੇ ਬਾਬਾ ਜੀ ਲਿਖਦੇ ਹਨ ਕਿ, "ਮਹਾਰਾਜ ਪਰਤਾਪ ਸਿੰਘ ਤੇ ਮਹਾਰਾਜ ਨਿਹਾਲ ਸਿੰਘ ਇਕ ਮੁੰਡੇ ਨੂੰ ਬਚਾਲੇ ਦੇ ਲੈ ਚਲੇ ਸੀ ਅੰਦਰ ਨੂੰ। ਤੁਰਕ ਨੇ ਮੁੰਡਾ ਅੰਦਰ ਨਾ ਜਾਣ ਦੀਆ।"

ਉਤਲੇ ਹਾਕਮਾਂ ਤੇ ਪੁਲਿਸ ਦੀਆਂ ਅਸੁਖਾਵੀਆਂ ਕਾਰਵਾਈਆਂ ਨਾਲ ਆਪ ਅੰਦਰ ਰੋਹ ਵਧਦਾ ਗਿਆ। ਆਪ ਸੋਚਣ ਲਈ ਮਜਬੂਰ ਸਨ ਕਿ ਉਹ ਕਿਹੋ ਜਿਹਾ ਸਮਾਂ ਸੀ ਜਦੋਂ ਉਹ ਆਪਣੇ ਘਰ ਵੀ, ਆਪਣੀ ਮਰਜ਼ੀ ਨਾਲ, ਆਪਣੇ ਸੰਗੀ-ਸਾਥੀਆਂ ਵਿਚ ਨਹੀਂ ਸਨ ਰਹਿ ਸਕਦੇ; ਆਪਣੇ ਹਾਣੀਆਂ ਨੂੰ ਆਪਣੇ ਨਾਲ ਅੰਦਰ ਨਹੀਂ ਸਨ ਲੈ ਜਾ ਸਕਦੇ।

ਮਾਤਾ ਜੀ ਆਪ ਦੇ ਮਨ ਦੀ ਅਵਸਥਾ ਨੂੰ ਸਮਝਦੇ ਸਨ। ਉਹ ਆਪ ਅੰਦਰ ਪ੍ਰਜਵੱਲਤ ਹੋ ਰਹੀ ਵਿਦਰੋਹ ਦੀ ਅਗਨੀ ਨੂੰ ਸ਼ਾਂਤ ਕਰਨ ਲਈ ਆਪ ਨੂੰ ਧੀਰਜ ਤੇ ਹੌਸਲਾ ਦੇਂਦੇ ਰਹਿੰਦੇ ਸਨ। ਪਰ ਕਿਥੋਂ ?

ਇਕ ਦਿਨ ਆਪ ਕੁਝ ਮੁੰਡਿਆਂ ਨਾਲ ਡਿਓੜ੍ਹੀ ਅਗੋਂ ਲੰਘ ਰਹੇ ਸਨ। ਆਪ ਗੱਲਾਂ ਬਾਤਾਂ ਵਿਚ ਮਸਰੂਫ ਸਨ। ਸਿਪਾਹੀ ਅੱਗੇ ਆ ਕੇ ਆਪ ਦਾ ਰਸਤਾ ਰੋਕਣ ਲਗਾ ਤਾਂ ਆਪ ਨੇ ਕਿਹਾ, "ਹਟ।" ਸਿਪਾਹੀ ਰਾਹ ਛੱਡਣ ਦੀ ਥਾਂ ਤੇ ਹੋਰ ਅਗੇ ਹੋ ਗਿਆ। ਆਪ ਨੇ ਧੱਕਾ ਦੇ ਕੇ ਉਸ ਨੂੰ ਪਾਸੇ ਕਰ ਦਿੱਤਾ ਅਤੇ ਆਪ ਖੇਡਣ ਲਈ ਬਾਹਰ ਚਲੇ ਗਏ, ਪਰ ਹੱਸਦੇ ਹੱਸਦੇ ਆਪ ਦੇ ਚਿਹਰੇ ਤੋਂ ਇੱਕ ਵੀ ਗੁੱਸੇ ਜਾਂ ਪ੍ਰੇਸ਼ਾਨੀ ਦੀ ਰੇਖਾ ਪੜ੍ਹੀ ਨਹੀਂ ਸੀ ਜਾ ਸਕਦੀ।

ਸਿਪਾਹੀ ਅੰਦਰ ਮਾਤਾ ਜੀ ਕੋਲ ਆ ਗਿਆ। ਉਸ ਨੇ ਆਪ ਜੀ ਦੀ ਧੱਕਾ ਮਾਰਨ ਦੀ ਸ਼ਿਕਾਇਤ ਕੀਤੀ। ਉਸ ਨੇ ਇਹ ਵੀ ਕਿਹਾ ਕਿ, "ਅਸੀਂ ਆਪ ਦਾ ਲਿਹਾਜ਼ ਕਰਦੇ ਹਾਂ।" ਮਾਤਾ ਜੀ ਨੇ ਉਸ ਦਾ ਗੁੱਸਾ ਠੰਢਾ ਕੀਤਾ ਤੇ ਕੁਝ ਖਾਣ ਪੀਣ ਲਈ ਦਿੱਤਾ ਤੇ ਵਾਪਸ ਭੇਜ ਦਿੱਤਾ।

ਆਪ ਜਦ ਖੇਡ ਕੇ ਵਾਪਸ ਪਰਤੇ ਤਾਂ ਮਾਤਾ ਜੀ ਨਰਾਜ਼ ਸਨ, ਉਹ ਗੁੱਸੇ ਵਿਚ ਵੀ ਸਨ। ਉਹਨਾਂ ਆਪ ਨੂੰ ਘੂਰਿਆ ਤਾਂ ਆਪ ਨੇ ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿਚ ਇਹ ਬਚਨ ਕੀਤਾ,

"ਤੁਸੀਂ ਭਾਵੇਂ ਮੈਨੂੰ ਮਾਰ ਲਉ ਤਾਂ ਵੀ ਰਤਾ ਤਕਲੀਫ ਨਹੀਂ ਹਿਰਦੇ ਨੂੰ ਹੋਣੀ। ਪਰ ਜਦ ਇਕ ਤੁਰਕ-ਸਿਪਾਹੀ ਮੇਰੇ ਹਾਣੀਆਂ ਨੂੰ ਮੇਰੇ ਨਾਲ ਅੰਦਰ ਆਉਂਦਿਆਂ ਦੇਖ ਕੇ ਰੋਕਦੇ ਹਨ ਤਾਂ ਮੈਨੂੰ ਬਹੁਤ ਔਖ ਹੁੰਦੀ ਹੈ। ਮੈਂ ਪਦਾਰਥ ਛਕਾਣ ਲਿਆਉਂਦਾ ਹਾਂ ਤੇ ਸਿਪਾਹੀ ਰੋਕ ਦੇਂਦੇ ਹਨ।"

—ਜੱਸ-ਜੀਵਨ ਹਿੱਸਾ ਪਹਿਲਾ

ਆਪ ਨੇ ਤਰਨ ਸਿੰਘ ਵਹਿਮੀ ਨੂੰ ਦਸਦਿਆਂ, ਸਤਿਗੁਰੂ ਹਰੀ ਸਿੰਘ, ਮਾਤਾ



Namdhari Elibrary NamdhariElibrary@gmail.com

ਵਿਨ ਕੌਰ ਅਤੇ ਆਪਣੇ ਸੁਭਾ ਦਾ ਵਿਸ਼ਲੇਸ਼ਣ ਕੁਝ ਇਸ ਤਰ੍ਹਾਂ ਕੀਤਾ, "ਗੁਰੂ ਹਰੀ ਿੰਘ ਜੀ ਦਾ ਸੁਭਾ ਤੇ ਮਨ ਤਾਂ ਚੁੱਪ, ਸ਼ਾਂਤ ਤੇ ਭਜਨ ਕਰਨ ਵਿਚ ਹੀ ਲਗਾ ਰਹਿੰਦਾ ੀ। ਤੇ ਮਾਤਾ ਜੀ ਨੂੰ ਬਹੁਤ ਜਤਨ, ਸਿੰਘਾਂ ਤੇ ਸਿਪਾਹੀਆਂ ਦੇ ਵਿਚਾਲੇ ਹੁੰਦੇ ਰਤਾਉ ਬਾਬਤ ਕਰਨੇ ਪੈਂਦੇ। ਮੈਨੂੰ ਕਚੀਚੀਆਂ ਤੇ ਬੜੀਆਂ ਚੜ੍ਹਦੀਆਂ ਸੀ ਪਰ ਜੇ ਅੰਜਾਣਾ ਸਾਂ। ਮਨੋ ਸੋਚ ਜ਼ਰ ਚੁਪ ਰਹਿੰਦਾ ਸਾਂ। ਜਦ ਮੈਂ ਧੱਕੇ ਨਾਲ ਪਰੇ ਰਨ ਜੋਗਾ ਹੋਇਆ ਤਦ ਸਿਪਾਹੀ ਨੂੰ ਪਰੇ ਕਰ ਹਾਣੀਆਂ ਸਾਥੀਆਂ ਸਮੇਤ ਸੁਚੇਤ ਨ ਦੀ ਮਨਸਾ ਪੂਰੀ ਹੋਈ।" —ਜੱਸ ਜੀਵਨ ਹਿੱਸਾ ਪਹਿਲਾ

ਤਿੰਨਾਂ ਭਰਾਵਾਂ ਨੂੰ ਹੀ ਮਾਤਾ ਜੀ ਆਪਣੇ ਵਿਰਸੇ, ਖਾਸ ਕਰਕੇ ਨਾਮਧਾਰੀ ਤਿਹਾਸ ਦੀਆਂ ਸਾਖੀਆਂ ਅਤੇ ਹੱਡ ਬੀਤੀਆਂ ਸੁਣਾਉਂਦੇ ਰਹਿੰਦੇ ਸਨ। ਉਹਨਾਂ— ਿੱਖਾਂ ਦੀਆਂ ਸ਼ਹੀਦੀਆਂ, ਸਤਿਗੁਰੂ ਜੀ ਦੇ ਪ੍ਰਦੇਸ ਗਵਨ, ਡੇਰੇ ਦੀ ਤਲਾਸ਼ੀ, ਪੁਲਿਸ ੰਕੀ, ਡੇਰਾ ਤੇ ਲੋਹ ਲੰਗਰ ਚਲਾਉਣ ਲਈ ਸਿੱਖਾਂ ਦੀ ਘਰ ਘਾਟ ਵੇਚ ਕੇ ਆਉਣ ੀ ਕੁਰਬਾਨੀ ਤੱਕ ਦੇ—ਬਚਨ ਸੁਣਾਏ ਸਨ। ਆਪ ਭਰਾਵਾਂ ਵਿਚੋਂ ਸਭ ਤੋਂ ਵੱਡੇ ਸਨ ਸ ਕਰਕੇ ਸਭ ਸਮਝਦੇ ਸਨ। ਕੁਝ ਜ਼ਿਆਦਤੀਆਂ ਤਾਂ ਆਪ ਨੇ ਵੀ ਅੱਖੀਂ ਵੇਖੀਆਂ ਨ। ਆਪ ਦਾ ਰੋਹ ਵਿਦਰੋਹ ਵਿਚ ਬਦਲ ਗਿਆ ਅਤੇ ਆਪ ਨੇ ਸੰਕਲਪ ਕੀਤਾ ਕਿ, ਪੁਲਿਸ ਨੂੰ ਜ਼ਰੂਰ ਉਠਾਵਾਂਗਾ।"

ਆਪ ਵਧਦੀ ਉਮਰ ਨਾਲ ਸਰੀਰਕ ਪੱਖੋਂ ਹੋਰ ਪ੍ਰਭਾਵਸ਼ਾਲੀ ਤੇ ਤੇਜਸਵੀ ਜਾਪਣ ੱਗੇ। ਆਪ ਦਾ ਸਰੀਰ ਭਰਵਾਂ ਫੁਰਤੀਲਾ ਤੇ ਮੁਖੜਾ ਤਿੱਖਾ ਨਜ਼ਰ ਆਉਣ ਲੱਗਾ; ਰਾ ਰੋਬ੍ਹ ਸੀ। ਮਾਤਾ ਜੀ ਨੂੰ ਲਗਾ ਕਿ ਆਪ ਉਹਨਾਂ ਦੇ ਵਾਕੋਂ ਬਾਹਰ ਹੋ ਰਹੇ ਸਨ ਸੇ ਨਾਲ ਵੀ ਆਢਾ ਲਾ ਸਕਦੇ ਸਨ। ਉਹਨਾਂ ਨੇ ਸਤਿਗੁਰੂ ਜੀ ਅੱਗੇ, ਆਪ ਜੀ ', ਪੁਲਿਸ ਪ੍ਰਤੀ, ਰੋਹ ਤੇ ਵਿਦਰੋਹ ਭਰੇ ਰਵੱਈਏ ਦਾ ਸ਼ਿਕਵਾ ਕੀਤਾ। ਸਤਿਗੁਰੂ ਜੀ ਅੱਗੋਂ ਇਹ ਤਾਕੀਦ ਕੀਤੀ ਕਿ ਉਹਨਾਂ ਨੂੰ ਕਿਸੇ ਤਰ੍ਹਾਂ ਵੀ ਨਾ ਰੋਕਿਆ ਜਾਵੇ, ਹੀਂ ਤਾਂ ਆਪ ਦੀਆਂ ਦਲੇਰੀ ਦੀਆਂ ਪਰਵਿਰਤੀਆਂ ਦੱਬ ਜਾਣਗੀਆਂ ਅਤੇ ਆਪ ' ਹੌਂਸਲਾ ਘਟੇਗਾ ਕਿਉਂਕਿ ਪੁੱਤ ਦੇ ਤੇਜ ਹੋਣ ਨਾਲ ਹੀ ਸੰਸਾਰ ਵਿਚ ਜੱਸ ਲਦਾ ਹੈ।

ਗੁਰੂ ਘਰ ਦੀ ਮਰਿਆਦਾ ਹੈ ਅਤੇ ਗੁਰਮਤਿ ਦਾ ਅਸੂਲ ਹੈ ਕਿ ਪਹਿਲਾਂ ਜੰਮਦੇ ਚੇ ਨੂੰ ਕੰਨ ਵਿਚ ਭਜਨ ਦਿਤਾ ਜਾਂਦਾ ਹੈ, ਫਿਰ ਅੰਮ੍ਰਿਤ ਛਕਾਉਣ ਵੇਲੇ ਕੰਨ ਚ ਮੰਤਰ ਦਿੱਤਾ ਜਾਂਦਾ ਹੈ, ਉਸ ਤੋਂ ਬਾਅਦ ਜਦੋਂ ਬੱਚਾ ਹੋਸ਼ ਸੰਭਾਲੇ, ਸਮਝਣ ਚਣ ਜੋਗਾ ਹੋ ਜਾਵੇ ਤਾਂ ਕਿਸੇ ਭਜਨੀਕ ਸਿੱਖ ਕੋਲੋਂ, ਜਿਸ ਨੂੰ ਸਤਿਗੁਰੂ ਵਲੋਂ ਜਨ ਦੇਣ ਦੀ ਵੀ ਇਜਾਜ਼ਤ ਹੋਵੇ, ਕੰਨ ਵਿਚ ਗੁਰਮੰਤਰ ਦੁਆਇਆ ਜਾਂਦਾ ਹੈ। ਹ ਗੁਰਮਰਿਯਾਦਾ ਕੇਵਲ ਸਿੱਖਾਂ ਲਈ ਹੀ ਨਹੀਂ ਸੀ, ਗੁਰੂ ਪਰਿਵਾਰ ਵਾਸਤੇ ਵੀ '। ਸਤਿਗੁਰੂ ਹਰੀ ਸਿੰਘ ਜੀ ਦੇ ਤਿੰਨਾਂ ਸਾਹਿਬਜ਼ਾਦਿਆਂ ਨੇ ਵੀ ਇਸ ਮਰਯਾਦਾ ' ਹੀ ਪਾਲਣ ਕਰਨਾ ਸੀ।

ਸਤਿਗੁਰੂ ਜੀ ਨੇ ਇਕ ਦਿਨ ਆਸਾ ਦੀ ਵਾਰ ਤੋਂ ਪਿਛੋਂ ਸੰਤ ਉੱਤਮ ਸਿੰਘ ਜੀ ਸਾਹਿਬਜ਼ਾਦਾ ਪਰਤਾਪ ਸਿੰਘ ਨੂੰ ਭਜਨ ਦੇਣ ਲਈ ਕਿਹਾ ਸੀ। ਸੰਤ ਜੀ ਰਾਇਸਰ,



Namdhari Elibrary NamdhariElibrary@gmail.com

ਲੁਧਿਆਣਾ ਦੇ ਵਸਨੀਕ ਸਨ; ਕਦੀ ਬੜੇ ਵੱਡੇ ਵੈਲੀ ਤੇ ਸ਼ਰਾਬੀ ਕਬਾਬੀ ਸਨ । 1867 ਈ: ਦੇ ਆਨੰਦਪੁਰ ਦੇ ਹੋਲੇ ਸਮੇਂ ਉਹਨਾਂ ਸਤਿਗੁਰੂ ਰਾਮ ਸਿੰਘ ਜੀ ਦਾ ਸ਼ਹਾਨਾ ਠਾਠ ਵੇਖਿਆ ਤਾਂ ਬਸ ਫੇਰ ਕੀ ਸੀ :

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ।
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਲੇਜੇ ਛੇਕ ।

ਅੰਮ੍ਰਿਤ ਛਕਿਆ, ਗੁਰ ਮੰਤਰ ਲਿਆ, ਪਤਾ ਨਹੀਂ ਕਿਵੇਂ ਸਭ ਨਸ਼ੇ-ਪੱਤੇ ਛੁੱਟ ਗਏ ? ਬਸ ਰਾਮ ਦਾ ਹੀ ਹੋ ਗਿਆ । ਨਾਮ ਖੁਮਾਰੀ ਹੀ ਚੜ੍ਹੀ ਰਹਿੰਦੀ ਸੀ । ਉਸ ਦੀ ਖੁਰਾਕ ਵੀ ਤਕੜੀ ਸੀ, ਉਹ ਕਾਮਾ ਵੀ ਚੰਗਾ ਸੀ । ਕਿਹਾ ਜਾਂਦਾ ਹੈ ਕਿ ਰਾਇਪੁਰ ਦੇ ਸਾਕੇ ਵਿਚ ਉਸ ਦਾ ਨਾ ਸੀ ਪਰ ਉਸ ਦਾ ਬਚਾਅ ਹੋ ਗਿਆ । ਸਤਿਗੁਰੂ ਰਾਮ ਸਿੰਘ ਦੇ ਪ੍ਰਦੇਸ਼ ਗਵਨ ਬਾਅਦ ਉਸ ਨੂੰ ਵੀ ਘਰ ਵੱਢ ਵੱਢ ਖਾਂਦਾ ਸੀ । ਉਹ ਬਹੁਤਾ ਸਮਾਂ ਸ੍ਰੀ ਭੈਣੀ ਸਾਹਿਬ ਹੀ ਰਹਿੰਦਾ ਸੀ । ਉਸ ਨੇ 5 ਕਨਾਲਾ ਰੱਖ ਕੇ ਬਾਕੀ ਸਾਰੀ ਜ਼ਮੀਨ ਗੁਰੂ ਕੇ ਲੇਖੇ ਲਾ ਦਿੱਤੀ ਸੀ । ਆਪ ਵੀ ਉਹ ਮੰਦਰ, ਲੰਗਰ, ਤਬੇਲੇ ਦੀ ਉਸਾਰੀ ਵੇਲੇ 40-40 ਸਿੰਘਾਂ ਨੂੰ ਨਾਲ ਲੈ ਕੇ ਸੇਵਾ ਕਰਦਾ ਰਿਹਾ ਸੀ ।

ਸਤਿਗੁਰੂ ਜੀ ਦੀ ਸਾਹਿਬਜ਼ਾਦੇ ਨੂੰ ਭਜਨ ਦੇਣ ਦੀ ਆਗਿਆ ਮਿਲਣ ਉੱਤੇ ਉਹ ਹੱਥ ਬੰਨ੍ਹ ਕੇ ਖਲੋ ਗਿਆ ਤੇ ਅਰਜ਼ ਕੀਤੀ, "ਮੈਨੂੰ ਤਾਂ ਇਹਨਾਂ ਉੱਤੇ ਸ਼ਰਧਾ ਹੈ ।"

"ਸ਼ਰਧਾ ਤੁਸੀਂ ਉੱਚੀ ਰੱਖੋ ਅਤੇ ਮਰਿਆਦਾ ਮੇਰੇ ਕਹੇ ਪੂਰੀ ਕਰੋ । ਜੇ ਬੰਦਗੀ ਵਾਲਾ ਸਾਧ ਭਜਨ ਦੇਣ ਵਾਲਾ ਹੋਵੇ ਤਾਂ ਗਿਲਾਨਤਾ ਨਹੀਂ ਫੁਰਦੀ ।" ਸਤਿਗੁਰੂ ਜੀ ਨੇ ਬਚਨ ਕੀਤਾ ।

ਸਹਿਬਜ਼ਾਦਾ ਗੁਰਦਿਆਲ ਸਿੰਘ ਨੂੰ ਵੀ ਉਹਨਾਂ ਕੋਲੋਂ ਹੀ ਭਜਨ ਦਿਵਾਇਆ ਗਿਆ ।

ਸਾਹਿਬਜ਼ਾਦਾ ਨਿਹਾਲ ਸਿੰਘ ਨੂੰ ਬਾਬਾ ਲਾਲ ਸਿੰਘ ਲਤਾਣੀਏ ਨੇ ਭਜਨ ਦਿੱਤਾ ।

ਸਾਹਿਬਜ਼ਾਦਾ ਪਰਤਾਪ ਸਿੰਘ ਦੇ ਪੁਲਿਸ ਵਲੋਂ ਬੇ-ਪਰਵਾਹ ਹੋਣ ਦੀ ਇੱਕ ਹੋਰ ਘਟਨਾ ਵਾਪਰੀ । ਇਕ ਦਿਨ ਆਪ ਆਪਣੇ ਹਾਣੀਆਂ ਨਾਲ ਛੱਤ ਤੇ ਬੈਠੇ ਢੋਲਕੀ ਛੈਣਿਆਂ ਨਾਲ ਸ਼ਬਦ ਕੀਰਤਨ ਕਰ ਰਹੇ ਸਨ । ਸਿਪਾਹੀਆਂ ਨੇ ਉਸ ਨੂੰ ਸ਼ੋਰ ਸਮਝ ਕੇ ਬੰਦ ਕਰਨ ਲਈ ਆਖਿਆ । ਆਪ ਨੇ ਪਰਵਾਹ ਨਾ ਕੀਤੀ । ਉਹਨਾਂ ਮਾਤਾ ਜੀ ਕੋਲ ਸ਼ਿਕਾਇਤ ਕੀਤੀ । ਮਾਤਾ ਜੀ ਕੋਠੇ ਉਤੇ ਗਏ । ਉਹਨਾਂ ਆਪ ਕੋਲੋਂ ਢੋਲਕੀ ਲੈ ਲਈ ਤੇ ਸਿਪਾਹੀਆਂ ਦੇ ਸਾਹਮਣੇ ਹੀ ਸਾੜ ਦਿੱਤੀ । ਉਦੋਂ ਆਪ ਵੀ ਕੋਲ ਹੀ ਖੜ੍ਹੇ ਸਨ । ਆਪ ਨੇ ਬੇ-ਪਰਵਾਹੀ ਨਾਲ ਹਵਾਲਦਾਰ ਮੁਹੰਮਦ ਅਲੀ ਅਤੇ ਸਿਪਾਹੀਆਂ ਨੂੰ ਕਿਹਾ, "ਮਾਤਾ ਜੀ ਭਾਵੇਂ ਮਾਰਨ, ਜੋ ਮਰਜ਼ੀ ਕਹਿਣ, ਪਰ ਮੈਂ ਤੁਹਾਡੀ ਧੌਂਸ ਨਹੀਂ ਝੱਲਣੀ ।" ਉਹਨਾਂ ਨੇ ਮੂੰਹ ਵੱਟ ਲਿਆ ਤਾਂ ਮਾਤਾ ਜੀ ਨੇ ਉਹਨਾਂ ਨੂੰ ਸ਼ਾਂਤ ਕੀਤਾ ।



Namdhari Elibrary NamdhariElibrary@gmail.com

1899 ਈ: ਦੀ ਗੱਲ ਹੈ ਇਕ ਦਿਨ ਬਾਬਾ ਦੀਦਾਰ ਸਿੰਘ ਜੀ ਉਟਾਣਾ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ, ਨਾਮਧਾਰੀ ਪੰਥ ਦੇ ਭਵਿੱਖਤ ਬਾਰੇ ਸੋਚਦੇ ਹੋਏ ਉਦਾਸ ਬੈਠੇ ਹੋਏ ਸਨ। ਉਹਨਾਂ ਦੀ ਅੱਖ ਲੱਗ ਗਈ। ਉਹਨਾਂ ਨੂੰ ਸੁਪਨੇ ਵਿਚ ਸਤਿਗੁਰੂ ਰਾਮ ਸਿੰਘ ਅਤੇ ਸਾਹਿਬਜ਼ਾਦਾ ਪਰਤਾਪ ਸਿੰਘ ਨੇ ਇੱਕ ਰੂਪ ਹੋ ਦਰਸ਼ਨ ਦਿੱਤੇ। ਉਸ ਦੀ ਅੱਖ ਖੁਲ੍ਹੀ ਤਾਂ ਉਸ ਦੇ ਸਭ ਸੰਸੇ ਦੂਰ ਹੋ ਗਏ। ਜਦੋਂ ਆਪ ਸਤਿਗੁਰੂ ਜੀ ਨਾਲ ਦੌਰੇ ਤੇ ਉਟਾਵੀਂ ਗਏ ਤਾਂ ਉਥੇ ਬਾਬਾ ਜੀ ਨੇ ਆਪ ਨੂੰ ਰੇਸਮ ਦੀ ਮਾਲਾ ਭੇਟ ਕਰਦਿਆਂ ਕਿਹਾ, "ਮੈਂ ਇਹ ਮਾਲਾ ਸਤਿਗੁਰੂ ਰਾਮ ਸਿੰਘ ਨੂੰ ਭੇਟ ਕਰ ਰਿਹਾ ਹਾਂ।" ਏਸੇ ਬਾਬਾ ਜੀ ਨੂੰ ਹੀ ਉੱਨ ਦੀ ਮਾਲਾ ਬਨਾਉਣ ਦੀ ਵਿਧੀ 1901 ਈ. ਵਿਚ ਦਸੀ ਗਈ।

ਇਹਨਾਂ ਦਿਨਾਂ ਵਿਚ ਨਾਮਧਾਰੀਆਂ ਦੀ ਸੋਚ ਤੇ ਗਤੀਵਿਧੀਆਂ ਦੀ ਸੂਹ ਲੈਣ ਲਈ ਸਰਕਾਰ ਨੇ ਕੁਝ ਸੂਹੀਆਂ ਨੂੰ ਨਾਮਧਾਰੀ ਬਾਣੇ ਵਿਚ ਡੇਰੇ ਅੰਦਰ ਵੀ ਰੱਖਿਆ ਹੋਇਆ ਸੀ। ਉਹਨਾਂ ਦਾ ਕੰਮ ਮੁਖ਼ਬਰੀ ਤੇ ਚੁਗਲੀ ਕਰਨਾ ਅਤੇ ਸਰਕਾਰ ਨੂੰ ਰਿਪੋਰਟਾਂ ਦੇਂਦੇ ਰਹਿਣਾ ਸੀ। ਉਹ ਸਾਧ ਸੰਗਤ ਵਿਚ ਉਹਨਾਂ ਵਾਂਗ ਹੀ ਵਿਚਰਦੇ ਰਹਿੰਦੇ ਸਨ। ਠਾਕਰ ਸਿੰਘ ਛੀਂਬਾ ਸਕ੍ਰੋਹ (ਅੰਬਾਲਾ), ਈਸ਼ਰ ਸਿੰਘ ਬੋਣਾ ਦੁਰਗਪੁਰ (ਜਲੰਧਰ) ਤੇ ਕਰਮੋ ਜੱਟੀ ਲੋਹਗੜ੍ਹ (ਲੁਧਿਆਣਾ) ਨੂੰ ਤਾਂ ਸਰਕਾਰੋਂ 10-10 ਰੁਪਏ ਮਹੀਨਾ ਤਨਖਾਹ ਮਿਲਦੀ ਸੀ। ਕਟਾਣੀ ਦੇ ਨੰਬਰਦਾਰ ਵਰਿਆਮ ਸਿੰਘ ਨੂੰ ਵੀ ਨਾਮਧਾਰੀਆਂ ਬਾਰੇ ਰਿਪੋਰਟਾਂ ਭੇਜਣ ਵਾਸਤੇ ਹੀ 7 ਰੁਪਏ ਮਹੀਨਾ ਮਿਲਦਾ ਸੀ। ਸਤਿਗੁਰੂ ਜੀ ਨੂੰ ਇਹਨਾਂ ਦੇ ਡੇਰੇ ਵਿਚ ਰਹਿਣ ਤੇ ਇਹਨਾਂ ਦੀਆਂ ਕਾਰਵਾਈਆਂ ਬਾਰੇ ਪਤਾ ਸੀ। ਸਿੱਖ ਆਪ ਨੂੰ ਕਈ ਵਾਰ ਅਰਜ਼ਾਂ ਕਰਦੇ ਸਨ ਕਿ ਉਹਨਾਂ ਨੂੰ ਡੇਰਿਓਂ ਕੱਢਿਆ ਜਾਵੇ ਪਰ ਸਤਿਗੁਰੂ ਜੀ ਨੇ ਗੱਲ ਹੀ ਨਾ ਗੋਲੀ। ਸਗੋਂ ਉਹਨਾਂ ਬਚਨ ਕੀਤਾ, "ਸਮਾਂ ਪਾ ਕੇ ਆਪੇ ਪਛਤਾਉਣਗੇ ਤੇ ਚੰਗੇ ਵੀ ਹੋ ਜਾਣਗੇ।" ਉਹਨਾਂ ਦੇ ਬਚਨ ਬਿਲਕੁਲ ਸੱਚ ਨਿਕਲੇ ਜਦੋਂ ਬਾਅਦ ਵਿਚ ਉਹ ਪਛਤਾਏ ਸਨ। ਉਹਨਾਂ ਨੇ ਸਤਿਗੁਰੂ ਪਰਤਾਪ ਸਿੰਘ ਪਾਸੋਂ ਖਿਮਾ ਮੰਗੀ ਸੀ ਉਹ ਚੰਗੇ ਵੀ ਹੋ ਗਏ ਸਨ।

ਅੰਦਰ ਚੁਗਲ ਚੌਕੰਨੇ ਰਹਿੰਦੇ ਸਨ, ਬਾਹਰ ਪੁਲਿਸ ਤਿਆਰ ਬਰ ਤਿਆਰ ਸੀ ਫਿਰ ਵੀ ਨਾਮਧਾਰੀਆਂ ਦੀਆਂ ਗਤੀ-ਵਿਧੀਆਂ, ਉਹਨਾਂ ਦੀ ਏਕਤਾ ਅਤੇ ਇਤਫ਼ਾਕ ਹੋਣ ਕਰਕੇ ਸਰਕਾਰ ਨੂੰ ਪਤਾ ਨਾ ਲਗਦੀਆਂ। ਏਥੋਂ ਤੱਕ ਕਿ ਇਕ ਵਾਰ ਰਾਤ ਦੇ ਸਮੇਂ ਰਾਮ ਸਰ ਦੀ ਕਾਰ ਕੱਢਣ ਵੇਲੇ, ਰਣ ਸਿੰਘ ਖਮਾਣੇ ਦਾ ਢਿੱਗ ਥਲੇ ਆ ਕੇ ਪ੍ਰਾਣ ਤਿਆਗ ਗਿਆ। ਰਾਤੋ ਰਾਤ ਹੀ, ਘੋੜੀ ਉਤੇ ਲੱਦ ਕੇ, ਲੈਜਾ ਕੇ, ਬਿਲਗਾ ਸਿੰਘ ਨੇ ਉਸ ਨੂੰ ਰੋਪੜ ਵਾਲੀ ਨਹਿਰ ਵਿਚ, ਉਸ ਦੇ ਚਿਹਰੇ ਨੂੰ ਬੇ-ਪਛਾਣ ਕਰਕੇ, ਜਲ ਪਰਵਾਹ ਕਰ ਦਿੱਤਾ ਸੀ। ਉਸ ਵੇਲੇ ਰਾਮ ਸਰ ਵਿਚੋਂ ਤਿਕੋਣਾ ਹਵਨ ਕੁੰਡ ਤੇ ਖਿੰਧੇ ਕੋਲੇ ਨਿਕਲੇ ਸਨ। ਹਵਾਲਦਾਰ ਨੂੰ ਅਗਲੇ ਭਲਕ ਸਵੇਰੇ ਇਸ ਬਾਰੇ ਸੂਹ ਮਿਲੀ। ਉਸ ਨੇ, ਚਲਾਕੀ ਨਾਲ, ਦਾਨ ਸਿੰਘ ਰੋਡਿਆਂ ਵਾਲੇ ਨੂੰ ਪੁੱਛਿਆ ਪਰ ਉਸ ਦੇ ਪੱਲੇ ਕੁਝ ਨਾ ਪਿਆ। ਉਹ ਇਹ ਕਹਿੰਦਾ ਚਲਾ ਗਿਆ, "ਬਲੇ ਓਏ ਕੂਕਿਓ!



Namdhari Elibrary NamdhariElibrary@gmail.com

ਤੁਹਾਨੂੰ ਤੁਹਾਡੀ ਏਕਤਾ ਤੇ ਇਤਫ਼ਾਕ ਹੀ ਬਚਾਈ ਜਾਂਦਾ ਹੈ।"

ਨਾਭੇ ਦਾ ਰਾਜਾ ਹੀਰਾ ਸਿੰਘ ਦੇਸ਼ ਭਗਤੀ ਦੀ ਭਾਵਨਾ ਰੱਖਦਾ ਸੀ। ਏਸੇ ਕਰਕੇ ਉਹ ਨਾਮਧਾਰੀਆਂ ਦੀਆਂ ਕੁਰਬਾਨੀਆਂ ਦਾ ਵੀ ਪ੍ਰਸ਼ੰਸਕ ਸੀ। ਉਸ ਦੇ ਮਹਿਲਾਂ ਵਿਚ ਮਾਈ ਹੁਕਮੀ, ਸੂੰਬਾ ਵਰਿਆਂਹ ਵਾਲੀ ਵੀ ਰਹਿੰਦੀ ਸੀ ਜੋ ਉਸ ਨੂੰ ਰਾਜ ਭਗਤ ਬਣਨੋ ਰੋਕਦੀ ਰਹਿੰਦੀ ਸੀ। ਰਾਜੇ ਦੀ ਗੁਰੂ ਘਰ ਉਤੇ ਸ਼ਰਧਾ ਵੀ ਬਣੀ ਹੋਈ ਸੀ। ਉਸਨੇ 1903 ਈ: ਵਿਚ ਇਛਾ ਪ੍ਰਗਟ ਕੀਤੀ ਕਿ ਉਹ ਤਿੰਨੇ ਸਾਹਿਬਜ਼ਾਦਿਆਂ ਦੇ ਦਰਸ਼ਨ ਕਰਨਾ ਚਾਹੁੰਦਾ ਸੀ। ਸਤਿਗੁਰੂ ਜੀ ਤੋਂ ਆਗਿਆ ਲੈ ਕੇ ਤਿੰਨੇ ਸਾਹਿਬਜ਼ਾਦੇ ਨਾਭੇ ਗਏ। ਰਾਜੇ ਨੇ ਤਿੰਨਾਂ ਦਾ ਆਦਰ ਸਤਿਕਾਰ ਕੀਤਾ। ਇਸ ਤੋਂ ਬਾਅਦ ਆਪਣੀਆਂ ਅੱਖਾਂ ਦਾ ਇਲਾਜ ਕਰਵਾਉਣ ਦੇ ਬਹਾਨੇ ਰਾਜਾ ਆਪ ਵੀ ਸ੍ਰੀ ਭੈਣੀ ਸਾਹਿਬ ਆਇਆ। ਏਥੇ ਉਸ ਨਾਲ ਬਹੁਤ ਚੰਗਾ ਵਿਹਾਰ ਕੀਤਾ ਗਿਆ। ਉਸਦੀ ਗੁਰੂ ਘਰ ਨਾਲ ਸਾਂਝ ਹੋਰ ਵੀ ਵਧ ਗਈ।

ਸਾਹਿਬਜ਼ਾਦਾ ਪਰਤਾਪ ਸਿੰਘ ਆਪਣੇ ਪਿਤਾ ਸਤਿਗੁਰੂ ਹਰੀ ਸਿੰਘ ਦੇ ਆਗਿਆਕਾਰ ਸਨ। ਉਹ ਪ੍ਰੀਖਿਆ ਦੀ ਘੜੀ ਵਿਚ ਵੀ ਕਾਮਯਾਬ ਰਹਿੰਦੇ ਸਨ। ਇਕ ਵਾਰ ਸਤਿਗੁਰੂ ਜੀ ਦਾ ਜ਼ਿਲ੍ਹਾ ਅੰਬਾਲਾ ਦਾ ਦੌਰਾ ਸੀ। ਵੱਡੇ ਦੋਵੇਂ ਸਾਹਿਬਜ਼ਾਦੇ ਵੀ ਨਾਲ ਹੀ ਗਏ ਹੋਏ ਸਨ। ਭਾਨੇ ਖੇੜੀ ਪੜਾਅ ਕੀਤਾ ਤਾਂ ਸਤਿਗੁਰੂ ਜੀ ਨੇ ਦੋਹਾਂ ਨੂੰ ਇੱਕ ਦੂਜੇ ਨੂੰ ਘੁੱਟਣ ਲਈ ਕਿਹਾ। ਛੋਟੇ ਸਾਹਿਬਜ਼ਾਦੇ ਨਿਹਾਲ ਸਿੰਘ ਤਾਂ ਅਜੇ ਨੀਵੀਂ ਪਾਈ ਸੋਚ ਹੀ ਰਹੇ ਸਨ ਕਿ ਆਪ ਉਹਨਾਂ ਨੂੰ ਘੁੱਟਣ ਲਗ ਪਏ। ਸਤਿਗੁਰੂ ਜੀ ਅਤਿ ਪ੍ਰਸੰਨ ਹੋਏ, ਉਹਨਾਂ ਆਖਿਆ, "ਲਉ ਭਈ ਪਰਤਾਪ ਸਿੰਘ ਬਾਜ਼ੀ ਲੈ ਗਿਆ।"

ਆਪ ਨੂੰ ਘੁੜ ਸਵਾਰੀ ਦਾ ਬੜਾ ਸ਼ੌਕ ਸੀ। ਘੁੜ ਸਵਾਰੀ ਆਪ ਦੀਆਂ ਨਿਤਕਰਮ ਦੀਆਂ ਖੇਡਾਂ ਦਾ ਵੀ ਹਿੱਸਾ ਸੀ। ਆਪ ਦੇ ਇਸ ਸ਼ੌਕ ਨੂੰ ਗੁਰੂ ਹਰੀ ਸਿੰਘ ਨੇ ਆਪਣੇ ਘੋੜੇ ਤੇ ਚੜ੍ਹਨ ਦੀ ਇਜਾਜ਼ਤ ਦੇ ਕੇ ਬਰਕਰਾਰ ਰੱਖਿਆ। ਮਹਾਰਾਜ ਬੀਰ ਸਿੰਘ ਦੇ ਸ਼ਬਦਾਂ ਵਿਚ, "ਯੁਵਾ ਅਵਸਥਾ ਵਿਚ ਆਪਨੂੰ ਘੋੜੇ ਦੀ ਸਵਾਰੀ ਦਾ ਸ਼ੌਕ ਸੀ। ਇੱਕ ਵਾਰੀ ਆਪ ਜੀ ਦਾ ਘੋੜਾ ਕੋਈ ਹੋਰ ਸਿੰਘ ਲੈ ਗਿਆ। ਜਦੋਂ ਇਸਦੀ ਸ਼ਿਕਾਇਤ ਆਪ ਜੀ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਪਾਸ ਕੀਤੀ, ਤਦ ਹੁਕਮ ਹੋਇਆ ਕਿ, "ਤੂੰ ਹੁਣ ਮੇਰੇ ਵਾਲੇ ਘੋੜੇ ਤੇ ਚੜ੍ਹ ਜਾਇਆ ਕਰ।"

—ਬਡ ਪਰਤਾਪ ਸੁਨਿਓ ਪ੍ਰਭ ਤੁਮਰੋ

ਇਹ ਸ਼ਬਦ, ਆਉਣ ਵਾਲੇ ਸਮੇਂ ਵਿਚ ਆਪ ਦੇ, ਨਾਮਧਾਰੀਆਂ ਦਾ ਰਹਿਬਰ ਹੋਣ ਦਾ ਵੀ ਸੰਕੇਤ ਦੇਂਦੇ ਸਨ।

1905 ਈ. ਦੇ ਅੱਧ ਵਿਚ ਬਿਰਧ ਅਵਸਥਾ ਅਤੇ ਮੋਤੀਆ ਉਤਰਨ ਕਰਕੇ ਸਤਿਗੁਰੂ ਜੀ ਦੇ ਨੇਤਰਾਂ ਦੀ ਜੋਤਨਾ ਘਟ ਗਈ ਸੀ। ਆਪ ਆਪਣੇ ਇਲਾਜ ਲਈ ਲਾਹੌਰ ਗਏ ਪਰ ਡਾਕਟਰ ਨੇ ਇਸ ਦਾ ਇਲਾਜ, ਓਪਰੇਸ਼ਨ, ਇਸ ਕਰਕੇ ਨਾ ਕੀਤਾ ਕਿ ਮੋਤੀਆ ਅਜੇ ਕੱਚਾ ਸੀ। ਨੇਤਰ ਆਉਂਦੀਆਂ ਹੋਲੀਆਂ ਵਿਚ ਹੀ ਬਣ ਸਕਣੇ ਸਨ। ਦੀਵਾਲੀ ਪਿੱਛੋਂ ਆਪ ਅੰਮ੍ਰਿਤਸਰ ਗਏ ਉੱਥੇ ਵੀ ਡਾਕਟਰਾ ਦੀ ਸਲਾਹ



Namdhari Elibrary NamdhariElibrary@gmail.com

ਲਈ ਤਾਂ ਉਹਨਾਂ ਵੀ ਕੋਈ ਵੱਖਰੀ ਰਾਇ ਨਾ ਦਿੱਤੀ।

ਆਪ ਵਾਪਸ ਸ੍ਰੀ ਭੈਣੀ ਸਾਹਿਬ ਆ ਗਏ। ਆਪ ਨੇ ਚੁਬਾਰੇ ਵਿਚ ਡੇਰਾ ਲਾ ਲਿਆ। ਲੁਧਿਆਣੇ ਦਾ ਡਿਪਟੀ ਕਮਿਸ਼ਨਰ ਸ੍ਰੀ ਟੇਕ ਚੰਦ ਅਰੋੜਾ ਪੁਲਿਸ ਸੁਪਰਇੰਨਟੈਂਡੈਂਟ ਨਾਲ ਆਪ ਦਾ ਪਤਾ ਲੈਣ ਆਇਆ, ਉਸਨੇ ਆਪ ਨੂੰ, 'ਕੋਈ ਸੇਵਾ', ਪੁੱਛੀ ਤਾਂ ਆਪ ਨੇ ਇੱਕੋ ਚੀਨੀ ਵਾਲੇ ਪਾਤਸ਼ਾਹ ਦੇ ਦਰਸ਼ਨ ਦੀ ਇੱਛਾ ਪ੍ਰਗਟ ਕੀਤੀ। ਉਸਨੇ ਸਿਰ ਮਾਰਿਆ ਕਿ ਉਹ ਤਾਂ ਮਾਤ ਲੋਕ ਵਿਚ ਨਹੀਂ ਰਹੇ ਸਨ ਤਾ ਸਤਿਗੁਰੂ ਜੀ ਨੇ ਬੜੇ ਦ੍ਰਿੜ ਨਿਸਚੇ ਨਾਲ ਕਿਹਾ, "ਨਹੀਂ ਉਹ ਅਜੇ ਪੰਜ ਭੂਤਕ ਸਰੀਰ ਵਿਚ ਹਨ।" ਅਰੋੜੇ ਨੇ ਆਪ ਨੂੰ ਸੁਆਲ ਕੀਤਾ ਕਿ ਉਹਨਾਂ ਦਾ ਥਹੁ ਪਤਾ ਦੱਸਿਆ ਜਾਵੇ ਤਾਂ ਆਪ ਨੇ ਕਿਹਾ ਸਰਕਾਰ ਦੱਸੇ ਜਾਂ ਉਹਨਾਂ ਦੇ ਜੋਤੀ ਜੋਤ ਸਮਾਉਣ ਦਾ ਸਬੂਤ ਪੇਸ਼ ਕਰੇ। ਡੀ. ਸੀ. ਨਿਰੁਤੱਰ ਸੀ। ਉਸਨੇ ਡੇਰੇ ਬਾਰੇ ਹੋਰ ਜਾਣਕਾਰੀ ਲਈ ਤੇ ਚਲਾ ਗਿਆ।

ਸਤਿਗੁਰੂ ਜੀ ਦੇ ਨੇਤਰਾਂ ਦੀ ਚਿੰਤਾ ਸਾਰੇ ਨਾਮਧਾਰੀ ਸਿੱਖਾਂ ਨੂੰ ਸੀ। ਉਹਨਾਂ ਦਾ ਜੀਅ ਕਰਦਾ ਸੀ ਕਿ ਕੋਈ ਐਸਾ ਵੈਦ, ਡਾਕਟਰ, ਹਕੀਮ ਮਿਲੇ ਜੋ ਛੇਤੀ ਤੋਂ ਛੇਤੀ ਇਲਾਜ ਕਰ ਸਕੇ। ਉਹ ਹਰ ਸਿਆਣੇ ਡਾਕਟਰ ਨੂੰ ਪੁਛਦੇ ਰਹਿੰਦੇ ਸਨ। ਉਸਦੀ ਸਲਾਹ ਵੀ ਲੈਂਦੇ ਰਹਿੰਦੇ ਸਨ। ਜਲੰਧਰ ਦੇ ਇਕ ਵੈਦ ਦੀ ਰਾਇ ਵਿਚ ਖੁਰਾਕ ਖਾਣ ਨਾਲ ਲਾਭ ਹੋਣਾ ਸੀ। ਖੰਨੇ ਦਾ ਡਾਕਟਰ ਲੂਣ ਦਾ ਪਰਹੇਜ਼ ਕਰਨ ਦੀ ਹਦਾਇਤ ਦੇਂਦਾ ਸੀ। ਸਭ ਕੁਝ ਕੀਤਾ ਵੀ ਜਾਂਦਾ ਸੀ ਪਰ ਜੋਤਨਾ ਵਾਪਸ ਨਹੀਂ ਸੀ ਆ ਰਹੀ।

ਸਤਿਗੁਰੂ ਜੀ ਨੇ 1905 ਈ: ਦਾ ਹੋਲਾ, ਸ੍ਰ. ਸੁੰਦਰ ਸਿੰਘ ਮਾਨਾ ਵਾਲੀਏ ਦੀ ਅਰਜ ਮੰਨ ਕੇ ਉਸਦੇ ਪਿੰਡ ਕੀਤਾ। ਇਸਦਾ ਭੋਗ 22 ਮਾਰਚ ਨੂੰ ਬੁਧਵਾਰ ਪੈਣਾ ਸੀ। ਆਪ ਨਜ਼ਰ ਠੀਕ ਨਾ ਹੋਣ ਕਰਕੇ ਹੋਲੇ ਤੇ ਨਾ ਗਏ ਅਤੇ ਮਾਤਾ ਜੀਵਨ ਕੌਰ ਤੇ ਸਾਹਿਬਜ਼ਾਦਿਆਂ ਨੂੰ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਭੇਜਿਆ। ਸਤਿਗੁਰੂ ਜੀ ਨੇ ਸਾਹਿਬਜ਼ਾਦਾ ਪਰਤਾਪ ਸਿੰਘ ਨਾਲ ਇਹ ਵੀ ਬਚਨ ਕੀਤਾ ਕਿ, "ਕੰਮ ਕਰਾਇਆ ਕਰੋ, ਜਵਾਨ ਹੋ ਗਏ ਹੋ। ਤੁਹਾਡਾ ਹੁਣ ਅਸਰ ਹੈ। ਫੇਰ ਭੀ ਤੇ ਤੁਸਾਂ ਹੀ ਸਭ ਕਰਨੇ ਹੈਂ। ਤੁਹਾਡਾ ਬਚਨ ਜਿਸ ਨਹੀਂ ਮੰਨਣਾ ਉਹ ਵੀ ਮੰਨ ਲੈਂਦਾ ਹੈ ਹੁਣ।" —ਜੱਸ-ਜੀਵਨ ਹਿੱਸਾ ਪਹਿਲਾ।

ਆਪ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਦੌਰਾ ਵੀ ਕਰ ਆਏ ਸਨ।

ਸਤਿਗੁਰੂ ਜੀ ਨੂੰ ਆਉਂਦਾ ਵਕਤ ਦਿੱਸ ਰਿਹਾ ਸੀ। ਉਹ ਆਪਣੇ ਬਚਨਾਂ ਰਾਹੀਂ ਸਿੱਖਾਂ ਨੂੰ ਸਦਾ ਸੰਕੇਤ ਦੇਂਦੇ ਰਹਿੰਦੇ ਸਨ ਕਿ ਭਵਿੱਖਤ ਵਿਚ ਵੱਡੇ ਸਾਹਿਬਜ਼ਾਦੇ ਨੇ ਹੀ ਗੁਰ-ਗੱਦੀ ਤੇ ਸੁਭਾਏ ਮਾਨ ਹੋਣਾ ਸੀ। ਆਪ ਜੀ ਦੇ ਕੋਲ ਮਾਘਾ ਸਿੰਘ ਬਲਾਸਪੁਰ, ਗੁਰਦਿਤ ਸਿੰਘ ਮੋਰੋਂ ਤੇ ਮਹੰਤ ਸੇਵਾ ਸਿੰਘ ਸੁਧਰੀ ਮਾਜਰਾ ਬੈਠੇ ਹੋਏ ਸਨ। ਆਪ ਨੇ ਬਚਨ ਕੀਤਾ, "ਹੁਣ ਤੁਸੀਂ ਸਭ ਹੀ ਪਰਤਾਪ ਸਿੰਘ ਦੇ ਕਹੇ ਚਲਿਆ ਕਰੋ।"

ਇਕ ਦਿਨ ਸ੍ਰੀ ਮੰਗਲ ਸਿੰਘ ਨੇ ਸਤਿਗੁਰੂ ਜੀ ਨੂੰ ਸ਼ਿਕਾਇਤ ਕੀਤੀ ਕਿ ਵੱਡੇ



Namdhari Elibrary NamdhariElibrary@gmail.com

ਸਾਹਿਬਜ਼ਾਦੇ ਦੇ, ਉਸਦੇ ਘੋੜੇ ਉੱਤੇ ਚੜ੍ਹਨ ਨਾਲ, ਘੋੜੇ ਨੂੰ ਲਾਗਾ ਲੱਗ ਗਿਆ ਸੀ। ਸਤਿਗੁਰੂ ਜੀ ਨੇ ਉਸੇ ਵੇਲੇ ਆਪ ਜੀ ਨੂੰ ਸੱਦਿਆ ਤੇ ਬਚਨ ਕੀਤਾ, "ਮੇਰੀ ਕੁੱਲੀ ਘੋੜੀ ਤੇ ਚੜ੍ਹਿਆ ਕਰੋ।"

1906 ਈ. ਵਿ ਚ ਸਤਿਗੁਰੂ ਜੀ ਦੀ ਦੇਹ ਹੋਰ ਕਮਜ਼ੋਰ ਹੋ ਗਈ। 8 ਮਈ 1906 ਨੂੰ ਮੰਗਲ ਵਾਰ ਐਸੀ ਵੱਖੀ ਦੀ ਦਰਦ ਉਠੀ ਕਿ ਨਾ ਕਿਸੇ ਡਾਕਟਰ ਨੂੰ ਉਸਦਾ ਪਤਾ ਲਗਾ, ਨਾ ਹੀ ਕੋਈ ਉਸਦਾ ਇਲਾਜ ਕਰ ਸੱਕਿਆ, ਉਲਟਾ ਬੁਖ਼ਾਰ ਤੇ ਹਿਚਕੀਆਂ ਨੇ ਸਭ ਨੂੰ ਡੁਲਾ ਦਿੱਤਾ। ਉਤੋਂ ਦਸਤ ਲਗ ਗਏ। ਸਰੀਰ ਹੋਰ ਕਮਜ਼ੋਰ ਹੋ ਗਿਆ। ਹਕੀਮਾਂ ਦੀ ਮਿਹਨਤ ਨਿਹਫਲ ਰਹੀ। ਸਗੋਂ ਪੱਸਲੀਆਂ ਵੀ ਪੀੜ ਕਰਨ ਲਗ ਪਈਆਂ, ਟਕੋਰ, ਮਾਲਸ਼, ਲੇਪ, ਕਦੀ ਕੁਝ ਕੁਝ ਤਾਂ ਅਰਾਮ ਦੇਂਦੇ ਪਰ ਸਰੀਰ ਅਰੋਗ ਨਾ ਹੁੰਦਾ। ਸਾਧ ਸੰਗਤ ਨੇ ਅਖੰਡ ਪਾਠ ਸ਼ੁਰੂ ਕੀਤੇ, ਵਰਨੀਆਂ ਚਾਲੂ ਕੀਤੀਆਂ, ਸਤਿਗੁਰੂ ਜੀ ਦੀ ਦੇਹ ਅਰੋਗਤਾ ਅਤੇ ਭਾਣਾ ਮੰਨਣ ਲਈ ਬਲ ਦੇਣ ਲਈ ਅਰਦਾਸੇ ਕੀਤੇ, ਪਰ ਨਾ ਕਿਸੇ ਦਾ ਆਪਣਾ ਦਿਲ ਟਿਕਿਆ ਨਾ ਸਤਿਗੁਰੂ ਜੀ ਨੂੰ ਚੈਨ ਆਇਆ।

ਸੱਚੇ ਪਾਤਸ਼ਾਹ ਨੇ ਸੰਤ ਰਾਗਾ ਸਿੰਘ ਨੂੰ ਸੱਦ ਕੇ ਉਹਨਾਂ ਦੇ ਕੋਲ ਰਹਿਣ ਦਾ ਬਚਨ ਕੀਤਾ। ਬਾਬਾ ਨਰਾਇਣ ਸਿੰਘ ਨੂੰ ਸੱਦ ਕੇ ਦੱਸਿਆ ਕਿ ਆਪ ਨੇ ਅਠਾਂ ਦਿਨਾਂ ਨੂੰ ਚੋਲਾ ਛਡ ਜਾਣਾ ਸੀ। ਉਹ ਵਿਚਾਰਾ ਵੀ ਕਿਸੇ ਨਾਲ ਗੱਲ ਨਾ ਕਰੇ ਅਤੇ ਡੁਸਕਦਾ ਰਹੇ। ਅੱਠਵਾਂ ਦਿਨ ਕਿਹੜਾ ਦੂਰ ਸੀ, ਝੱਟ ਆ ਗਿਆ। ਬਾਬਾ ਸੰਤੋਖ ਸਿੰਘ ਦੇ ਸ਼ਬਦਾਂ ਵਿਚ,

"ਪੰਜਵਾਂ ਅਖੰਡ ਪਾਠ ਟੋਰਿਆ ਸ਼ਨਿਚਰਵਾਰ (ਵਾਰ ਸਹੀ ਨਹੀਂ) ਵਾਲੇ ਦਿਨ। ਅੰਤ ਸਮੇਂ ਗੁਲਾਬ ਸਿੰਘ ਅਰਦਾਸਾ ਕੀਤਾ। 1963 ਬਿ: ਜੇਠ ਵਧੀ ਦਸਵੀਂ (17 ਮਈ 1906, ਵੀਰਵਾਰ) ਪੰਜ ਵੱਜ ਕੇ ਪੰਜ ਮਿੰਟ ਉਪਰ ਪ੍ਰਾਣ ਪੂਰੇ ਹੋਏ।"
—ਸਤਿਗੁਰੂ ਬਿਲਾਸ

ਸਤਿਗੁਰੂ ਜੀ ਦੇ ਗੜਵਈ ਸੰਤ ਕੰਧਾਰਾ ਸਿੰਘ ਦਾ ਇਰਾਦਾ ਰਾਤ ਮਿਰਤਕ ਸਰੀਰ ਰਖਣ ਦਾ ਸੀ। ਪਰ ਸਭ ਨੇ ਵਿਚਾਰ ਕੇ ਗਰਮੀ ਦੀ ਰੁੱਤ ਹੋਣ ਕਰਕੇ, ਰੋਗ ਯੁਕਤ ਸਰੀਰ ਹੋਣ ਕਰਕੇ ਉਸੇ ਦਿਨ ਹੀ ਰਾਮ ਸਰ ਦੇ ਕੰਢੇ ਸਸਕਾਰ ਕਰ ਦਿੱਤਾ।

ਸਤਿਗੁਰੂ ਜੀ ਦੇ ਇਸ ਆਸਾਰ ਸੰਸਾਰ ਨੂੰ ਛਡ ਜਾਣ ਦੀ ਖ਼ਬਰ ਬਿਜਲੀ ਵਾਂਗ ਫੈਲ ਗਈ। ਸਭ ਸੁਣਨ ਵਾਲਿਆਂ ਦੇ ਦਿਲਾਂ ਨੂੰ ਰੁੱਗ ਭਰਿਆ ਗਿਆ। ਨਾਮਧਾਰੀ ਸਿੱਖ ਤੇ ਹੋਰ ਹਮਦਰਦ ਸ੍ਰੀ ਭੈਣੀ ਸਾਹਿਬ ਪਹੁੰਚੇ। ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਟੇਕ ਚੰਦ ਅਰੋੜਾ ਵੀ ਆਇਆ। ਉਸਨੇ ਵੀ ਸਤਿਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੇ ਦੁੱਖ ਪ੍ਰਗਟ ਕੀਤਾ। ਉਸਨੇ ਸਹਿਜ ਸੁਭਾ ਗੱਦੀ ਦੇ ਵਾਰਸ ਬਾਰੇ ਪੁੱਛਿਆ ਤਾਂ ਬਾਬਾ ਸੰਤੋਖ ਸਿੰਘ ਨੇ ਦੱਸਿਆ ਕਿ ਗੁਰ-ਗੱਦੀ ਉੱਤੇ ਸਤਿਗੁਰੂ ਪਰਤਾਪ ਸਿੰਘ ਜੀ ਬਰਾਜਮਾਨ ਸਨ, ਉਹਨਾਂ ਨੂੰ ਹੀ ਸਤਿਗੁਰੂ ਹਰੀ ਸਿੰਘ ਵਲੋਂ ਸੌਂਪਨਾ ਕੀਤੀ ਗਈ ਸੀ।

18 ਮਈ ਨੂੰ ਟਿੱਕਾ ਹੀਰਾ ਸਿੰਘ (ਜਿਸ ਨੂੰ ਉਸਦੇ ਮਾਪਿਆਂ ਨੇ ਗੁਰੂ ਹਰੀ ਸਿੰਘ



Namdhari Elibrary NamdhariElibrary@gmail.com

ਹੀ ਅਰਦਾਸ ਕਰਾ ਦਿੱਤਾ ਸੀ) ਤੇ ਬੀਰ ਸਿੰਘ ਚੂੰਨੀ ਨੇ ਸਤਿਗੁਰੂ ਪਰਤਾਪ ਸਿੰਘ ' ਆਸਣ ਵਿਛਾਇਆ। ਉਹਨਾਂ ਦੇ ਆਸਣ ਉੱਤੇ ਬਰਾਜਮਾਨ ਹੋਣ ਉਪਰੰਤ ਦੋਹਾਂ ਮੱਥਾ ਟੇਕਿਆ। ਪਹੁੰਚੇ ਹੋਏ ਸਾਧੂਆਂ, ਬਾਬਾ ਨਾਰਾਇਣ ਸਿੰਘ ਰੋਡੇ, ਸੰਤ ਗੁਰਦਿੱਤ ਘ ਮੋਰੋਂ, ਮਹੰਤ ਸੇਵਾ ਸਿੰਘ ਅਤੇ ਬੀਬੀ ਨੰਦਾਂ ਦੇ ਲੜਕਿਆਂ ਸੰਤ ਬਸੰਤ ਸਿੰਘ, ਤਨਾਮ ਸਿੰਘ, ਸੂਰਤ ਸਿੰਘ ਨੇ ਵੀ ਮੱਥਾ ਟੇਕਿਆ। ਫਿਰ ਕੁਝ ਨਾਮਧਾਰੀ ਸਿੱਖਾ ਵੀ ਨਮਸਕਾਰ ਕਰਕੇ ਆਪਣਾ ਜਨਮ ਸਫਲਾ ਕੀਤਾ।

19 ਮਈ ਨੂੰ ਬਿੱਲੀ ਵਾਲ, ਲੁਧਿਆਣੇ ਦਾ ਫਕੀਰ ਸ਼ਫੀ ਮੁਹੰਮਦ ਸ੍ਰੀ ਭੈਣੀ ਹਿਬ ਆਇਆ। ਉਸਨੇ ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿਚ ਇਸ ਤਰ੍ਹਾਂ ਕਾ ਦਿੱਤਾ,

"ਗੁਰੂ ਕੀਏ ਸੰਗਤੇ ਕਿਉਂ ਸੋਚਾਂ ਵਿਚ ਪਏ ਹੋ ? ਅੱਜ ਰਾਤ ਮੈਨੂੰ ਦਰਸ਼ਨ ਦੇ ਤਗੁਰੂ ਰਾਮ ਸਿੰਘ ਜੀ ਕਿਹਾ ਹੈ, 'ਤੂੰ ਭੈਣੀ ਸਾਹਿਬ ਜਾ ਕੇ ਹੋਕਾ ਦੇਹ ਕਿ ਮੇਰਾ ਦਰਸ਼ਨ ਤੈਨੂੰ ਹੁਣ ਹੋਇਆ ਹੈ, ਉਥੇ ਹੋਵੇਗਾ। ਗੁਰੂ ਕੀਏ ਸੰਗਤੇ ਸਮੇਂ ਦਾ ਲਕ ਤੇ ਵੱਡੇ ਪਰਤਾਪ ਵਾਲਾ ਸਤਿਗੁਰੂ ਏਹੋ ਜੇ। ਸਭ ਇਸ ਨੂੰ ਮੰਨੋ। ਮੈਨੂੰ ਜੋ ਕਮ ਹੋਇਆ ਹੈ, ਸੋ ਦਰਸ਼ਨ ਹੋਇਆ ਹੈ ਤੇ ਮੈਂ ਹੋਕਾ ਦੇ ਦਿੱਤਾ ਹੈ।"

—ਜੱਸ-ਜੀਵਨ ਹਿੱਸਾ ਪਹਿਲਾ

ਆਪ ਦੇ ਗੁਰ-ਗੱਦੀ ਨਸ਼ੀਨ ਹੋਣ ਬਾਰੇ ਜੇ ਕਿਸੇ ਦੇ ਮਨ ਵਿਚ ਸ਼ੰਕਾ ਸੀ ਤਾਂ ਹ ਵੀ ਫਕੀਰ ਸ਼ਫੀ ਮੁਹੰਮਦ ਨੇ ਦੂਰ ਕਰ ਦਿੱਤੀ ਸੀ। ਅਗਲੇ ਦਿਨ ਸਾਧੂਆਂ ਤਾਂ, ਸਿੱਖਾਂ ਸੇਵਕਾਂ, ਮਾਤਾਵਾਂ ਨੇ ਅਰਦਾਸ ਕਰ ਕੇ ਸਤਿਗੁਰੂ ਜੀ ਨੂੰ ਦਸਤਾਰ ਭੇਟ ਤੀ ਜੋ ਆਪ ਨੇ ਸਜਾ ਲਈ।

ਛੋਟਿਆਂ ਦੋਹਾਂ ਸਾਹਿਬਜ਼ਾਦਿਆਂ ਨੂੰ ਹੁਣ ਸਤਿਕਾਰ ਨਾਲ ਮਹਾਰਾਜ ਨਿਹਾਲ ਘ ਤੇ ਮਹਾਰਾਜ ਗੁਰਦਿਆਲ ਸਿੰਘ ਕਿਹਾ ਜਾਣ ਲੱਗਾ।

ਲੁਧਿਆਣਿਓਂ ਹੁਕਮ ਆਉਣ ਤੇ ਪੁਲਿਸ ਚੌਂਕੀ ਨੂੰ ਆਪਣਾ ਡੇਰਾ ਤਬੇਲੇ ਤੋਂ ਾ ਦੂਰ ਲੈ ਜਾਣਾ ਪਿਆ।

ਸਤਿਗੁਰੂ ਜੀ ਦੇ ਹਿਰਦੇ ਵਿਚ ਬਰਤਾਨਵੀ ਹਾਕਮਾਂ ਦੀਆਂ ਜ਼ਿਆਦਤੀਆਂ ਲਾਫ਼ ਉਠਦੇ ਰੋਹ ਤੇ ਵਿਦਰੋਹ ਨੇ ਹੁਣ ਉਹਨਾਂ ਦੀ ਦਿੱਤੀ ਅਗਵਾਈ ਹੇਠ ਹੀ ੀ ਨਵੀਂ ਸੇਧ ਲੈਣੀ ਸੀ। ਇਸ ਨਾਲ ਨਾਮਧਾਰੀਆਂ ਹੀ ਨਹੀਂ ਸਾਰੇ ਦੇਸ਼ ਦੇ ਾ ਵੱਖ ਵਿਚਾਰਧਾਰਾਵਾਂ ਦੇ ਲੋਕਾਂ ਵਿੱਚ ਆਪਸੀ ਸਾਂਝ ਵਧਨੀ ਸੀ।



Namdhari Elibrary NamdhariElibrary@gmail.com

# ਭਾਰੀ ਕਰੀ ਤਪਸਿਆ

ਸਤਿਗੁਰੂ ਪਰਤਾਪ ਸਿੰਘ ਜੀ ਦੀ ਛਤਰ-ਛਾਇਆ ਹੇਠ ਪਹਿਲਾ ਨਾਮਧਾਰੀ ਇਕੱਠ, 3 ਜੂਨ 1906 ਈ. ਨੂੰ, ਐਤਵਾਰ, ਨਿਮਾਣੀ ਇਕਾਦਸੀ ਉੱਤੇ ਕੀਤਾ ਜਾਣਾ ਸੀ। ਇਸ ਦਿਨ, ਸਤਿਗੁਰੂ ਹਰੀ ਸਿੰਘ ਜੀ ਨਮਿੱਤ ਕੀਤੇ ਗਏ ਪਾਠਾਂ ਦੇ ਭੋਗ ਪਾਏ ਜਾਣੇ ਸਨ। ਕਿਸੇ ਵੀ ਇਕੱਤਰਤਾ ਲਈ ਸਰਕਾਰ ਕੋਲੋਂ ਅਗਾਊਂ ਮਨਜ਼ੂਰੀ ਲੈਣੀ ਜ਼ਰੂਰੀ ਸੀ। ਪੰਜਾਂ ਜ਼ੁੰਮੇਵਾਰ ਸਿੱਖਾਂ, ਬਾਬਾ ਨਾਰਾਇਣ ਸਿੰਘ, ਮਹੰਤ ਸੇਵਾ ਸਿੰਘ, ਸੰਤ ਗੇਂਧਾ ਸਿੰਘ, ਸੰਤ ਅਤਰ ਸਿੰਘ ਅਤੇ ਸੰਤ ਹਜ਼ਾਰਾ ਸਿੰਘ ਨੂੰ ਮਨਜ਼ੂਰੀ ਲਈ ਲੋੜੀਂਦੀ ਕਾਰਵਾਈ ਲਈ ਲੁਧਿਆਣੇ ਭੇਜਿਆ ਗਿਆ। ਅਧਿਕਾਰੀਆਂ ਦੇ ਕਹਿਣ ਤੇ ਕਿ ਮੇਲਾ ਧਾਰਮਿਕ ਹੀ ਹੋਵੇਗਾ ਪੰਜਾਂ ਨੇ ਜ਼ਮਾਨਤ ਲਈ।

ਸੂਬਿਆਂ ਅਤੇ ਹੋਰ ਸਿੱਖ ਸਾਧਾਂ ਹੱਥੀ, ਨਿਮਾਣੀ ਦੇ ਮੇਲੇ ਉੱਤੇ ਹੁੰਮਹੁੰਮਾ ਕੇ ਪਹੁੰਚਣ ਲਈ ਨਾਮਧਾਰੀ ਸਿੱਖਾਂ ਨੂੰ ਸੁਨੇਹੇ ਭੇਜੇ ਗਏ। ਸੰਗਤ 3 ਜੂਨ ਤੋਂ ਵੀ ਤਿੰਨ ਚਾਰ ਦਿਨ ਪਹਿਲਾਂ ਹੀ ਸ੍ਰੀ ਭੈਣੀ ਸਾਹਿਬ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ। ਉਹ ਤੀਰਥ ਯਾਤਰਾ ਕਰਨ ਆ ਰਹੀ ਸੀ। ਕੁਝ ਸਾਧੂ ਸੰਤ ਤਾਂ ਮਸਤੀ ਵਿਚ ਤੇ ਵੈਰਾਗ ਵਿਚ ਆਪੇ ਤੋਂ ਬਾਹਰ ਸਨ।

ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲੇ, ਸਾਹਨੇਵਾਲ ਤੱਕ ਸਵਾਰੀ ਉੱਤੇ ਆਏ, ਉਸਤੋਂ ਅੱਗੇ ਪੈਦਲ ਹੀ ਸਨ। ਉਹਨਾਂ ਦੇ ਸਿਰ ਉੱਤੇ ਜੜਾਵਾਂ ਸਨ। ਉਹਨਾਂ ਨੇ ਗੁਰਧਾਮ ਦੀ ਯਾਤਰਾ ਕਰਨ ਵੇਲੇ ਪੈਰੀਂ ਜੁੱਤੀ ਵੀ ਨਹੀਂ ਸੀ ਪਾਈ ਹੋਈ। ਜੇਠ ਦੀ ਤਪਦੀ ਰੇਤ ਉਹਨਾਂ ਦੇ ਪੈਰਾਂ ਨੂੰ ਪਤਾ ਨਹੀਂ ਕਿਉਂ ਨਹੀਂ ਸੀ ਸਾੜ ਰਹੀ। ਜਨ ਸਾਧਾਰਨ ਦੇ ਤਾਂ ਜੁੱਤੀ ਵਿਚ ਵੀ ਪੈਰ ਸਣਨ ਲਗਦੇ ਸਨ। ਰੰਗ ਰੱਤੜਿਆਂ ਨੂੰ ਜੇ ਸੇਕ ਲਗਦਾ ਵੀ ਸੀ ਤਾਂ ਮਹਿਸੂਸ ਨਹੀਂ ਸੀ ਹੁੰਦਾ, ਸਿਰੜ ਤੇ ਸਿਦਕ-ਭਰੋਸਾ ਜੁ ਸੀ ਮਨ ਵਿਚ। ਜਿਉਂ ਜਿਉਂ ਉਹ ਸ੍ਰੀ ਭੈਣੀ ਸਾਹਿਬ ਦੀ ਧਰਤੀ ਉੱਤੇ ਕਦਮ ਵਧਾ ਰਹੇ ਸਨ ਉਹਨਾਂ ਦਾ ਅੰਦਰ ਉਛਾਲੇ ਖਾ ਰਿਹਾ ਸੀ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਤਪ ਅਤੇ ਚਿੰਤਨ ਅਸਥਾਨ, ਅਕਾਲ ਬੁੰਗੇ, ਮੱਥਾ ਟੇਕਿਆ ਤੇ ਭਰੇ ਮਨ ਨਾਲ ਜਦ ਡੇਰੇ ਦੀ ਦਲੀਜ਼ ਉੱਤੇ, ਨਮਸਕਾਰ ਕਰਨ ਲਈ, ਮਸਤਕ ਲਾਇਆ ਤਾਂ



Namdhari Elibrary NamdhariElibrary@gmail.com

ਰ ਪਏ, ਵਿਰਲਾਪ ਠਲ੍ਹਿਆ ਨਾ ਜਾਏ, ਉਹਨਾਂ ਵਲ ਵੇਖ ਕੇ ਹੋਰ ਸੰਗਤ ਵੀ 'ਗੀ ਹੋ ਗਈ ਸੀ। ਮਾਤਾ ਜੀ ਅੰਦਰੋਂ ਆਏ, ਉਹਨਾਂ ਸੰਤਾਂ ਨੂੰ ਚੁੱਕਿਆ ਹੌਸਲਾ ਤਾ, ਉਹਨਾਂ ਨੂੰ ਡੇਰੇ ਅੰਦਰ ਲੈ ਗਏ, ਜਲ ਪਾਣੀ ਛਕਾ ਕੇ ਕੁਝ ਆਪੇ ਵਿਚ ਆਂਦਾ।

ਸੰਤ ਭਗਤ ਸਿੰਘ ਦਾਤੇਵਾਲੀਏ ਜੀ ਦੀ ਅਵਸਥਾ ਵੀ ਅਸਾਧਾਰਨ ਸੀ। ਉਹਨਾਂ ਤ ਵਿਚ ਲੰਮਾ ਚੋਗਾ ਪਾਇਆ ਹੋਇਆ ਸੀ। ਉਹ ਵਜਦ ਵਿਚ ਆਏ ਬੇਅੰਤ ! ਤਿ ! ਕਹਿੰਦੇ, ਸੂਟ ਵਟੱਦੇ, ਅਕਾਲ ਬੁੰਗੇ ਤੋਂ ਦੌੜਦੇ ਹੋਏ ਰਾਮਸਰ ਪਹੁੰਚਦੇ ਤੇ ਤ ਵਾਪਸ। ਉਹ ਰੰਗ ਵਿਚ ਆਏ ਦੀਵਾਨ ਲਾ ਕੇ ਹੋਰਾਂ ਨੂੰ ਵੀ ਸੂਤਰ ਪਾ ਦੇਂਦੇ । ਉਹਨਾਂ ਨੂੰ, ਜਦੋਂ ਮਨ ਦੀ ਮੌਜ ਆਉਂਦੀ ਸੀ, ਉਹ ਬਿਲਕੁਲ ਖ਼ਾਮੋਸ਼ ਹੋ ਏ ਸਨ, ਚੁੱਪ ਸ਼ਾਂਤ ਜਿਵੇਂ ਉਹਨਾਂ ਦੇ ਮਨ ਦਾ ਜਵਾਰ-ਭਾਟਾ ਰੁਕ ਗਿਆ ਹੋਵੇ।

ਹੋਰ ਸਾਧ ਵੀ ਮਸਤ, ਬਖ਼ਸ਼ ਲੈ, ਬਖ਼ਸ਼ ਲੈ ਪੁਕਾਰਦੇ ਰਹਿੰਦੇ ਸਨ।

ਮਾਤਾ ਜੀ, ਡੇਰੇ ਦੇ ਸੇਵਕਾਂ ਨੂੰ, ਸਭ ਦੀ ਆਉ ਭਗਤ ਤੇ ਸੇਵਾ ਕਰਨ ਲਈ ੀਂਦੀ ਅਗਵਾਈ ਦੇਂਦੇ ਰਹਿੰਦੇ ਸਨ। ਉਹ ਆਪ, ਡੇਰੇ ਦੇ ਹੋਰ ਕਾਰ ਮੁਖਤਿਆਰ, ੇ ਦੇ ਪ੍ਰਬੰਧਕ ਤੇ ਦੋਵੇਂ ਮਹਾਰਾਜ ਤਾਂ ਸਭ ਨੂੰ ਮੁਸਕਰਾਹਟ, ਵੰਡਦੇ ਰਹਿੰਦੇ ਸਨ। ਤਗੁਰੂ ਜੀ ਗਹਿਰ ਗੰਭੀਰ ਰਹਿੰਦੇ ਸਨ।

ਆਸਾ ਦੀ ਵਾਰ ਅਤੇ ਦੀਵਾਨ ਵਿਚ ਸਤਿਗੁਰੂ ਜੀ ਗੁਰਗੱਦੀ ਉੱਤੇ ਬਿਰਾਜਮਾਨ ' ਸਨ; ਉਹਨਾ ਨੂੰ ਚੌਰੀ ਕੀਤੀ ਜਾਂਦੀ ਸੀ; ਉਹ ਚੌਂਕੜਾ ਲਾਕੇ, ਸਾਂਤ ਚਿੱਤ, ਿਲ, ਅੰਤਰਧਿਆਨ ਹੋ ਕੇ ਸਿਮਰਨ ਕਰਦੇ ਰਹਿੰਦੇ ਸਨ। ਉਹਨਾਂ ਦੇ ਪਿੱਛੇ ਖੱਬੇ ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਸੁਭਾਇਮਾਨ ਹੁੰਦੇ । ਸਾਧ ਸੰਗਤ ਆਉਂਦੀ ਸੀ, ਨਮਸਕਾਰ ਕਰਕੇ ਜਿੱਥੇ ਥਾਂ ਮਿਲਦੀ ਬੈਠ ਜਾਂਦੀ । ਸਭ ਦੇ ਹੱਥਾਂ ਵਿਚ ਉੱਨ ਦੀ ਮਾਲਾ ਹੁੰਦੀ ਸੀ; ਸਭ ਰਸਨਾ ਹਿਲਾ ਕੇ ਭਜਨ ਦੇ ਰਹਿੰਦੇ ਸਨ।

ਕੁਝ ਸਾਧਾਂ ਦੀ ਇੱਛਾ ਸੀ ਕਿ ਸਤਿਗੁਰੂ ਜੀ ਦੀ ਦਸਤਾਰਬੰਦੀ ਕੀਤੀ ਜਾਵੇ। ਹਨਾਂ ਨੂੰ ਦਸਤਾਰ ਭੇਟ ਕੀਤੀ ਜਾਵੇ ਜੋ ਉਹ ਸਾਧ ਸੰਗਤ ਸਾਹਵੇਂ ਸਜਾਉਣ। ਾਂਆਂ ਨੇ ਮਾਤਾ ਜੀ ਨੂੰ ਅਰਜ਼ ਕਰਕੇ ਆਪਣੀ ਇੱਛਾ ਪ੍ਰਗਟ ਕੀਤੀ। ਮਾਤਾ ਜੀ ਉਹਨਾਂ ਨੂੰ ਸਮਝਾਇਆ ਕਿ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੀਸਰੇ ਦਿਨ ਹੀ ਸਤਿਗੁਰੂ ਪਰਤਾਪ ਸਿੰਘ ਨੂੰ ਦਸਤਾਰ ਸਜਾਈ ਗਈ ਸੀ; ਾਰਾ ਦਸਤਾਰ ਸਜਾਉਣਾ ਸ਼ੋਭਾ ਨਹੀਂ ਸੀ ਦੇਣਾ, ਸੋ ਸਿੱਖਾਂ ਦੀ ਅਰਜ਼ ਪਰਵਾਨ ਕੀਤੀ ਗਈ।

ਮੇਲਾ ਬਹੁਤ ਭਰਵਾਂ ਸੀ। ਸ਼ਬਦ ਕੀਰਤਨ, ਰਾਮ ਸਰ ਕੰਢੇ, ਬੋਹੜਾਂ ਪਿੱਪਲਾਂ ੇ ਹੁੰਦਾ ਰਿਹਾ। ਮੇਲੇ ਦਾ ਭੋਗ ਇਕਾਦਸ਼ੀ ਦੀ ਥਾਂ ਤਰੋਦਸੀ ਨੂੰ, 5 ਜੂਨ ਨੂੰ, ਇਆ ਗਿਆ। ਸਤਿਗੁਰੂ ਹਰੀ ਸਿੰਘ ਜੀ ਦੀ ਸਮਰਿਤੀ ਵਿਚ, ਆਦਿ ਸ੍ਰੀ ਗ੍ਰੰਥ ਹਿਬ ਦੇ 50 ਤੋਂ ਵੱਧ, ਪਾਠਾਂ ਦੇ ਭੋਗ ਪਾਏ ਗਏ। ਪਾਤਸ਼ਾਹੀ 12ਵੀਂ ਦਾ ਦਾਸਾ, "ਜੋਤਕਾ ਜਾਮਾ ਸ੍ਰੀ ਗੁਰੂ ਹਰੀ ਸਿੰਘ ਜੀ ਸਿਮਰੀਐ ਜਿਨ ਟੁੱਟੀ ਲਈ



Namdhari Elibrary NamdhariElibrary@gmail.com

ਮਿਲਾਇ ।" ਤੱਕ ਕੀਤਾ ਗਿਆ । ਮਾਤਾ ਜੀ ਵਲੋਂ 5 ਆਦਿ ਸ੍ਰੀ ਗ੍ਰੰਥ ਸਾਹਿਬ ਦੇ ਤੇ 3 ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਵੀ ਪਵਾਏ ਗਏ ।

ਸਾਧ ਸੰਗਤ ਨੇ, ਸਤਿਗੁਰੂ ਜੀ ਅੱਗੇ, ਉਹਨਾਂ ਦੇ ਇਲਾਕਿਆਂ ਦੇ ਦੌਰੇ ਕਰਨ ਲਈ ਬੇਨਤੀਆਂ ਕੀਤੀਆਂ । ਆਪ ਸੁਣ ਕੇ ਕਦੀ ਚੁੱਪ ਕਰ ਰਹਿ, ਕਦੀ ਮਾਤਾ ਜੀ ਦੇ ਕਹਿਣ ਤੇ ਦੌਰੇ ਕਰਨ ਦੀ ਹਾਮੀ ਭਰੀ । ਕਿਸੇ ਨੂੰ ਨਹੀਂ ਸੀ ਪਤਾ ਕਿ ਆਪ ਖੁਲ੍ਹ ਕੇ ਹਾਮੀ ਕਿਉਂ ਨਹੀਂ ਸਨ ਭਰਦੇ ?

ਲੰਗਰ ਦਾ ਸਾਰਾ ਪ੍ਰਬੰਧ, ਮਾਤਾ ਜੀਵਨ ਕੌਰ ਤੇ ਮਾਤਾ ਫ਼ਤਿਹ ਕੌਰ ਦੀ ਨਿਗਰਾਨੀ ਹੇਠ ਕੀਤਾ ਹੋਇਆ ਸੀ । ਉਹਨਾਂ ਇਸ ਮੇਲੇ ਵਿਚ ਪਹਿਲੀ ਵਾਰ ਸਾਰੀ ਸੰਗਤ ਲਈ ਖੰਡ ਦੀ ਸ਼ਰਦਾਈ ਦਾ ਪ੍ਰਬੰਧ ਕੀਤਾ ਸੀ । ਆਪ ਨੇ ਮਾਈਆਂ ਬੀਬੀਆਂ ਨਾਲ ਆਏ ਬੱਚਿਆਂ ਅਤੇ ਹੋਰ ਲੋੜਵੰਦਾਂ ਲਈ ਦੁੱਧ ਦਾ ਪ੍ਰਬੰਧ ਵੀ ਕੀਤਾ ਸੀ । ਹੋਰ ਵੀ ਲੋੜਵੰਦਾਂ ਨੂੰ ਗੁੜ, ਖੰਡ, ਬਦਾਮ, ਫਲ ਆਦਿ ਪਦਾਰਥਾਂ ਦੇ ਖੁੱਲ੍ਹੇ ਗੱਫੇ ਵੰਡੇ ।

ਸਤਿਗੁਰੂ ਜੀ ਤਾਂ ਹੁਣ ਹੋਰ ਦੇ ਹੋਰ ਹੀ ਹੋ ਗਏ ਸਨ । ਇੰਜ ਲਗਦਾ ਸੀ ਕਿ ਉਹ ਹਾਣੀਆਂ ਨਾਲ ਹਸੱਣ ਖੇਡਣ, ਖਿੱਦੋ-ਖੂੰਡੀ ਦੇ ਸ਼ੌਕ, ਸਿਪਾਹੀਆਂ ਨਾਲ ਲੜਨ ਭਿੜਨ, ਘੋੜ-ਸਵਾਰੀ ਦੇ ਮੌਜ ਮੇਲੇ, ਘੋਲਾਂ, ਲਾਪਰਵਾਹੀਆਂ ਨੂੰ ਬਹੁਤ ਪਿੱਛੇ ਛੱਡ ਆਏ ਸਨ । ਆਪ ਦਾ ਉਹ ਰੂਪ ਤਾਂ ਹੁਣ ਜੁੱਗਾਂ ਪੁਰਾਣੀ ਗੱਲ ਹੋ ਗਈ ਸੀ ।

ਆਪ ਚਿੰਤਨਸ਼ੀਲ ਰਹਿੰਦੇ ਸਨ । ਆਪਨੂੰ ਪਤਾ ਸੀ ਕਿ ਆਪਨੇ ਸਾਧ ਸੰਗਤ ਨੂੰ,

ਸਾਚੀ ਲਿਵੈ ਬਿਨ ਦੇਹ ਨਿਮਾਣੀ
ਦੇਹ ਨਿਮਾਣੀ ਲਿਵੈ ਬਾਝਹੁ
ਕਿਆ ਕਰੇ ਵੇਚਾਰਿਆ ।

ਅਤੇ,

ਜਿਨਿ ਹਰਿ ਤੇਰਾ ਰਚਨੁ ਰਚਿਆ
ਸੋ ਹਰਿ ਮਨਿ ਨ ਵਸਾਇਆ ।

ਦਾ ਉਪਦੇਸ਼ ਦੇਕੇ ਉਸ ਤੋਂ ਬਿਨਾ,

ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ
ਏਕ ਰਤੀ ਬਿਨ ਏਕ ਰਤੀ ਕੇ ।

ਸਮਝਾ ਕੇ ਨਾਮ-ਦਾਨ, ਵੱਲ ਲਾਕੇ ਸਿੱਖਾਂ ਦੀ ਆਤਮਾ ਬਲਵਾਨ ਰੱਖਣੀ ਸੀ ।

ਆਪ ਨੂੰ ਹੁਣ ਸੰਘਣੇ ਰੁੱਖਾਂ-ਬਿਰਛਾਂ ਦੀ ਛਾਂ, ਨਹਿਰ ਦਾ ਕਿਨਾਰਾ, ਠੰਢਾ ਸੁਹਾਵਣਾ ਵਾਤਾਵਰਨ ਚੰਗਾ ਲਗਦਾ ਸੀ । ਆਪ ਏਕਾਂਤ ਸਥਾਨ ਭਾਲ ਕੇ, ਆਸਣ ਵਿਛਾ ਕੇ, ਉਸ ਉੱਪਰ ਚੌਕੜਾ ਮਾਰ ਕੇ, ਹੱਥ ਵਿਚ ਅਠੋਤਰੀ ਲੈਕੇ, ਨੇਤਰ ਮੁੰਦ ਕੇ, ਅਰਦਾਸ ਕਰ ਕੇ, ਬੈਠ ਜਾਂਦੇ ਸਨ । ਸਹਿਜ ਸੁਭਾ ਹੀ ਆਪ ਜੀ ਦੀ ਸੁਰਤ ਪ੍ਰਭ ਚਰਨਨ ਮਹਿ ਜੁੜ ਜਾਂਦੀ ਸੀ । ਆਪ ਹਰ ਰੋਜ਼ ਘੰਟਿਆਂ ਬੱਧੀ ਸਿਮਰਨ ਵਿਚ ਲੀਨ ਰਹਿੰਦੇ ਸਨ ।

ਸਿਮਰਨ ਕਰਕੇ ਆਪ ਡੇਰੇ ਆ ਜਾਂਦੇ ਸਨ । ਏਥੇ ਆਪ ਮਾਤਾ ਜੀ ਨਾਲ ਬਚਨ ਬਿਲਾਸ ਕਰਦੇ ਰਹਿੰਦੇ ਸਨ । ਮਾਤਾ ਜੀ ਆਪ ਨੂੰ ਸਤਿਗੁਰੂ ਸਾਹਿਬਾਨ, ਧਰਮੀ



Namdhari Elibrary NamdhariElibrary@gmail.com

ਸੂਰਮਿਆਂ, ਸਿੱਦਕੀ ਸਿੱਖਾਂ, ਸਿਰੜੀ ਤਪੱਸਵੀਆਂ, ਸਰਧਾਵਾਨ ਭਗਤਾਂ, ਪਹੁਚੇ ਹੋਏ ਭਜਨੀਕਾਂ, ਕੌਮੀ ਸ਼ਹੀਦਾਂ, ਲੋਕ ਹਿਤਕਾਰੀ ਰਾਜਿਆਂ ਅਤੇ ਆਪਣੇ ਵਿਰਸੇ ਦੀਆਂ ਸਾਖੀਆਂ ਸੁਣਾ ਸੁਣਾ ਕੇ ਆਪ ਜੀ ਦਾ ਗਿਆਨ ਸਾਗਰ ਭਰਦੇ ਰਹੇ ਸਨ। ਆਪ ਹੋਰ ਗਹਿਰ ਗੰਭੀਰ, ਗੁਣੀ ਗਹੀਰ ਤੇ ਸ਼ਾਂਤ ਹੁੰਦੇ ਗਏ ਸਨ।

ਸਤਿਗੁਰੂ ਜੀ ਬਹੁਤਾ ਸਮਾਂ ਮੌਨ ਧਾਰੀ ਰੱਖਦੇ ਸਨ। ਆਪ ਦੇ ਅੰਦਰ ਉਗਰਤਪ ਕਰਨ ਲਈ ਤੀਬਰ ਇੱਛਾ ਵੀ ਪੈਦਾ ਹੋ ਗਈ ਸੀ। ਆਪ ਜੀ ਨੇ ਪੰਡਤ ਬਸੰਤ ਸਿੰਘ ਪਧਾਣਾ ਨੂੰ ਸੱਦਿਆ। ਉਸ ਨਾਲ ਬਚਨ ਕੀਤੇ, ਕਿ ਦੋਹਾਂ ਜਣਿਆਂ ਰਾਹੀਂ ਇਕਾਂਤ ਵਿਚ ਜਾਕੇ ਤਪੱਸਿਆ ਕੀਤੀ ਜਾਏ, ਵਸੋਂ ਤੋਂ ਦੂਰ ਜਾਇਆ ਜਾਏ, ਕੁਦਰਤੀ ਵਾਤਾਵਰਨ ਵਿਚ ਜਾਕੇ ਕਾਦਰ ਨਾਲ ਅਭੇਦ ਹੋਇਆ ਜਾਏ। ਆਪ ਜੀ ਦੀ ਹਰੇ ਭਰੇ ਜੰਗਲਾਂ, ਬਰਫਾਂ ਲੱਦੇ ਪਰਬਤਾਂ, ਅਠਖੇਲੀਆਂ ਕਰਦੇ ਪਾਣੀਆਂ, ਚਹਿ ਚਹਾਂਦੇ ਪੰਛੀਆਂ, ਦੇ ਨੇੜੇ ਰਹਿਣ ਦੀ ਸੱਧਰ ਸੀ।

ਪੰਡਤ ਬਸੰਤ ਸਿੰਘ ਜੀ ਸਮਾਧੀ ਸਥਿਤ ਹੋਣ ਲਈ ਕਿਤੇ ਨਹੀਂ ਸਨ ਜਾਣਾ ਚਾਹੁੰਦੇ ਕਿਉਂਕਿ ਉਹ ਸਮਝਦੇ ਸਨ ਕਿ ਸਤਿਗੁਰੂ ਜੀ ਨਾਲ ਜਾਣ ਨਾਲ, ਉਹਨਾਂ ਨੂੰ ਹੀ, ਸਤਿਗੁਰੂ ਜੀ ਨੂੰ ਮਾਤਾ ਜੀ ਅਤੇ ਸੰਗਤਾਂ ਤੋਂ ਦੂਰ ਲੈ ਜਾਣ ਦਾ ਦੋਸ਼ੀ ਠਹਿਰਾਇਆ ਜਾਣਾ ਸੀ। ਉਹਨਾਂ ਲਈ ਸਤਿਗੁਰੂ ਜੀ ਦੇ ਹੁਕਮ ਦੀ ਉਲੰਘਣਾ ਕਰਨਾ ਉਸਤੋਂ ਵੀ ਔਖੀ ਗੱਲ ਸੀ ਸੋ ਉਸ ਨੇ ਸਤਿ ਬਚਨ ਕਹਿ ਪ੍ਰਵਾਨਗੀ ਦੇ ਦਿੱਤੀ।

ਸਤਿਗੁਰੂ ਜੀ ਨੇ ਕਿਸੇ ਨੂੰ ਕੁਝ ਵੀ ਨਾ ਦੱਸਿਆ ਕਿਉਂਕਿ ਸਭ ਕੁਝ ਦਾ ਮਾਲਕ ਸਤਿਗੁਰੂ ਆਪ ਹੀ ਸੀ, ਸੋ ਉਸਤੋਂ ਪੁੱਛਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਆਪ ਬਸੰਤ ਸਿੰਘ ਨਾਲ ਚੁੱਪ-ਚੁਪੀਤੇ ਤੁਰ ਪਏ। ਗੁਰੂ ਪਰਵਾਰ ਨੂੰ, ਸੰਗਤ ਨੂੰ ਪਿੱਛੋਂ ਪਤਾ ਲੱਗਾ ਕਿ ਆਪ ਤਾਂ ਗੁਸਾਂਈਆਣੇ ਪਹੁੰਚ ਗਏ ਸਨ, ਆਪਦੇ ਵਿਛੋੜੇ ਕਾਰਨ ਸਭ ਨੂੰ ਹੱਥਾਂ ਪੈਰਾਂ ਦੀ ਪੈ ਗਈ, ਨੱਸੇ ਨੱਸੇ ਪਿੱਛੇ ਗਏ। ਦੋਇ ਕਰ ਜੋੜ ਜੋਦੜੀ ਕੀਤੀ, ਬਖਸ਼ਸ਼ ਮੰਗੀ, ਕਿਰਪਾ ਕਰਨ ਲਈ ਬੇਨਤੀ ਕੀਤੀ ਤੇ ਸ੍ਰੀ ਭੈਣੀ ਸਾਹਿਬ ਵਾਪਸ ਪਰਤਣ ਲਈ ਤਰਲੇ ਲਏ। ਪ੍ਰਾਰਥਨਾ ਸੁਣੀ ਗਈ, ਮੰਨੀ ਗਈ, ਆਪ ਵਾਪਸ ਪਰਤ ਆਏ।

ਮਾਤਾ ਜੀ ਨੇ ਚੁੱਪ-ਚਾਪ ਚਲੇ ਜਾਣ ਦਾ ਕਾਰਨ ਪੁੱਛਿਆ।

'ਤਪ ਦੀ ਇੱਛਾ,' ਉੱਤਰ ਮਿਲਿਆ।

"ਬੜਾ ਤਪ ਕੀਤਾ ਹੈ।"

"ਮੈਂ ਬਿਹਾ ਨਹੀਂ ਖਾਣਾ, ਜਮ੍ਹਾ ਹੋਇਆ, ਬਹਿ ਕੇ, ਵਰਤ ਕੇ, ਨਹੀਂ ਮੁਕਾਣਾ।"

ਮਾਤਾ ਜੀ ਨੂੰ ਕੋਈ ਜਵਾਬ ਨਾ ਸੁੱਝਿਆ ਤਾਂ ਉਹ ਪੰਡਤ ਬਸੰਤ ਸਿੰਘ ਉੱਤੇ ਤੱਤੇ ਠੰਢੇ ਹੋਏ ਕਿ ਉਹ ਆਪ ਦਾ ਸਾਥੀ ਕਿਉਂ ਬਣ ਗਿਆ ਸੀ।

ਸਤਿਗੁਰਾਂ ਨੇ ਸਾਰਾ ਭਾਰ ਆਪਣੇ ਸਿਰ ਲਿਆ ਸੀ। ਆਪ ਨੇ ਕਿਹਾ ਕਿ ਪੰਡਤ ਬਿਲਕੁਲ ਨਿਰਦੋਸ਼ ਸੀ। ਮਾਤਾ ਜੀ ਨੇ ਬਚਨ ਕੀਤਾ ਕਿ ਏਥੇ ਹੀ ਬੰਦਗੀ

Namdhari Elibrary NamdhariElibrary@gmail.com

ਕਰ ਲਉ । ਸੱਚੇ ਪਾਤਸ਼ਾਹ ਜੀ ਨੇ, ਮਾਤਾ ਜੀ ਦਾ ਬਚਨ ਮੰਨ ਲਿਆ ਤਾਂ ਸਭ ਨੂੰ ਸੁਖ ਦਾ ਸਾਹ ਆਇਆ ।

ਸ੍ਰੀ ਭੈਣੀ ਸਾਹਿਬ ਤੋਂ ਮੀਲ ਕੁ ਦੀ ਵਿੱਥ ਤੇ ਹੀ ਰੋਪੜ ਵਾਲੀ ਨਹਿਰ ਵਗਦੀ ਹੈ । ਸਤਿਗੁਰੂ ਜੀ ਨੇ ਜੁਲਾਈ 1906, (10 ਸਾਉਣ 1963 ਬਿ:) ਨੂੰ ਸ੍ਰੀ ਭੈਣੀ ਸਾਹਿਬ ਨੂੰ ਛੱਡ ਕੇ ਉਸ ਨਹਿਰ ਉੱਤੇ ਡੇਰਾ ਕੀਤਾ ਤੇ ਤਪੱਸਿਆ ਤੇ ਪਾਠ ਕਰਨ ਲੱਗੇ । ਆਪ ਨੇ ਸੁਖਾਂ ਦਾ ਤਿਆਗ ਕਰ ਦਿੱਤਾ । ਆਹਾਰ ਘਟਾ ਦਿੱਤਾ, ਜ਼ਮੀਨ ਉੱਤੇ ਸੌਣਾ ਸ਼ੁਰੂ ਕਰ ਦਿੱਤਾ । ਕੁਝ ਹੋਰ ਵੀ ਆਪ ਨਾਲ ਤਪੱਸਿਆ ਕਰਨ ਲਗ ਗਏ । ਸੰਗਤ ਨੂੰ ਅਤੇ ਖ਼ਾਸ ਕਰਕੇ ਇਸਤਰੀਆਂ ਨੂੰ ਆਪ ਵਲੋਂ ਸਖ਼ਤ ਹੁਕਮ ਸੀ ਕਿ ਕੋਈ ਵੀ ਉਸ ਪਾਸੇ ਨਾ ਆਏ ।

ਆਪਣੇ ਸਰੀਰ ਨੂੰ ਤਾਂ ਆਪ ਨੇ ਪਹਿਲਾਂ ਹੀ ਸਾਧ ਰੱਖਿਆ ਸੀ । ਜਦ ਆਪ 9-10 ਸਾਲਾਂ ਦੇ ਸਨ ਤਾਂ ਆਪ ਅੰਮ੍ਰਿਤ ਵੇਲੇ ਉੱਠ ਕੇ, ਮਦਾਨ ਮਾਰ ਕੇ, ਦਾਤਨ ਕੁਰਲਾ ਕਰਕੇ, ਰਾਮਸਰ ਵਿਚ ਗਲ-ਗਲ ਪਾਣੀ ਵਿਚ ਜਾ ਕੇ ਖਲੋ ਜਾਂਦੇ ਹੁੰਦੇ ਸਨ । ਆਪ ਰੋਜ਼ਾਨਾ ਪੰਜ ਪਾਠ ਜੱਪੁਜੀ ਸਾਹਿਬ ਦੇ ਕਰਕੇ ਪਾਣੀ ਵਿੱਚੋਂ ਬਾਹਰ ਨਿਕਲਦੇ ਸਨ । ਰੋਜ਼ ਪੰਜ ਗ੍ਰੰਥੀ ਦਾ ਪਾਠ ਤਾਂ ਆਪ ਦੇ ਨਿਤਨੇਮ ਦਾ ਹੀ ਹਿੱਸਾ ਸੀ । ਹੁਣ ਆਪ ਲਈ ਪਰਯੋਗ ਵਾਲੀ ਹੀ ਗੱਲ ਸੀ ਜਾਂ ਫਿਰ ਬਸੰਤ ਸਿੰਘ ਨੂੰ ਤਪ ਵੈਨੇ ਲਾਉਣਾ ਸੀ, ਭਗਤੀ ਦੀ ਜਾਚ ਦਸਣੀ ਸੀ । ਤਰਨ ਸਿੰਘ ਵਹਿਮੀ ਨੇ ਉਸ ਵੇਲੇ ਦਾ ਸ਼ਬਦ-ਚਿੱਤਰ ਇਸ ਤਰ੍ਹਾਂ ਪੇਸ਼ ਕੀਤਾ ਹੈ । :—

"ਸਤਿਗੁਰੂ ਜੀ ਮੰਨ ਗਏ ਅਤੇ ਨਹਿਰ ਤੇ ਜਾ ਕੱਖਾਂ ਦੀ ਵੱਖਰੀ ਝੁੱਗੀ ਪਾ ਲਈ । ਪਿਛਲੀ ਰਾਤ ਉੱਠ ਕੇ, ਸੌਚ ਇਸਨਾਨ ਕਰਕੇ, ਨਹਿਰੇ ਦੇ ਕੰਢੇ ਤੇ ਸਿਰ ਪਰਨਾ, ਤੇੜ ਕਛਹਿਰਾ ਰੱਖ, ਨੰਗੇ ਬੈਠ, ਸਵਾ ਪਹਿਰ ਦਿਨ ਆਉਂਦੇ ਤੱਕ ਇੱਕ ਚੌਕੜੇ ਬੈਠੇ ਰਹਿਣਾ ਆਰੰਭਿਆ । 125 ਪਾਠ ਪੈਂਤੀ ਅੱਖਰੀ ਦੇ ਕੰਠੋ ਕਰਨੇ । ਸਾਰੀ ਪੰਜ ਗ੍ਰੰਥੀ ਦਾ ਪਾਠ ਕਿਸੇ ਦਿਨ ਕੰਠੋ, ਕਿਸੇ ਦਿਨ ਉੱਤੋਂ । ਭੁੰਜੇ ਸੌਣਾ । ਅਠੀਂ ਪਹਿਰੀ ਡੇਢ ਛਟਾਕ ਚੌਲ ਹੀ ਛਕਣੇ । ਪੰਡਤ ਜੀ ਪੰਜਵੇਂ ਦਿਨ ਮੰਜਾ ਮੰਗ ਲਿਆ ਤੇ ਕਿਹਾ, "ਮੈਂ ਨਾ ਕੁਝ ਅੱਗੋਂ ਬਣਨਾ ਤੇ ਨਾ ਕੁਝ ਅੱਗੋਂ ਲੈਣਾ ਹੈ, ਨਾ ਐਸੇ ਤਪ ਵਰਤ ਰੱਖਦਾ ਹਾਂ, ਨਾ ਤਪ-ਤਾਪਨ ਵਿਚ ਪੈ ਭਖਦਾ ਹਾਂ । ਏਸੇ ਤਰ੍ਹਾਂ ਹੋਰ ਸਾਥੀ, ਤੇ ਸਭ ਪਰਸ਼ਾਦੇ ਛਕਣ ਲੱਗ ਪਏ । ਸਤਿਗੁਰੂ ਜੀ ਪੂਰੇ ਚਾਲੀ ਦਿਨ ਇਹੋ ਧਾਰਿਆਂ ਨੇਮ ਨਿਭਾਇਆ ।" — ਜੱਸ-ਜੀਵਨ ਹਿੱਸਾ-ਪਹਿਲਾ

ਮੀਂਹ ਕਣੀ ਦੇ ਦਿਨ ਹੋਣ ਕਰਕੇ ਕੀੜੇ ਪੰਤਗੇ ਦੀ ਰੁੱਤ ਸੀ । ਸੱਪਾਂ ਨੇ ਵੀ ਖੁੱਡਾਂ ਤੋਂ ਬਾਹਰ ਆਕੇ ਵਿਚਰਨਾ ਜਾਰੀ ਰੱਖਿਆ ਸੀ ਉਹ ਝਾੜੀਆਂ ਵਿਚ ਲੁਕੇ ਰਹਿੰਦੇ ਸਨ ਜਾਂ ਪਟੜੀ ਉੱਤੇ ਲਗੇ ਫਿਰਦੇ ਸਨ । ਉਹ ਕਿਸੇ ਨੂੰ ਕੁਝ ਨਹੀਂ ਆਖਦੇ ਸਨ । ਸਤਿਗੁਰਾਂ ਵੀ ਭਗਤਾਂ ਨੂੰ ਕਿਹਾ ਕਿ ਉਹਨਾਂ ਤੋਂ ਡਰਨ ਦੀ ਲੋੜ ਨਹੀਂ ਸੀ । ਉਹਨਾਂ ਕਿਸੇ ਨੂੰ ਨੁਕਸਾਨ ਨਹੀਂ ਸੀ ਪਹੁੰਚਾਣਾ । ਸਤਿਗੁਰੂ ਜੀ ਨੇ ਤਾਂ ਉਹਨਾਂ ਦਾ ਨਾਂ ਹੀ ਛੂੰਗਰ ਦਾਸ ਰੱਖ ਦਿੱਤਾ ਸੀ । ਭਲਾ ਕੋਈ ਸੱਪ ਡੰਗਦਾ ਕਿਵੇਂ ਕ੍ਰਿਸ਼ਨ ਭਗਵਾਨ ਨੇ ਤਾਂ ਆਪ, ਹਰ ਦੇਹ ਵਿਚ ਅਵਤਾਰ ਧਾਰਨ ਵਾਲੇ ਸਮੇਂ ਲਈ ਇੱਕੋ



Namdhari Elibrary NamdhariElibrary@gmail.com

ਵਾਰ ਹੀ ਉਸਨੂੰ ਨੱਥ ਲਿਆ ਸੀ । ਜੇ ਸੱਪ ਹੀ ਸਤਿਗੁਰੂ ਜੀ ਲਈ ਬੇਗਾਨਾ ਨਹੀਂ ਸੀ ਤਾਂ ਹੋਰ ਅਠੂਹਿਆਂ, ਭੂੰਡੀਆਂ, ਸੁੰਡੀਆਂ ਆਦਿ ਕੀੜੇ ਕ੍ਰਿਦੇ ਵਿਚਾਰੇ ਸਨ।

ਇਝ ਲਗਦਾ ਸੀ ਕਿ ਆਪ ਗੁਰੂ ਨਾਨਕ ਦੇਵ ਜੀ ਦੇ ਸ਼ਬਦ,

"ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ।"

ਨੂੰ ਹੀ ਸਾਕਾਰ ਕਰਨ ਲਈ ਚੌਕੜਾ ਲਾਕੇ ਬੈਠੇ ਸਨ, ਆਪ ਇਸ ਭਰੋਸੇ ਨੂੰ ਵੀ ਦ੍ਰਿੜ੍ਹ ਕਰ ਰਹੇ ਸਨ ਕਿ,

"ਨਿਰਭਉ ਜਪੈ ਸਗਲ ਭਉ ਮਿਟੈ ।"

40 ਦਿਨ ਧੁੱਪ ਇਸ਼ਨਾਨ ਕਰਕੇ, ਲਗਾਤਾਰ ਬੈਠੇ ਰਹਿਣ ਦੀ ਯੋਗਿਕ ਕਿਰਿਆ ਕਰਕੇ, ਪਾਠ ਕਰਕੇ, ਅਲਪ-ਆਹਾਰ ਕਰਕੇ, ਆਪਣੇ ਹਿੱਸੇ ਦਾ ਅੰਨ ਬਚਾ ਕੇ, ਆਪ ਸਤੰਬਰ ਵਿਚ ਚਲੀਹਾ ਪੂਰਾ ਕਰਕੇ ਉੱਠੇ ਤਾਂ ਆਪ ਦਾ ਸਰੀਰ ਬਸ, ਕਾਇਆ ਦਾ ਅਕਾਰ ਹੀ ਸੀ, ਹੱਡੀਆਂ ਦੀ ਮੁੱਠ । ਪਰ ਆਤਮਾ, ਆਤਮਾ ਤਾਂ ਹੋਰ ਵੀ ਬਲਵਾਨ ਹੋ ਚੁੱਕੀ ਸੀ, ਮੁੱਖ-ਮਸਤਕ ਦਾ ਤੇਜ ਵੀ ਦੂਣ ਸਵਾਇਆ ਸੀ । ਆਪ ਜੀ ਦੇ ਦਰਸ਼ਨ ਕਰਕੇ ਸਭ ਬਲਿਹਾਰ ਜਾਂਦੇ ਸਨ ਤੇ ਧੰਨ ਧੰਨ ਕਰਦੇ ਸਨ ਕਿ ਆਪ ਨੇ ਨਾਮ ਦੇ ਖਜ਼ਾਨੇ ਨੂੰ ਹੋਰ ਭਰਪੂਰ ਕਰ ਲਿਆ ਸੀ, ਉਸ ਵਿੱਚੋਂ ਕੁਝ ਖਰਚਿਆ, ਵਰਤਿਆ ਨਹੀਂ ਸੀ । ਇਸ ਨਾਲ ਉਹਨਾਂ ਨੂੰ ਵੀ ਰਹਿਨੁਮਾਈ ਮਿਲੀ ਸੀ ।

ਰੋਪੜ ਵਾਲੀ ਨਹਿਰ ਉੱਤੇ ਸਤਿਗੁਰਾਂ 1909 ਈ: ਤੱਕ ਡੇਰਾ ਰੱਖਿਆ । ਉਦੋਂ ਨਹਿਰ ਦਾ 5-6 ਲੰਮਾਇ ਦਾ ਰਕਬਾ ਨੀਲਾਮ ਹੁੰਦਾ ਸੀ । ਆਮ ਤੌਰ ਤੇ ਸ੍ਰੀ ਭੈਣੀ ਸਾਹਿਬ ਦਾ ਡੇਰਾ ਇਸ ਨੂੰ ਖਰੀਦ ਲੈਂਦਾ ਸੀ । ਇਸ ਥਾਂ ਉੱਤੇ ਡੰਗਰ ਪਸ਼ੂ ਚਾਰੇ ਜਾਂਦੇ ਤੇ ਰੁੱਖ ਵਰਤਣ ਲਈ ਵੱਢ ਲਏ ਜਾਂਦੇ ਸਨ । ਬਾਲਣ ਵੀ ਉਸ ਥਾਂ ਉੱਤੋ ਰੁੱਖ-ਬੂਟੇ ਵੱਢ ਕੇ ਹੀ ਲਿਆਂਦਾ ਜਾਂਦਾ ਸੀ । ਆਮ ਤੌਰ ਤੇ ਲੋਕ ਸਮਝਦੇ ਸਨ ਕਿ ਪੁੰਨ ਦਾ ਥਾਂ ਸੀ ਸੋ ਉਹ ਬੋਲੀ ਨਾ ਚੜ੍ਹਾਉਂਦੇ ਸਨ । ਪਰ ਇਕ ਵਾਰ ਤਾਂ ਹੱਦ ਹੋ ਗਈ । ਬੋਲੀ ਦੇਣ ਵਾਲਿਆਂ ਜਾਣ ਕੇ 100 ਰੁਪਈਏ ਤੋਂ ਵਧਾਉਂਦਿਆਂ ਵਧਾਉਂਦਿਆਂ 1600 ਰੁਪਈਏ ਤੱਕ ਪਹੁੰਚਾ ਦਿੱਤੀ । ਪਰ ਆਖ਼ਰੀ ਬੋਲੀ ਡੇਰੇ ਦੀ ਹੀ ਸੀ । ਸੋ ਉਸਦੇ ਨਾਂ ਹੀ ਛੁੱਟੀ । ਉਗਰਾਹੀ ਕਰਕੇ ਬੋਲੀ ਦੀ ਰਕਮਾ ਤਾਰੀ ਗਈ । ਪਰ ਬਾਅਦ ਵਿਚ ਮੰਦੀ ਸੋਚ ਵਾਲੇ ਬੰਦੇ ਪਛਤਾਏ ਕਿ ਮਾੜੀ ਗੱਲ ਹੋ ਗਈ ਸੀ । ਡੇਰਾ ਤਾਂ ਸਾਂਝਾ ਹੀ ਸੀ, ਸਭ ਨੂੰ ਸੁੱਖ ਦੇਣ ਵਾਲਾ । ਉਹਨਾਂ ਨੇ ਸਤਿਗੁਰੂ ਜੀ ਤੋਂ ਮਾਫ਼ੀ ਮਿਲਣ ਤੇ ਹੀ ਕੁਝ ਟਿਕਾਅ ਮਹਿਸੂਸ ਕੀਤਾ ਸੀ ।

ਸਤਿਗੁਰੂ ਜੀ ਦੇ ਹਿਰਦੇ ਵਿਚ ਭਜਨੀਕ, ਕਮਲਿਆਂ ਰਮਲਿਆਂ ਲਈ ਨਵੇਕਲੀ ਥਾਂ ਸੀ । ਉਹਨਾਂ ਦੀ ਬਿਰਤੀ ਤੇ ਹਰ ਹਰਕਤ ਆਪਨੂੰ ਭਾ ਜਾਂਦੀ । ਇਕ ਸੰਤ ਸਨ ਸੰਤ ਸਿੰਘ ਜੀ । ਉਹ ਸਦਾ ਅਕਾਲਪੁਰਖ ਦੀ ਮੌਜ ਵਿਚ ਰਹਿੰਦੇ ਸਨ । ਇਕ ਦਿਨ ਸਿਆਲ ਦੀ ਰੁੱਤੇ, ਉਹ ਖੇਤਾਂ ਵਿੱਚੋਂ ਕਾਰ ਕੱਢ ਕੇ ਆਏ, ਨਹਿਰ ਦੇ ਕੰਢੇ । ਅੱਗੇ ਭਾਈ ਵਜ਼ੀਰ ਸਿੰਘ ਜੀ ਸਤਿਗੁਰੂ ਜੀ ਨੂੰ ਸੋਧ ਦਾ ਇਸ਼ਨਾਨ ਕਰਵਾ ਰਹੇ ਸਨ । ਸੋਧ ਦੇ ਇਸ਼ਨਾਨ ਵਿਚ ਮਰਿਆਦਾ ਬਣੀ ਹੋਈ ਹੈ ਕਿ ਇਸ਼ਨਾਨ ਤੋਂ ਬਾਅਦ ਸਰੀਰ ਦਾ ਕੋਈ ਅੰਗ ਕਿਸੇ ਨਾਲ ਨਾ ਛੋਹੇ । ਸੁੱਚੇ (ਰੇਸ਼ਮੀ ਜਾਂ ਊਨੀ, ਸੂਤੀ ਨਹੀਂ)



Namdhari Elibrary NamdhariElibrary@gmail.com

ਬਸਤਰ-ਪਹਿਨ ਕੇ ਹੀ ਬੈਠਣਾ ਹੁੰਦਾ ਹੈ। ਜਾਂ ਸੁੱਚੇ ਕੱਪੜੇ ਦੀ ਬੁਕਲ ਮਾਰ ਕੇ। ਜੇ ਕੱਪੜੇ ਸੂਤੀ ਹੋਣ ਅਤੇ ਕੋਈ ਖੁਲ੍ਹਾ (ਜਿਸਨੇ ਸੋਧ ਦਾ ਇਸ਼ਨਾਨ ਨਹੀਂ ਕੀਤਾ) ਛੋਹ ਜਾਵੇ ਤਾਂ ਸੋਧੀ ਵੀ ਖੁਲ੍ਹਾ ਹੋ ਜਾਂਦਾ ਹੈ, ਸੋਧੀ ਲਈ ਫਿਰ ਇਸ਼ਨਾਨ ਕਰਨਾ ਜ਼ਰੂਰੀ ਬਣਦਾ ਹੈ। ਜੇ ਸਰੀਰ ਦਾ ਅਣਕੱਜਿਆ ਹਿੱਸਾ, ਹੱਥ-ਪੈਰ ਆਦਿ ਵੀ ਕਿਤੇ ਲਗ ਜਾਵੇ ਤਾਂ ਸੁੱਚੇ ਸੋਧਦੇ ਜਲ ਨਾਲ ਧੋਣਾ ਜ਼ਰੂਰੀ ਹੈ। ਸੰਤ ਸੰਤ ਸਿੰਘ ਜੀ ਆਏ ਉਹਨਾਂ ਛੇਤੀ ਛੇਤੀ ਸਤਿਗੁਰੂ ਜੀ ਦੇ ਚਰਨ ਮਲਣੇ ਸ਼ੁਰੂ ਕਰ ਦਿੱਤੇ ਫਿਰ ਗੋਡੇ ਮਲਣ ਲੱਗੇ ਤੇ ਫਿਰ ਸਰੀਰ ਤੇ ਧੌਣ ਵੀ। ਭਾਈ ਜੀ ਸਤਿਗੁਰੂ ਜੀ ਦੇ ਸਰੀਰ ਨੂੰ ਸੁੱਚਿਆਂ ਕਰਨ ਲਈ ਗੜਵੇ ਤੇ ਗੜਵਾ ਪਾਣੀ ਦਾ ਪਾਈ ਗਏ, ਪਾਣੀ ਪਾਉਂਦੇ ਰਹਿਣ ਨਾਲ ਆਪ ਦਾ ਸਰੀਰ ਕੰਬਣ ਲੱਗ ਪਿਆ ਪਰ ਸੰਤ ਜੀ ਆਪਣੇ ਰੰਗ ਵਿਚ ਸੇਵਾ ਕਰਦੇ ਰਹੇ। ਸੰਤਾਂ ਦੇ ਪ੍ਰੇਮ ਅੱਗੇ ਨੇਮ ਦੀ ਪੇਸ਼ ਨਹੀਂ ਸੀ ਜਾਂਦੀ। ਸਤਿਗੁਰੂ ਜੀ ਨੇ ਸੋਧ-ਨੇਮ, ਤੋਂ ਸੰਤ ਦੇ ਪ੍ਰੇਮ ਨੂੰ ਉਚਾ, ਜਾਣ ਕਛਹਿਰਾ ਬਦਲ ਲਿਆ। ਸੰਤ ਜੀ ਖਿੜ ਗਏ ਜਦ ਸਤਿਗੁਰੂ ਜੀ ਨੇ ਬਚਨ ਕੀਤਾ, "ਮੈਂ ਤਾਂ ਪਰਚਦਾ ਹੀ ਆਪ ਜੈਸਿਆਂ ਨਾਲ ਹਾਂ।"

ਆਪ ਵਿਦਿਆ ਤੇ ਬੰਦਗੀ ਦਾ ਅਭਿਆਸ ਜ਼ਿਆਦਾ ਕਰਦੇ ਸਨ। ਨਾਮਧਾਰੀ ਮਹਾਂਪੁਰਸ਼, ਗੁਣੀ-ਗਿਆਨੀ ਆਪ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਰਹਿੰਦੇ ਸਨ। ਹੀਰਾ ਸਿੰਘ, ਬੀਰ ਸਿੰਘ ਆਸਣ ਚੌਰੀ ਦੀ ਸੇਵਾ ਕਰਦੇ ਸਨ। ਹਰਨਾਮ ਸਿੰਘ ਨਥਾਣੀਆਂ, ਗੱਤਕੇਬਾਜ, ਆਪ ਦਾ ਨਿੱਜੀ ਸੇਵਕ ਸੀ। ਸਤਿਗੁਰੂ ਹਰੀ ਸਿੰਘ ਦੇ ਸਮੇਂ ਵਾਲੀ ਸੰਤ ਮੰਡਲੀ ਜਿਨ੍ਹਾਂ ਵਿਚ ਬਾਬਾ ਕੇਸਰ ਸਿੰਘ ਮਹਾਵੇ ਵਾਲੇ (ਕਿੱਲੀ), ਬਾਬਾ ਕੇਸਰ ਸਿੰਘ ਚੁੱਪ, ਕੇਸਰ ਸਿੰਘ ਚਵਿੰਡੇ ਵਾਲੇ, ਸੰਤ ਹਰਨਾਮ ਸਿੰਘ ਰਾਗੀ, ਸੰਤ ਭਗਤ ਸਿੰਘ ਦਾਤੇ ਵਾਲੀਦੇ ਤੇ ਬਾਬਾ ਜੈਮਲ ਸਿੰਘ ਟਿੱਬਾ ਆਦਿ ਸਾਧੂਆਂ ਦੇ ਗਿਣਨ ਯੋਗ ਨਾਂ ਹਨ, ਵੀ ਆਪ ਜੀ ਦੀ ਚਰਨ-ਛੋਹ ਪਰਾਪਤ ਕਰਕੇ ਹੀ ਗਦ ਗਦ ਹੁੰਦੀ।

ਸੰਤ ਲਾਲ ਸਿੰਘ ਭੂਰੇ ਗਿੱਲਾ ਵਾਲੇ, ਤੇ ਹੋਰ ਰਾਗੀਆਂ ਤੋਂ ਆਪ ਕੀਰਤਨ ਸੁਣਦੇ ਰਹਿੰਦੇ ਸਨ।

ਮਾਈ ਹੁਕਮੀ ਵਰਿਆਹਾਂ ਵਾਲੀ, ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਮਾਈਆਂ ਵਿੱਚੋਂ ਸੂਬਾ ਥਾਪਿਆ ਸੀ, ਉਹ ਇਸਤਰੀਆਂ ਦੀ ਜਥੇਦਾਰ ਸੀ, ਕੀਰਤਨ ਕਰਦੀ ਸੀ। ਉਸਦੇ ਨਾਲ ਘੁੱਲੀ (ਉੱਤਮੀ) ਤੇ ਪ੍ਰੇਮ ਕੌਰ ਵੀ ਕੀਰਤਨ ਕਰਦੀਆਂ ਸਨ। ਡੇਰੇ ਕੁਝ ਵਿਧਵਾ ਇਸਤਰੀਆਂ ਵੀ ਆਪਣੇ ਆਪ ਨੂੰ ਨਿਆਸਰਾ ਜਾਣ, ਨਿਆਸਰਿਆ ਦੇ ਆਸਰੇ ਕੋਲ ਆ ਟਿਕੀਆਂ ਸਨ। ਉਹਨਾਂ ਵਿੱਚੋਂ ਕਿਸੇ ਦਾ ਮਨ ਜੇ ਮਲੀਨ ਹੋਣ ਲਗਦਾ ਤਾਂ ਸੱਚੇ ਪਾਤਸਾਹ ਉਸਦਾ ਵਿਆਹ ਕਰ ਦੇਂਦੇ ਸਨ ਜਿਹੜੀ ਜਤ ਸਤ ਵਿਚ ਰਹਿੰਦੀ ਉਸਦੀ ਗੱਲ ਵੱਖਰੀ ਸੀ।

ਸ਼ੁਕਰਵਾਰ, ਇਕ ਮਾਰਚ, 1907 ਵਿਚ ਸਤਿਗੁਰੂ ਜੀ ਨੇ ਗੁਰੂ ਰੂਪ ਵਿਚ ਪਹਿਲਾ ਹੋਲਾ, ਨੁਸ਼ਹਿਰਾ (ਗੁਜਰਾਤ) ਵਿਚ ਕੀਤਾ। ਹੋਲੇ ਤੋਂ ਆਪ ਸਿੱਧੇ ਸ੍ਰੀ ਭੈਣੀ ਸਾਹਿਬ ਆਏ, ਕੁਝ ਦਿਨ ਉਥੇ ਰਹੇ ਅਤੇ ਫਿਰ ਨਹਿਰ ਕੰਢੇ ਆਪਣੇ ਤੱਪ-ਅਸਥਾਨ ਉੱਤੇ ਪਹੁੰਚ ਗਏ, ਝੁੱਗੀ ਨੂੰ ਭਾਗ ਲਾਏ। ਆਪ ਥੋੜਾ ਸੌਂ ਕੇ, ਅੰਮ੍ਰਿਤ ਵੇਲੇ ਉੱਠ



Namdhari Elibrary NamdhariElibrary@gmail.com

ਕੇ, ਇਸ਼ਨਾਨ ਪਾਣੀ ਕਰਕੇ, ਰੋਜ਼ਾਨਾ ਚਾਰ ਘੰਟੇ ਭਜਨ-ਬੰਦਗੀ ਕਰਦੇ ਸਨ। ਸੂਰਜ ਦੀ ਟਿੱਕੀ ਨਾਲ ਚੰਡੀ ਦੀ ਵਾਰ ਦੇ ਪਾਠ ਦਾ ਅਰਦਾਸਾ ਕਰਦੇ ਤੇ ਅਲਪ ਆਹਾਰ ਕਰਦੇ। ਇਸ ਚਲੀਹੇ ਸਮੇਂ ਕਿਸੇ ਮਾਈ-ਬੀਬੀ ਨੂੰ ਆਪ ਨੇ ਦਰਸ਼ਨ ਕਰਨ ਲਈ ਵੀ ਨਹਿਰ ਉੱਤੇ ਆਉਣ ਦੇਣ ਦੀ ਮਨਾਹੀ ਸੀ। ਆਪ ਵੀ ਸ੍ਰੀ ਭੈਣੀ ਸਾਹਿਬ ਨਾ ਜਾਂਦੇ। ਆਪ ਦਾ ਇਕ ਸੇਵਕ ਪਹਾੜਾ ਸਿੰਘ ਸੀ ਜੋ ਆਪ ਜੀ ਦੀ ਸੇਵਾ ਵਿਚ ਸਦਾ ਹਾਜ਼ਰ ਰਹਿੰਦਾ ਸੀ।

ਦਿਨ ਵੇਲੇ ਵੀ ਆਪ ਘੱਟ ਬੋਲਦੇ, ਨੀਂਵੀਂ ਨਜ਼ਰ ਰੱਖਦੇ ਸਨ। ਸਿੱਖ ਸੇਵਕ, ਆਪ ਦੇ ਨਜ਼ਰ ਭਰ ਕੇ ਤੱਕਣ ਨੂੰ ਤਾਂ ਤਰਸਦੇ ਹੀ ਰਹਿੰਦੇ ਸਨ। ਆਪ ਸ਼ਾਂਤ ਰਹਿੰਦੇ ਸਨ। ਆਪ ਬਾਣੀ ਦਾ ਅਭਿਆਸ ਵੀ ਕਰਦੇ ਰਹਿੰਦੇ ਸਨ। ਗੁਣੀ ਗਿਆਨੀ ਸਾਧੂਆਂ ਨਾਲ ਗੋਸ਼ਟ ਕਰਦੇ ਰਹਿੰਦੇ ਸਨ। ਆਪਨੇ ਸੰਤ ਧਿਆਨ ਸਿੰਘ ਨਾਲ ਗੁਰਬਾਣੀ ਦੇ ਅਰਥਾਂ ਤੇ ਵਿਚਾਰ, ਸੂਰਤ ਸਿੰਘ ਨਾਲ ਹਨੂਮਾਨ ਨਾਟਕ, ਟਹਿਲ ਸਿੰਘ ਬਿਲਾਸਪੁਰ ਵਾਲਿਆਂ ਨਾਲ ਬਚਿੱਤਰ ਨਾਟਕ ਤੇ ਅਕਾਲ ਉਸਤਤ ਦੇ ਅਰਥਾਂ ਨੂੰ ਤਾਂ ਪਹਿਲਾਂ ਵੀ ਸਾਂਝਾ ਕੀਤਾ ਹੋਇਆ ਸੀ।

22 ਜੂਨ 1907 ਈ. ਦਾ ਨਿਮਾਣੀ ਦਾ ਮੇਲਾ ਪਹਿਲਾਂ ਵਾਂਗ ਸ੍ਰੀ ਭੈਣੀ ਸਾਹਿਬ ਹੀ ਸੀ। ਸਾਧ-ਸੰਗਤ ਆਈ। ਸ਼ਬਦ ਕੀਰਤਨ ਹੋਇਆ, ਭਜਨ-ਬੰਦਗੀ ਕੀਤੀ ਗਈ। ਰਲ ਕੇ ਬਹਿਣ ਦਾ ਸਭ ਨੇ ਸੁਖ ਸੁਆਦ ਮਾਣਿਆ। ਏਸੇ ਮੇਲੇ ਉੱਤੇ ਮਾਈ ਸਾਹਿਬੋ ਪੱਧਰੀ (ਅੰਮ੍ਰਿਤਸਰ) ਵਾਲੀ ਵੀ ਆਈ। ਇਸ ਵੇਦਾਂਤ ਦੀ ਧਾਰਨੀ ਮਾਈ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਉਪਦੇਸ਼ ਦੇ ਕੇ ਨਾਮ ਬਾਣੀ ਵੱਲ ਲਾਇਆ ਸੀ। ਇਹ ਕਾਰ ਵਿਹਾਰ ਕਰਦੀ ਸਵਾਸ ਸਵਾਸ ਨਾਮ ਜਪਦੀ ਰਹਿੰਦੀ ਸੀ। ਇਸਨੇ ਸਤਿਗੁਰੂ ਜੀ ਨੂੰ ਖੂੰਬ ਕੀਤਾ ਇੱਕ ਰੇਜਾ ਮੱਥਾ ਟੇਕਿਆ। ਉਸਨੇ ਸੱਚੇ ਪਾਤਸ਼ਾਹ ਨੂੰ ਇਹ ਵੀ ਅਰਜ਼ ਕੀਤੀ ਕਿ ਉਹ ਕਿਰਪਾ ਕਰਨ ਅਤੇ ਉਸਦੇ ਬਸਤਰ ਸਿਵਾ ਦੇ ਆਪ ਪਹਿਨਣ ਕਿਉਂਕਿ ਕਪਾਹ ਚੁਗਣ, ਵੇਲਣ, ਪੂਣੀਆਂ ਵੱਟਣ, ਸੂਤ ਕਤਣ ਅਤੇ ਕੱਪੜਾ ਤਿਆਰ ਕਰਵਾਉਣ ਤਕ ਭਜਨ ਕਰਦੀ ਰਹੀ ਸੀ। ਸਤਿਗੁਰੂ ਜੀ ਨੇ ਉਸ ਕੱਪੜੇ ਦੇ ਕਛਹਿਰੇ ਸਿਵਾਏ, ਉਸਤੋਂ ਪਹਿਲਾਂ ਆਪ ਖੱਦਰ ਦੇ ਕਛਹਿਰੇ ਨਹੀਂ ਸੀ ਪਾਉਂਦੇ। ਜਦ ਵੀ ਆਪ ਇਹ ਕਛਹਿਰੇ ਪਾਉਂਦੇ ਆਪ ਬਚਨ ਕਰਦੇ ਸਨ ਕਿ ਆਪ ਨੂੰ ਅਚਰਜ ਜਿਹਾ ਸੁਆਦ ਆਉਂਦਾ, ਨਾਮ ਜਪਣ ਵੱਲ, ਬਾਣੀ ਯਾਦ ਕਰਨ ਵੱਲ ਬਿਰਤੀ ਟਿਕੀ ਰਹਿੰਦੀ ਸੀ। ਆਪਨੇ ਇਕ ਸਮੇਂ ਬੈਂਕੌਕ ਵਿਚ ਭਾਸ਼ਣ ਦੇਂਦਿਆਂ ਭਜਨ-ਬੰਦਗੀ ਕਰਨ ਵਾਲਿਆਂ ਦੀ ਮਹਾਨਤਾ ਦੱਸਦਿਆਂ ਮਾਈ ਸਾਹਿਬੋ ਦੀ ਉਚੇਚੇ ਤੌਰ ਤੇ ਵਾਰਤਾ ਦੱਸੀ ਸੀ।

ਇਹਨਾਂ ਦਿਨਾਂ ਵਿੱਚ ਸਿੰਘ ਸਭਾ ਲਹਿਰ ਜ਼ੋਰ ਫੜਦੀ ਜਾ ਰਹੀ ਸੀ। ਅੰਗਰੇਜ਼ਾਂ ਨੇ ਸਿੰਘ ਸਭਾ ਦੀ ਸਥਾਪਨਾ ਸਿੱਖਾਂ ਨੂੰ ਦੇਹਧਾਰੀ ਗੁਰੂ ਤੋਂ ਦੂਰ ਕਰਨ ਅਤੇ ਗ੍ਰੰਥ ਗੁਰੂ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਕੀਤੀ ਸੀ ਤਾਂਕਿ ਸਿੱਖ ਕਿਸੇ ਇੱਕ ਦੀ ਰਹਿਨੁਮਾਈ ਵਿਚ ਨਾ ਤੁਰਨ ਅਤੇ ਆਪੋ ਵਿਚ ਲੜਦੇ ਰਹਿਣ। ਸਭਾ ਦੇ ਵਿਦਵਾਨ ਇਸ ਬਾਰੇ ਬਹਿਸ ਵੀ ਕਰਦੇ ਰਹਿੰਦੇ ਸਨ। ਇਕ ਸਮੇਂ ਸੰਤ ਮੰਗਲ ਸਿੰਘ ਫਤੂਹੀ



Namdhari Elibrary NamdhariElibrary@gmail.com

ਚਕ ਵਾਲਿਆਂ, ਜਿਨ੍ਹਾਂ ਨੂੰ ਨਾਮਧਾਰੀਆਂ ਵਿਚ ਅਰਸ਼ੀ ਫ਼ਰਿਸ਼ਤਾ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ, ਨਾਲ ਸਿੰਘ ਸਭੀਆਂ ਦੀ ਬਹਿਸ ਹੋ ਗਈ ਕਿ ਦੇਹਧਾਰੀ ਗੁਰੂ ਨਹੀਂ ਹੋ ਸਕਦਾ। ਉਹਨਾਂ ਦੀ ਦਲੀਲ ਸੀ ਕਿ ਜਿਹੜਾ ਵਿਅਕਤੀ ਬਾਣੀ ਨਹੀਂ ਰਚ ਸਕਦਾ ਉਹ ਤਾਂ ਗੁਰੂ ਹੋ ਨਹੀਂ ਸੀ ਸਕਦਾ। ਸੰਤ, ਭਗਤ ਹੋ ਸਕਦਾ ਸੀ। ਕਿਉਂਕਿ ਕਿਸੇ ਨਾਮਧਾਰੀ ਗੁਰੂ ਨੇ ਬਾਣੀ ਨਹੀਂ ਸੀ ਰਚੀ ਇਸ ਕਰਕੇ ਉਹ ਗੁਰੂ ਨਹੀਂ ਹੋ ਸਕਦੇ ਸਨ। ਅਰਸ਼ੀ ਫ਼ਰਿਸ਼ਤਾ, ਸੁਣਦਾ ਰਿਹਾ। ਫਿਰ ਉਹਨਾਂ ਦੇ ਸਿਧਾਂਤ ਨੂੰ ਉਹਨਾਂ ਦੀ ਦਲੀਲ ਨਾਲ ਇਹ ਕਹਿ ਕੇ ਕੱਟ ਦਿੱਤਾ ਕਿ ਇਸ ਨਾਲ ਤਾਂ ਗੁਰੂ ਹਰਗੋਬਿੰਦ, ਗੁਰੂ ਹਰਰਾਇ, ਗੁਰੂ ਹਰਿਕਿਸ਼ਨ ਦੇ ਗੁਰੂ ਹੋਣ ਬਾਰੇ ਵੀ ਪ੍ਰਸ਼ਨ ਚਿੰਨ੍ਹ ਲਗ ਜਾਏਗਾ। ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਨੂੰ ਵੀ ਬਾਣੀ ਮੰਨਣ ਬਾਰੇ ਵਾਦ ਵਿਵਾਦ ਹੈ। ਉਨ੍ਹਾਂ ਬਾਰੇ ਉਹਨਾਂ ਦੇ ਅਨੁਯਾਈਆਂ ਦੀ ਕਿਸ ਤਰ੍ਹਾਂ ਦੀ ਸ਼ਰਧਾ ਤੇ ਭਾਵਨਾ ਹੋਵੇਗੀ। ਇਹ ਸੁਣ ਕੇ ਉਹ ਨਿਰਤੁਰ ਹੋ ਗਏ ਅਤੇ ਇਕੱਠੀ ਹੋਈ ਸੰਗਤ ਨੂੰ ਗੱਲ ਸਮਝ ਆ ਗਈ।

ਸਤਿਗੁਰੂ ਪਰਤਾਪ ਸਿੰਘ ਜੀ ਨੇ 19 ਮਾਰਚ 1908 ਈ. ਮੰਗਲਵਾਰ ਦਾ ਹੋਲਾ ਫਿਲੌਰੀ ਕੀਤਾ। ਇਹ ਹੋਲਾ ਸੇਠ ਲੱਧਾ ਸਿੰਘ ਦੀ ਅਰਜ ਮੰਨ ਕੇ ਕੀਤਾ ਗਿਆ ਸੀ। ਸੇਠ ਜੀ ਨਾਮਧਾਰੀਆਂ ਵਿਚ ਸਮਰਥ ਪਰਵਾਰਾਂ ਦੀ ਗਿਣਤੀ ਵਧਾਉਣ ਲਈ ਸਤਿਗੁਰੂ ਜੀ ਦੀ ਰਜ਼ਾ ਨਾਲ ਆਪਣਾ ਪਰਵਾਰਕ ਜੀਵਨ ਇਸ ਤਰ੍ਹਾਂ ਨਾਲ ਅਪਣਾਇਆ ਸੀ ਕਿ ਆਪ ਆਪਣੀਆਂ ਰਿਸ਼ਤੇਦਾਰੀਆਂ, ਆਰਥਕ ਪੱਖੋਂ ਕਮਜ਼ੋਰ ਗੁਰਸਿੱਖਾਂ ਨਾਲ ਜੋੜਦੇ। ਆਪ ਗਰੀਬਾਂ ਨੂੰ ਹੀ ਆਪਣੀਆਂ ਧੀਆਂ ਦੇਂਦੇ ਤੇ ਗਰੀਬ ਘਰਾਂ ਦੀਆਂ ਲੜਕੀਆਂ ਹੀ ਨੂੰਹਾਂ ਬਣਾ ਕੇ ਲਿਆਉਂਦੇ ਸਨ।

8 ਮਾਰਚ 1909, ਸੋਮਵਾਰ 1965 ਬਿਕਰਮੀ ਦਾ ਹੋਲਾ ਸਤਿਗੁਰੂ ਜੀ ਨੇ ਗਿੱਲ (ਸ਼ੇਖੂਪੁਰਾ) ਵਿਚ ਕੀਤਾ ਪਰ ਸਤਿਗੁਰਾਂ ਦੇ ਨੀਵੀਂ ਨਜ਼ਰ ਰੱਖਣ ਤੇ ਮੂਲ ਦਾ ਬੋਲਣ ਕਰਕੇ ਸਿੱਖਾਂ ਦਾ ਚਿੱਤ ਰਾਜ਼ੀ ਨਾ ਰਹਿੰਦਾ। ਇਹ ਹੋਲਾ ਬਾਬਾ ਜਮੀਅਤ ਸਿੰਘ ਗਿੱਲ—ਜਿਹੜੇ ਸਤਿਗੁਰੂ ਰਾਮ ਸਿੰਘ ਨੂੰ ਮਿਲੇ, ਵਾਈ ਸਿੱਖਾਂ ਵਿੱਚੋਂ ਸਨ—ਦੇ ਪਰਵਾਰ ਤੇ ਉਥੋਂ ਦੀ ਸਾਧ ਸੰਗਤ ਨੇ ਰਲ ਨੇ ਕੀਤਾ ਸੀ। ਇਸ ਹੋਲੇ ਦੇ ਮੁੱਖ ਪ੍ਰਬੰਧਕ ਸੰਤ ਕਿਸ਼ਨ ਸਿੰਘ ਤੇ ਮਾਈ ਲੱਛਮੀ ਸੀ। ਉਹਨਾਂ ਸਤਿਗੁਰੂ ਦੇ ਚਰਨਾਂ ਵਿਚ 500 ਰੁਪਏ ਅਤੇ ਸੋਨੇ ਦੇ ਕੜਿਆਂ ਦੀ ਇਕ ਜੋੜੀ ਭੇਟ ਕੀਤੀ ਸੀ।

ਇਸ ਹੋਲੇ ਵਿਚ ਭਾਈ ਕਾਲੂ ਤੇ ਲਾਲ ਸਿੰਘ ਭੂਰੇ ਗਿੱਲ ਮੁੱਖ ਕੀਰਤਨੀਏ ਸਨ। ਲਾਲ ਸਿੰਘ ਦੀ, ਐਨੀ ਕਮਾਈ ਸੀ, ਤਪੱਸਿਆ ਸੀ ਅਤੇ ਜ਼ਬਾਨ ਵਿਚ ਰਸ ਸੀ ਕਿ ਉਸਦੇ ਸ਼ਬਦ ਤੇ ਧਾਰਨਾਂ :

"ਬਿਨ ਚਿਤ ਦੀਨ ਹਾਥ ਨ ਆਵੇ' ਅਤੇ
"ਪੁਤ੍ਰ ਨੰਦ ਦਾ ਨੀ ਨੰਦ ਦਾ,"

ਸੁਣ ਕੇ ਸੰਗਤ ਦੇ ਕਾਲਜੇ ਨੂੰ ਧੂਹ ਪੈ ਗਈ। ਉਹਨਾਂ ਦੀਆਂ ਦਸਤਾਰਾਂ ਲਹਿ ਗਈਆਂ ਸਨ ਤੇ ਮਸਤੀ ਵਿਚ ਕੇਸ ਗਲਾਂ ਵਿਚ ਪੈ ਗਏ ਸਨ।

ਸਤਿਗੁਰੂ ਜੀ ਵੀ ਮਸਤ ਹੋ ਗਏ। ਆਪਦੇ ਦਰਸ਼ਨਾਂ ਨੇ ਵੀ ਸੰਗਤ ਨੂੰ ਖੀਵਾ



Namdhari Elibrary NamdhariElibrary@gmail.com

ਕਰ ਦਿੱਤਾ ਸੀ। ਗਿੱਲਾਂ ਦਾ ਹੋਲਾ ਸਤਿਗੁਰੂ ਜੀ ਲਈ ਯਾਦਗਾਰੀ ਹੋਲਾ ਸੀ। ਆਪ ਨੇ ਉਸ ਤੋਂ ਬਾਅਦ ਵੀ ਕਈ ਵਾਰ ਬਚਨ ਕਰਦਿਆਂ ਕਿਹਾ, "ਅਸਾਂ ਸਿਖਰ ਦੀ ਸੇਵਾ ਤੇ ਸਿੱਖੀ ਦੇ ਸੁਆਦ ਦੀ ਮਸਤੀ ਜੋ ਗਿੱਲਾਂ ਦੇ ਹੋਲੇ ਤੇ ਹੀ ਵੇਖੀ ਹੈ, ਅਭੁਲ ਹੈ, ਸਦਾ ਰਸ ਦੇਣ ਵਾਲੀ ਹੈ। ਅੱਜ ਵੀ ਉਸ ਉੱਤੇ ਝਾਤ ਪਾਉਂਦਿਆਂ ਸੁਆਦ-ਸੁਆਦ ਹੋ ਜਾਈਦਾ ਹੈ।" ਮੇਲਿਆਂ, ਹੋਲਾ ਤੇ ਨਿਮਾਣੀ ਇਕਾਦਸ਼ੀ ਤੋਂ ਇਲਾਵਾ ਆਪ ਬਹੁਤਾ ਸਮਾਂ ਤਪ ਅਸਥਾਨ ਉੱਤੇ ਨਹਿਰ ਕੰਢੇ ਹੀ ਬਿਤਾਉਂਦੇ ਸਨ ਤੇ ਪ੍ਰਭੂ ਦੇ ਚਰਨਾਂ ਵਿਚ ਸੁਰਤ ਜੋੜੀ ਰੱਖਦੇ ਸਨ। ਭੈਣੀ ਸਾਹਿਬ ਤਾਂ ਆਪ ਕਦੀ ਕਦੀ ਜਾਂਦੇ ਸਨ।

ਸੰਗਤ ਬਹੁਤ ਤਰਲੇ ਕਰਦੀ, ਵਿਲਕਣੀ ਲੈਂਦੀ ਕਿ ਆਪ ਦੌਰੇ ਕਰੋ, ਸਾਧ-ਸੰਗਤ ਦੇ ਘਰੀਂ ਚਰਨ ਪਾਉ। ਮਾਤਾ ਜੀ ਆਪ ਨੂੰ ਕੁਝ ਨਹੀਂ ਸੀ ਕਹਿੰਦੇ। ਉਹਨਾਂ ਦੇ ਮਨ ਵਿਚ ਤੌਖਲਾ ਸੀ ਕਿ ਜੇ ਸਾਡੀ ਗੱਲ ਮੰਨਣ ਦੇ ਉਲਟ ਕਿਤੇ ਦੂਰ ਤਪੱਸਿਆ ਕਰਨ ਚਲੇ ਗਏ ਤਾਂ ਅਸੀਂ ਕਿਥੋਂ ਦੇ ਰਹਿ ਜਾਵਾਂਗੇ।

ਖੈਰ ! ਸਤਿਗੁਰੂ ਜੀ ਦੇ ਮਨ ਮਿਹਰ ਪਈ, ਆਪਨੇ ਇਰਾਕ, ਲਲੀਂ, ਅਲੋੜ ਤੇ ਚੱਕ ਕੂਕਿਆਂ ਆਦਿ ਪਿੰਡਾਂ ਵਿਚ ਨੇੜੇ ਦੌਰੇ ਕਰਨੇ ਸ਼ੁਰੂ ਕੀਤੇ। ਚੱਕ ਕੂਕਿਆਂ ਵਿਚ ਗੁਰੂ ਚੁੰਭਕੀ ਸ਼ਕਤੀ ਨੇ ਇੱਕ ਹੋਰ ਸੇਵਕ ਭਾਈ ਵਜ਼ੀਰ ਸਿੰਘ ਨੂੰ ਅੰਦਰੋਂ ਖਿੱਚ ਲਿਆ। ਸਤਿਗੁਰੂ ਜੀ ਦੌਰਾ ਕਰਕੇ ਵਾਪਸ ਪਰਤੇ ਤਾਂ ਉਹ ਘਰ ਛੱਡ ਕੇ, ਆਕੇ ਸਤਿਗੁਰੂ ਜੀ ਕੋਲ ਰਹਿਣ ਲੱਗਾ। ਭਾਈ ਜੀ ਸਤਿਗੁਰੂ ਰਾਮ ਸਿੰਘ ਦੇ ਥਾਪੇ ਸੂਬੇ ਬਾਬਾ ਕਾਹਨ ਸਿੰਘ ਨਿਹੰਗ ਦੇ ਪੋਤਰੇ ਸਨ। ਸੋ ਗੁਰੂ ਘਰ ਉੱਤੇ ਸ਼ਰਧਾ ਤਾਂ ਹੈ ਹੀ ਸੀ। ਘਰ ਦੇ ਆਪ ਨੂੰ ਵਾਰ ਵਾਰ ਵਾਪਸ ਲੈ ਜਾਂਦੇ ਪਰ ਆਪ ਫਿਰ ਵਾਪਸ ਮੁੜ ਆਉਂਦੇ ਤੇ ਗੁਰੂ ਨੂੰ ਤਰਲਾ ਕੀਤਾ, ਗੜਵਈ ਦੀ ਸੇਵਾ ਮੰਗੀ, ਗੁਰਾਂ ਪਰਵਾਨ ਕੀਤੀ, ਘਰ ਦੇ ਵੀ ਹਾਰ ਕੇ ਮੰਨ ਗਏ। ਇਹਨਾਂ ਦੀ ਗੁਰਬਖਸ਼ ਸਿੰਘ ਹੁਰਾਂ ਨਾਲ ਜੋਟੀ ਸੀ, ਸੋ ਸਤਿਗੁਰਾਂ ਦੀ ਇਹਨਾਂ ਤੇ ਕ੍ਰਿਪਾ ਦ੍ਰਿਸ਼ਟੀ ਸੀ।

ਸੱਚੇ ਪਾਤਸ਼ਾਹ ਨੇ ਲਗਾਤਾਰ ਭਜਨ-ਬੰਦਗੀ ਕਰਕੇ ਆਤਮਾ ਬਲਵਾਨ ਕਰ ਲਈ ਸੀ। ਉਹਨਾਂ ਦੇ ਮੁੱਖ ਮਸਤਕ ਦਾ ਤੇਜ ਝੱਲਿਆਂ ਨਹੀਂ ਸੀ ਜਾਂਦਾ ਪਰ ਸਰੀਰ ਦੀ ਸ਼ਕਤੀ ਮਧਮ ਪੈ ਗਈ ਸੀ। ਇਕ ਦਿਨ ਲਾਲ ਸਿੰਘ ਭੂਰੇ ਗਿੱਲਾਂ ਵਾਲਿਆਂ, ਗੁਰਬਾਣੀ ਵਿੱਚੋਂ ਪਰਮਾਣ ਦੇਂਦੇ ਕਿ,

"ਦੇਹ ਘੋੜੀ ਚੜ੍ਹ ਹਰ ਪਾਇਆ,"

ਅਰਜ਼ ਕੀਤੀ ਕਿ ਆਪ ਆਪਣੀ ਦੇਹ ਦੀ ਸੰਭਾਲ ਵੀ ਕਰਨ। ਸਤਿਗੁਰਾਂ ਨੇ ਉਸਦੀ ਬੇਨਤੀ ਪਰਵਾਨ ਕਰ ਲਈ ਅਤੇ ਆਹਾਰ ਵਧਾ ਦਿੱਤਾ ਅਤੇ ਸੰਗਤ ਦੀ ਖੁਸ਼ੀ ਲਈ ਅਤੇ ਅੱਗੋਂ ਸ੍ਰੀ ਭੈਣੀ ਸਾਹਿਬ ਵੱਲ ਵੀ ਵੱਧ ਸਮਾਂ ਦੇਣਾ ਪਰਵਾਨ ਕੀਤਾ ਜਿਵੇਂ ਕਿ ਹੇਮਕੁੰਡ ਦੇ ਵਾਸੀ ਨੇ ਮਾਤ ਲੋਕ ਆਉਣਾ ਪਰਵਾਨ ਕੀਤਾ ਸੀ।



Namdhari Elibrary NamdhariElibrary@gmail.com

# ਅਦੁਤੀ ਅਨੰਦ ਕਾਰਜ

ਸਤਿਗੁਰੂ ਪਰਤਾਪ ਸਿੰਘ ਜੀ ਨੇ ਲਗਾਤਾਰ ਤਪ ਸਾਧਨਾ ਨਾਲ ਆਤਮਾ ਬਲਵਾਨ ਕਰ ਲਈ ਸੀ। ਉਹ ਹੁਣ ਆਪਣੇ ਸਰੀਰ ਨੂੰ ਸ਼ਕਤੀਸ਼ਾਲੀ ਕਰਨ ਲਈ ਕਸਰਤ ਕਰਦੇ ਸਨ। ਉਹ ਛਾਲਾਂ ਮਾਰਦੇ, ਦੌੜਾਂ ਲਉਂਦੇ, ਭਾਰ ਚੁੱਕਦੇ, ਖੂਹ ਗੇੜਦੇ ਅਤੇ ਤਰਦੇ ਰਹਿੰਦੇ ਸਨ। ਰੋਪੜ ਵਾਲੀ, ਨੀਲੋ ਨਹਿਰ, ਬੜੀ ਡੂੰਘੀ ਤੇ ਚੌੜੀ ਸੀ ਉਹ ਦੇ ਪਾਣੀ ਦਾ ਵਹਿਣ ਵੀ ਤੇਜ਼ ਹੈ। ਆਪ ਉਸ ਨਹਿਰ ਵਿਚ ਸਿੱਧੇ ਤਰ ਕੇ ਆਰ ਪਾਰ ਚਲੇ ਜਾਂਦੇ ਸਨ। ਆਪਨੇ ਆਪਣਾ ਡੇਰਾ ਰਾਮ ਸਰ ਕੰਢੇ ਲਾ ਲਿਆ ਸੀ। ਏਥੇ ਹੀ ਆਪ ਅਰਜ਼ਾਂ ਸੁਣਦੇ ਤੇ ਉਹਨਾਂ ਦੇ ਨਿਪਟਾਰੇ ਲਈ ਉਚਿਤ ਹੱਲ ਦੱਸਦੇ ਸਨ।

1909 ਈ. ਵਿਚ ਰਿਪੁਦਮਨ ਸਿੰਘ, ਮਹਾਰਾਜਾ ਨਾਭਾ, ਦਾ ਇੱਕ ਵਿਸਵਾਸ਼ ਪਾਤਰ ਸਤਿਗੁਰੂ ਜੀ ਕੋਲ ਆਇਆ। ਉਸਨੇ ਅਰਜ਼ ਕੀਤੀ ਕਿ ਲਾਹੌਰ ਕੌਂਸਲ ਦੇ ਸਾਹਮਣੇ ਵਕੀਲ ਰਾਮ ਦਿੱਤਾ ਚੌਧਰੀ ਨੇ ਦਲੀਲ ਦਿੱਤੀ ਸੀ ਕਿ ਸਿੱਖਾਂ ਦੀ ਕੋਈ ਅਨੰਦ ਮਰਿਆਦਾ ਨਹੀਂ ਇਸ ਕਰਕੇ ਇਹਨਾਂ ਦੀ ਔਲਾਦ ਵੀ ਬੇਮਰਯਾਦਗੀ ਵਿੱਚੋਂ ਜੰਮੀ ਹੈ। ਇਸ ਦਲੀਲ ਦੇ ਉੱਤਰ ਵਿਚ ਕੋਈ ਮਰਯਾਦਾ ਦਾ ਸਬੂਤ ਚਾਹੀਦਾ ਸੀ। ਸਤਿਗੁਰੂ ਜੀ ਉਸਦੀ ਅਰਜ਼ ਮੰਨ ਕੇ, 1863 ਈ. ਵਿਚ ਗੁਰੂ ਰਾਮ ਸਿੰਘ ਜੀ ਦੀ ਚਲਾਈ ਅਨੰਦ ਮਰਯਾਦਾ ਦਾ ਹਵਾਲਾ ਦੇਕੇ ਨਾਲ ਹੀ ਇਹ ਲਿਖ ਕੇ ਕਿ, "ਅਸੀਂ ਨਾਮਧਾਰੀ ਪੰਥ ਤੇ ਕੂਕੇ ਤਦੋਂ ਤੋਂ ਹੁਣ ਤੱਕ 45 ਸਾਲ ਹੋਏ ਹਨ ਉਸੇ ਤਰ੍ਹਾਂ ਆਨੰਦ, ਗੁਰਮਰਯਾਦਾ ਨਾਲ ਕਰਦੇ ਹਾਂ।" ਹੇਠ ਆਪਣੀ ਸਹੀ ਪਾਕੇ ਇਕ ਤਰ੍ਹਾਂ ਦਾ ਹਲਫ਼ੀਆਂ ਬਿਆਨ ਉਸ ਨੂੰ ਦੇ ਦਿੱਤਾ। ਇਸ ਬਿਆਨ ਨਾਲ ਵੀ ਵਕੀਲ ਦੀ ਤਸਲੀ ਨਾ ਹੋਈ।

ਦਰ ਅਸਲ ਨਾਭਾ, ਪਟਿਆਲਾ ਰਿਆਸਤਾਂ ਦੇ ਮਹਾਰਾਜਿਆਂ ਦੀ ਆਪਸ ਵਿਚ ਨਹੀਂ ਬਣਦੀ ਸੀ। ਦੋਵੇਂ ਆਪਸ ਵਿਚ ਲੜਦੇ ਝਗੜਦੇ ਰਹਿੰਦੇ ਸਨ। ਮਹਾਰਾਜ ਭੁਪਿੰਦਰ ਸਿੰਘ, ਪਟਿਆਲਾ, ਦਾ ਵਿਦਿਆ ਗੁਰੂ ਸ੍ਰ. ਜਵਾਲਾ ਸਿੰਘ ਹੋਰ ਵੀ ਤੇਜ ਸੀ। ਉਹ ਝਗੜੇ ਨੂੰ ਘਟਾਉਣ ਦੀ ਥਾਂ ਮਹਾਰਾਜਾ ਪਟਿਆਲਾ ਦਾ ਪੱਖ ਪੂਰਦਾ ਸੀ।



Namdhari Elibrary NamdhariElibrary@gmail.com

ਪਸ ਵਿਚ ਝਗੜਾ ਖ਼ਤਮ ਹੁੰਦਾ ਨਜ਼ਰ ਆਉਂਦਾ ਨਾ ਸਮਝ ਕੇ ਲੜਾਈ ਬਰਤਾਨਵੀ ਜਲ ਕੋਲ ਗਈ। ਉੱਥੇ ਜਦੋਂ ਇਹ ਸੁਆਲ ਪੈਦਾ ਹੋਇਆ ਕਿ ਤੁਸੀਂ ਸਿੱਖ ਤੁਲਾਂ ਆਪਣਾ ਅਨੰਦ ਕਾਰਜ ਹੋਇਆ ਸਾਬਤ ਕਰੋ। ਆਪਣਾ ਅਨੰਦ ਕਾਰਜ ਬਤ ਕਰਨ ਵਾਸਤੇ ਸਬੂਤ ਪੇਸ਼ ਕਰੋ ਕਿ ਕੀ ਆਪ ਦੀ ਕੋਈ ਅਨੰਦ ਮਰਯਾਦਾ ਹੈ ?

ਇਸ ਸਮੇਂ ਤੱਕ ਬਹੁਤਿਆਂ ਨੂੰ ਇਹ ਨਹੀਂ ਸੀ ਪਤਾ ਕਿ ਸਿੱਖਾਂ ਦੀ ਆਪਣੀ ਈ ਅਨੰਦ ਮਰਯਾਦਾ ਹੈ। ਉਂਜ ਸਤਿਗੁਰੂ ਰਾਮ ਸਿੰਘ ਜੀ ਨੇ 4 ਜੂਨ 1963 ਈ. ਖੋਟੇ, ਫ਼ਿਰੋਜਪੁਰ, ਦੇ ਮੇਲੇ ਵਿਚ ਅਨੰਦ ਕਾਰਜ ਲਈ ਗੁਰਮਰਯਾਦਾ ਦਾ ਆਰੰਭ ਤਾ ਸੀ। ਉਸ ਸਮੇਂ ਤੱਕ ਵੈਦਿਕ ਪੱਧਤੀ ਨਾਲ ਹੀ ਵਿਆਹ ਕੀਤੇ ਜਾਂਦੇ ਸਨ। ਤਗੁਰੂ ਜੀ ਨੇ ਖੋਟਿਆ ਦੇ ਮੇਲੇ ਵਿਚ ਛੇ ਜੋੜਿਆਂ ਦੇ ਅਨੰਦ ਕਾਰਜ ਕੀਤੇ ;। ਬਾਬਾ ਕਾਹਲਾ ਸਿੰਘ ਨੇ ਪੰਥ ਪ੍ਰਕਾਸ਼ ਵਿਚ ਉਸ ਸਮੇਂ ਵਿਆਹੀਆਂ ਗਈਆਂ ੜੀਆਂ ਬਾਰੇ ਕੁਝ ਵੇਰਵਾ ਇਸ ਤਰ੍ਹਾਂ ਪੇਸ਼ ਕੀਤਾ ਹੈ :

. ਸੂਬਾ ਸਮੁੰਦ ਸਿੰਘ ਦੀ ਪੁੱਤਰੀ ਠੱਟੀ ਵਿਆਹੀ ਗਈ ਸੀ।
2. ਬਾਬਾ ਕਾਹਲਾ ਸਿੰਘ ਦੀ ਪੁੱਤਰੀ ਦੋਧਰ ਵਿਆਹੀ ਗਈ ਸੀ।
3. ਸੰਤ ਸੁੰਦਰ ਸਿੰਘ ਦੀ ਲੜਕੀ, ਉਬੋਕੇ ਦੇ ਇਕ ਘਰਾਨੇ ਦੀ ਨੂੰਹ ਬਣੀ ਸੀ।
4. ਸੰਤ ਫ਼ਤਿਹ ਸਿੰਘ ਦੀ ਦੇਸ ਕੌਰ ਦਾ, ਨਿਹੰਗ ਸਿੰਘ ਵਾਲਾ, ਸਹੁਰਾ ਪਿੰਡ ਬਣਿਆਂ।
5. ਸ੍ਰ. ਬੱਧ ਦੀ ਬੀਬੀ ਪ੍ਰੇਮ ਕੌਰ, ਦਾ ਧੁਤੇਲੇ, ਵਿਆਹ ਹੋਇਆ।
6. ਸ੍ਰ. ਜੋਗਾ ਸਿੰਘ ਧੂੜ ਕੋਟੀਏ ਦੀ ਬੀਬੀ ਬਿਸ਼ਨ ਕੌਰ ਦਾ ਅਨੰਦ ਕਾਰਜ ਮੁਠੱਡੇ ਦੇ ਇਕ ਪਰਵਾਰ ਵਿਚ ਹੋਇਆ।

ਗ਼ੈਰ-ਨਾਮਧਾਰੀਆਂ ਨੂੰ ਨਾ ਉੱਤੇ ਲਿਖੇ ਅਨੰਦ ਕਾਰਜਾਂ ਬਾਰੇ ਗਿਆਨ ਸੀ ਤੇ ਨਾ ਹੀ ਇਸਦੀ ਸੋਝੀ ਸੀ। ਉਹਨਾਂ ਮਨਮਤੀਆਂ ਦੇ ਆਖੇ ਲਗ ਕੇ ਇਸ ਰਯਾਦਾ ਨੂੰ ਬਿਲਕੁਲ ਨਾ ਅਪਣਾਇਆ। ਰਾਜਿਆਂ ਮਹਾਰਾਜਿਆਂ ਤੱਕ ਸਿੱਖ ਕਵਾਉਣ ਵਾਲੇ ਸਾਰੇ ਲੋਕਾਂ ਦੀਆਂ ਸ਼ਾਦੀਆਂ ਵੀ ਪੁਰਾਤਨ, ਬ੍ਰਾਹਮਣੀ ਰੀਤੀ ਨਾਲ ਈਆਂ ਸਨ।

ਮਹਾਰਾਜਾ ਨਾਭਾ ਗੁਰੂ ਘਰ ਉੱਤੇ ਸ਼ਰਧਾ ਤੇ ਇਤਕਾਦ ਰੱਖਦਾ ਸੀ, ਸੂਬਾ ਸ਼ਮੀ ਤੋਂ ਆਪਣੇ ਮਹਿਲਾਂ ਰਾਹੀਂ, ਉਸਨੂੰ ਨਾਮਧਾਰੀ ਅਨੰਦ ਮਰਯਾਦਾ ਦਾ ਤਾ ਲੱਗ ਗਿਆ ਸੀ। ਉਸਨੇ ਲਾਹੌਰ ਕੌਂਸਲ ਸਾਹਮਣੇ ਬਿਆਨ ਵੀ ਦਿੱਤਾ ਸੀ ਕਿ ਤਸਿੱਖਾਂ ਦੀ ਅਨੰਦ ਮਰਯਾਦਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 1863 ਈ: ਚ ਸ਼ੁਰੂ ਕੀਤੀ ਸੀ। ਪਟਿਆਲਾ ਰਾਜ ਤਾਂ ਕੂਕਾ ਵਿਰੋਧੀ ਰਾਜ ਸੀ, ਇਸ ਕਰਕੇ ਜਨੂੰ ਇਸਦੇ ਨਾਂ ਤੋਂ ਹੀ ਚਿੜ੍ਹ ਸੀ। ਭਾਈ ਜਵਾਲਾ ਸਿੰਘ ਨੇ ਚਿੜ੍ਹ ਕਰਕੇ ਹੀ ਹਾਰਾਜਾ ਨਾਭਾ ਦੀ ਇਹ ਦਲੀਲ ਨਕਾਰ ਦਿੱਤੀ ਸੀ ਅਤੇ ਕਹਿ ਦਿੱਤਾ ਸੀ ਕਿ ਹਨਾਂ ਦੇ ਜਲਾਵਤਨ ਹੋਣ ਪਿੱਛੋਂ ਇਹ ਮਰਯਾਦਾ ਖ਼ਤਮ ਹੋ ਗਈ ਸੀ। ਕੋਈ ਤਤਮਾਨ ਸਮੇਂ ਭਾਵ 1909 ਈ: ਦਾ ਸਬੂਤ ਪੇਸ਼ ਕੀਤਾ ਜਾਵੇ।



Namdhari Elibrary NamdhariElibrary@gmail.com

ਮਹਾਰਾਜਾ ਨਾਭੇ ਦਾ ਵਿਸਵਾਸ਼ ਪਾਤਰ ਸਤਿਗੁਰੂ ਜੀ ਕੋਲ ਸ੍ਰੀ ਭੈਣੀ ਸਾਹਿਬ ਗਿਆ ਸੀ। ਉਹ ਸਬੂਤ ਵਜੋਂ ਉਹਨਾਂ ਦੀ ਚਿੱਠੀ ਲੈ ਕੇ ਆਇਆ ਸੀ ਉਸ ਚਿੱਠੀ ਨੂੰ ਵੀ ਕੋਈ ਅਹਿਮੀਅਤ ਨਾ ਦਿੱਤੀ ਗਈ।

ਕੁਝ ਦਿਨਾਂ ਬਾਅਦ ਮਹਾਰਾਜਾ ਨਾਭਾ ਦਾ ਵਕੀਲ ਸ੍ਰ. ਬਚਨ ਸਿੰਘ ਸਰਕਾਰੀ ਰਿਕਾਰਡ ਵਿੱਚੋਂ ਸਬੂਤ ਭਾਲਣ ਲਈ ਲੁਧਿਆਣੇ ਆਇਆ ਪਰ ਉਸਦੇ ਪੱਲੇ ਕੁਝ ਨਾ ਪਿਆ। ਉਹ ਸ੍ਰੀ ਭੈਣੀ ਸਾਹਿਬ ਪੁੱਜਾ, ਉਸਨੇ ਆਪ ਨੂੰ ਆਪਣੀ ਪਰੇਸ਼ਾਨੀ ਦਾ ਕਾਰਨ ਦੱਸਿਆ। ਆਪ ਨੇ ਉਸਨੂੰ ਹੌਸਲਾ ਦੇ ਕੇ ਵਾਪਸ ਭੇਜ ਦਿੱਤਾ। ਬਾਅਦ ਵਿਚ ਸਤਿਗੁਰੂ ਜੀ ਨੇ ਮਹਾਰਾਜਾ ਨਾਭਾ ਨੂੰ ਇੱਕ ਤਾਰ ਭੇਜੀ ਜਿਸ ਵਿਚ ਲਿਖਿਆ ਕਿ,

"1863 ਈ. ਜੂਨ ਵਿਚ ਖੋਟੇ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਅਨੰਦ ਮਰਯਾਦਾ ਤੋਰੀ ਸੀ। ਤਦ ਤੋਂ ਨਾਮਧਾਰੀ ਪੰਥ ਵਿਚ ਉਹ ਹੀ ਮਰਯਾਦਾ ਕਾਇਮ ਹੈ ਤੇ ਅਸੀਂ ਹੁਣ ਤੱਕ ਅਨੰਦ ਉਸੇ ਮਰਯਾਦਾ ਨਾਲ ਕਰਦੇ ਹਾਂ।"

ਇਸ ਤੱਥ ਨੂੰ ਦਸਤਾਵੇਜ਼ ਵੱਜੋਂ ਪੇਸ਼ ਕਰਨ ਨਾਲ ਹੀ ਕੌਂਸਲ ਦੀ ਤੱਸਲੀ ਹੋਈ। ਸਿੱਖਾਂ ਲਈ ਕਾਨੂੰਨੀ ਤੌਰ ਉੱਤੇ, ਅਨੰਦ ਮਰਯਾਦਾ ਨੂੰ ਮਾਨਤਾ ਦਿਵਾਉਣ ਲਈ ਏਸੇ ਤਾਰ ਨੂੰ ਆਧਾਰ ਬਣਾ ਕੇ ਵਾਇਸਰਾਇ ਦੀ ਕੌਂਸਲ ਨੇ 20 ਅਕਤੂਬਰ 1909 ਈ: ਨੂੰ ਅਨੰਦ ਮੈਰਿਜ ਐਕਟ ਪਾਸ ਕੀਤਾ। ਜੇ ਨਾਮਧਾਰੀ ਮਰਯਾਦਾ ਨਾ ਹੁੰਦੀ ਤਾਂ ਇਸ ਐਕਟ ਨੂੰ ਪਾਸ ਕਰਾਉਣ ਲਈ ਸਿੱਖਾਂ ਕੋਲ ਕੋਈ ਠੋਸ ਆਧਾਰ ਨਹੀਂ ਸੀ।

ਸਤਿਗੁਰੂ ਜੀ ਨੇ 1910 ਈ: ਦਾ ਹੋਲਾ 45-ਚੱਕ ਸਰਗੋਧੇ ਕੀਤਾ। ਇਹਨਾਂ ਦਿਨਾਂ ਵਿਚ ਸਤਿਗੁਰੂ ਜੀ ਦਾ ਦੌਰਾ ਘੋੜਿਆਂ ਉਤੇ ਹੁੰਦਾ ਸੀ। ਗੁਰੂ ਘਰ ਨੂੰ ਭੇਟ ਕੀਤੀ ਗਈ ਰਸਦ, ਕੱਪੜਾ ਤੇ ਹੋਰ ਸਮਾਨ ਸ੍ਰੀ ਭੈਣੀ ਸਾਹਿਬ ਪਹੁੰਚਾਉਣ ਲਈ ਊਠ ਵੀ ਰੱਖੇ ਹੋਏ ਸਨ। ਸੰਗਤ ਕੋਲ ਵੀ ਆਵਾਜਾਈ ਦੇ ਸਾਧਨਾਂ ਵਿਚ, ਮੁੱਖ ਤੌਰ ਤੇ ਗੱਡੇ, ਊਠ, ਘੋੜੇ ਆਦਿ ਸਨ। ਪੈਦਲ ਤੁਰ ਕੇ ਆਉਣ ਵਾਲੇ ਵੀ ਬਹੁਤ ਹੁੰਦੇ ਸਨ। ਸਤਿਗੁਰੂ ਦੇ ਦਰਸ਼ਨ ਦਾ ਚਾਅ ਨਾ ਅਵੇਸਲਾ ਹੋਣ ਦੇਂਦਾ ਸੀ, ਨਾ ਅੱਕਣ-ਥੱਕਣ ਦੇਂਦਾ ਸੀ। ਇਸ ਹੋਲੇ ਦੇ ਆਗੂ ਸੰਤ ਕਿਸ਼ਨ ਸਿੰਘ ਤੇ ਸੰਤ ਮੂਲਾ ਸਿੰਘ ਜੀ ਸਨ। ਉਹਨਾਂ ਲੰਗਰ ਪਾਣੀ, ਪੰਡਾਲ ਦੇ ਨਾਲ ਪੱਠੇ-ਦੱਥੇ ਦਾ ਵੀ ਪ੍ਰਬੰਧ ਕੀਤਾ ਹੋਇਆ ਸੀ।

ਸਾਰੇ ਹੋਲੇ ਦੇ ਦਿਨਾਂ ਵਿਚ ਸੰਤ ਮੰਡਲੀਆਂ ਤੇ ਕੀਰਤਨੀ ਜੱਥੇ ਸ਼ਬਦ ਕੀਰਤਨ ਕਰਦੇ ਰਹਿੰਦੇ ਸਨ। ਉਦੋਂ ਲਾਊਡ ਸਪੀਕਰ ਤਾਂ ਹੁੰਦੇ ਹੀ ਨਹੀਂ ਸਨ। ਸਾਰੇ ਸਿੱਖ ਕੰਨ ਲਾ ਕੇ ਨੇੜੇ ਹੋ ਕੇ ਸ਼ਾਂਤ ਚਿਤ ਬੈਠ ਕੇ ਸ਼ਬਦ ਸੁਣਦੇ ਸਨ। ਸਤਿਗੁ ਰਾਮ ਸਿੰਘ ਦੇ ਵਿਛੋੜੇ ਵਿਚ ਪੜ੍ਹੇ ਗਏ ਵੈਰਾਗ ਭਰੇ ਸ਼ਬਦ ਤਾਂ ਅੰਦਰੋਂ ਧੂਹ ਪਾਉਂਦੇ ਸਨ। ਬਿਰਹਾ ਭੁਯੰਗਮ ਦੇ ਡੰਗੇ ਕੂਕੇ, ਕੂਕਾਂ ਮਾਰਦੇ ਮਸਤਾਨੇ ਹੋ ਰਹੇ ਸਨ।

ਕਵਿਤਾ ਦੀਆਂ ਇਹ ਸਤਰਾਂ :

'ਤੇਰੇ ਪੂਰਬ ਦਾ ਤਾਹੀਓਂ ਸੁਆਦ ਅੜਿਆ



Namdhari Elibrary NamdhariElibrary@gmail.com

ਜੇ ਤੂੰ ਆਪ ਆਵੇਂ ਤੇ ਦੀਵਾਨ ਲਾਵੇਂ ।
ਰਾਮ ਦਾਸ ਪੁਰ ਮੁੜ ਆਬਾਦ ਹੋਵੇ,
ਭੈਣੀ ਭੂੰਦੜ ਨੂੰ ਆਣ ਕੇ ਭਾਗ ਲਾਵੇਂ ।

ਅਤੇ ਹੋਰ ਸਤਰਾਂ ਨੇ ਤਾਂ ਕੂਕਿਆਂ ਦੇ ਸਾਹਵੇਂ ਅਤੀਤ ਹੀ ਲਿਆ ਕੇ ਖੜ੍ਹਾ ਕਰ ਤਾ ਸੀ । ਉਹਨਾਂ ਦੇ ਅੱਲੇ ਜ਼ਖ਼ਮਾਂ ਨੂੰ ਖਰੋਚ ਦਿੱਤਾ ਗਿਆ ਸੀ ।

ਸੰਤ ਭਗਤ ਸਿੰਘ ਦਾਤੇ ਵਾਲੀਏ ਆਪਣੀ ਬੁਲੰਦ ਆਵਾਜ਼ ਵਿਚ, ' ਦਿਨ ਤਾਂ ਹ ਗਏ ਥੋੜ੍ਹੇ, ਹੁਣ ਕੀ ਵੇਖਨਾ ਏ...'' ਧਾਰਨਾ ਪੜ੍ਹ ਕੇ ਧਰਵਾਸ ਦਿਵਾ ਦੇਂਦੇ ਕਿ ਦੇਸ਼ ਦੀ ਸੁਤੰਤਰਤਾ ਦੂਰ ਨਹੀਂ ਸੀ ਸਤਿਗੁਰੂ ਰਾਮ ਸਿੰਘ ਦੇ ਆਪਣੇ ਘਰ ਨ ਦੀ ਵੀ ਉਸ ਸਮੇਂ ਹੀ ਆਸ ਸੀ ।

ਇਸ ਹੋਲੇ ਦਾ ਭੋਗ 26 ਮਾਰਚ ਨੂੰ ਪਾਇਆ ਗਿਆ ਸੀ । ਪਰ ਰਸ ਰੰਗ ਵਿਚ ਸੰਗਤ ਤੇ ਆਗੂ ਉਦਾਸ ਸਨ ਕਿਉਂਕਿ ਸੱਚੇ ਪਾਤਸ਼ਾਹ ਕਿਸੇ ਨਾਲ ਬਚਨ ਨਹੀਂ ਕਰਦੇ, ਨਿਗਾਹ ਭਰ ਕੇ ਤੱਕਣਾ ਤਾਂ ਕਿਤੇ ਰਿਹਾ ਉੱਚੀ ਨਜ਼ਰ ਹੀ ਨਹੀਂ ਸਨ ਦੇ । ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਤੇ ਸੰਤ ਭਗਤ ਸਿੰਘ ਦਾਤੇ ਵਾਲੀਏ ਨੇ ਤਾ ਜੀ ਕੋਲ ਜਾ ਕੇ ਅਰਜ਼ ਕੀਤੀ ਕਿ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਜਾਵੇ ਕਿ ਸੰਗਤ ਨੂੰ ਨਦਰੀ ਨਦਰ ਨਿਹਾਲ ਕਰਿਆ ਕਰਨ, ਆਪਣੇ ਮੁਖਾਰਬਿੰਦ ਤੋਂ ਸੰਗਤ ਭਲੇ ਲਈ ਬਚਨ ਕਰਿਆ ਕਰਨ । ਉਹਨਾਂ ਦੀ ਸੁੱਖ ਸਾਂਦ ਪੁੱਛਿਆ ਕਰਨ।

ਮਾਤਾ ਜੀ ਨੇ ਸੰਤਾਂ ਨਾਲ ਸਹਿਮਤੀ ਤਾਂ ਪ੍ਰਗਟ ਕੀਤੀ ਪਰ ਉਹਨਾਂ ਸਤਿਗੁਰੂ ਜੀ ਕੁਝ ਵੀ ਨਾ ਕਹਿ ਸਕਣ ਦੀ ਆਪਣੀ ਮਜ਼ਬੂਰੀ ਵੀ ਦਸੀ ਕਿਉਂਕਿ ਉਹਨਾਂ ਨੇ ਸ਼ੁਕਰ ਕੀਤਾ ਸੀ ਕਿ ਆਪ ਤਪ ਕਰਨ ਲਈ ਬਨਾਂ-ਪਰਬਤਾਂ ਵਿਚ ਨਹੀਂ ਸਨ ਏ । ਜੇ ਸਤਿਗੁਰੂ ਜੀ ਪੰਡਤ ਬਸੰਤ ਸਿੰਘ ਨਾਲ ਚਲੇ ਜਾਂਦੇ ਤਾਂ ਸੰਗਤ ਨੇ ਤਾਂ ਲੋਂ-ਬੇਹਾਲ ਹੋਣਾ ਹੀ ਸੀ । ਮਾਂ ਦਾ ਕੀ ਹਾਲ ਹੁੰਦਾ, ਮਾਤਾ ਜੀ ਹੀ ਜਾਣਦੇ ਸਨ । ਹਨਾਂ ਸੰਤਾ ਨੂੰ ਆਪੇ ਅਰਜ਼ ਕਰਨ ਦੀ ਖੁਲ੍ਹ ਵੀ ਦੇ ਦਿੱਤੀ ਸੀ ।

3 ਜੂਨ 1910 ਈ: ਨੂੰ ਸ਼ੁਕਰਵਾਰ ਸ੍ਰੀ ਭੈਣੀ ਸਾਹਿਬ ਨਿਮਾਣੀ ਦਾ ਮੇਲਾ ਸੀ । ਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਸੰਤ ਭਗਤ ਸਿੰਘ ਦਾਤੇ ਵਾਲੀਏ ਤੇ ਸੰਤ ਲ ਸਿੰਘ ਭੂਰੇ ਗਿੱਲ ਨੇ ਸਤਿਗੁਰੂ ਜੀ ਦੇ ਨਿਕਟ ਵਰਤੀ ਭਾਈ ਵਜ਼ੀਰ ਸਿੰਘ ਤੇ ਤ ਗੁਰਬਖਸ਼ ਸਿੰਘ ਨਾਲ ਸਲਾਹ ਮੇਲੀ ਕਿ ਉਹ ਸਤਿਗੁਰੂ ਜੀ ਸੰਗਤ ਨੂੰ ਖੁਸ਼ੀਆਂ ਸ਼ਣ ਲਈ ਪ੍ਰਾਰਥਨਾ ਕਰਨੀ ਚਾਹੁੰਦੇ ਸਨ । ਉਹਨਾਂ ਵਲੋਂ ਉਤਸ਼ਾਹ ਵਰਧਕ ਾਰਾ ਮਿਲਿਆ ਤਾਂ ਤਿੰਨਾਂ ਨੇ ਦੋਇਕਰ ਜੋੜ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਬਖਸ਼ਸ਼ ਕਰਨ, ਨਜ਼ਰ ਭਰ ਕੇ ਤੱਕਣ, ਪ੍ਰਸੰਨਚਿੱਤ ਹੋ ਬਚਨ ਕਰਨ ਸੁੱਖ ਸਾਂਦ ਛਣ ਤਾਂਕਿ ਸਾਧ ਸੰਗਤ ਦਾ ਥਕੇਵਾਂ ਲਹਿ ਜਾਵੇ ।

ਸਤਿਗੁਰੂ ਜੀ ਦੀ ਬਿਰਤੀ ਤਾਂ ਅਕਾਲ ਪੁਰਖ ਨਾਲ ਲਗੀ ਰਹਿੰਦੀ ਸੀ । ਉਹ ਲਾਂ ਕਰ ਕੇ ਆਪਣੇ ਅਮੋਲਕ ਸਵਾਸਾਂ ਨੂੰ ਬਿਰਥਾ ਨਹੀਂ ਸਨ ਜਾਣ ਦੇਣਾ ਚਾਹੁੰਦੇ । ਹ ਭਜਨ ਬੰਦਗੀ ਵਿਚ ਹੀ ਲੀਨ ਰਹਿਣਾ ਚਾਹੁੰਦੇ ਸਨ । ਇਸ ਤੋਂ ਬਿਨਾਂ ਆਪ ਤਿਗੁਰੂ ਰਾਮ ਸਿੰਘ ਜੀ ਤੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਸਾਧਾਂ ਸੰਤਾਂ ਦਾ



Namdhari Elibrary NamdhariElibrary@gmail.com

ਮਾਣ ਸਤਿਕਾਰ ਕਰਦੇ ਸਨ । ਉਹ ਸੰਤ, ਸਤਿਗੁਰੂ ਜੀ ਦੇ ਚਰਨੀਂ ਹੱਥ ਲਾਉਂਦੇ ਸਨ, ਮੱਥਾ ਟੇਕਦੇ ਸਨ । ਇਸ ਨੂੰ ਵੀ ਆਪ ਕਈ ਵਾਰ ਭਾਰ ਹੀ ਸਮਝਦੇ ਸਨ । ਸੋ ਆਪ ਨੇ ਸੰਤਾਂ ਦੀ ਪ੍ਰਾਰਥਨਾ ਵਲ ਧਿਆਨ ਨਾ ਦਿਤਾ । ਸੰਤ ਉਦਾਸ ਤਾਂ ਹੋਏ ਪਰ ਨਿਰਾਸ਼ ਨਾ ਹੋਏ ।

ਉਹਨਾਂ ਦੁਬਾਰਾ ਹਿੰਮਤ ਕੀਤੀ, ਕੁਝ ਹੋਰ ਪੁਰਾਤਨ ਸਾਧਾਂ ਨੂੰ ਨਾਲ ਲਿਆ । ਗਲ ਵਿਚ ਪਲਾ ਪਾ ਕੇ ਫਿਰ ਆਪਣੀ ਬਿਨੈ ਦੁਹਰਾਈ ਗਈ । ਉਸ ਵਕਤ ਕੁਦਰਤੀ ਮਾਤਾ ਜੀ ਵੀ ਕੋਲ ਹੀ ਬੈਠੇ ਸਨ । ਉਹਨਾਂ ਵੀ ਸਾਧ ਸੰਗਤ ਦੀ ਬੇਨਤੀ ਨੂੰ ਸਹੀ ਕਰਾਰ ਦਿੱਤਾ ਅਤੇ ਉਹਨਾਂ ਨੂੰ ਇਹ ਬੇਨਤੀ ਮੰਨ ਲੈਣ ਲਈ ਕਿਹਾ । ਸਤਿਗੁਰੂ ਜੀ ਵਿਗਸ ਪਏ । ਬੱਸ ਫੇਰ ਕੀ ਸੀ ।

ਲੱਖ ਖੁਸ਼ੀਆਂ ਪਾਤਿਸਾਹੀਆਂ, ਜੇ ਸਤਿਗੁਰੁ ਨਦਰਿ ਕਰੇਇ।
ਨਿਮਖ ਏਕ ਹਰਿ ਨਾਮੁ ਦੇਇ, ਮੇਰਾ ਮਨੁ ਤਨੁ ਸੀਤਲੁ ਹੋਇ ।

ਹਰਿ ਨਾਮ ਤਾਂ ਸਤਿਗੁਰੂ ਜੀ ਜਪਦੇ ਤੇ ਜਪਾਉਂਦੇ ਹੀ ਸਨ, ਨਿਮਾਣੀ ਦੇ ਮੇਲੇ ਤੇ ਕੁਝ ਸਿੱਖਾਂ ਸਾਧਾਂ ਨੂੰ ਉਹਨਾਂ ਦਾ ਨਾਂ ਥਾਂ ਪਿੰਡ-ਪੀੜ੍ਹ, ਪੁੱਛ ਕੇ, ਉਹਨਾਂ ਵਲ ਮਿਹਰ ਦੀ ਨਿਗਾਹ ਨਾਲ ਤੱਕ ਕੇ ਆਪ ਨੇ ਉਹਨਾਂ ਨੂੰ ਖੁਸ਼ੀਆਂ ਬਖ਼ਸ਼ੀਆਂ ਸਨ । ਏਸੇ ਮੇਲੇ ਉਤੇ ਸਾਧ ਸੰਗਤ ਨੂੰ ਅਨੰਦਪੁਰ ਸਾਹਿਬ, ਹੋਲਾ ਮਨਾਏ ਜਾਣ ਬਾਰੇ ਦੱਸਿਆ ਗਿਆ ਤੇ ਦਰਸ਼ਨ ਦੇਣ ਲਈ ਕਿਹਾ ਗਿਆ ਸੀ ।

ਨਾਮਧਾਰੀ ਸਾਹਿਤ ਤੇ ਇਤਿਹਾਸ ਦੇ ਖਜ਼ਾਨੇ ਨੂੰ ਸੰਭਾਲਣ ਲਈ ਆਪ ਨੇ ਬਰਸਾਤ ਦੀ ਰੁੱਤ ਦੇ ਚਲੀਹੇ ਦਾ ਸਮਾਂ ਉਪਯੁਕਤ ਸਮਝ ਕੇ ਵਰਤਿਆ । ਆਪ ਨਹਿਰ ਉਤੇ ਚਲੇ ਗਏ । ਭਜਨ ਬੰਦਗੀ ਕਰਨ ਲੱਗੇ । ਭਜਨ ਬੰਦਗੀ ਤੋਂ ਇਲਾਵਾ ਕੁਝ ਸਮਾਂ ਆਪ ਬਾਬਾ ਸੰਤੋਖ ਸਿੰਘ ਦੇ 'ਸਤਿਗੁਰੂ ਬਿਲਾਸ' ਨੂੰ ਦੇਂਦੇ ਸਨ । ਉਹ ਹੱਥ ਲਿਖਤ ਗ੍ਰੰਥ ਵਿਦਵਾਨ ਸਾਧੂਆਂ ਨਾਲ ਬੈਠ ਕੇ ਪੜ੍ਹਿਆ ਜਾਂਦਾ । ਉਸ ਦੀ ਸੁਧਾਈ ਕੀਤੀ ਜਾਂਦੀ, ਉਸ ਨੂੰ ਸਾਫ਼ ਸਾਫ਼ ਤੇ ਸੁਹਣਾ ਲਿਖਾਉਣ ਦਾ ਕਾਰਜ ਵੀ ਕੀਤਾ ਗਿਆ ।

ਸੱਚੇ ਪਾਤਸ਼ਾਹ ਸਾਧ ਸੰਗਤ ਦੀਆਂ ਅਰਜਾਂ ਸੁਣਦੇ ਸਨ ਕਿਉਂਕਿ ਆਪ ਅਰਜ਼ਾਂ ਪ੍ਰਵਾਨ ਕਰ ਲੈਂਦੇ ਸਨ । ਇਸ ਨਾਲ ਉਹਨਾਂ ਦੀ ਦਿਲ ਵਧੀ ਹੋਈ ਹੋਈ ਸੀ । ਸਤੰਬਰ ਵਿਚ ਸ: ਸੁੰਦਰ ਸਿੰਘ ਜੀ ਦੀ ਅਰਜ ਮੰਨ ਕੇ ਮਾਨਾਂ ਵਾਲੇ ਮੇਲਾ ਕੀਤਾ ਗਿਆ ਸੀ । ਇਸ ਮੇਲੇ ਦੀ ਜਾਣਕਾਰੀ ਮਿਲਣ ਕਰਕੇ ਮਾਝੇ, ਮਾਲਵੇ, ਬਾਰ, ਦੜਪ ਆਦਿ ਇਲਾਕਿਆਂ ਦੀ ਸੰਗਤ ਵੀ ਭਾਰੀ ਗਿਣਤੀ ਵਿਚ ਪਹੁੰਚ ਗਈ ਸੀ ।

ਪਹੁੰਚੇ ਹੋਏ ਕੀਰਤੀਵਾਨ, ਸੰਤ ਜਿਨ੍ਹਾਂ ਵਿਚ ਕੇਸਰ ਸਿੰਘ ਮਹਾਵੇ ਵਾਲੇ, ਕੇਸਰ ਸਿੰਘ ਚੁੱਪ, ਕੇਸਰ ਸਿੰਘ ਚਵਿੰਡੇ ਵਾਲੇ, ਜੀਵਨ ਸਿੰਘ ਸਰਹਾਲੀ, ਮਿੱਤ ਸਿੰਘ ਜੀਵਨ ਭਿੰਡਰ, ਭਗਤ ਸਿੰਘ ਦਾਤੇਵਾਲ, ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਲਾਲ ਸਿੰਘ ਭੂਰੇ ਗਿੱਲ, ਟਹਿਲ ਸਿੰਘ ਸੱਦੋਵਾਲੀ ਆਦਿ ਸ਼ਾਮਲ ਸਨ, ਨੇ ਦਰਸ਼ਨ ਦਿੱਤੇ ।

ਉਸ ਵੇਲੇ ਤੱਕ ਸਤਿਗੁਰੂ ਜੀ ਤੇ ਦੋਵੇਂ ਮਹਾਰਾਜ ਗੁੱਠ ਵਾਲੀ ਦਸਤਾਰ ਸਜਾਉਂਦੇ ਸਨ ਜਿਸ ਕਰਕੇ ਕੁਝ ਸਿੱਖ ਵੀ ਸਿੱਧੀ ਪੱਗ ਦੀ ਥਾਂ ਉਹਨਾਂ ਵਰਗੀ ਪੱਗ



Namdhari Elibrary NamdhariElibrary@gmail.com

ੀ ਬੰਨ੍ਹਦੇ ਸਨ। ਸੰਤਾਂ ਨੇ ਬਹਿ ਕੇ ਗੋਸ਼ਟ ਕੀਤੀ ਤੇ ਮਤਾ ਕੀਤਾ ਕਿ ਸੱਚੇ ਪਾਤਸ਼ਾਹ
ੀ ਨੂੰ ਸਿੱਧਾ ਦਸਤਾਰਾ ਸਜਾਉਣ ਲਈ ਬੇਨਤੀ ਕੀਤੀ ਜਾਵੇ। ਉਹਨਾਂ ਨੂੰ ਭਰੋਸਾ
ੀ ਕਿ ਮਨੋ ਚੰਗੀ ਗੱਲ ਸੋਚ ਕੇ ਅਰਜ਼ ਕਰਾਂਗੇ ਤਾਂ ਪਰਵਾਨ ਕੀਤੀ ਜਾ ਸਕਦੀ ਸੀ।

ਉਹ ਸਤਿਗੁਰੂ ਜੀ ਦੇ ਡੇਰੇ ਗਏ। ਉਹਨਾਂ ਆਪ ਨੂੰ ਗੁਰੂ ਘਰ ਦੀ ਮਰਯਾਦਾ ਮਨੁਸਾਰ ਸਿੱਧਾ ਦਸਤਾਰਾ ਸਜਾ ਕੇ ਸਾਧ ਸੰਗਤ ਵਿਚ ਦਰਸ਼ਨ ਦੇਣ ਲਈ ਬੇਨਤੀ ਕੀਤੀ। ਸਤਿਗੁਰੂ ਜੀ ਨੇ ਤੁਰੰਤ ਪ੍ਰਵਾਨ ਕਰ ਲਈ।

ਰਾਗੀ, ਕਾਲੂ ਤੇ ਮਤੂ ਦਾ ਦੀਵਾਨ ਲਗਾ ਹੋਇਆ ਸੀ। ਸੱਚੇ ਪਾਤਸ਼ਾਹ ਸਿਧੇ ਦਸਤਾਰੇ ਵਿਚ ਸਾਧ ਸੰਗਤ ਵਿਚ ਬਿਰਾਜਮਾਨ ਸਨ। ਉਸ ਤੋਂ ਬਾਅਦ ਸੰਤ ਲਾਲ ਸਿੰਘ ਨੇ ਕੀਰਤਨ ਕੀਤਾ। ਫਿਰ ਅਰਸ਼ੀ ਫ਼ਰਿਸ਼ਤਾ ਜੀ ਨੇ ਮਸਤੀ ਵਿਚ ਆ ਕੇ ਸਾਧ ਸੰਗਤ ਨੂੰ ਅਰਜ਼ ਕੀਤੀ ਕਿ ਸਾਰੇ ਹੀ ਦਸਤਾਰੇ ਸਿੱਧੇ ਕਰਕੇ ਗੁਰ ਮਰਿਆਦਾ ਤੇ ਧਾਰਨੀ ਹੋਣ ਦਾ ਸਬੂਤ ਦੇਣ। ਬਹੁਤ ਸਾਰੇ ਸਿੱਖਾਂ ਨੇ ਆਪੇ ਦਸਤਾਰੇ ਸਿੱਧੇ ਕਰ ਲਏ। ਕਈਆਂ ਦੇ ਦਸਤਾਰੇ ਸੰਤਾਂ ਨੇ ਸਿੱਧੇ ਕਰ ਦਿੱਤੇ। ਕੁਝ ਕੁ ਤਾਂ ਅਜੇ ਵੀ ਸੋਚਾਂ ਵਿਚ ਹੀ ਪਏ ਹੋਏ ਸਨ।

1912 ਈ: ਵਿਚ 1 ਤੋਂ 4 ਮਾਰਚ ਤੱਕ ਅਨੰਦਪੁਰ ਹੋਲਾ ਕਰਨ ਵੇਲੇ ਆਪ ਨੇ ਕੁਝ ਉਚੇਚੇ ਪ੍ਰਬੰਧ ਕੀਤੇ। ਆਪ ਨੇ ਪਹਿਲਾਂ ਹੀ ਪਤਾ ਕਰ ਲਿਆ ਸੀ ਕਿ ਆਲੇ ਦੁਆਲੇ ਦੇ, ਮਨਚਲੇ, ਮੇਲਿਆਂ ਉਤੇ ਉਥੇ ਆਉਂਦੇ ਸਨ, ਤਾਮਸੀ ਖਾਣੇ ਖਾਂਦੇ ਸਨ, ਨਸ਼ੇ ਪੱਤੇ ਕਰਦੇ ਸਨ ਅਤੇ ਵਾਤਾਵਰਨ ਨੂੰ ਵਿਸ਼ੈਲਾ ਬਣਾਉਂਦੇ ਸਨ। ਚਾਹੀਦਾ ਤਾਂ ਇਹ ਸੀ ਕਿ ਉਹ ਪੁਲਿਸ ਦਾ ਭੈਅ ਖਾਂਦੇ ਪਰ ਇਸ ਦੇ ਉਲਟ ਉਹਨਾਂ ਕੋਲੋਂ ਡਰਦੀ ਪੁਲਿਸ ਉਹਨਾਂ ਨੂੰ ਹੱਥ ਹੀ ਨਹੀਂ ਸੀ ਪਾਉਂਦੀ।

ਆਪ ਦੇ ਮੇਲੇ ਲਈ ਖੁੱਲ੍ਹਾ ਸੱਦਾ ਦੇਣ ਵਾਲੇ ਇਸ਼ਤਿਹਾਰ ਲੁਆਏ ਤੇ ਵੰਡਵਾਏ ਗਏ ਸਨ। ਇਸ਼ਤਿਹਾਰਾਂ ਵਿਚ ਮੇਲੇ ਵਿਚ ਮਾਸ, ਸ਼ਰਾਬ, ਹੁੱਕਾ, ਬੀੜੀ, ਸਿਗਰਟ ਆਦਿ ਵਰਤਣ, ਗੰਦ-ਮੰਦ ਬਕਣ ਦੀ ਸਖ਼ਤ ਮਨਾਹੀ ਸੀ। ਚਰਨਗੰਗਾ ਕੋਲ ਮੇਲੇ ਦਾ ਪ੍ਰੋਗਰਾਮ ਸੀ। ਥਾਣੇ ਵਿਚ, ਮੰਦੇ ਲੋਕਾਂ ਨੂੰ ਇਸ ਪਾਸੇ ਆ ਕੇ ਹੋਲੇ ਦੇ ਨੇਮਾਂ ਦੀ ਉਲੰਘਣਾ ਕਰਨ ਵਿਰੁਧ ਕਾਰਵਾਈ ਕਰਨ ਦੀ ਸੂਚਨਾ ਦੇ ਦਿੱਤੀ ਸੀ।

ਸਤਿਗੁਰੂ ਜੀ ਨੇ ਆਪਣੇ ਪ੍ਰਬੰਧ ਅਤੇ ਨਿਗਰਾਨੀ ਉੱਤੇ ਨਰੋਏ ਸਰੀਰਾਂ ਵਾਲੇ ਨਾਮਧਾਰੀ ਲਾਏ ਸਨ। ਜਿਨ੍ਹਾਂ ਦੇ ਦਬਦਬੇ ਤੇ ਰੋਹਬ ਕਰਕੇ ਕੋਈ ਦੁਰਘਟਨਾ ਨਾ ਵਾਪਰੀ। ਇਸ ਨਾਲ ਸਿੰਘ ਸਭੀਏ ਤੇ ਨਗਰ ਨਿਵਾਸੀ ਵੀ ਆਪ ਜੀ ਦੇ ਪ੍ਰਸੰਸਕ ਬਣ ਗਏ ਸਨ।

ਸਤਿਗੁਰੂ ਜੀ ਕੇਸਗੜ੍ਹ ਸਾਹਿਬ ਭੇਟਾ ਲੈ ਕੇ ਗਏ। ਪੁਜਾਰੀਆਂ ਨੇ ਅਰਦਾਸਾ ਕੀਤਾ ਤੇ ਭੇਟਾ ਪ੍ਰਵਾਨ ਕਰ ਲਈ।

ਹੋਲੇ ਦੇ ਭੋਗ ਸਮੇਂ ਸੰਤ ਸੈਮਾ ਸਿੰਘ ਜੀ ਮਾਂਗਾ (ਲਾਹੌਰ) ਸਤਿਗੁਰੂ ਜੀ ਦੀ ਹਜ਼ੂਰੀ ਆ ਖੜ੍ਹੇ ਹੋਏ। ਉਹਨਾਂ ਅਰਜ਼ ਕੀਤੀ ਕਿ ਅਗਲਾ 1913 ਈ: ਦਾ ਹੋਲਾ ਦੇਸ ਨੂੰ ਬਖ਼ਸ਼ਿਆ ਜਾਵੇ। ਸੰਤਾਂ ਕੋਲ ਤਨ ਦੇ ਕਪੜੇ ਵੀ ਪੂਰੇ ਨਹੀਂ ਸਨ। ਉਹ ਫ਼ਕਰ ਸਨ। ਉਹਨਾਂ ਕੋਲੋਂ ਹੋਲੇ ਦੇ ਖਰਚੇ ਲਈ ਧਨ ਪਦਾਰਥ ਲਿਆਉਣ ਦੀ ਆਸ



Namdhari Elibrary NamdhariElibrary@gmail.com

ਨਹੀਂ ਸੀ ਕੀਤੀ ਜਾ ਸਕਦੀ। ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤੇ ਨੇ ਦੋ ਤਿੰਨ ਵਾਰ ਝਿੜਕ ਕੇ ਉਸ ਨੂੰ ਬਿਠਾ ਦਿੱਤਾ ਕਿ, "ਪਾਟੀ ਕੱਛ ਵਾਲਾ, ਗੜਵੇ ਡੋਰੀ ਵਾਲਾ ਹੌਲਾ ਨਹੀਂ ਕਰ ਸਕਦਾ। ਤੁਹਾਨੂੰ ਹੌਲਾ ਨਹੀਂ ਮਿਲਣਾ।" ਸੰਤ ਸੰਮਾ ਸਿੰਘ ਜੀ ਵਜਦ ਵਿਚ ਆ ਗਏ ਤੇ ਉੱਠ ਕੇ ਫੇਰ ਬੋਲੇ, "ਹੌਲੇ ਵਾਲਾ ਮੇਰੀ ਬੁੱਕਲ ਵਿਚ ਹੈ। ਤੂੰ ਕੀ ਕਹਿਨਾ ਏ ? ਹੌਲਾ ਸਾਡਾ ਏ।" ਕੋਲੋਂ ਸੰਤ ਕੇਸਰ ਸਿੰਘ ਮਹਾਵੇ ਵਾਲੇ ਮਸਤੀ ਵਿਚ ਬੋਲੇ, "ਹੌਲਾ ਟੁੱਕਰਾਂ ਦਾ, ਹੌਲਾ ਫੱਕਰਾਂ ਦਾ। ਹੌਲਾ ਮਸਤਾਨਿਆਂ ਦਾ।" ਅਰਸ਼ੀ ਫ਼ਰਿਸ਼ਤੇ ਹੁਰਾਂ ਨੂੰ ਸਮਝ ਨਾ ਆਏ ਕੀ ਕਰਨ ਤੇ ਕੀ ਕਹਿਣ। "ਇਹਨਾਂ ਅੰਦਰ ਰੱਬ ਬੋਲਦਾ ਹੈ ਹੌਲਾ ਇਨ੍ਹਾਂ ਦਾ ਹੀ ਹੈ", ਕਹਿ ਕੇ ਸਤਿਗੁਰੂ ਜੀ ਨੇ ਹੌਲੇ ਦੀ ਪ੍ਰਵਾਨਗੀ ਦੇ ਦਿੱਤੀ। ਮਸਤਾਨਿਆਂ ਦੇ ਉਨਮਾਦ ਦਾ ਕੀ ਅੰਤ ਸੀ ?

ਸਤਿਗੁਰੂ ਜੀ ਅਰੋਗ ਤੇ ਨਰੋਇਆ ਸਰੀਰ ਰਖਣ ਲਈ, ਨਰੋਈ ਖ਼ੁਰਾਕ ਦਾ ਸੇਵਨ ਕਰਦੇ ਸਨ। ਇਸ ਖ਼ੁਰਾਕ ਵਿਚ ਪਰਸ਼ਾਦਾ ਦੁਪਹਿਰ ਸਮੇਂ ਹੀ ਛਕਣਾ ਸ਼ਾਮਲ ਸੀ। ਛਾਹ ਵੇਲੇ, ਨਾਸ਼ਤੇ ਵਿਚ, ਆਪ ਬਦਾਮ, ਮੇਵੇ, ਮੱਖਣ ਤੇ ਕਦੀ ਕਦੀ ਸ਼ਰਦਾਈ ਛਕਦੇ ਸਨ। ਰਾਤੀ ਆਪ 5 ਸੇਰ ਦੁੱਧ, ਜਦੋਂ ਉਹ ਕੜ ਕੇ ਅੱਧਾ ਰਹਿ ਜਾਂਦਾ, ਉਸ ਨੂੰ ਗ੍ਰਹਿਣ ਕਰਦੇ ਸਨ। ਆਪ ਆਪਣੇ ਹਾਣੀਆਂ ਨੂੰ ਵੀ ਬਰਾਬਰ ਦੀ ਜਾਂ ਉਹਨਾਂ ਦੇ ਪਚਾ ਸਕਣ ਜਿੰਨੀ ਖ਼ੁਰਾਕ ਦੇਂਦੇ ਸਨ। ਉਸ ਨੂੰ ਪਚਾਉਣ ਲਈ ਕਸਰਤ ਕੀਤੀ ਜਾਂਦੀ ਸੀ। ਪਰ ਜਿਹੜਾ ਆਪ ਜੀ ਦਾ ਬਚਨ ਨਹੀਂ ਸੀ ਮੰਨਦਾ ਉਸ ਦੀ ਰਸਦ ਬੰਦ ਕਰ ਦਿੱਤੀ ਜਾਂਦੀ ਸੀ।

ਆਪ ਆਪਣੇ ਹਾਣੀਆਂ ਮਾਘਾ ਸਿੰਘ ਤੇ ਗੁਰਬਖ਼ਸ਼ ਸਿੰਘ ਆਦਿ ਨਾਲ ਘੋਲ ਕਰਦੇ ਸਨ। ਹਰਨਾਮ ਸਿੰਘ ਨਥਾਣੀਏ ਨਾਲ ਗਤਕਾ ਖੇਡਿਆ ਜਾਂਦਾ ਸੀ। ਦੌੜਾਂ ਲਾਈਆਂ ਜਾਂਦੀਆਂ ਸਨ।

ਆਪ ਦੇ ਨਿਰਾਲੇ ਚੋਜ ਵੇਖ ਕੇ ਲੋਕ ਅਸ਼ ਅਸ਼ ਕਰਦੇ ਸਨ। 140 ਟਿੰਡਾਂ ਵਾਲੇ ਖੂਹ ਦੇ ਆਪ 60-70 ਗੇੜੇ ਦੇ ਲੈਂਦੇ ਸਨ। ਇਸ ਦੀ ਹਰ ਇਕ ਭਰੀ ਹੋਈ ਟਿੰਡ ਦਾ ਭਾਰ ਤਿੰਨ ਸੇਰ ਹੁੰਦਾ ਸੀ। ਆਪ ਖੂਹ ਦੀ 140 ਟਿੰਡਾਂ ਦੀ ਮਾਲ੍ਹ ਨੂੰ ਬੜਾ ਸੌਖਾ ਖੂਹ ਵਿਚੋਂ ਬਾਹਰ ਕੱਢ ਦੇਂਦੇ ਸਨ। ਆਪ ਖੜੇ ਖੜੋਤੇ ਊਠ ਉਤੇ, ਉਸ ਦੀ ਪੂਛ ਫੜ ਕੇ ਹੀ, ਚੜ੍ਹ ਜਾਂਦੇ ਸਨ। ਘੋੜ ਸਵਾਰ ਵੀ ਆਪ ਕਮਾਲ ਦੇ ਸਨ। ਆਪ ਸੱਜੇ ਹੱਥ ਨਾਲ ਖੱਬਾ ਅਤੇ ਖੱਬੇ ਨਾਲ ਸੱਜਾ ਕੰਨ ਫੜ ਕੇ ਛਾਲ ਮਾਰ ਕੇ ਘੋੜੇ ਉਤੇ ਬੈਠ ਜਾਂਦੇ ਸਨ।

ਇਕ ਵਾਰ ਵੇਖਿਆ ਗਿਆ ਕਿ ਇਕ ਭੂਤਰਿਆ ਹੋਇਆ ਸਾਨ੍ਹ ਆਪ ਨੂੰ ਸਿੱਧਾ ਆ ਰਿਹਾ ਸੀ। ਆਪ ਨੇ ਉਸ ਨੂੰ ਡਰਾਇਆ ਪਰ ਉਹ ਨਾ ਮੁੜਿਆ, ਸਿੱਧਾ ਅੱਗੇ ਵਧਿਆ। ਆਪ ਨੇ ਕਾਹਲੀ ਨਾਲ ਉਸ ਦੀ ਧੌਣ ਨੂੰ ਜੱਫਾ ਮਾਰ ਕੇ ਪਰ੍ਹਾਂ ਵਗਾਹ ਮਾਰਿਆ। ਉਹ ਦੁਬਾਰਾ ਅੱਗੇ ਨਾ ਵਧਿਆ ਅਤੇ ਚਖੁਰੀਏ ਪਿਛਾਂਹ ਨੂੰ ਨੱਸ ਗਿਆ।

ਅੜਬ ਸੰਢੇ ਨੂੰ ਉਸ ਦਾ ਜਬਾੜਾ ਫੜ ਕੇ ਖਲ੍ਹਾਰਦਿਆਂ ਤਾਂ ਆਪ ਨੂੰ ਕਈ ਵਾਰ ਵੇਖਿਆ ਗਿਆ ਸੀ।



Namdhari Elibrary NamdhariElibrary@gmail.com

ਰਾਗ ਆਪ ਦੇ ਰੂਹ ਦੀ ਖੁਰਾਕ ਬਣ ਗਿਆ ਸੀ। ਭਾਈ ਮਸਤਾਨ ਸਿੰਘ, ਟਿਆਲਾ ਘਰਾਨੇ ਦੇ ਉਸਤਾਦ ਰਾਗੀ ਜੀ ਤੋਂ ਆਪ ਨੇ ਰਾਗ ਵਿਦਿਆ ਗ੍ਰਹਿਣ ੀਤੀ ਸੀ। ਆਪ ਨੇ ਤਾਊਸ ਦੀਆਂ ਤਾਰਾਂ ਵਿਚ ਰੰਗ-ਰਸ ਪੈਦਾ ਕਰਨ ਦੀ ਕਲਾ ਵੀ ਣਹਨਾਂ ਕੋਲੋਂ ਹੀ ਹਾਸਲ ਕੀਤੀ। ਆਪ ਰਾਗ ਵਿਦਿਆ ਵਿਚ ਐਨੇ ਪ੍ਰਬੀਣ ਸਨ ਕਿ ੁਰਬਾਣੀ ਵਿਚ ਜਿਸ ਰਾਗ ਦਾ ਸ਼ਬਦ ਹੁੰਦਾ ਉਸ ਨੂੰ ਓਸੇ ਰਾਗ ਵਿਚ ਹੀ ਆਪ ਾਇਆ ਕਰਦੇ ਸਨ।

ਸੰਤ ਸੰਮਾ ਸਿੰਘ ਨੇ 1913 ਈ: ਦੇ ਹੋਲੇ ਦੀ ਉਗਰਾਹੀ ਦਾ ਮਨ ਬਣਾਇਆ। ੇਹ ਭਾਈ ਲਾਲੋ ਆਦਿ ਸਾਧਾਂ ਨੂੰ ਨਾਲ ਲੈ ਕੇ, ਮਾਂਗੇ, ਤੰਬੋਲੀ ਦੇ ਖੂਹ ਅਤੇ ਾਲੇ ਦੁਆਲੇ ਦੇ ਪਿੰਡਾਂ ਵਿਚ ਉਗਰਾਹੀ ਕਰਨ ਗਏ। ਸਭ ਪਾਸਿਓਂ ਟਕੇ ਵਰਗਾ ਵਾਬ ਮਿਲਿਆ। ਸਾਰੇ ਕੁਝ ਦੇਣ ਦੀ ਥਾਂ ਉਲਟਾ ਸੁਆਲ ਪੁੱਛਣ, "ਸਾਥੋਂ ਪੁੱਛ ਕੇ ਲਾ ਲਿਆ ਸੀ ?" ਸੰਤ ਸੋਚੀਂ ਪੈ ਗਏ। ਉਹ ਸਤਿਗੁਰੂ ਜੀ ਅੱਗੇ ਅਰਦਾਸ ਰਨ ਲਗੇ ਕਿਉਂਕਿ ਸਿੱਖ ਦੀ ਪ੍ਰਤਿਪਾਲਣਾ ਤਾਂ ਉਸ ਨੇ ਹੀ ਕਰਨੀ ਹੁੰਦੀ ਹੈ। ੁਸ ਨੂੰ ਰਾਤੀਂ ਸੁਪਨਾ ਆਇਆ। ਸੁਪਨੇ ਵਿਚ ਸਤਿਗੁਰੂ ਜੀ ਨੇ ਉਸ ਨੂੰ ੌਸਲਾ ਦਿੱਤਾ, "ਫਿਕਰ ਨਾ ਕਰ ਹੋਲਾ ਕਰਵਾਉਣ ਵਾਲੇ ਕਰਵਾ ਹੀ ਦੇਣਾ ਹੈ।"

ਸੰਤ ਜਾਗੇ, ਉਹਨਾਂ ਕਿਸੇ ਕੋਲੋਂ ਵੀ ਉਗਰਾਹੀ ਲੈਣ ਨਾ ਜਾਣ ਦਾ ਨਿਰਨਾ ਲਿਆ। ਉਹ ਮਾਲਾ ਫੜ ਕੇ ਬੈਠ ਗਏ ਇਸ ਭਰੋਸੇ ਨਾਲ ਕਿ, 'ਜਿਸ ਦਾ ਕਾਰਜ ੈ ਉਹ ਆਪੇ ਕਰ ਲਏਗਾ।'

ਹੋਲਾ ਨੇੜੇ ਆ ਗਿਆ। ਪਿੰਡ ਵਾਲਿਆਂ ਨੂੰ ਫਿਕਰ ਲੱਗਾ ਸੀ ਕਿ ਜੇ ਹੋਲਾ ਾ ਹੋਇਆ ਜਾਂ ਹੋਲੇ ਤੇ ਆਈ ਸਾਧ ਸੰਗਤ ਦੀ ਸੇਵਾ ਨਾ ਹੋਈ ਤਾਂ ਪੰਥ ਵਿੱਚ ਾਰੇ ਪਿੰਡ ਦੀ ਆਨ, ਮਾਨ, ਸ਼ਾਨ ਨੂੰ ਵੱਟਾ ਲੱਗ ਜਾਣਾ ਸੀ। ਉਹਨਾਂ ਨੇ ਭੱਜ ੱਸ ਕੀਤੀ। ਸਤਿਗੁਰ ਦੀ ਕ੍ਰਿਪਾ ਨਾਲ ਸਿੰਘਾਂ ਨੇ ਸੰਤਾਂ ਨੂੰ ਮੇਲੇ ਲਈ ਰਸਦ ਪਾਣੀ ਆ ਮੱਥਾ ਟੇਕਿਆ। ਪਰ ਚਾਨਣੀਆਂ ਵਲੋਂ ਜੁਆਬ ਮਿਲ ਗਿਆ। ਸੰਤਾਂ ਕੋਲ ਆ ੇ ਜਦ ਚਾਨਣੀਆਂ ਦੀ ਔਕੜ ਦੱਸੀ ਗਈ ਤਾਂ ਉਹਨਾਂ ਕਿਹਾ, "ਚਿੰਤਾ ਨਾ ਕਰੋ ਆਪੇ ਪਰਮੇਸ਼ਰ ਦਊ।"

ਇਹ ਸੱਚਮੁੱਚ ਵਿਲਖਣ ਹੋਲਾ ਸੀ ਜਿਸ ਨੂੰ ਕੁਦਰਤ ਆਪੇ ਹੀ ਕਰ ਰਹੀ ਸੀ। ਾਨਣੀਆਂ ਕਿਤੇ ਨਾ ਲਾਉਣੀਆਂ ਪਈਆਂ। ਹੋਲੇ ਦੇ ਦਿਨੀਂ ਨਾ ਮੀਂਹ ਪਿਆ ਨਾ ੜਾਕੇਦਾਰ ਧੁੱਪ ਹੋਈ। ਨੀਲੀ ਛੱਤ ਥੱਲੇ ਹੀ ਪਰਾਲੀ ਵਿਛਾ ਕੇ ਦੀਵਾਨ ਲਾਏ ਏ। ਲੰਗਰ ਘਰੋ ਘਰੀ ਤੇ ਖੂਹਾਂ ਉੱਤੇ ਪੱਕਿਆ ਤੇ ਵਰਤਿਆ ਗਿਆ।

ਭੋਗ ਵਾਲੇ ਦਿਨ 26 ਮਾਰਚ, 1913 ਈ: ਨੂੰ ਸਭ ਕਰਤੇ ਦੀ ਕੁਦਰਤ ਵੇਖ ਕੇ ਸਤ ਹੋ ਗਏ। ਐਡੇ ਵੱਡੇ ਪ੍ਰੋਗਰਾਮ ਨੂੰ ਨੇਪਰੇ ਚੜ੍ਹਿਆ ਜਾਣ ਕੇ ਸੰਤ ਸੰਮਾ ਸਿੰਘ ੀ ਮਸਤਾਨੇ ਹੋਏ ਸ਼ਬਦ ਪੜ੍ਹ ਰਹੇ ਸਨ :

ਸੰਤਾਂ ਦੇ ਕਾਰਜਿ ਆਪਿ ਖਲੋਇਆ ਹਰ ਕੰਮੁ ਕਰਾਵਣਿ ਆਇਆ ਰਾਮ ॥

ਸਾਰੀ ਸੰਗਤ ਵਜਦ ਵਿੱਚ ਆ ਗਈ ਸਭਨਾਂ ਦੇ ਸੀਸ ਤੋਂ ਦਸਤਾਰੇ ਲਹਿ ਗਏ। ੇਸ ਖਿਲਰ ਕੇ ਗਲਾਂ ਵਿਚ ਪੈ ਗਏ। ਇਕ ਮਸਤਾਨਾ, ਖੁਮਾਰੀ ਵਿਚ ਸੰਤ ਲਾਲ



Namdhari Elibrary NamdhariElibrary@gmail.com

ਸਿੰਘ ਹੁਰਾਂ ਦੇ ਵਾਜੇ ਉੱਤੇ ਡਿੱਗ ਪਿਆ, ਵਾਜਾ ਟੁੱਟਾ, ਸਤਿਗੁਰੂ ਜੀ ਕੋਲ ਸ਼ਿਕਾਇਤ ਗਈ ਤਾਂ ਉਹਨਾਂ ਮਸਤਾਨੇ ਨੂੰ ਇਹ ਕਹਿ ਕੇ ਖਿਮਾ ਕਰ ਦਿੱਤਾ ਕਿ, "ਮਸਤੀ ਵਿਚ ਸਭ ਮਾਫ ਹੁੰਦਾ ਹੈ।"

ਇਸ ਮੇਲੇ ਵਿਚ ਸੰਗਤ ਮਹਿਸੂਸ ਕਰ ਰਹੀ ਸੀ ਕਿ :

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ।
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠ ਧਾਵੈ ।

ਪੰਜਵੇਂ ਪਾਤਸ਼ਾਹ ਨੇ ਸੱਚ ਹੀ ਲਿਖਿਆ ਹੈ। ਨਹੀਂ ਤਾ ਇਹ ਜੱਗ ਸੰਭਵ ਹੀ ਨਹੀਂ ਸੀ।

ਸਤਿਗੁਰੂ ਜੀ ਦੀ ਪ੍ਰਭੁਤਾ ਕਾਰਨ ਉਹਨਾਂ ਦਾ ਆਦਰ ਸਤਿਕਾਰ ਗ਼ੈਰ ਨਾਮਧਾਰੀਆਂ ਵਿੱਚ ਵੀ ਬਹੁਤ ਵੱਧ ਰਿਹਾ ਸੀ। ਉਹ ਨਾਮਧਾਰੀ ਸਿੱਖਾਂ ਨੂੰ ਆਪਣੀ ਮਰਯਾਦਾ ਵਿਚ ਹੀ ਰਹਿਣ ਵਿਚ ਸੁਖ ਪ੍ਰਾਪਤ ਹੋਣ ਬਾਰੇ ਬਚਨ ਕਰਦੇ ਸਨ। ਉਹ ਸਮਾਜਕ ਰੂੜ੍ਹੀਆਂ ਤੇ ਅੰਧ ਵਿਸ਼ਵਾਸਾਂ ਨੂੰ ਤੋੜਣਾ ਚਾਹੁੰਦੇ ਸਨ। ਸਾਰੇ ਰਸਮਾਂ ਰਿਵਾਜਾਂ ਵਿੱਚ ਬਹੁਤ ਸਾਰੇ ਸੁਧਾਰ ਉਹਨਾਂ ਕੀਤੇ। ਵਿਆਹਾਂ ਸ਼ਾਦੀਆਂ ਉਤੇ ਭਾਜੀਆਂ ਦੀ ਮਨਾਹੀ ਕੀਤੀ।

4 ਅਕਤੂਬਰ, 1913 ਈ: ਨੂੰ ਸ਼ਨਿਚਰਵਾਰ (ਅੱਸੂ ਦਾ ਪੰਜਵਾਂ ਨਰਾਤਾ) ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਕਾਰਜ ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਪੁਤਰੀ ਬੀਬੀ ਸਤਵੰਤ ਕੌਰ ਨਾਲ ਲਾਹੌਰ ਵਿਖੇ ਸੀ। ਅਨੰਦ ਕਾਰਜ ਤੋਂ 2-3 ਦਿਨ ਪਹਿਲਾਂ ਬਾਬਾ ਜੀ ਦੇ ਨਿਵਾਸ ਭਾਟੀ ਦਰਵਾਜ਼ੇ ਮੇਲਾ ਬਣਿਆ ਰਿਹਾ। ਉਸ ਦਿਨ ਵੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ, ਵੇਦੀ ਗੱਡੀ ਗਈ, ਅੰਮ੍ਰਿਤ ਤਿਆਰ ਕੀਤਾ ਗਿਆ, ਹਵਨ ਕੀਤਾ ਗਿਆ, ਦੋਹਾਂ ਨੂੰ ਅੰਮ੍ਰਿਤ ਛਕਾਇਆ ਗਿਆ ਪਰ ਬੀਬੀ ਜੀ ਨੂੰ ਅੰਦਰ ਛਕਾਇਆ ਸੀ। ਉਹ ਨੰਗੇ ਮੂੰਹ, ਮੱਥਾ ਟੇਕ ਕੇ ਮਹਾਰਾਜ ਜੀ ਦੇ ਖੱਬੇ ਪਾਸੇ ਬੈਠੇ, ਆਦਿ ਸ੍ਰੀ ਗ੍ਰੰਥ ਸਾਹਿਬ ਤੋਂ ਲਾਵਾਂ ਦਾ ਪਾਠ ਕਰਨ ਦੇ ਨਾਲ ਨਾਲ ਸੱਜੇ ਹੱਥ ਚਾਰ ਲਾਵਾਂ ਲੈ ਕੇ ਅਨੰਦ ਕਾਰਜ ਸੰਪੂਰਨ ਹੋਇਆ। ਇਸ ਸਮੇਂ ਕੀਰਤਨ ਤੇ ਪਰਚਾਰ ਸੰਤ ਲਾਲ ਸਿੰਘ ਭੂਰੇ ਗਿੱਲ ਨੇ ਕੀਤਾ।

ਮਸਤੀ ਦੇ ਆਲਮ ਨਿਰਾਲੇ ਹੁੰਦੇ ਹਨ। ਸੰਤ ਸੁੰਦਰ ਸਿੰਘ ਮੰਜੀ ਤੋੜ ਮਸਤੀ ਵਿਚ ਦੌੜੇ ਫਿਰਨ ਨਾਲ ਕਹਿੰਦੇ ਫਿਰਨ, "ਅਸਲ ਨਹੀਂ ਨਕਲ ਏ, ਅਸਲ ਨਹੀਂ ਨਕਲ ਏ।"

ਸਤਿਗੁਰੂ ਜੀ ਨੇ ਸਾਧ ਸੰਗਤ ਦੇ ਸਾਹਵੇਂ ਉਸ ਨੂੰ ਸੱਦਿਆ। ਉਸ ਕੋਲੋਂ ਉਸ ਦੀ ਗੱਲ ਦਾ ਮਤਲਬ ਪੁੱਛਿਆ। ਸੰਤ ਮੰਜੀ ਤੋੜ ਨੇ ਕਿਹਾ ਕਿ ਬੀਬੀ ਨੂੰ ਅੰਮ੍ਰਿਤ ਸਾਧ ਸੰਗਤ ਵਿੱਚ ਨਹੀਂ ਛਕਾਇਆ ਗਿਆ। ਮਹਾਰਾਜ ਜੀ ਦੀ ਦਸਤਾਰ ਵੀ ਸਿੱਧੀ ਨਹੀਂ ਸੀ, ਸੋ ਅਸਲ ਕਿਵੇਂ ਹੋਇਆ ? ਆਪ, ਉਸ ਦੀ ਸਪੱਸ਼ਟਵਾਦਿਤਾ ਉੱਤੇ ਪ੍ਰਸੰਨ ਹੋਏ ਤੇ ਬਚਨ ਕੀਤਾ ਕਿ ਆਉਣ ਵਾਲੇ ਵਕਤ ਵਿੱਚ ਕਸਰ ਨਿਕਲ ਜਾਏਗੀ।

ਸੱਚੇ ਪਾਤਸਾਹ ਜੀ ਦੀ ਆਗਿਆ ਅਨੁਸਾਰ ਸੰਤ ਲਾਲ ਸਿੰਘ ਹੁਰਾਂ ਨੇ ਸਤਿਗੁਰੂ ਜੀ ਦਾ ਹੁਕਮ ਸੁਣਾਇਆ ਕਿ ਅਗੋਂ ਲਈ ਕੋਈ ਨਾਮਧਾਰੀ, ਅਨੰਦ ਕਾਰਜ ਸਮੇਂ



Namdhari Elibrary NamdhariElibrary@gmail.com

ਠਿਆਈ ਦੀ ਰੋਟੀ ਨਾ ਕਰੇ, ਨਾ ਹੀ ਚੌਲਾਂ ਦਾ ਅਡੰਬਰ ਕਰੇ। ਜੰਞ ਨੂੰ ਦਾਲ ਪਰਸ਼ਾਦਾ ਤੇ ਕੜਾਹ ਪਰਸ਼ਾਦ ਹੀ ਛਕਾਇਆ ਜਾਵੇ। ਉਸ ਤੋਂ ਬਾਅਦ ਵੀ ਕੋਈ ਸਗਨ ਜਾਂ ਕਾਚਾਰੀ ਨਾ ਕੀਤੀ ਜਾਵੇ। ਉਸ ਨੇ ਇਹ ਵੀ ਸੁਣਾਇਆ ਕਿ ਗੁਰ ਮਰਿਆਦਾ ਾ ਉਲੰਘਣ ਕਰਨ ਵਾਲਾ ਤਨਖਾਹ (ਡੰਨ) ਦਾ ਭਾਗੀਦਾਰ ਹੋਵੇਗਾ।

ਅਨੰਦ ਕਾਰਜ ਪਿੱਛੋਂ ਸਾਰਾ ਗੁਰੂ ਪਰਿਵਾਰ ਤਾਂ ਸ੍ਰੀ ਭੈਣੀ ਸਾਹਿਬ ਆ ਗਿਆ ਰ ਸਤਿਗੁਰੂ ਜੀ ਨੇ ਨਹਿਰ ਕੰਢੇ ਇਕਾਂਤ ਵਾਸ ਕੀਤਾ। ਬੀਬੀ ਸਤਵੰਤ ਕੌਰ ਜੀ ; ਪੇਕੇ ਫੇਰਾ ਪਾਉਣ ਜਾਣਾ ਸੀ। ਮਾਤਾ ਜੀ ਨੇ ਲੋਕ ਲਾਜ ਤੇ ਰਿਵਾਜ ਮੁਤਾਬਕ ਾਲ ਕੱਚੀ ਪਿੰਨੀ ਦੇ ਪੀਪੇ ਭਰ ਕੇ ਭੇਜੇ ਸਨ। ਸਤਿਗੁਰੂ ਜੀ ਨੂੰ ਖ਼ਬਰ ਮਿਲੀ ਤਾਂ ਾਪ ਨੇ ਕੁਝ ਸਿੱਖ ਸਾਹਨੇਵਾਲ ਸਟੇਸ਼ਨ ਵੱਲ, ਜਿੱਥੋਂ ਲਾਹੌਰ ਲਈ ਗੱਡੀ ਫੜਨੀ ੀ, ਦੌੜਾਏ। ਉਹਨਾਂ ਆਪ ਜੀ ਦੇ ਹੁਕਮ ਅਨੁਸਾਰ ਜਿਹੜੇ ਪੀਪੇ ਵੀ ਕੱਚੀ ਪਿੰਨੀ ! ਹੱਥ ਲੱਗੇ ਉਹ ਡੋਲ੍ਹ ਕੇ ਰੇਤ ਵਿਚ ਮਿਲਾ ਦਿੱਤੀ ਸੀ।

ਸਤਿਗੁਰੂ ਜੀ, ਮਾਤਾਵਾਂ ਨਾਲ ਗੁਰਮਤਿ ਦਾ ਪਾਲਣ ਨਾ ਕਰਨ ਕਰ ਕੇ ਨਾਰਾਜ਼ ਨ। ਉਹਨਾਂ ਨੂੰ ਇਸ ਲੋਕਾਚਾਰੀ ਦੇ ਕਿਸੇ ਵੀ ਪਾਸਿਓਂ ਉਲਾਂਭਾ ਮਿਲਣ ਦੀ ਭਾਵਨਾ ਸੀ। ਉਂਜ ਕੱਚੀ ਪਿੰਨੀ ਰੇਤ ਵਿਚ ਮਿਲਾ ਦੇਣ ਦੀ ਗੱਲ ਵੀ, ਸਿੱਖਾਂ ਵਚ, ਜੰਗਲ ਦੀ ਅੱਗ ਵਾਂਗ ਫੈਲ ਗਈ ਸੀ।

ਘਣੀਏ ਕੇ, ਲਾਹੌਰ ਮਹੰਤ ਲਹਿਣਾ ਸਿੰਘ ਦੀ ਭਤੀਜੀ ਦਾ ਵਿਆਹ ਸੀ। ਤਿਗੁਰੂ ਜੀ ਨੂੰ ਪਤਾ ਲਗਾ ਕਿ ਉਹਨਾਂ ਮਠਿਆਈ ਬਣਾਈ ਹੈ। ਆਪ ਘੋੜੇ ਤੇ ਵਾਰ ਹੀ ਉਹਨਾਂ ਘਰ ਚਲੇ ਗਏ। ਆਪ ਨੇ ਹੁਕਮ ਕੀਤਾ ਕਿ ਮਠਿਆਈ ਬਿਲਕੁਲ ਾ ਵਰਤਾਈ ਜਾਏ ਤਾਂਕਿ ਹੋਰ ਕੂਕੇ ਸਿੱਖਾਂ ਨੂੰ ਵੀ ਕੰਨ ਹੋਣ। ਸਾਰੇ ਸਿੱਖ ਬਰਾਦਰੀ ਤੇ ਬੀਬੀਆਂ ਦੇ ਦਬਾਅ ਤੋਂ ਬਚ ਕੇ ਸਿੱਧੇ ਰਾਹ ਚਲਣ। ਸਤਿਗੁਰੂ ਜੀ ਦੇ ਹੁਕਮ ੀ ਉਲੰਘਣਾ ਦਾ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ ਪਰ ਸਿੱਖਾਂ ਨੇ ਅਰਜ਼ ਕਰ ' ਮਠਿਆਈ ਵਿਆਹ ਪਿਛੋਂ ਵਰਤਾਉਣ ਦੀ ਮਨਜ਼ੂਰੀ ਲੈ ਲਈ ਤਾਂਕਿ ਅੰਨ ਵਰਾਨ ਾ ਹੋਵੇ। ਸਤਿਗੁਰੂ ਜੀ ਨੇ ਅਗੋਂ ਲਈ ਵਿਆਹਾਂ ਉਤੇ ਲਾਂਗਰੀ ਭੋਜਣ ਦਾ ਰਰਨਾ ਸੁਣਾਇਆ।

ਮਹੰਤ ਸਾਫ਼ ਦਿਲ ਤੇ ਖੜਕੇਦਾਰ ਵਿਅਕਤੀ ਸੀ ਪਰ ਹੈ ਸੀ ਮੂੰਹਫਟ ਜਦੋਂ ਤਿਗੁਰੂ ਜੀ ਘੋੜੇ ਉਤੇ ਆਏ ਸਨ ਤਾਂ ਕੀਰਤਨ ਹੋ ਰਿਹਾ ਸੀ। ਮਹੰਤ ਨੇ ਆਪ ਵੇਂ ਗੱਲਾਂ ਕਹਿ ਦਿਤੀਆਂ ਕਿ ਇਕ ਤਾਂ ਘੋੜੇ ਤੇ ਚੜ੍ਹ ਕੇ ਆਉਣ ਨਾਲ ਕੀਰਤਨ ਾ ਸਤਿਕਾਰ ਨਹੀਂ ਹੋਇਆ ਦੂਜਾ ਮਾਤਾ ਜੀ ਨੂੰ ਲਾਹੌਰ ਕੱਚੀ ਪਿੰਨੀ ਭੇਜੀ ਸੀ।

ਸੱਚੇ ਪਾਤਸ਼ਾਹ ਸੰਗਤ ਸਾਹਵੇਂ ਹੱਥ ਬੰਨ੍ਹ ਕੇ ਖਲੋ ਗਏ ਤੇ ਬਚਨ ਕੀਤਾ ਕਿ ੜੇ ਤੇ ਸਵਾਰ ਹੋ ਕੇ ਕੀਰਤਨ ਵਿਚ ਆਉਣਾ ਮਰਯਾਦਾ ਅਨੁਸਾਰ ਨਹੀਂ ਸੀ, ਸ ਦਾ ਸੰਗਤ ਜੋ ਚਾਹੇ ਉਹਨਾਂ ਨੂੰ ਡੰਨ ਲਾਵੇ। ਕੱਚੀ ਪਿੰਨੀ ਬਾਰੇ ਉਹ ਕਸੂਰ-ਾਰ ਨਹੀਂ ਸਨ, ਨਾਲੇ ਉਹ ਮਿੱਟੀ ਵਿਚ ਵੀ ਰੋਲ ਦਿਤੀ ਗਈ ਸੀ। ਆਪ ਜੀ ਨੂੰ ਾਪਣੇ ਸਨਮੁੱਖ ਹੱਥ ਬੰਨ੍ਹ ਖੜਿਆਂ ਵੇਖ ਕੇ ਸੰਗਤ ਵੈਰਾਗੀ ਹੋ ਗਈ। ਮਹੰਤ ਨੂੰ ਵੀ ਾਪਣੇ ਕਾਹਲੀ ਵਿਚ ਕੀਤੇ ਬਚਨਾਂ ਉਤੇ ਪਸ਼ਚਾਤਾਪ ਹੋਇਆ। ਕਿਸੇ ਨੂੰ ਕੁਝ ਨਾ



Namdhari Elibrary NamdhariElibrary@gmail.com

ਅਹੁੜੇ। ਸੰਗਤ ਆਪ ਦੇ ਚਰਨੀਂ ਢਹਿ ਪਈ ਤੇ ਬਖਸ਼ਸ਼ ਦਾ ਖ਼ੈਰ ਮੰਗਿਆ।

ਸਤਿਗੁਰੂ ਪਰਤਾਪ ਸਿੰਘ ਦੇ ਮਨ ਵਿਚ ਮਾਤਾਵਾਂ ਦੇ ਗੁਰਮਤਿ ਦੀ ਉਲੰਘਣਾ ਕਰਨ ਦਾ ਐਨਾ ਰੋਸ ਸੀ ਕਿ ਆਪ ਨੇ ਉਹਨਾਂ ਨਾਲ ਬਚਨ ਕਰਨਾ ਵੀ ਛੱਡ ਦਿੱਤਾ ਸੀ। ਆਪ ਸਮਝਦੇ ਸਨ ਕਿ ਜੇ ਆਪਣੇ ਘਰ ਹੀ ਅਨੁਸ਼ਾਸਨ ਭੰਗ ਹੋਵੇਗਾ ਬਾਹਰ ਕਿਵੇਂ ਚਲੇਗਾ ? ਆਪ ਜੀ ਦੀਆਂ ਨਜ਼ਰਾਂ ਵਿਚ ਸਭ ਬਰਾਬਰ ਸਨ, ਕਿਸੇ ਦਾ ਲਿਹਾਜ਼ ਨਹੀਂ ਸੀ। ਪਰ ਆਪ ਦੇ ਬੋਲਣਾ ਬੰਦ ਕਰਨ ਨਾਲ ਮਾਤਾਵਾਂ ਉਦਾਸ ਤੇ ਨਿਰਾਸ਼ ਹੋ ਗਈਆਂ। ਉਹ ਆਪਣੇ ਕੀਤੇ ਤੇ ਪਸ਼ਚਾਤਾਪ ਕਰ ਰੋਹੀਆਂ ਸਨ।

ਮਾਤਾਵਾਂ ਦੀ ਬਖਸ਼ਬੰਦੀ ਲਈ ਮਹਾਰਾਜ ਗੁਰਦਿਆਲ ਸਿੰਘ, ਸੰਤ ਲਾਲ ਸਿੰਘ ਭੂਰੇ ਗਿੱਲ ਅਤੇ ਹੋਰ ਸਿੱਖ ਸਾਧ ਹੱਥ ਬੰਨ੍ਹ ਕੇ ਸਤਿਗੁਰੂ ਜੀ ਦੀ ਹਜ਼ੂਰੀ ਜਾ ਖਲੋਤੇ। ਸਭ ਦੇ ਨੇਤਰ ਸਜਲ ਸਨ, ਅਵਾਜ਼ ਨਿਕਲ ਨਹੀਂ ਸੀ ਰਹੀ। ਸਤਿਗੁਰੂ ਜੀ ਨੇ ਕ੍ਰਿਪਾ ਕਰ ਕੇ ਬਖ਼ਸ਼ਬੰਦੀ ਕੀਤੀ।

ਸਤਿਗੁਰੂ ਪਰਤਾਪ ਸਿੰਘ ਦਾ ਆਪਣਾ ਅਨੰਦ ਕਾਰਜ ਵੀ ਇਕ ਖ਼ਾਸ ਇਤਿਹਾਸਕ ਘਟਨਾ ਸੀ। ਉਹ ਅਨੰਦ ਕਾਰਜ ਆਪਣੇ ਆਪ ਵਿਚ ਵਿਲੱਖਣ ਵੀ ਸੀ। ਇਹ ਦਸੰਬਰ 1913 ਈ: ਨੂੰ ਗਦੋਂਡੋਬ (ਗੁਰੂ ਸਰ), ਫਿਰੋਜ਼ਪੁਰ ਵਿਖੇ ਹੋਇਆ।

ਇਹ ਜਿਮੀਂਦਾਰ ਹਮੀਰ ਸਿੰਘ ਦਾ ਪਿੰਡ ਸੀ। ਉਸ ਦੇ ਲੜਕੇ ਸ: ਸੁੰਦਰ ਸਿੰਘ ਨੇ ਗੁਰੂ ਹਰੀ ਸਿੰਘ ਸਮੇਂ ਭਜਨ ਪੁੱਛਿਆ ਅਤੇ ਗੁਰੂ ਘਰ ਦਾ ਸ਼ਰਧਾਲੂ ਸਿੱਖ ਬਣ ਗਿਆ। ਉਸ ਦੇ ਘਰ ਤਿੰਨ ਲੜਕੇ ਤੇ ਦੋ ਲੜਕੀਆਂ ਸਨ। ਭਾਵੇਂ ਉਸ ਦੀ ਛੋਟੀ ਲੜਕੀ ਬੀਬੀ ਵੀਰੋ ਬਚਪਨ ਵਿਚ ਹੀ ਨੀਲਿਆਂ ਵਾਲੀ ਦੇ ਜ਼ੈਲਦਾਰ ਗੁਰਮੁਖ ਸਿੰਘ ਦੇ ਲੜਕੇ ਨਾ ਮੰਗੀ ਹੋਈ ਸੀ। ਫਿਰ ਵੀ ਉਸ ਦੀ ਭਾਵਨਾ ਬੀਬੀ ਦਾ ਅਨੰਦ ਕਾਰਜ ਸਤਿਗੁਰੂ ਪਰਤਾਪ ਸਿੰਘ ਨਾਲ ਕਰਨ ਦੀ ਸੀ। ਉਸ ਨੇ ਆਪਣੇ ਘਰ ਵਿਚ ਸਲਾਹ ਕੀਤੀ ਤਾਂ ਭਰਾ ਸੱਦਾ ਸਿੰਘ ਨੂੰ ਤਾਂ ਸੱਤੀਂ ਕੱਪੜੀਂ ਅੱਗ ਲੱਗ ਗਈ ਪਰ ਉਸ ਦੀ ਸੁਪਤਨੀ ਰਾਮ ਕੌਰ ਤੇ ਸਪੁੱਤਰਾਂ ਨੇ ਆਪਣੇ ਧੰਨ ਭਾਗ ਸਮਝੇ ਜੇ ਗੁਰੂ ਘਰ ਉਹਨਾਂ ਦਾ ਸਾਕ ਪਰਵਾਨ ਕਰ ਲਵੇ।

ਰੱਬ ਦਾ ਭਾਣਾ ਸੰਤ ਸੁੰਦਰ ਸਿੰਘ ਜੀ ਬੀਮਾਰ ਹੋ ਗਏ। ਉਹਨਾਂ ਦੇ ਬਚਣ ਦੀ ਕੋਈ ਆਸ ਨਹੀਂ ਸੀ। ਸਤਿਗੁਰੂ ਜੀ ਦਾ ਮਾਲਵੇ ਦਾ ਦੌਰਾ ਸੀ, ਨਾਲ ਮਾਤਾ ਜੀ ਤੇ ਹੋਰ ਸਿੱਖ ਸਾਧ ਵੀ ਸਨ। ਆਪ ਨੇ ਸੰਤਾਂ ਦੇ ਘਰ ਚਰਨ ਪਾਏ ਤਾਂ ਉਹਨਾਂ ਆਪਣੀ ਅੰਤਮ ਇੱਛਾ ਬੀਬੀ ਵੀਰੋ ਦੇ ਸਤਿਗੁਰੂ ਜੀ ਨਾਲ ਅਨੰਦਕਾਰਜ ਦੀ ਦੱਸੀ। ਉਹਨਾਂ ਪਰਵਾਰ ਨੂੰ ਇਹ ਵੀ ਕਿਹਾ ਕਿ ਜੇ ਗੁਰੂ ਸਰ, ਅਣਸੁਖਾਵਾ ਅਨਸਰ ਕੋਈ ਰੁਕਾਵਟ ਖੜੀ ਕਰਦਾ ਦਿੱਸੇ ਤਾਂ ਸ੍ਰੀ ਭੈਣੀ ਸਾਹਿਬ ਜਾ ਕੇ ਕਾਰਜ ਸਿਰੇ ਚੜ੍ਹਾ ਲਿਆ ਜਾਵੇ।

ਕੁਝ ਦਿਨਾਂ ਬਾਅਦ ਸੰਤ ਜੀ ਚੜ੍ਹਾਈ ਕਰ ਗਏ। ਉਹਨਾਂ ਦੇ ਭੋਗ ਪਿਛੋਂ ਉਹਨਾਂ ਦੇ ਲੜਕੇ ਸ੍ਰ: ਮੀਹਾਂ ਸਿੰਘ ਜੀ ਆਪਣੇ ਪਰਵਾਰ ਦੀ ਰਾਇ ਨਾਲ ਸ੍ਰੀ ਭੈਣੀ ਸਾਹਿਬ ਗਏ। ਉਹਨਾਂ ਆਪਣੇ ਪਿਤਾ ਜੀ ਦੀ ਅੰਤਮ ਇੱਛਾ ਅਨੁਸਾਰ ਦਿਨ ਮਿਥਣ



Namdhari Elibrary NamdhariElibrary@gmail.com

ਤਈ ਬੇਨਤੀ ਕੀਤੀ । ਸਤਿਗੁਰੂ ਜੀ ਨੇ ਬਾਅਦ ਵਿਚ ਦਸਣ ਦਾ ਬਚਨ ਕਰ ਕੇ ੈਸ ਨੂੰ ਤੋਰ ਦਿਤਾ ।

ਸੱਦਾ ਸਿੰਘ ਦਾ ਕਹਿਣਾ ਸੀ ਕਿ ਸੂਰਜ ਭਾਵੇਂ ਪੂਰਬ ਦੀ ਥਾਂ ਪੱਛਮ ਵਲੋਂ ੜ੍ਹਣ ਲਗ ਪਏ ਉਸ ਨੇ ਇਹ ਅਨੰਦ ਕਾਰਜ ਨਹੀਂ ਸੀ ਹੋਣ ਦੇਣਾ। ਇਕ ਤਾਂ ੇਲਦਾਰ, ਉਸ ਦਾ ਬੇਲੀ ਸੀ, ਚਲਦਾ ਪੁਰਜਾ ਸੀ ਉਸ ਨਾਲ, ਉਹ ਆਪਣੇ ਲਾਭ ੱਤ ਬਣਾਈ ਰੱਖਣਾ ਚਾਹੁੰਦਾ ਸੀ । ਦੂਜਾ ਉਹਨਾਂ ਦਾ ਪਰਵਾਰ ਰੱਜੇ ਪੁੱਜੇ ਜੱਟ ਰਦਾਰਾਂ ਦਾ ਘਰ ਸੀ, ਅਤੇ ਗੁਰੂ ਪਰਵਾਰ ਰਾਮਗੜ੍ਹੀਆ ਘਰਾਨਾ ਸੀ ।

ਸਤਿਗੁਰੂ ਜੀ ਨੂੰ ਸੱਦਾ ਸਿੰਘ ਦੇ ਅੜਬ ਸੁਭਾ, ਵੱਧ ਘੱਟ ਬੋਲਣ ਦਾ ਤੇ ੇ ਸੁਆਦੀ ਪੈਦਾ ਕਰਨ ਦੀ ਭਾਵਨਾ ਦਾ ਪਤਾ ਸੀ । ਆਪ ਨੇ ਦਸੰਬਰ 1913 ਈ: ੇ ਸ਼ੁਰੂ ਵਿਚ ਹੀ 9 ਦਰਸ਼ਨੀ ਜਵਾਨਾਂ ਦਾ ਜੱਥਾ ਸੰਤ ਗੁਰਬਖ਼ਸ਼ ਸਿੰਘ ਦੀ ਨਿਗਰਾਨੀ ੇਠ ਭੇਜ ਦਿਤਾ । ਉਸ ਜੱਥੇ ਨੇ ਹਾਲਾਤ ਦਾ ਜਾਇਜ਼ਾ ਲੈ ਕੇ ਲੋੜੀਂਦੇ ਪ੍ਰਬੰਧ ਕਰਨੇ ਸਨ । ਸਤਿਗੁਰੂ ਜੀ ਵਲੋਂ ਉਹਨਾਂ ਨੂੰ ਖ਼ਾਸ ਹਦਾਇਤ ਸੀ ਕਿ ਪਹਿਲ ਨਹੀਂ ਕਰਨੀ ਅਤੇ ਪਿੱਛੋਂ ਨਹੀਂ ਬਖ਼ਸ਼ਣਾ ।

ਮਾਤਾ ਜੀਵਨ ਕੌਰ ਜੀ ਲਾਂਗਰੀਆਂ ਦੇ ਜੱਥੇ ਸਹਿਤ ਹਫ਼ਤਾ ਪਹਿਲਾਂ ਹੀ ਪਧਾਰ ਚੁੱਕੇ ਸਨ । ਲੰਗਰ ਇਕ ਰਸ ਵਰਤਦਾ ਰਿਹਾ ਸੀ ।

ਸ੍ਰ: ਮੀਹਾਂ ਸਿੰਘ ਨੇ ਵੀ ਉੱਚ ਅਧਿਕਾਰੀਆਂ ਨੂੰ ਉਸ ਦੀ ਭੈਣ ਦੇ ਵਿਆਹ ਵੇਲੇ ਉਸ ਦੇ ਤਾਏ ਸ੍ਰ: ਸੱਦਾ ਸਿੰਘ ਵਲੋਂ ਬੇਸੁਆਦੀ ਕਰਨ ਦੀ ਸੰਭਾਵਨਾ ਬਾਰੇ ਲਿਖ ਦਿਤਾ ਸੀ । ਸਰਕਾਰ ਦੇ ਕਿਹਾਂ ਮਜ਼ਬੂਰਨ ਉਸ ਦੇ ਤਾਏ ਨੂੰ ਦਸ ਦਿਨ ਲਈ ਪਿੰਡ ਛੱਡਣਾ ਪਿਆ ਸੀ ।

ਵਿਆਹ ਤੋਂ ਇਕ ਦਿਨ ਪਹਿਲਾਂ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ ਪੱਕੀ ਸਟੇਸ਼ਨ ਤੋਂ ਉੱਤਰੇ । ਇਥੋਂ ਆਪਣੀਆਂ ਸੁਆਰੀਆਂ ਰਾਹੀਂ ਜਾਂ ਪੈਦਲ ਗੁਰੂ ਸਰ ਪਹੁੰਚਣਾ ਸੀ । ਜਸਪਾਲ, ਕਟਿਆਂਵਾਲੀ, ਕਬਰਵਾਲੀ ਆਦਿ ਪਿੰਡਾਂ ਦੇ ਗੁਰੂ ਘਰ ਦੇ ਹਿਮਾਇਤੀ ਮੁਸਲਮਾਨਾਂ ਨੇ ਸਤਿਗੁਰੂ ਜੀ ਦੀ ਸੇਵਾ ਵਿਚ ਸੁਆਗਤ ਵਜੋਂ ਆਪਣੇ ਰੱਥ, ਘੋੜੇ ਤੇ ਗੱਡੇ ਦਿੱਤੇ ਸਨ । ਸਿੱਖਾਂ ਸਾਧਾਂ ਤੇ ਜਥੇਦਾਰਾਂ ਨੇ ਕੀਰਤਨ ਕਰਦਿਆਂ ਹੀ ਸਤਿਗੁਰੂ ਜੀ ਦੀ ਅਗਵਾਈ ਹੇਠ ਗੁਰੂ ਸਰ ਪ੍ਰਵੇਸ਼ ਕੀਤਾ ਸੀ । ਰਾਤ ਬਿਸਰਾਮ ਕੀਤਾ ਗਿਆ ।

ਅਗਲੇ ਦਿਨ ਅੰਮ੍ਰਿਤ ਵੇਲੇ ਕੀਰਤਨ, ਆਸਾ ਦੀ ਵਾਰ ਦਾ ਹੋਇਆ । ਆਦਿ ਸ੍ਰੀ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਅਨੰਦ ਕਾਰਜ ਦੀ ਪੂਰੀ ਤਿਆਰੀ ਕੀਤੀ ਗਈ । ਸਤਿਗੁਰੂ ਪਰਤਾਪ ਸਿੰਘ ਜੀ, ਨਿਤਨੇਮ ਦੀ ਆਖ਼ਰੀ ਬਾਣੀ ਚੰਡੀ ਦੀ ਵਾਰ ਦਾ ਪਾਠ ਕਰਕੇ, ਅਰਦਾਸ ਕਰਕੇ, ਖੜ੍ਹੇ ਹੋ ਗਏ । ਆਪ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਨੂੰ ਮੱਥਾ ਟੇਕਿਆ ਅਤੇ ਵੇਦੀ ਪਾਸ ਵਿਛੇ ਆਸਣ ਉੱਤੇ ਬਰਾਜਮਾਨ ਹੋਏ । ਮਾਈਆਂ ਵਿਚ ਬੈਠੇ ਬੀਬੀ ਵੀਰੋ ਜੀ ਉੱਠੇ, ਉਹਨਾਂ ਸਤਿਗੁਰੂ ਜੀ ਦੇ ਗਲ ਵਿਚ ਮਾਲਾ ਪਾਈ, ਨਮਸਕਾਰ ਕੀਤੀ ਤੇ ਉਹਨਾਂ ਦੇ ਖੱਬੇ ਹੱਥ ਆਸਣ ਗ੍ਰਹਿਣ ਕੀਤਾ ।

ਅਨੰਦਕਾਰਜ ਲਈ ਬੈਠੇ ਜੋੜੇ ਦੇ ਅੰਮ੍ਰਿਤ ਛਕਣ ਨੂੰ ਤਰਨ ਸਿੰਘ ਵਹਿਮੀ



Namdhari Elibrary NamdhariElibrary@gmail.com

ਨੇ ਇੰਜ ਅੰਕਿਤ ਕੀਤਾ ਹੈ :

"ਸਤਿਗੁਰੂ ਪਰਤਾਪ ਸਿੰਘ ਜੀ ਕਮਰਕੱਸਾ ਕਰ, ਗਾਤਰੇ ਸਫ਼ਾਜੰਗ ਸਜਾ ਬੀਰ ਆਸਣ ਹੋਏ ਬੈਠੇ ਸਨ। ਵੀਰ ਕੌਰ ਜੀ ਨੂੰ ਚੌਂਕੜਾ ਲਾਇਆਂ ਹੀ ਸੰਤ ਲਛਮਣ ਸਿੰਘ ਨੇ ਪਵਿੱਤਰ ਜਲ ਦੇ ਗੜਵੇ ਦੇ ਜਲ ਨਾਲ ਹੱਥ ਧੁਆਏ। ਬਾਬੇ ਬਦਨ ਸਿੰਘ ਜੀ ਚੜਿੱਕ ਅੰਮ੍ਰਿਤਸਰ ਨੇ ਅੰਮ੍ਰਿਤ ਵਾਲਾ ਬਾਟਾ ਲਿਆ। ਸੰਤ ਲਛਮਣ ਸਿੰਘ ਜੀ ਜਟਾਵੇ ਵਾਲਿਆਂ ਪਹਿਲੇ ਸਤਿਗੁਰੂ ਜੀ ਨੂੰ ਅੰਮ੍ਰਿਤ ਪੰਜ ਚੂਲੇ ਛਕਾ, ਕੇਸਾਂ ਨੇਤਰਾਂ ਮੈਂ ਛੱਟੇ ਨਾਲ ਸੰਚਾਰ ਕੀਤਾ ਪੰਜ ਵਾਰ। ਸੋਧੀ ਸਾਧੂ, ਸਤਿਗੁਰੂ ਜੀ ਦਾ ਦੇਸਤਾਰਾ ਉੱਥਲ, ਕੇਸ ਨੰਗੇ ਕੀਤੇ, ਪੰਜ ਚੂਲੇ ਅੰਮ੍ਰਿਤ ਵਰਸਾਇਆ ਕੇਸਾਂ ਵਿਚ। ਫੇਰ ਵੀਰ ਕੌਰ ਨੂੰ ਭੀ ਮੁੱਖ ਮੈਂ, ਕੇਸਾਂ ਮੈਂ, ਨੇਤਰਾਂ ਮੈਂ ਅੰਮ੍ਰਿਤ ਛਕਾ ਸੰਚਾਰ ਕੀਤਾ। ਸਤਿਗੁਰੂ ਹੀ ਤਾਂ ਹਰ ਚੂਲੇ ਤੇ ਛੱਟੇ ਨਾਲ, ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ ਬੋਲਦੇ ਸੀ। ਵੀਰ ਕੌਰ ਜੀ ਦੇ ਕੇਸਾਂ ਤੋਂ ਬਿਰਧ ਮਾਈ ਬਸਤ੍ਰ ਥੋੜ੍ਹਾ ਜਿਹਾ, ਅੰਮ੍ਰਿਤ, ਸੀਸ ਕੇਸਾਂ ਵਿਚ ਪੈਣ ਜੋਗਾ ਉੱਥਲਿਆ। ਸੰਤਾਂ ਨੇ ਭੀ ਸਫ਼ਾਜੰਗ ਕਮਰ ਕੱਸਿਆਂ ਵਿੱਚ ਪਹਿਰੇ ਸੀ।"—ਜੱਸ-ਜੀਵਨ ਹਿੱਸਾ ਪਹਿਲਾ— ਬੀਬੀ ਵੀਰ ਕੌਰ ਅੰਮ੍ਰਿਤ ਛੱਕਣ ਸਮੇਂ ਸਤਿ ਸ੍ਰੀ ਅਕਾਲ ਬੋਲਦੇ ਸੀ।

ਦੋਹਾਂ ਪਾਸਿਆਂ ਤੋਂ ਸਵਾ ਸਵਾ ਰੁਪਈਆ ਮਾਇਆ ਲੈ ਕੇ ਗੰਢ ਚਿਤਰਾਵਾ ਕੀਤਾ ਗਿਆ। ਸੱਜੇ ਹੱਥ ਚੱਲ ਚਾਰ ਲਾਵਾਂ ਲੈ ਅਤੇ ਆਦਿ ਸ੍ਰੀ ਗ੍ਰੰਥ ਸਾਹਿਬ ਤੋਂ ਨਾਲ ਨਾਲ ਲਾਵਾਂ ਦਾ ਪਾਠ ਕਰਕੇ ਕਾਰਜ ਸੰਪੰਨ ਕੀਤਾ ਗਿਆ। ਸਤਿਗੁਰੂ ਜੀ ਵੱਲੋਂ ਇੱਕ, ਆਦਿ ਸ੍ਰੀ ਗ੍ਰੰਥ ਸਾਹਿਬ ਤੇ ਇੱਕ ਦਸਮ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਇਆ ਗਿਆ। 12 ਪਾਤਸ਼ਾਹੀਆਂ ਦਾ ਅਰਦਾਸਾ ਕੀਤਾ ਗਿਆ।

ਸਾਧ ਸੰਗਤ ਵਿੱਚ ਬੀਬੀ ਵੀਰ ਕੌਰ ਦਾ ਨਾਂ ਭੁਪਿੰਦਰ ਕੌਰ ਰਖਿਆ ਗਿਆ। ਸਤਿਗੁਰੂ ਜੀ ਦੇ ਮਹਿਲ ਹੋਣ ਕਰਕੇ ਆਪ ਜੀ ਨੂੰ ਮਾਤਾ ਭੁਪਿੰਦਰ ਕੌਰ ਦੇ ਨਾਮ ਨਾਲ ਸਤਿਕਾਰਿਆ ਜਾਣ ਲਗਾ।

ਸਤਿਗੁਰੂ ਜੀ ਦੀ ਸੱਸ, ਮਾਈ ਰਾਮ ਕੌਰ ਜੀ, ਨੇ ਆਨੰਦ ਕਾਰਜ ਉਪਰੰਤ ਆਪ ਨੂੰ ਆਪਣੇ ਘਰ ਚਰਨ ਪਾਉਣ ਲਈ ਅਰਜ਼ ਕੀਤੀ। ਆਪ ਨੇ ਅਰਜ਼ ਪ੍ਰਵਾਨ ਕੀਤੀ। ਮਾਈ ਜੀ ਨੇ 'ਪਰਾਹੁਣੇ' ਨੂੰ ਵੇਖਣ ਆਈਆਂ ਔਰਤਾਂ, ਖ਼ਾਸ ਕਰਕੇ ਕੁੜੀਆਂ ਨੂੰ ਉਚੇਚੀ ਹਦਾਇਤ ਕੀਤੀ ਕਿ ਆਪ ਜੀ, 'ਸਾਡੇ ਪੂਜਣ ਦੀ ਥਾਂ' ਸਨ ਸੋ ਕੋਈ ਕਿਸੇ ਤਰ੍ਹਾਂ ਦਾ ਕੁਬੋਲ ਨਾ ਕਰੇ, ਨਾ ਠਠਾ ਕਰੇ ਤੇ ਨਾ ਹੀ ਸੂਈਆਂ ਆਦਿ ਲਾਵੇ।

ਸੰਤ ਗੁਰਬਖ਼ਸ਼ ਸਿੰਘ ਜੀ ਤਾਂ ਕਈ ਦਿਨਾਂ ਦੇ ਸਾਵਧਾਨ ਖੜ੍ਹੇ ਸਨ। ਉਹਨਾਂ ਆਪਣੇ ਜੋਟੀਦਾਰਾਂ ਦੀਆਂ ਥਾਂ ਥਾਂ ਡਿਊਟੀਆਂ ਲਾਈਆਂ ਹੋਈਆਂ ਸਨ। ਆਪ ਉਹ ਚੁਫੇਰੇ ਨਜ਼ਰ ਰੱਖ ਰਹੇ ਸਨ ਕਿ ਕਿਤੇ ਕੋਈ ਮਾੜਾ ਅਨਸਰ ਨਾ ਭੇਸਾ ਵਟਾ ਕੇ ਖੜਾ ਹੋਵੇ। ਉਹ ਕੋਠਿਆਂ ਤੇ ਬੈਠੀਆਂ ਵਿਆਹ ਵੇਖਣ ਆਈਆਂ ਤ੍ਰੀਮਤਾਂ ਵਿੱਚ ਵੀ ਚੱਕਰ ਲਾ ਆਉਂਦੇ ਸਨ ਕਿ ਕਿਤੇ ਕੋਈ ਔਰਤਾਂ ਦੇ ਕੱਪੜੇ ਪਾ ਕੇ ਹੀ ਨਾ ਬੈਠਾ ਹੋਵੇ। ਆਪ ਚੌਕਸ ਸਨ।

ਸਰਕਾਰ ਵੱਲੋਂ ਭੇਜੇ ਗਏ ਹਵਲਦਾਰ ਤੇ ਸਿਪਾਹੀ ਵੀ ਸਾਵਧਾਨ ਖੜ੍ਹੇ ਸਨ।



Namdhari Elibrary NamdhariElibrary@gmail.com

ਤ ਆਏ ਗਏ ਨੂੰ ਸੁਆਲੀਆ ਨਜ਼ਰਾਂ ਨਾਲ ਵੇਖ ਰਹੇ ਸਨ ਤਾਂਕਿ ਕੋਈ ਅਸੁਖਾਵੀਂ ਟਨਾ ਨਾ ਵਾਪਰੇ। ਸਤਿਗੁਰੂ ਦੀ ਕ੍ਰਿਪਾ ਨਾਲ ਸਭ ਠੀਕ ਠਾਕ ਰਿਹਾ।

ਸੰਤ ਸੁੰਦਰ ਸਿੰਘ ਦਾ ਪਰਵਾਰ ਹੀ ਨਹੀਂ ਸਗੋਂ ਇਲਾਕੇ ਦੇ ਸਾਰੇ ਭੱਦਰ ਰਸ਼ ਇਸ ਸੁਭ ਘੜੀ ਤੇ ਆਪਣੇ ਧੰਨ ਭਾਗ ਸਮਝ ਰਹੇ ਸਨ।

ਪਹਿਲੇ ਸਤਿਗੁਰੂ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਲੈ ਕੇ, ਇਸ ਨੰਦ ਕਾਰਜ ਤੱਕ, 444 ਵਰ੍ਹਿਆਂ ਦੇ ਇਤਿਹਾਸ ਵਿੱਚ ਇਹ ਪਹਿਲਾ ਅਵਸਰ ਸੀ ਦੋਂ ਸਤਿਗੁਰੂ ਸੱਚੇ ਪਾਤਸ਼ਾਹ ਦਾ ਆਪਣਾ ਅਨੰਦ ਕਾਰਜ ਪੂਰਨ ਗੁਰਮਰਯਾਦਾ ਨੁਸਾਰ ਹੋਇਆ ਸੀ। ਇਸ ਤੋਂ ਪਹਿਲਾਂ ਸਾਰੇ ਸਤਿਗੁਰੂ ਸਾਹਿਬਾਨ ਦੇ ਵਿਆਹ, ਪਰਾ ਵਿਚ ਚੱਲੀ ਆ ਰਹੀ ਬ੍ਰਾਹਮਣੀ ਰੀਤੀ ਅਨੁਸਾਰ ਹੀ ਹੁੰਦੇ ਰਹੇ ਸਨ।



Namdhari Elibrary NamdhariElibrary@gmail.com

# ਬਖ਼ਸ਼ਸ਼ ਦਾ ਦਰ

ਨੀਲੋ ਨਹਿਰ ਕੰਢੇ ਆਪਣੇ ਸਿਮਰਨ ਭਗਤੀ ਵਾਲੇ ਥਾਂ ਤੋਂ ਦਿਲਾਵਾ ਸ੍ਰੀ ਭੈਣੀ ਸਾਹਿਬ ਸਤਿਗੁਰੂ ਸੱਚੇ ਪਾਤਸ਼ਾਹ ਦਾ ਡੇਰਾ ਰਾਮ ਸਰ ਕੰਢੇ ਸੀ। ਆਪ ਆਪਣੇ ਬਣਾਏ ਨੇਮ ਅਨੁਸਾਰ ਮਾਤਾ ਜੀਵਨ ਕੌਰ ਨੂੰ, ਸਤਿਗੁਰੂ ਰਾਮ ਸਿੰਘ ਜੀ ਦੀ ਲਾਈ ਲੋਹ ਅਤੇ ਉਹਨਾਂ ਦੇ ਮੰਦਰ ਨੂੰ, ਏਥੇ ਹੋਣ ਸਮੇਂ, ਹਰ ਰੋਜ਼ ਸਵੇਰੇ ਨਮਸਕਾਰ ਕਰਦੇ ਸੀ। ਇਸ ਨਾਲ ਸਿੱਖਾਂ ਸੇਵਕਾਂ ਦੇ ਮਨ ਵਿਚ ਵੀ ਇਹਨਾਂ ਪ੍ਰਤੀ ਆਦਰ ਦੀ ਭਾਵਨਾ ਵਧਦੀ ਸੀ। ਮਾਤਾ ਭੂਪਿੰਦਰ ਕੌਰ ਜੀ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਹੀ ਹਰ ਸੁਭਾਗੇ ਦਿਨ ਦੀ ਸ਼ੁਰੂਆਤ ਕਰਦੇ ਸਨ।

1914 ਈ: ਵਿਚ ਦੋ ਮਹੱਤਵਪੂਰਨ ਘਟਨਾਵਾਂ ਵਾਪਰੀਆਂ। ਇਕ ਤਾਂ ਬਰਤਾਨੀਆ ਸਰਕਾਰ ਨੇ ਗੁਰਦੁਆਰਾ ਰਕਾਬ ਗੰਜ, ਦਿੱਲੀ ਦੀ ਕੰਧ ਢਾਹ ਦਿੱਤੀ, ਇਸ ਜ਼ਿਆਦਤੀ ਨੂੰ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤੇ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ। ਉਸ ਨੇ ਇਹ ਪਰਵਾਹ ਨਾ ਕੀਤੀ ਕਿ ਚੀਫ਼ ਖਾਲਸਾ ਦੀਵਾਨ ਜਾਂ ਸਿੰਘ ਸਭੀਆਂ ਦੀ ਕੀ ਮਰਜ਼ੀ ਸੀ, ਉਸ ਨੇ ਇਸ ਜ਼ਿਆਦਤੀ ਦੇ ਖ਼ਿਲਾਫ਼ ਅਵਾਜ਼ ਉਠਾਈ। ਸ: ਸਰਦੂਲ ਸਿੰਘ ਕਵੀਸ਼ਰ ਅਤੇ ਭਾਈ ਰਣਧੀਰ ਸਿੰਘ ਜੀ, ਆਖੰਡ ਕੀਰਤਨੀ ਜਥੇ ਵਾਲੇ, ਵੀ ਇਸ ਮੈਦਾਨ ਵਿਚ ਆ ਗਏ ਅਤੇ ਕੰਧ ਦੀ ਉਸਾਰੀ ਲਈ ਮੋਰਚਾ ਲਾ ਦਿੱਤਾ ਗਿਆ। ਸੰਤ ਜੀ ਦੀਆਂ ਸਰਗਰਮੀਆਂ ਰੋਕਣ ਲਈ ਉਹਨਾਂ ਨੂੰ ਉਹਨਾਂ ਦੇ ਪਿੰਡ ਫੱਤੂਹੀ ਚੱਕ ਹੀ ਨਜ਼ਰਬੰਦ ਕਰ ਦਿੱਤਾ ਗਿਆ।

ਸਤਿਗੁਰੂ ਜੀ ਨਾਲ ਕੰਧ ਢੱਠਣ ਦਾ ਮਸਲਾ ਮਾਸਟਰ ਤਾਰਾ ਸਿੰਘ ਅਤੇ ਤੇਜਾ ਸਿੰਘ ਸਮੁੰਦਰੀ ਨੇ ਸਾਂਝਾ ਕੀਤਾ। ਇਸ ਮਸਲੇ ਨੂੰ ਹੋਰ ਜ਼ਿਆਦਾ ਗਿਣਤੀ ਵਿਚ ਸਿੱਖਾਂ ਸਾਹਮਣੇ ਲਿਆਉਣ ਲਈ ਸਤਿਗੁਰੂ ਜੀ ਨੇ ਲਾਹੌਰ ਵਿਖੇ ਸਿੱਖਾਂ ਦਾ ਇਕ ਭਾਰੀ ਇਕੱਠ ਕੀਤਾ ਜਿਸ ਦੀ ਪੁਸ਼ਟੀ ਮਾਸਟਰ ਤਾਰਾ ਸਿੰਘ ਜੀ ਇਹਨਾਂ ਸ਼ਬਦਾਂ ਵਿਚ ਕਰਦੇ ਹਨ :

"1914 ਵਿਚ ਬਾਬਾ ਪਰਤਾਪ ਸਿੰਘ ਜੀ ਨਾਲ ਮੇਰੀ ਪਹਿਲੀ ਵਾਕਫ਼ੀ ਹੋਈ, ਜਦੋਂ ਗੁਰਦੁਆਰਾ ਰਕਾਬ ਗੰਜ ਦੀ ਕੰਧ ਢੱਠੀ ਅਤੇ ਅਕਾਲੀ ਲਹਿਰ ਦਾ ਮੁੱਢ



Namdhari Elibrary NamdhariElibrary@gmail.com

ਾ। ਅਸੀਂ, ਮੈਂ ਅਤੇ ਤੇਜਾ ਸਿੰਘ ਸਮੁੰਦਰੀ ਬਾਬਾ ਜੀ ਦੀ ਸੇਵਾ ਵਿਚ ਹਾਜਰ । ਉਹਨਾਂ ਨਾਲ ਸਾਰੀ ਗੱਲਬਾਤ ਕੀਤੀ। ਉਹਨਾਂ ਨੇ ਉਸ ਸਮੇਂ ਲਾਹੌਰ ਵਿਚ ੀਆਂ ਸੰਗਤਾਂ ਦਾ ਇਕ ਅਜਿਹਾ ਇਕੱਠ ਕੀਤਾ ਜਿਸ ਦੀ ਬੜੀ ਲੋੜ ਸੀ ਅਤੇ ਤੜਾ ਲਾ ਮਿਸਾਲ ਸੀ।" —ਬਡ ਪਰਤਾਪੁ ਸੁਨਿਓ ਪ੍ਰਭ ਤੁਮਰੋ।

ਨਵੰਬਰ 1914 ਈ: ਦੀ ਬਜ਼ਬਜ਼ ਘਾਟ ਦੀ ਘਟਨਾ ਵਿਚ ਗੋਲੀਆਂ ਚਲਾਉਣ ਤੇ ਸਮੁੰਦਰੀ ਜਹਾਜ਼ ਵਿਚੋਂ ਉੱਤਰੇ ਮੁਸਾਫਰਾਂ ਨੂੰ ਹੀ ਭੁੰਨ ਦੇਣ ਦੀ ਕਾਰਵਾਈ ਅੰਗਰੇਜ਼ਾਂ ਪ੍ਰਤੀ ਭਾਰਤੀਆਂ ਦੇ ਮਨ ਵਿਚ ਨਫ਼ਰਤ ਵਧਾ ਦਿੱਤੀ ਸੀ। ਉਸ ਜਹਾਜ਼ ਆਗੂ ਬਾਬਾ ਗੁਰਦਿੱਤ ਸਿੰਘ ਜੀ ਸਨ ਜਿਹਨਾਂ ਦੇ ਨਾਮ ਨਾਲ ਉਸ ਜਹਾਜ਼ ਦਾ ਮ ਕਾਮਾਗਾਟਾ ਮਾਰੂ ਜੁੜ ਗਿਆ ਸੀ। ਉਸ ਸਮੇਂ ਸਰਕਾਰੀ ਗੋਲੀਆਂ ਦਾ ਸ਼ਿਕਾਰ ', ਜਾਨੋਂ ਹੱਥ ਧੋਣ ਵਾਲੇ ਵੀ, ਸਿੱਖ ਸਨ। ਸੋ ਸਿੱਖਾਂ ਵਿਚ ਇਹਨਾਂ ਸ਼ਹੀਦੀਆਂ ਕੇ ਰੋਸ ਵਧੇਰੇ ਸੀ।

ਆਪਣੇ ਮੱਥਿਓਂ, ਸਿੱਖਾਂ ਨੂੰ ਸ਼ਹੀਦ ਕਰਨ ਦਾ, ਕਲੰਕ ਦਾ ਟਿੱਕਾ ਲਾਹੁਣ ਲਈ, ਤਾਨਵੀ ਹਾਕਮਾਂ ਨੇ ਇਸ ਸਾਬਤ ਕਰਨਾ ਚਾਹਿਆ ਕਿ ਉਸ ਜਹਾਜ਼ ਵਿਚ ਸਿੱਖ ੀਂ ਸਨ। ਇਸ ਨੂੰ ਤਸਦੀਕ ਕਰਨ ਲਈ ਤਖ਼ਤਾਂ ਦੇ ਪੁਜਾਰੀ ਅਤੇ ਗੁਰਦੁਆਰਿਆਂ ਸਰਬਰਾਹ ਆਪਣੀਆਂ ਸੇਵਾਵਾਂ ਪੇਸ਼ ਕਰ ਰਹੇ ਸਨ। ਉਹ ਲਿਖ ਰਹੇ ਸਨ ਕਿ ਬਜ਼ ਘਾਟ ਦੀ ਘਟਨਾ ਵਿਚ ਮਾਰੇ ਗਏ ਸਿੱਖ ਨਹੀਂ ਸਨ।

ਸਤਿਗੁਰੂ ਜੀ ਨੂੰ ਇਹ ਗੱਲ ਬੜੀ ਮਾੜੀ ਲੱਗੀ। ਉਹਨਾਂ ਨੇ ਸਿੱਖਾਂ ਨੂੰ ਦਲੇਰੀ ਣ ਲਈ, ਹੁਸ਼ਿਆਰਪੁਰ ਵਿਚ ਚੋਣਵੇਂ ਆਗੂਆਂ ਦਾ ਇਕੱਠ ਕੀਤਾ। ਇਸ ਇਕੱਠ ਚ ਮਤਾ ਪਾਸ ਕਰਵਾਇਆ ਗਿਆ ਕਿ ਬਜ਼ਬਜ਼ ਘਾਟ ਉੱਤੇ ਕੀਤਾ ਗਿਆ ਵਾਰ ਜਾਇਜ਼ ਸੀ, ਉਸ ਜਹਾਜ਼ ਵਿਚ ਸਵਾਰ ਸਿੱਖ ਸਨ। ਇਕੱਠ ਨੂੰ ਸ਼ਹੀਦ ਹੋਏ ਸਿੱਖਾਂ ਪਰਵਾਰਾਂ ਨਾਲ ਹਮਦਰਦੀ ਸੀ। ਉਹ ਮਤਾ ਅਖਬਾਰਾਂ ਵਿਚ ਤਾਂ ਨਾ ਛਪ ਕਿਆ। ਸਰਕਾਰ ਨੂੰ ਅਧਿਕਾਰੀਆਂ ਕੋਲੋਂ ਖੁਫ਼ੀਆ ਰਿਪੋਰਟ ਮਿਲੀ ਕਿ ਸਿੱਖਾਂ ਨੂੰ ਾ ਸ਼ੇਰੀ ਦੇਣ ਵਾਲੇ ਸਤਿਗੁਰੂ ਪਰਤਾਪ ਸਿੰਘ ਜੀ ਸਨ। ਉਹ ਬਾਗ਼ੀ ਖ਼ਾਨਦਾਨ ਚੋਂ ਸਨ ਅਤੇ ਆਪ ਵੀ ਸਰਕਾਰ ਦੇ ਬਾਗ਼ੀ ਸਨ।

1914 ਈ: ਵਿਚ ਪਹਿਲਾ ਵਿਸ਼ਵ ਯੁੱਧ ਛਿੜਿਆ। ਇਸ ਯੁੱਧ ਸਮੇਂ ਅੰਗਰੇਜ਼ਾਂ ਫੌਜੀ ਭਰਤੀ ਦੀ ਲੋੜ ਸੀ। ਉਸ ਨੇ ਭਾਰਤ ਦੇ ਸਾਰੇ ਰਾਜਨੀਤਕ ਆਗੂਆਂ, ਰਮਿਕ ਰਹਿਨੁਮਾਵਾਂ ਅਤੇ ਸਮਾਜਕ ਹਸਤੀਆਂ ਨੂੰ ਕਿਹਾ ਕਿ ਉਹ ਫੌਜ ਵਿਚ ਭਰਤੀ ਣ ਲਈ ਲੋਕਾਂ ਨੂੰ ਪ੍ਰੇਰਨ। ਉਹਨਾਂ ਆਗੂਆਂ ਨੂੰ ਮੁਰੱਬੇ ਅਤੇ ਇਨਾਮ ਦੇਣ ਦਾ ਲਚ ਦਿੱਤਾ ਸੀ। ਪੰਜਾਬ ਦੇ ਸਿੱਖ ਆਗੂਆਂ, ਸਿੰਘ ਸਭਾ ਤੇ ਚੀਫ ਖਾਲਸਾ ਵਾਨ ਵਾਲਿਆਂ ਅਤੇ ਹੋਰ ਸੰਤਾਂ ਮਹੰਤਾਂ, ਪੁਜਾਰੀਆਂ, ਸਰਬਰਾਹਾਂ, ਜਥੇਦਾਰਾਂ ਨੇ ਤੇ ਪੰਜਾਬ ਤੋਂ ਬਾਹਰ ਦੇ; ਇਥੋਂ ਤੱਕ ਕਿ ਮਹਾਤਮਾ ਗਾਂਧੀ ਨੇ ਲੋਕਾਂ ਨੂੰ ਭਰਤੀ ਣ ਲਈ ਪ੍ਰੇਰਿਆ। ਇਸ ਦੇ ਸਿੱਟੇ ਵਜੋਂ ਇਕੱਲੇ ਸਿੱਖਾਂ ਨੇ ਸੋਹਨ ਸਿੰਘ ਜੋਸ਼ ਦੀ ਖਤ ਅਨੁਸਾਰ 90 ਹਜ਼ਾਰ ਦੀ ਭਰਤੀ ਦਿੱਤੀ ਜਦੋਂ ਕਿ ਪੰਜਾਬ ਦੀ ਉਸ ਸਮੇਂ



Namdhari Elibrary NamdhariElibrary@gmail.com

ਸਿੱਖਾਂ ਦੀ ਕੁੱਲ ਆਬਾਦੀ 25 ਲੱਖ ਸੀ। ਭਰਤੀ ਦੀ ਲੋੜ ਨੂੰ ਮੁੱਖ ਰੱਖ ਕੇ ਹਾਕਮ ਸ੍ਰੀ ਭੈਣੀ ਸਾਹਿਬ ਵੀ ਆਏ। ਸਤਿਗੁਰੂ ਜੀ ਨੇ ਅੱਗੋਂ ਨਿਰਭੈ ਹੋ ਕੇ ਜਵਾਬ ਦਿੱਤਾ ਕਿ, "ਸ਼ੁਕਰ ਕਰੋ ਮੈਂ ਆਪ ਦੇ ਖਿਲਾਫ਼ ਬੋਲਦਾ ਨਹੀਂ, ਮੈਂ ਆਪ ਨੂੰ ਕੋਈ ਮਦਦ ਨਹੀਂ ਦੇਣੀ।"

ਅੰਗਰੇਜ਼ ਸਮਝਦੇ ਸਨ ਕਿ ਸਤਿਗੁਰੂ ਜੀ ਡਰ ਕੇ ਮੰਨ ਜਾਣਗੇ ਪਰ ਸਤਿਗੁਰੂ ਤ੍ਰਾਂ ਕਦੀ ਸਿੱਖ ਨੂੰ ਨਹੀਂ ਡੋਲਣ ਦਿੰਦੇ, ਉਹਨਾਂ ਦੇ ਡੋਲਣ ਦਾ ਸਵਾਲ ਕਿਵੇਂ ਪੈਦਾ ਹੋ ਸਕਦਾ ਸੀ।

ਪਹਿਲੀ ਵੱਡੀ ਜੰਗ ਵੇਲੇ ਕੂਕਿਆਂ ਤੋਂ ਬਿਨਾਂ ਕੋਈ ਟਾਵਾਂ-ਟਾਵਾਂ ਹੀ ਸਿੱਖ ਭਰਤੀ ਤੋਂ ਬਚਿਆ ਹੋਵੇਗਾ ਜਾਂ ਫਿਰ ਬੁੱਢੇ, ਬਾਲ, ਇਸਤਰੀਆਂ ਤੇ ਭਰਤੀ ਦੇਣ ਵਾਲੇ ਬਚੇ ਸਨ। ਨਹੀਂ ਤਾਂ ਹੋਰ ਸਿੱਖ ਆਗੂਆਂ ਨੇ ਤਾਂ ਅੰਗਰੇਜ਼ ਰਾਜ ਨੂੰ ਪੱਕਾ ਕਰਨ ਲਈ; ਆਪ ਜਗੀਰਾਂ, ਇਨਾਮ ਤੇ ਤਗਮੇ ਲੈਣ ਲਈ; ਇਕ ਦੂਜੇ ਤੋਂ ਵਧ-ਚੜ੍ਹ ਕੇ ਭਰਤੀ ਦਿੱਤੀ ਅਤੇ ਜਨ-ਸਾਧਾਰਨ ਨੂੰ ਬੇਗਾਨੀ ਲੜਾਈ ਲੜਨ ਲਈ ਜੰਗ ਦੀ ਭੱਠੀ ਵਿਚ ਝੋਕ ਦਿੱਤਾ ਸੀ।

ਸਤਿਗੁਰੂ ਪਰਤਾਪ ਸਿੰਘ ਜੀ ਨਾਮ ਜਪਣ-ਜਪਾਣ ਦਾ; ਸਿੱਖੀ ਤੇ ਸੱਚ, ਸੁਚ, ਸੰਜਮ ਵਲ ਪ੍ਰੇਰਨ ਦਾ, ਗੁਰਬਾਣੀ ਨਾਲ ਜੋੜੀ ਰੱਖਣ ਦਾ ਪਰਚਾਰ ਕਰਦੇ ਅਤੇ ਕਰਵਾਉਂਦੇ। ਇਸ ਨਾਲ ਸਿੱਖ ਨਸ਼ੇ-ਪੱਤੇ,ਮਾਸ-ਮਿੱਟੀ ਅਤੇ ਹੋਰ ਬੁਰੀਆਂ ਆਦਤਾਂ ਛੱਡ ਕੇ ਕੂਕੇ ਬਣ ਰਹੇ ਸਨ।

1915 ਈ: ਦੇ ਵਲਟੋਹੇ ਦੇ ਹੋਲੇ ਤੋਂ ਸਤਿਗੁਰੂ ਜੀ ਨਾਲ ਬਾਕੀ ਗੁਰੂ ਪਰਵਾਰ ਦਾ ਹਿੱਸਾ ਮਾਤਾ ਭੂਪਿੰਦਰ ਕੌਰ ਜੀ ਵੀ ਹੁੰਦੇ ਸਨ। ਸੰਗਤ ਉਹਨਾਂ ਦੇ ਦਰਸ਼ਨ ਕਰ ਕੇ ਵੀ ਆਪਣਾ ਜਨਮ ਸਫਲ ਹੋਇਆ ਸਮਝਦੀ ਸੀ।

ਸਤਿਗੁਰਾਂ ਨੇ ਨੀਲੋਂ ਨਹਿਰ ਤੇ ਚਲੀਹੇ ਦਾ ਨੇਮ ਵੀ ਪਹਿਲਾਂ ਵਾਂਗ ਹੀ ਜਾਰੀ ਰਖਿਆ। ਹੋਰ ਇਸਤਰੀਆਂ ਨੂੰ ਭਾਵੇਂ ਉੱਥੇ ਜਾਣ ਦੀ ਮਨਾਹੀ ਸੀ ਪਰ ਮਾਤਾ ਭੂਪਿੰਦਰ ਕੌਰ ਜੀ ਨੇ ਨਹਿਰ ਕੰਢੇ ਹੀ ਰਹਿ ਕੇ ਆਪ ਦੀ ਸੇਵਾ ਕਰਨ ਦੀ ਪਰਵਾਨਗੀ ਲੈ ਲਈ ਸੀ।

ਸਤਿਗੁਰੂ ਜੀ ਨੇ ਮੇਲੇ ਵੀ ਨਿਸ਼ਚਿਤ ਕਰ ਦਿੱਤੇ ਸਨ ਜਿਵੇਂ ਕਿ ਵਸਾਖੀ ਤੇ ਦੀਵਾਲੀ ਅੰਮ੍ਰਿਤਸਰ, ਨਿਮਾਣੀ ਇਕਾਦਸੀ ਤੇ ਬਸੰਤ ਸ੍ਰੀ ਭੈਣੀ ਸਾਹਿਬ, ਭਾਦਰੋਂ ਦੀ ਮੱਸਿਆ ਤਰਨ ਤਾਰਨ, ਚੇਤ ਚੌਦੇਂ ਵਡ ਤੀਰਥ (ਹਰੀਪੁਰ), ਸੌਣ ਤੇ ਭਾਦਰੋਂ ਦੇ ਮਹੀਨੇ ਚਲੀਹਾ ਸ੍ਰੀ ਭੈਣੀ ਸਾਹਿਬ, ਕੱਤਕ ਦੀ ਪੂਰਨਮਾਸ਼ੀ, ਗੁਰਪੁਰਬ ਸਤਿਗੁਰੂ ਨਾਨਕ ਦੇਵ ਜੀ, ਨਨਕਾਣਾ ਸਾਹਿਬ, ਦਸਹਿਰਾ ਗੁੱਜਰਾਂਵਾਲਾਂ, ਮਾਘੀ ਮੁਕਤਸਰ ਅਤੇ ਹੋਲਾ ਮਹੱਲਾ ਜਿੱਥੇ ਵੀ ਸਤਿਗੁਰੂ ਜੀ ਪਰਵਾਨਗੀ ਦੇਂਦੇ ਸਨ, ਮਨਾਇਆ ਜਾਂਦਾ ਸੀ। ਇਸ ਦੇ ਨਾਲ ਹੀ ਸੰਬੰਧਤ ਇਲਾਕਿਆਂ ਦੇ ਦੌਰੇ ਕਰਨ; ਸਾਧ ਸੰਗਤ ਦੀਆਂ ਪ੍ਰਾਥਨਾਵਾਂ ਸੁਣਨ, ਘਰੀਂ ਚਰਨ ਪਾਉਣ ਨਾਲ ਵੀ ਸਿੱਖੀ ਬਾਗ ਦੀ ਸਿੰਚਾਈ ਹੁੰਦੀ ਰਹਿੰਦੀ ਸੀ।

ਦੌਰਿਆਂ ਸਮੇਂ ਸਤਿਗੁਰੂ ਜੀ ਦਾ ਸ਼ਾਹੀ ਠਾਠ ਹੁੰਦਾ ਸੀ। ਆਪ ਘੋੜੇ ਤੇ ਸਵਾਰ



Namdhari Elibrary NamdhariElibrary@gmail.com

ਹੁੰਦੇ ਸਨ। ਸਰਦਾਰਾਂ ਵਾਂਗ ਹੀ ਦਸਤਾਰ ਸਜਾਉਂਦੇ, ਤਿੱਲੇਦਾਰ ਚੋਗਾ ਪਹਿਨਦੇ ਅਤੇ ਤਿੱਲੇਦਾਰ ਹੀ ਵਧੀਆ ਜੋੜਾ ਪਹਿਨਦੇ ਸਨ।

ਸੰਤ ਮਹਾਤਮਾ ਸਤਿਗੁਰੂ ਜੀ ਨੂੰ ਆਪਣੇ ਨੇੜੇ ਮਹਿਸੂਸ ਕਰਦੇ ਰਹਿਣਾ ਚਾਹੁੰਦੇ ਸਨ। ਉਹ ਸੁਪਨੇ ਵਿਚ ਵੀ ਆਪ ਦਾ, ਜੁਗਾਂ-ਜੁਗਾਂਤਰ ਸਤਿਗੁਰੂ ਵਾਲਾ ਰੂਪ ਵੇਖ ਕੇ ਹੀ ਤ੍ਰਿਪਤ ਹੁੰਦੇ ਸਨ। ਇੱਕ ਵਾਰ ਚੂਹੇ-ਝਾੜ ਦੇ ਹੋਲੇ ਸਮੇਂ ਸੰਤ ਮਿੱਤ ਸਿੰਘ ਆਪ ਜੀ ਨੂੰ ਕਈ ਰੂਪਾਂ ਵਿੱਚ ਵੇਖਣਾ ਚਾਹੁੰਦੇ ਸਨ। ਅੰਤਰਜਾਮੀ ਸਤਿਗੁਰੂ ਜੀ ਨੇ ਉਸ ਨੂੰ ਅੰਮ੍ਰਿਤ ਵੇਲੇ ਹੀ ਜਾ ਦਰਸ਼ਨ ਦਿੱਤੇ। ਦਰਸ਼ਨ ਕਰਕੇ ਉਸ ਨੂੰ ਸੁਧ-ਬੁੱਧ ਹੀ ਭੁਲ ਗਈ ਕਿਉਂਕਿ ਉਸ ਨੂੰ ਆਪ ਵੱਲ ਤੱਕਿਆਂ ਕਦੀ ਗੁਰੂ ਨਾਨਕ ਅਤੇ ਕਦੀ ਗੁਰੂ ਰਾਮ ਸਿੰਘ ਦੇ ਤੇਜੱਸਵੀ ਚਿਹਰੇ ਦਾ ਝਲਕਾਰਾ ਪੈਂਦਾ ਰਿਹਾ। ਉਹ ਬਖ਼ਸ਼ਸ਼ ਤੇ ਕਿਰਪਾ-ਦ੍ਰਿਸ਼ਟੀ ਦੀ ਮੰਗ ਕਰਦਾ ਆਪ ਦੇ ਚਰਨੀਂ ਡਿੱਗਾ।

ਇਸੇ ਤਰ੍ਹਾਂ ਬਾਬਾ ਜੈਮਲ ਸਿੰਘ ਜੀਏ ਦੇ ਟਿੱਬੇ ਵਾਲਿਆਂ ਦੇ ਮਨ ਅੰਦਰ ਫੁਰਨਾ ਫੁਰਿਆ ਕਿ ਉਹ ਅੰਤਰਜਾਮੀ ਸੱਚੇ ਪਾਤਸ਼ਾਹ ਜੀ ਨੂੰ ਵੱਟਾਂ ਉਤੇ ਆਪਣੇ ਸਾਹਮਣੇ ਫਿਰਦਾ ਵੇਖੇ। ਸਤਿਗੁਰੂ ਜੀ ਨਹਿਰ ਤੋਂ ਇਸ਼ਨਾਨ ਕਰਕੇ ਆ ਰਹੇ ਸਨ। ਉਹਨਾਂ ਮੌਜ ਵਿਚ, ਵੱਟਾਂ ਉੱਤੇ ਫਿਰਦੇ ਬਾਬਾ ਜੀ ਵੱਲ, ਕਦਮ ਵਧਾਏ। ਬਾਬਾ ਜੀ ਦੂਜੀ ਵੱਟੇ ਤੇ ਫਿਰ ਤੀਜੀ ਵੱਟੇ ਹੋ ਗਏ। ਸਤਿਗੁਰੂ ਜੀ ਅੱਗੋਂ ਹੋ ਮਿਲੇ ਤੇ ਕਿਹਾ, "ਬੱਸ !" ਬਾਬਾ ਜੀ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ ਕਿਉਂਕਿ ਅੰਤਰਜਾਮੀ ਸਤਿਗੁਰੂ ਜੀ ਉਸ ਦੀ ਭਾਵਨਾ ਨੂੰ ਜਾਣ ਕੇ ਉਸ ਨੂੰ ਅਗਲਵਾਂਢੀ ਵੱਟਾਂ ਉੱਤੇ ਮਿਲੇ ਸਨ।

ਗੁਰੂ ਘਰ ਲਈ ਪੁੰਨ-ਦਾਨ ਕਰਕੇ ਸਾਧ ਸੰਗਤ ਨੂੰ ਛਕਾ ਕੇ ਸਿੱਖਾਂ ਨੂੰ ਇੱਕ ਵੱਖਰੀ ਖ਼ੁਸ਼ੀ ਮਿਲਦੀ ਸੀ। ਸ: ਦਲ ਸਿੰਘ ਨੇ ਚੂਹੇ-ਝਾੜ ਦਾ ਹੋਲਾ ਇੱਕ ਮੁਰੱਬਾ ਜ਼ਮੀਨ ਗਹਿਣੇ ਪਾ ਕੇ ਕੀਤਾ ਸੀ ਜੋ ਸਾਹਿਬ ਸਿੰਘ ਮਾਨਾ ਵਾਲੇ ਨੇ ਛੁੱਡਾ ਦਿੱਤਾ ਸੀ।

1918 ਈ: ਨੂੰ ਚੂਹੇ-ਝਾੜ ਸ਼ੇਖ਼ੂ ਪੁਰੇ ਵਿੱਚ ਹੋਲੇ ਦਾ ਭੋਗ ਪਾ ਕੇ ਸਤਿਗੁਰੂ ਜੀ ਨੇ ਲਾਇਲਪੁਰ, ਸਿਆਲ ਕੋਟ, ਗੁਜਰਾਂਵਾਲਾ ਜ਼ਿਲ੍ਹਿਆਂ ਦਾ ਦੌਰਾ ਰਖਿਆ। ਇਸ ਦੌਰੇ ਤੋਂ ਬਾਅਦ ਚਲੀਹਾ ਕਰਨ ਲਈ ਤਪ ਅਸਥਾਨ ਤੇ ਨਹਿਰ ਕੰਢੇ ਬੈਠ ਕੇ ਅਕਾਲ ਪੁਰਖ ਨਾਲ ਇੱਕ-ਮਿੱਕ ਹੋਏ। ਅੰਮ੍ਰਿਤਸਰ ਦੀਵਾਲੀ ਉੱਤੇ ਸਾਧ-ਸੰਗਤ ਨੂੰ ਨਿਹਾਲ ਕੀਤਾ। ਜ਼ਿਲ੍ਹਾ ਸਿਆਲਕੋਟ ਦਾ ਦੌਰਾ ਕਰਕੇ ਆਪ ਚੀਮੇ, ਵਰਪਾਲਾ, ਮੁਸ਼ੈਕੇ ਵਾਲੀ, ਡੋਗਰਾਂ ਵਾਲੇ, ਘਰਜਾਖ, ਗੋਂਦਲਾ ਵਾਲੇ ਦੀਆਂ ਸੰਗਤਾਂ ਨੂੰ ਤਾਰਦੇ ਹੋਏ ਗੁਜਰਾਂਵਾਲੇ ਗੁਰਦੁਆਰੇ ਆ ਦਰਸ਼ਨ ਦਿੱਤੇ।

ਗੁਜਰਾਂ ਵਾਲੇ ਸੰਤ ਕੇਸਰ ਸਿੰਘ ਜੀ ਚਵਿੰਡਾ ਰਹਿੰਦੇ ਸਨ। ਉਹ ਰੁੱਖੜ ਜਿਹੇ ਬਾਣੇ ਵਿਚ ਨੀਵੀਂ ਨਜ਼ਰ ਰੱਖ ਕੇ ਰਸਨਾ ਹਿਲਾ ਕੇ ਬੰਦਗੀ ਹੀ ਕਰਦੇ ਰਹਿੰਦੇ ਸਨ। ਸਤਿਗੁਰੂ ਜੀ ਸ਼ਾਹੀ ਠਾਠ ਵਿਚ ਸਨ। ਉਹਨਾਂ ਵਲ ਵੇਖ ਕੇ ਸੰਤ ਜੀ ਦਾ ਹਉਕਾ ਨਿਕਲ ਗਿਆ। ਸੰਤਾਂ ਨੇ ਬਾਂਹ ਉੱਚੀ ਕਰਕੇ ਕਿਹਾ, "ਹਾਏ ! ਸਤਿਗੁਰੂ ਰਾਮ ਸਿੰਘ ਨਾ ਵਿਸਰੇ", ਉਹ ਬਚਨ ਕਰਦਿਆਂ ਹੀ ਸੰਤ ਜੀ ਦੇ ਨੇਤਰ ਸਜਲ ਹੋ ਗਏ, ਗਲਾ ਰੁਕ ਗਿਆ।



Namdhari Elibrary NamdhariElibrary@gmail.com

ਸਤਿਗੁਰੂ ਜੀ ਨੇ ਉਹਨਾਂ ਵਲ ਨੀਝ ਲਾ ਕੇ ਤੱਕਿਆ ਸੀ ਅਤੇ ਅੱਖਾਂ ਨਿਵਾ ਲਈਆਂ ਸਨ। ਆਪ ਉਹਨਾਂ ਦੇ ਹੋਰ ਨੇੜੇ ਹੋਏ ਤੇ ਇਸ ਤਰ੍ਹਾਂ ਦੇ ਬਚਨ ਕਰਨ ਦਾ ਕਾਰਨ ਪੁੱਛਿਆ। ਸੰਤਾਂ ਨੇ ਬਚਨ ਕੀਤਾ ਕਿ ਆਪ ਸ਼ਹਿਨਸ਼ਾਹ ਦੀ ਥਾਂ ਉੱਤੇ ਸਤਿਗੁਰੂ ਸੱਚੇ ਪਾਤਸ਼ਾਹ ਦੇ ਬਾਣੇ ਵਿਚ ਹੀ ਵਿਚਰਨ। ਆਪ ਸਦਾ ਸਿੱਧੀ ਦਸਤਾਰ ਰੱਖਣ ਅਤੇ ਸ਼ਾਹੀ ਠਾਠ ਬਾਠ ਵਾਲਾ ਬਾਣਾ ਤਿਆਗਣ। ਆਪ ਸਿੱਖਾਂ ਸਾਧਾਂ ਵਾਲਾ ਬਾਣਾ ਧਾਰਨ ਕਰਨ ਕਿਉਂਕਿ ਆਪ ਨੇ ਬੜੇ ਕੰਮ ਕਰਨੇ ਸਨ ਅਤੇ ਸਿੱਖਾਂ ਨੂੰ ਵੀ ਸਿੱਧੇ ਰਾਹ ਪਾਈ ਰੱਖਣਾ ਸੀ। ਸੰਤਾਂ ਨੇ ਇਸ ਤਰ੍ਹਾਂ ਦੇ ਬਚਨ ਕਰ ਕੇ ਫਿਰ ਸੱਚੇ ਪਾਤਸ਼ਾਹ ਅੱਗੇ ਹੱਥ ਜੋੜੇ, ਮੱਥਾ ਟੇਕਿਆ ਤੇ ਕਿਹਾ, "ਹਾਏ ! ਸਤਿਗੁਰੂ ਰਾਮ ਸਿੰਘ ਨਾ ਵਿਸਰੇ।" ਇਹ ਕਹਿੰਦਿਆਂ ਹੀ ਸੰਤਾਂ ਦੇ ਨੇਤਰਾਂ ਵਿਚੋਂ ਗੰਗਾ-ਜਮਨਾ ਵਹਿ ਤੁਰੀਆਂ।

ਸਤਿਗੁਰੂ ਜੀ ਤਾਂ ਸਾਧਾਰਨ ਸਿੱਖ ਦੀ ਅਰਜ ਪਰਵਾਨ ਕਰ ਕੇ ਵੀ ਖੁਸ਼ੀਆਂ ਬਖ਼ਸ਼ਦੇ ਸਨ। ਸੰਤ ਕੇਸਰ ਸਿੰਘ ਤਾਂ ਅਸਾਧਾਰਨ ਸੰਤ ਸਨ, ਪੂਰਨ ਪਰਤਾਪੀ, ਭਜਨ ਬੰਦਗੀ ਵਿਚ ਲੀਣ। ਉਹਨਾਂ ਬਾਬਾ ਸੋਹਨ ਸਿੰਘ ਭਕਨਾ ਵਰਗੇ ਵਿਗੜੇ ਹੋਏ ਸਿੱਖਾਂ ਨੂੰ ਵੀ, ਨਾਮਧਾਰੀਆਂ ਨਾਲ ਜੋੜ ਕੇ, ਸੁਤੰਤਰਤਾ ਸੰਗਰਾਮ ਲਈ ਜੂਝਣ ਦੀ ਜਾਗ ਲਾਈ ਸੀ। ਉਹਨਾਂ ਦੇ ਅਨਮੋਲ ਬਚਨ ਤਾਂ ਸਤਿਗੁਰੂ ਜੀ ਲਈ ਖ਼ਾਸ ਮਹੱਤਵ ਰਖਦੇ ਸਨ।

ਸਤਿਗੁਰੂ ਜੀ ਨੇ ਜਲ ਛਕਿਆ, ਇਸ਼ਨਾਨ-ਪਾਣੀ ਕੀਤਾ, ਕਲੀਆਂ ਵਾਲਾ ਸਫੈਦ ਕੁੜਤਾ ਪਹਿਨ ਕੇ, ਗਲ ਮਾਲਾ ਪਾ ਕੇ, ਸੀਸ ਉਤੇ ਗੁਰਮੁਖੀ ਦਸਤਾਰ ਸਜਾ ਕੇ, ਪਿਛਲੇ ਪਹਿਰ ਦੇ ਦੀਵਾਨ ਵਿਚ ਜਾਣ ਤੋਂ ਪਹਿਲਾਂ ਹੀ ਪ੍ਰਸ਼ਾਦ ਛਕਣ ਸਮੇਂ ਸੰਗਤ ਨੂੰ ਸੁਣਾ ਕੇ ਕਿਹਾ, "ਸੰਤਾਂ ਮਿਹਰ ਕੀਤੀ ਹੈ, ਹੁਣ ਮਨ ਨਾ ਡੋਲੇ।" ਉਸ ਤੋਂ ਬਾਅਦ ਸੱਚੇ ਪਾਤਸ਼ਾਹ ਨੇ ਸ਼ਾਹੀ ਠਾਠ ਵੱਲ ਅਜਿਹੀ ਪਿੱਠ ਕੀਤੀ ਕਿ ਮੁੜ ਕੇ ਨਹੀਂ ਤੱਕਿਆ। ਇਸ ਤਰ੍ਹਾਂ ਆਪ ਨੇ ਸੰਗਤਾਂ ਨੂੰ ਵੀ ਸਮਝਾ ਦਿੱਤ ਕਿ ਬੰਦਗੀ ਵਾਲੇ ਸਾਧ ਦੇ ਬਚਨਾਂ ਦੀ ਕਦਰ ਕਰਨੀ ਸਭ ਦਾ ਫ਼ਰਜ਼ ਬਣਦਾ ਹੈ।

1918 ਈ: ਨੂੰ ਸਤਿਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਉਤੇ ਨਨਕਾਣੇ ਦਰਸ਼ਨ ਦਿੱਤੇ। ਆਪ ਨੇ ਨਾਮਧਾਰੀ ਦੀਵਾਨ ਤੋਂ ਬਾਅਦ, ਸਤਿਗੁਰੂ ਜੀ ਦੇ ਜਨਮ-ਸਥਾਨ ਗੁਰਦੁਆਰੇ ਦੇ ਦਰਸ਼ਨ ਵੀ ਕੀਤੇ, ਭੇਟਾ ਧਰ ਕੇ ਮੱਥਾ ਟੇਕਿਆ। ਮਹੰਤ ਨਾਰਾਇਣ ਦਾਸ ਨੇ ਆਪ ਦਾ ਬੜਾ ਆਦਰ ਮਾਨ ਕੀਤਾ। ਉਸ ਨੇ ਗੁਰਦੁਆਰੇ ਦੇ ਅਖਤਿਆਰ ਲੈਣ, ਕੁੰਜੀਆਂ ਸੰਭਾਲਣ ਲਈ ਵੀ ਆਪ ਨੂੰ ਬੇਨਤੀ ਕੀਤੀ। ਸਤਿਗੁਰੂ ਜੀ ਨੇ ਇਹ ਕਹਿ ਕੇ ਕਿ "ਸਾਨੂੰ ਭੈਣੀ ਸਾਹਿਬ ਹੀ ਸੋਭਦੀ ਹੈ ਤੇ ਬਥੇਰੀ ਹੈ" ਕੁੰਜੀਆਂ ਵਾਪਸ ਕਰ ਦਿੱਤੀਆਂ। ਕਿਉਂਕਿ ਆਪ ਨੂੰ ਪਤਾ ਸੀ ਕਿ ਇਹਨਾਂ ਕੁੰਜੀਆਂ ਨੇ ਕੀ ਚੰਨ ਚਾੜ੍ਹਨਾ ਹੈ।

ਸ੍ਰੀ ਭੈਣੀ ਸਾਹਿਬ, ਨਿਰਜਲਾ ਇਕਾਦਸ਼ੀ ਦਾ ਮੇਲਾ, ਗੁਰੂ ਹਰੀ ਸਿੰਘ ਜੀ ਦੀ ਯਾਦ ਵਿਚ ਮਨਾਇਆ ਜਾਂਦਾ ਸੀ। 1918 ਈ. ਵਿਚ ਸਤਿਗੁਰੂ ਜੀ ਨੂੰ ਸੰਤ ਆਲਾ ਸਿੰਘ ਦੇ ਸੇਵਕ ਸੰਤ ਕਰਤਾਰ ਸਿੰਘ ਨੇ, ਉਸ ਮੇਲੇ ਸਮੇਂ, ਉਹਨਾਂ ਦੇ ਪੁੱਛਣ ਤੇ ਦੱਸਿਆ ਕਿ ਉਹਨੇ ਇੱਕ ਸਿੱਖ ਨੂੰ ਗੁਰੂ ਹਰੀ ਸਿੰਘ ਦੇ ਮਟ ਉੱਤੇ ਦੀਵਾ ਜਗਾਉਣ



Namdhari Elibrary NamdhariElibrary@gmail.com

ਵਾਸਤੇ ਘਿਉ ਦੇਣ ਤੋਂ ਮਨ੍ਹਾਂ ਕਰ ਦਿੱਤਾ ਸੀ ਇਸ ਕਰਕੇ ਉਸ ਨਾਲ ਬੋਲ-ਬੁਲਾਰਾ ਹੋ ਗਿਆ ਸੀ। ਸਤਿਗੁਰੂ ਜੀ ਨੂੰ ਮੜ੍ਹੀ ਦਾ ਹੋਣਾ ਫਿਰ ਭਰਮ ਭੁਲੇਖਿਆਂ ਦੀ ਗੱਲ ਜਾਪੀ। ਉਹਨਾਂ ਨੇ ਤਤਕਾਲ ਕਹੀ ਮੰਗਵਾ ਕੇ, ਮਾਤਾ ਜੀਵਨ ਕੌਰ ਦੇ ਰੋਕਣ ਦੇ ਬਾਵਜੂਦ ਵੀ ਸਿੱਖਾਂ ਨੂੰ ਲਾ ਕੇ ਗੁਰੂ ਹਰੀ ਸਿੰਘ ਦੀ ਮੜ੍ਹੀ ਵਾਲੀ ਥਾਂ ਪੱਧਰ ਕਰਵਾ ਦਿੱਤੀ। ਆਪ ਨੇ ਸੰਤ ਲਾਲ ਸਿੰਘ ਭੂਰੇ ਗਿੱਲ ਤੋਂ ਨੀਂਹ ਰਖਵਾ ਕੇ ਉੱਥੇ ਹਰੀਮੰਦਰ ਨਾਂ ਦੇ ਥਾਂ ਦੀ ਉਸਾਰੀ ਕਰਵਾਈ। ਆਪ ਨੇ ਰਾਮਸਰ ਦੇ ਆਲੇ ਦੁਆਲੇ ਤੋਂ ਝਾੜ ਬੂਟੇ ਪੁਟਵਾ ਕੇ ਉਸ ਥਾਂ ਉੱਤੇ ਆਬਾਦੀ ਲਈ ਝੁੱਗੀਆਂ ਪੁਆਈਆਂ ਅਤੇ ਕੋਠੇ ਵੀ ਛਤਵਾ ਦਿੱਤੇ ਸਨ।

1919 ਈ. ਦਾ ਹੋਲਾ, ਸਤਿਗੁਰੂ ਜੀ ਨੇ, ਅਨੰਦਪੁਰ ਸਾਹਿਬ ਹੀ ਕਰਨ ਦਾ ਸੰਦੇਸ਼ ਸੰਗਤ ਨੂੰ ਭਿਜਵਾ ਦਿੱਤਾ ਸੀ। ਸੱਤ ਸਾਲ ਪਹਿਲਾਂ ਵੀ ਆਪ ਨੇ ਅਨੰਦਪੁਰ ਹੀ ਹੋਲਾ ਕੀਤਾ ਸੀ। ਇਸ ਵਾਰ ਕੁਝ ਨਿਹੰਗਾਂ ਬਾਰੇ ਪਤਾ ਲੱਗਾ ਕਿ ਉਹ ਬੇਸੁਆਦੀ ਪੈਦਾ ਕਰਨਗੇ। ਸਤਿਗੁਰੂ ਜੀ ਨੇ ਸਭ ਪ੍ਰਕਾਰ ਦੇ ਪ੍ਰਬੰਧ ਕੀਤੇ। ਮਾਤਾ ਜੀਵਨ ਕੌਰ ਜੀ ਨੇ ਰਸਦ ਦਾ ਭੰਡਾਰ ਸੰਭਾਲ ਲਿਆ। ਆਪ ਖੁੱਲ੍ਹੀ ਰਸਦ ਵੰਡਦੇ ਸਨ, ਮਿੱਠਾ, ਬਦਾਮ, ਘਿਉ; ਸਭ ਖੁੱਲ੍ਹਾ। ਸੰਗਤ ਵੀ ਗੁਰੂ ਘਰ ਨੂੰ ਮਾਇਆ ਮੱਥਾ ਟੇਕ ਕੇ ਆਪਣੀ ਕਿਰਤ ਕਮਾਈ ਸਫਲ ਕਰਦੀ ਸੀ। ਮੇਲੇ ਦੇ ਦਿਨੀਂ ਹਰਨਾਮ ਸਿੰਘ ਨਥਾਣੀਆਂ ਤਾਂ ਰੋਜ਼, ਮਾਤਾ ਜੀ ਦੀ ਆਗਿਆ ਅਨੁਸਾਰ, ਉਹਨਾਂ ਦੇ ਥੈਲੇ ਵਿੱਚੋਂ ਦੋ ਤਿੰਨ ਸੌ ਰੁਪਈਏ ਕੱਢ ਕੇ ਲੈ ਜਾਂਦਾ ਸੀ। ਉਹ ਪਹਿਲੀ ਰਸਦ ਮੁੱਕਣ ਤੋਂ ਪਹਿਲਾਂ ਹੋਰ ਭੰਡਾਰੇ ਭਰ ਦਿੰਦਾ ਸੀ। ਮਾਤਾ ਜੀ ਨੂੰ ਪਤਾ ਸੀ ਕਿ ਨਿਹੰਗ ਖਰੂਦ ਕਰ ਸਕਦੇ ਸਨ। ਫਿਰ ਵੀ ਆਪ ਉਹਨਾਂ ਦੀਆਂ ਵੀ, ਬਦਾਮਾਂ ਅਤੇ ਮਿੱਠੇ ਨਾਲ, ਝੋਲੀਆਂ ਭਰ ਦੇਂਦੇ ਸਨ। ਆਪ ਉਹਨਾਂ ਨੂੰ ਮੂੰਹ ਮੰਗੀ ਰਸਦ ਦੇਂਦੇ ਸਨ। ਨਾਲ ਹੀ ਸਮਾਈ ਨਾਲ ਰਹਿਣ ਦੀ ਸੁਮੱਤ ਬਖਸ਼ਦੇ ਸਨ। ਮਾਤਾ ਜੀ ਕੋਲ ਆਉਣ ਵਾਲੇ ਨਿਹੰਗ ਇਹ ਕਹਿ ਕੇ ਦੰਗਾ ਫਸਾਦ ਨਾ ਕਰਨ ਦਾ ਇਕਰਾਰ ਕਰਦੇ ਕਿ "ਮਾਤਾ ਜੀ ਉਹ ਵੀ ਤੇਰਾ ਪੁੱਤਰ, ਅਸੀਂ ਵੀ ਤੇਰੇ ਪੁੱਤਰ, ਲੜਨਾ ਕਿਉਂ ਹੋਇਆ ?"

ਦੂਜੇ ਪਾਸੇ ਸਤਿਗੁਰੂ ਜੀ ਨੇ ਦਰਸ਼ਨੀ, ਨਰੋਏ ਜੁਆਨਾਂ ਦਾ ਪਹਿਰਾ ਲਾਇਆ ਹੋਇਆ ਸੀ। ਜਿਸ ਕਰਕੇ ਕੁਝ ਨਿਹੰਗ ਅੰਦਰੋ ਅੰਦਰ ਵਿੱਸ ਤਾਂ ਘੋਲਦੇ ਰਹੇ ਪਰ ਮੁਕਾਬਲੇ ਲਈ ਆਉਣ ਤੋਂ ਡਰਦੇ ਸਨ। ਦੋ ਦਿਨ ਦਾ ਗੁੱਸਾ ਕੱਢਣ ਲਈ ਉਹਨਾਂ ਤੀਸਰੇ ਦਿਨ ਕੁਝ ਤੰਬੂਆਂ ਦੇ ਰੱਸੇ ਕੱਟ ਦਿੱਤੇ ਅਤੇ ਹਰਨ ਹੋ ਗਏ। ਸਤਿਗੁਰੂ ਜੀ ਨੂੰ ਜਦ ਇਸ ਦੀ ਖ਼ਬਰ ਮਿਲੀ ਤਾਂ ਉਹਨਾਂ ਨੇ ਆਪਣੇ ਸਿੱਖਾਂ ਨੂੰ ਧੀਰਜ ਰੱਖਣ ਤੇ ਸਬਰ ਕਰਨ ਲਈ ਬਚਨ ਕੀਤਾ। ਕਿਉਂਕਿ ਹੋਲੇ ਵਿਚ ਵੱਡੀ ਗਿਣਤੀ ਵਿਚ ਆਈ ਸੰਗਤ ਦਾ ਧਿਆਨ ਰੱਖਣਾ, ਉਹਨਾਂ ਦੇ ਰਹਿਣ-ਬਹਿਣ ਅਤੇ ਲੰਗਰ-ਪਾਣੀ ਦਾ ਪ੍ਰਬੰਧ ਕਰਨਾ, ਕਿਸੇ ਧੀਰਜਹੀਨ ਜਾਂ ਬੇਸਬਰੇ ਵਿਅਕਤੀ ਦੇ ਵੱਸ ਦੀ ਗੱਲ ਹੋ ਹੀ ਨਹੀਂ ਸੀ ਸਕਦੀ।

ਤੀਸਰਾ ਹਥਿਆਰ ਸਤਿਗੁਰੂ ਜੀ ਦਾ ਪ੍ਰਭਾਵਸ਼ਾਲੀ ਵਿਅਕਤਿਤਵ ਸੀ। ਹੋਲੇ ਦਾ ਭੋਗ ਪਾ ਕੇ ਸੱਚੇ ਪਾਤਸ਼ਾਹ ਕੇਸਗੜ੍ਹ ਸਾਹਿਬ ਭੇਟਾ ਲੈ ਕੇ ਦਰਸ਼ਨ ਕਰਨ ਗਏ।



Namdhari Elibrary NamdhariElibrary@gmail.com

ਇਕ ਅੜਬ ਨਿਹੰਗ ਰਸਤਾ ਰੋਕ ਕੇ ਖੜ੍ਹ ਗਿਆ । ਉਸ ਨੇ ਹੱਥ ਵਿਚ ਨੰਗੀ ਤਲਵਾਰ ਫੜੀ ਹੋਈ ਸੀ, ਉਹ ਬਹੁਤ ਖ਼ਫ਼ਾ ਸੀ । ਸਤਿਗੁਰੂ ਜੀ ਨਿਰਭੈ, ਉਸ ਕੋਲ ਚਲੇ ਗਏ । ਉਹਨਾਂ ਜਦੋਂ ਨਜ਼ਰਾਂ ਭਰ ਕੇ ਤੱਕਿਆ ਤਾਂ ਉਹ ਤਾਬ ਨਾ ਝੱਲ ਸਕਿਆ । ਉਸ ਨੇ ਤਲਵਾਰ ਮਿਆਨ ਕਰ ਲਈ, ਚਰਨੀਂ ਹੱਥ ਲਾਏ ਅਤੇ ਸੰਗਤ ਵਿਚ ਰਲ ਗਿਆ । ਪੁਜਾਰੀਆਂ ਨੇ ਆਪ ਜੀ ਦੀ ਭੇਟਾ ਸਵੀਕਾਰ ਕਰ ਲਈ ।

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਬਾਅਦ ਅੱਜ ਤੱਕ ਕੂਕੇ ਉਹਨਾਂ ਦੇ ਦਰਸ਼ਨਾਂ ਨੂੰ ਤਾਂਘਦੇ ਹਨ । ਜਦ ਵੀ ਕੋਈ ਬਿਰਹਾ ਭਿੱਜੇ ਵੈਰਾਗਮਈ ਸ਼ਬਦ ਉਹਨਾਂ ਦੇ ਕੰਨੀ ਪੈਂਦੇ ਹਨ ਤਾਂ ਉਹ ਸੁਧ-ਬੁੱਧ ਭੁੱਲ ਜਾਂਦੇ ਹਨ । ਅਸਲ ਵਿੱਚ ਅੰਦਰੋਂ ਤਾਂ ਉਹ ਅੱਗੇ ਹੀ ਭਰੇ ਪਏ ਹੁੰਦੇ ਹਨ । ਆਨੰਦਪੁਰ ਸਾਹਿਬ ਦੇ ਹੋਲੇ ਸਮੇਂ ਰਾਗੀ ਕਾਲੂ ਨੇ ਆਪਣੇ ਬੱਚਿਆਂ ਸੰਦਲ, ਹਜ਼ਾਰੀ ਤੇ ਸੋਹਣੇ ਤੋਂ ਇਕ ਗੀਤ ਗਵਾਇਆ ਜਿਸ ਦੇ ਬੋਲ ਸਨ, "ਸਾਈਆਂ ਲਾਜ ਰੱਖੀਂ ਲਾਈਆ ਅੱਖੀਆਂ ਦੀ ।" ਬੱਚਿਆਂ ਦੇ ਗਾਉਣ ਨਾਲ ਕੂਕਿਆਂ ਦੇ ਦਿਲ ਨੂੰ ਰੁੱਗ ਭਰਿਆ ਗਿਆ । ਸਣੇ ਸਤਿਗੁਰੂ ਸੱਚੇ ਪਾਤਸ਼ਾਹ ਸਾਰੇ ਫਿੱਸ ਪਏ, ਹਾਲੋਂ ਬੇਹਾਲ ਹੋ ਗਏ ਅਤੇ ਹਟਕੋਰੇ ਭਰਨ ਲੱਗ ਪਏ ।

ਮਹਾਰਾਜ ਗੁਰਦਿਆਲ ਸਿੰਘ ਜੀ ਨਾਮਧਾਰੀਆਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ, ਬੇਦੋਸੇ ਸਤਿਗੁਰੂ ਨੂੰ ਪ੍ਰਦੇਸ਼ ਭੇਜਣ ਅਤੇ ਸ੍ਰੀ ਭੈਣੀ ਸਾਹਿਬ ਬੈਠੀ ਪੁਲਿਸ ਚੌਕੀ, ਜਿਹੀਆਂ ਸਰਕਾਰ ਦੀਆਂ ਵਧੀਕੀਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਪੁਚਾਉਣਾ ਚਾਹੁੰਦੇ ਸਨ, ਸੋ ਉਹ ਇਤਿਹਾਸ ਦੀ ਖੋਜ ਕਰਨ ਅਤੇ ਲਿਖਣ ਵੱਲ ਵਧੇ । ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦਾ ਉਹਨਾਂ ਨੂੰ ਕਾਫ਼ੀ ਗਿਆਨ ਸੀ । ਉਹਨਾਂ ਦਾ ਸਾਥ ਦੇਣ ਵਾਲੇ ਸਤਿਗੁਰੂ ਜੀ ਦੇ ਸੇਵਕ ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚਕਰਵਰਤੀ, ਪੰ: ਮਨਸਾ ਸਿੰਘ ਕੌਮੀ, ਪੰ. ਅਣਖਾ ਸਿੰਘ ਅਤੇ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਵੀ ਸਨ । ਇਹ ਸਰਬ ਹਿੰਦ ਕਾਂਗਰਸ ਦੇ ਵੀ ਮੈਂਬਰ ਬਣੇ । ਮਹਾਤਮਾ ਗਾਂਧੀ, ਮਦਨ ਮੋਹਨ ਮਾਲਵੀਆ, ਲਾਲਾ ਲਾਜਪਤ ਰਾਏ ਨਾਲ ਮੇਲ-ਜੋਲ ਵਧਾਇਆ । ਉਹਨਾਂ ਨੂੰ ਆਪਣਾ ਇਤਿਹਾਸ ਦੱਸਿਆ ਅਤੇ ਉਹ ਆਪਣੇ ਹੀ ਛੇੜੇ ਸੁਤੰਤਰਤਾ ਸੰਗਰਾਮ ਵਿੱਚ ਸਰਗਰਮ ਹੋ ਗਏ ।

ਸਤਿਗੁਰੂ ਜੀ ਨੂੰ ਮਹਾਰਾਜ ਗੁਰਦਿਆਲ ਸਿੰਘ ਜੀ ਤੇ ਸਾਥੀਆਂ ਨੇ ਅਰਜ਼ ਕੀਤੀ ਕਿ ਕੂਕਿਆਂ ਨੂੰ ਵੀ ਹੋਰਨਾਂ ਵਾਂਗ ਅੰਗਰੇਜ਼ਾਂ ਨਾਲ ਖੁੱਲ੍ਹ ਕੇ ਆਢਾ ਲਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ । ਤਰਨ ਸਿੰਘ ਵਹਿਮੀ ਨੇ ਲਿਖਿਆ ਹੈ ਕਿ, ਸਤਿਗੁਰੂ ਜੀ ਨੇ ਬਚਨ ਕੀਤਾ, "ਮੈਂ ਗੋਰੇ ਨਾਲ ਨਾ-ਮਿਲਵਰਤਨ ਅਤੇ ਨਾਮਧਾਰੀ ਪੰਥ ਦੀ ਮਰਯਾਦਾ ਨੂੰ ਨਿਭਾਉਣਾ ਹੈ — ਕੂਕੇ ਪੰਥ ਨੂੰ ਬਚਾਉਣਾ ਹੈ ।"—ਜੱਸ-ਜੀਵਨ ਹਿੱਸਾ ਪਹਿਲਾ । ਸਤਿਗੁਰੂ ਜੀ ਸਮਝਦੇ ਸਨ ਕਿ ਪਹਿਲਾਂ ਨਾਮਧਾਰੀ ਇਕੱਲੇ ਹੀ ਜੂਝਦੇ ਅਤੇ ਭੁਗਤਦੇ ਰਹੇ ਸਨ । ਕਿਸੇ ਨੇ ਉਹਨਾਂ ਦਾ ਸਾਥ ਨਹੀਂ ਦਿੱਤਾ ਸਗੋਂ ਪੰਜਾਬ ਦੇ ਡੇਰੇਦਾਰਾਂ, ਮਹੰਤਾਂ, ਸਰਦਾਰਾਂ, ਜਾਗੀਰਦਾਰਾਂ ਅਤੇ ਰਾਜਿਆਂ-ਮਹਾਰਾਜਿਆਂ ਨੇ ਵਿਰੋਧ ਕੀਤਾ ਅਤੇ ਬਰਤਾਨਵੀ ਹਕੂਮਤ ਦਾ ਸਾਥ ਦਿੱਤਾ ਸੀ । ਸੋ ਸਤਿਗੁਰੂ ਜੀ ਦਾ,



Namdhari Elibrary NamdhariElibrary@gmail.com

ਰਾਜ ਜੀ ਨੂੰ ਕਹਿਣਾ ਸੀ ਕਿ ਉਹ ਦੇਸ ਭਗਤੀ ਵੱਲ ਜੁੜੇ ਰਹਿਣ। ਉਹ ਆਪ ਬਣ ਆਈ ਦੇਸ ਸੇਵਾ ਕਰਨਗੇ ।

ਮਹਾਰਾਜ ਰਿਪੁਦਮਨ ਸਿੰਘ, ਨਾਭਾ, ਵੀ ਦੇਸ ਭਗਤੀ ਦੀ ਭਾਵਨਾ ਰੱਖਦਾ ਸੀ। ਧਾਰੀਆਂ ਨਾਲ ਵੀ ਉਸ ਦੇ ਸੁਹਿਰਦਤਾ ਪੂਰਨ ਸੰਬੰਧ ਸਨ। ਇਹਨਾਂ ਸੰਬੰਧਾਂ ਨੂੰ ਾਉਣ ਵਿਚ ਮਾਈ ਹੁਕਮੀ — ਜਿਸ ਨੂੰ ਮਾਈ ਮਹਾਤਮਾ ਦੇ ਨਾਂ ਨਾਲ ਯਾਦ ਕੀਤਾ ਾ ਸੀ — ਨਾਭੇ ਰਾਜ-ਘਰਾਣੇ ਵਿਚ ਰਹਿੰਦੀ ਸੀ, ਦਾ ਹੱਥ ਸੀ। ਮਹਾਰਾਜੇ ਦੇ ੜ ਵਿਚ ਸਿੱਖੀ ਭਾਵਨਾ ਵੀ ਸੀ। ਉਹ ਦਾੜ੍ਹਾ ਖੁੱਲ੍ਹਾ ਰਖਦਾ ਸੀ, ਅੰਗਰੇਜ਼ਾਂ ਦਾ ੋਧੀ ਸੀ। ਉਸ ਵਿਚ ਇਸ ਤਰ੍ਹਾਂ ਦੀ ਭਾਵਨਾ ਉਜਾਗਰ ਕਰਨ ਵਿਚ ਮਹਾਰਾਣੀ ਜਨੀ ਦੇਵੀ, ਜਿਸ ਦੇ ਮਹਿਲਾਂ ਵਿਚ ਮਾਈ ਮਹਾਤਮਾ ਰਹਿੰਦੀ ਸੀ, ਦਾ ਬੜਾ ਦਾਨ ਸੀ। ਰਾਜਾ ਨਿਪੁੱਤਾ ਸੀ ਸੋ ਨਿਰਾਸ ਅਤੇ ਉਦਾਸ ਰਹਿੰਦਾ ਸੀ।

ਮਾਈ ਦੀ ਸਲਾਹ ਮੰਨ ਕੇ ਰਾਜਾ ਸਤਿਗੁਰੂ ਜੀ ਦੀ ਸ਼ਰਨ ਆਇਆ ਅਤੇ ਪੁੱਤਰ ਦਾਤ ਦੀ ਕ੍ਰਿਪਾ ਕਰਨ ਲਈ ਬੇਨਤੀ ਕੀਤੀ। ਸਤਿਗੁਰੂ ਜੀ ਨੇ ਅਰਦਾਸ ਵਾਈ। ਮਾਈ ਮਹਾਤਮਾ ਨੂੰ ਪੱਕਾ ਭਰੋਸਾ ਸੀ ਕਿ ਰਾਣੀ ਸਰੋਜਨੀ ਦੇਵੀ ਤਗੁਰੂ ਜੀ ਦੀ ਕਿਰਪਾ ਨਾਲ ਪੁੱਤਰ-ਰਤਨ ਨੂੰ ਹੀ ਜਨਮ ਦੇਵੇਗੀ। ਹੋਇਆ ਵੀ ਾ ਹੀ। 5 ਅੱਸੂ, 1976 ਬਿ: ਨੂੰ ਰਾਜੇ ਘਰ ਪੁੱਤਰ ਦਾ ਜਨਮ ਹੋਇਆ। ਰਾਜੇ ਨੇ ਤਗੁਰੂ ਜੀ ਦੇ ਆਪਣੇ ਮਹਿਲਾਂ ਵਿੱਚ ਚਰਨ ਪੁਆਏ। ਉਸ ਨੇ ਆਪ ਵੀ ਭਜਨ ਆ, ਅੰਮ੍ਰਿਤ ਛਕਿਆ। ਇਹ ਸੁਣ ਕੇ ਸਿੰਘ ਸਭੀਆਂ ਨੇ ਰਾਜੇ ਦੇ ਨਾਮਧਾਰੀ : ਦਾ ਅਖਬਾਰਾਂ ਵਿੱਚ ਰੌਲਾ ਪਾਇਆ। ਰਾਜੇ ਨੇ ਮਹਾਰਾਜ ਬੀਰ ਸਿੰਘ ਲਿਖਤ ਅਨੁਸਾਰ ਇੱਕ ਰੋਲਜ਼ ਰਾਇਸ ਕਾਰ ਨਾਲ ਕੁਝ ਦਿਨਾਂ ਲਈ ਡ੍ਰਾਈਵਰ ਣ ਸਿੰਘ ਭੇਜਿਆ। ਸ: ਗੁਰਮੁਖ ਸਿੰਘ ਭੋਮਾ ਵਡਾਲਾ ਆਪ ਜੀ ਦੀ ਕਾਰ ਦਾ ਹਲਾ ਨਾਮਧਾਰੀ ਡ੍ਰਾਈਵਰ ਸੀ।

ਰਾਜੇ ਨੇ ਮਾਇਆ, ਘੋੜੇ ਅਤੇ 5860 ਵਿੱਘੇ, ਮੁਤਾਬਕ 1281 ਏਕੜ ਰਕਬੇ ਦੀ ੜ, ਮੁਡਾਰੜ੍ਹ ਵੀ ਭੇਟਾ ਕੀਤੀ। ਸਤਿਗੁਰੂ ਜੀ ਦੇ ਨਾਂ ਉਤੇ ਉਸ ਨੇ ਆਪਣੇ ਪੁੱਤਰ ਨਾਂ ਟਿੱਕਾ ਪਰਤਾਪ ਸਿੰਘ ਰਖਿਆ।

1920 ਈ: (1976 ਬਿ:) ਦਾ ਹੋਲਾ ਵੀ ਸਤਿਗੁਰੂ ਪਰਤਾਪ ਸਿੰਘ ਵਲੋਂ ਕੁਝ ਂ ਹੁਕਮ ਜ਼ਾਰੀ ਕਰਨ ਅਤੇ ਨਵੇਂ ਫੈਸਲੇ ਲੈਣ ਕਾਰਨ ਮਹੱਤਵਪੂਰਨ ਹੋਲਾ ਸੀ। ਤ ਹੋਲੇ ਸਮੇਂ ਆਪ ਨੇ ਇਕੋ ਵਿਸ਼ੇ ਉੱਤੇ ਜਥੇਦਾਰਾਂ ਦੇ ਬੋਲਣ ਦਾ ਪ੍ਰੋਗਰਾਮ ਰਆ। ਉਂਜ ਜਥੇਦਾਰ ਫ਼ਤਿਹ ਸਿੰਘ ਮਾਂਗਾ 1918 ਈ: ਦੇ ਨਿਮਾਣੀ ਦੇ ਮੇਲੇ ਚ ਸ੍ਰੀ ਭੈਣੀ ਸਾਹਿਬ 'ਗੁਰ ਬਿਨ ਘੋਰ ਅੰਧਾਰ' ਪਰਕਰਣ ਉੱਤੇ ਤਿੰਨ ਘੰਟੇ ਵਾਨ ਲਾ ਕੇ ਦੇਹਧਾਰੀ ਗੁਰੂ ਦੀ ਥਿਉਰੀ ਪੇਸ਼ ਕਰਕੇ ਵਾਹ-ਵਾਹ ਖੱਟ ਚੁੱਕੇ । ਹੁਣ ਤਾਂ ਹੋਰ ਜਥੇਦਾਰਾਂ ਲਈ ਆਪਣੀ ਸੂਝ ਸਿਆਣਪ ਪ੍ਰਗਟ ਕਰਨ ਦੀ ਤ ਸੀ।

ਇਸ ਹੋਲੇ 'ਤੇ ਹੀ ਮਹਾਰਾਜਾ ਗੁਰਦਿਆਲ ਸਿੰਘ ਨੇ 'ਸਤਿਜੁਗ' ਦਾ ਪ੍ਰਕਾਸ਼ਨ ਰੰਭ ਕੀਤਾ। ਇਸ ਕਾਰਜ ਵਿਚ ਨਿਰੰਕਾਰ ਸਿੰਘ ਚੇਤਨ, ਮੰਗਲ ਸਿੰਘ ਅਰਸ਼ੀ



Namdhari Elibrary NamdhariElibrary@gmail.com

ਫ਼ਰਿਸ਼ਤਾ ਉਹਨਾਂ ਦੇ ਸਹਾਇਕ ਸਲਾਹਕਾਰ ਸਨ ! ਸਤਿਗੁਰੂ ਜੀ ਨੇ ਨਾਮਧਾਰੀ ਸਿੱਖਾਂ ਨੂੰ ਇਸ ਦਾ ਗ੍ਰਾਹਕ ਬਣਨ ਦੀ ਆਗਿਆ ਕੀਤੀ ਤਾਂ ਕਿ ਪੜ੍ਹਨ ਦੀ ਵਧੀਆ ਸਮੱਗਰੀ ਘਰ ਘਰ ਪਹੁੰਚ ਸਕੇ ।

ਇਸ ਹੋਲੇ ਉੱਤੇ ਸਤਿਗੁਰਾਂ ਉਚੇਚਾ ਹੁਕਮ ਕੀਤਾ ਕਿ ਕੋਈ ਜਵਾਨ ਬੀਬੀ ਇਕੱਲੀ ਮੇਲੇ 'ਤੇ ਨਾ ਆਵੇ । ਉਸ ਦੇ ਨਾਲ ਉਸ ਦਾ ਪਿਉ ਜਾਂ ਭਰਾ ਹੋਵੇ ਅਤੇ ਉਸ ਨਾਲ ਹੀ ਵਾਪਸ ਚਲੀ ਜਾਵੇ । ਆਪ ਨੇ ਉਚੇਚਾ ਬਚਨ ਕੀਤਾ ਕਿ ਕੋਈ ਵਿਧਵਾ ਨਾ ਰਹੇ । ਸਾਰੀਆਂ ਵਿਧਵਾਵਾਂ ਆਪਣਾ ਘਰ ਵਸਾ ਲੈਣ । ਸਤਿਗੁਰਾਂ ਨੂੰ ਖਦਸ਼ਾ ਸੀ ਕਿ ਕੋਈ ਭੈੜਾ, ਗ਼ੈਰ-ਸਮਾਜੀ ਚਰਿਤਰਹੀਨ ਅਨਸਰ ਕਿਸੇ ਨੂੰ ਵਰਗਲਾ ਸਕਦਾ ਸੀ । ਏਸ ਕਰਕੇ ਉਹਨਾਂ ਇਸ ਤਰ੍ਹਾਂ ਦੇ ਬਚਨ ਕੀਤੇ ।

ਵਸਾਖੀ ਉੱਤੇ 'ਸਤਿਜੁਗ' ਵਿਚ ਸਤਿਗੁਰੂ ਰਾਮ ਸਿੰਘ ਦਾ ਨਾਂ ਪੜ੍ਹ ਕੇ ਸਿੰਘ ਸਭੀਆਂ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ । ਜੇ ਦੇਹਧਾਰੀ ਗੁਰੂ ਦਾ ਪਰਚਾਰ ਹੋਵੇ ਤਾਂ ਉਹਨਾਂ ਦੇ ਸਰਪਰਸਤ ਅੰਗਰੇਜ਼ ਦੀ ਨੀਤੀ ਨੂੰ ਖ਼ਤਰਾ ਸੀ । ਸੋ ਉਹਨਾਂ ਨੇ 'ਸਤਿਜੁਗ' ਵੇਚਣੋਂ ਰੋਕਿਆ । ਸਤਿਗੁਰੂ ਜੀ ਤੋਂ ਥਾਪਨਾ ਲੈ ਕੇ ਝੰਡਾ ਸਿੰਘ ਮਸਤਾਨਾ ਨਿੱਤਰਿਆ । ਉਸ ਨੇ ਪਰਕਰਮਾ ਵਿੱਚ, ਪੜ੍ਹ ਪੜ੍ਹ ਕੇ ਪਰਚੇ ਵੇਚੇ ।

ਇਸ ਸਾਲ ਸਤਿਗੁਰੂ ਜੀ ਨੇ ਸੰਤ ਆਲਾ ਸਿੰਘ, ਮੋਹਨ ਸਿੰਘ ਜੀ ਦੀ ਸੰਤ-ਮੰਡਲੀ ਨਾਲ ਜਦੋਂ ਚਲੀਹਾ ਸ਼ੁਰੂ ਕੀਤਾ ਤਾਂ ਮਾਤਾ ਭੁਪਿੰਦਰ ਕੌਰ ਨੇ ਵੀ ਚਲੀਹਾ ਸ਼ੁਰੂ ਕਰਨ ਦੀ ਆਗਿਆ ਲੈ ਲਈ । ਮਾਤਾ ਜੀ ਨੇ ਜੋਤ ਜਗਾ, ਧੂਪ ਧੁਖਾ, ਕੁੰਭ ਰੱਖ ਕੇ ਚਾਲੀ ਦਿਨ ਤਪ ਕੀਤਾ । ਅੱਗੋਂ ਲਈ ਸਤਿਗੁਰੂ ਜੀ ਵੱਲੋਂ ਬੀਬੀਆਂ ਨੂੰ ਵੀ ਤਪ ਕਰਨ ਦੀ ਆਗਿਆ ਮਿਲ ਗਈ ਸੀ ।

22 ਨਵੰਬਰ, 1920 ਈ: ਵਾਲੇ ਸੁਭਾਗੇ ਦਿਨ, ਸੋਮਵਾਰ ਅੰਮ੍ਰਿਤ ਵੇਲੇ ਮਾਤਾ ਭੁਪਿੰਦਰ ਕੌਰ ਦੀ ਸੁਲੱਖਣੀ ਕੁੱਖ ਤੋਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਗ੍ਰਿਹ ਵਿਖੇ ਇੱਕ ਸਾਹਿਬਜ਼ਾਦੇ ਨੇ ਅਵਤਾਰ ਧਾਰਿਆ । ਸਾਹਿਬਜ਼ਾਦੇ ਨੂੰ ਭਜਨ, ਬੇਬੇ ਰਾਮ ਕੌਰ ਜੀ (ਅੰਬੋ ਜੀ), ਗੁਰੂ ਸਰ, ਨੇ ਦਿੱਤਾ ਅਤੇ ਗੁੜ੍ਹਤੀ ਵੀ ਦਿੱਤੀ । ਗ੍ਰਿਹ ਵਿਖੇ ਬੇਅੰਤ ਖੁਸ਼ੀਆਂ ਆ ਜਾਣ ਕਰਕੇ ਉਹਨਾਂ ਨੂੰ ਬੇਅੰਤ ਜੀ ਹੀ ਪੁਕਾਰਿਆ ਜਾਣ ਲੱਗਾ । 25 ਦਿਨੀਂ ਸੰਤ ਆਲਾ ਸਿੰਘ ਜੀ ਨੇ ਅੰਮ੍ਰਿਤ ਛਕਾਇਆ, ਭਜਨ ਦਿੱਤਾ, ਪਾਠ ਦਾ ਭੋਗ ਪੁਆਇਆ ਅਤੇ ਨਾਮ ਜਗਜੀਤ ਸਿੰਘ ਰਖਿਆ ।

17-18-19 ਜਨਵਰੀ, 1920 ਈ: ਨੂੰ ਸਤਿਗੁਰੂ ਜੀ ਨੇ ਮਲੇਰ ਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਮੁਠੱਡੇ ਵਿੱਚ ਸ਼ਹੀਦੀ ਮੇਲਾ ਰਖਿਆ । ਇਹ ਮੇਲਾ ਇੱਕ ਤਰ੍ਹਾਂ ਦਾ ਸਰਬ ਧਰਮ ਸੰਮੇਲਨ ਸੀ, ਰਾਜਨੀਤਕ ਚੇਤਨਤਾ ਲਈ ਕਾਨਫਰੰਸ ਸੀ । ਇਸ ਮੇਲੇ ਵਿਚ ਸ਼ਾਮਲ ਹੋਣ ਲਈ ਬਰਤਾਨਵੀ ਹਾਕਮਾਂ ਨੇ ਆਪ ਨੂੰ ਲੁਧਿਆਣੇ ਹੀ ਰੋਕਣਾ ਚਾਹਿਆ ਪਰ ਸਤਿਗੁਰੂ ਜੀ ਨੇ ਕਿਹਾ ਕਿ ਉਹਨਾਂ ਦੇ ਗਿਆਂ ਭਾਵੇਂ ਲੋਕਾਂ ਦਾ ਧੀਰਜ ਵਧੇ ਤੇ ਜੁਗਤ ਵੀ ਬਣੀ ਰਹੇ, ਉਹਨਾਂ ਨੂੰ ਨਾ ਜਾਣ ਦਿੱਤਿਆਂ ਤਾਂ ਰੋਹ ਵੱਧ ਸਕਦਾ ਸੀ । ਇਹ ਕਹਿ ਕੇ ਸਤਿਗੁਰੂ ਜੀ ਨਾ ਰੁਕੇ ਅਤੇ ਹਾਕਮ ਵੀ ਢਿੱਲਾ ਪੈ ਗਿਆ ।

ਪਹਿਲਾਂ ਕੀਤੇ ਪਰਬੰਧ ਅਨੁਸਾਰ ਸਤਿਗੁਰੂ ਜੀ ਦਾ ਸ਼ਾਨਦਾਰ ਜਲੂਸ, ਫਿਲੌਰ ਤੋਂ



Namdhari Elibrary NamdhariElibrary@gmail.com

ਣਾ ਸ਼ੁਰੂ ਕੀਤਾ ਅਤੇ ਮੁਠੱਭਿਆਂ ਤੱਕ ਸਤਿ ਸ੍ਰੀ ਅਕਾਲ, ਬੰਦੇ ਮਾਤਰਮ, ਅੱਲਾ-ਹੂ-
ਬਰ ਦੇ ਜੈਕਾਰੇ ਲਾਉਂਦੇ ਹੋਏ ਆਪ ਨੂੰ ਪੰਡਾਲ ਵਿਚ ਲਿਆਂਦਾ ਗਿਆ । ਆਪ ਦਾ
ਗਤ ਕਰਨ ਵਾਲਿਆਂ ਵਿੱਚ ਮਹਾਰਾਜ ਗੁਰਦਿਆਲ ਸਿੰਘ ਦੇ ਨਾਲ ਚੌਧਰੀ ਗੁਲਾਮ
ਤ ਖਾਂ, ਡਾ: ਸੈਫੂਦੀਨ ਕਿਚਲੂ, ਐਡੀਟਰ ਸਦਾਕਤ ਲਾਹੌਰ, ਕੇਦਾਰ ਨਾਥ ਸਹਿਗਲ,
ਸ਼ੰਮਤੀ ਫ਼ਿਲੌਰ, ਖਿਲਾਫਤ ਕਮੇਟੀ ਲੁਧਿਆਣਾ, ਸ: ਕਿਸ਼ਨ ਸਿੰਘ, ਸ: ਸਰਦਾਰ
ਐਡੀਟਰ ਖ਼ਾਲਸਾ ਲਾਹੌਰ, ਮਹਾਤਮਾ ਨੰਦ ਗੁਪਾਲ, ਤੁਲਸੀ ਰਾਮ, ਸੁਆਮੀ
ਾ ਨੰਦ, ਹਬੀਬ ਅਲੀ ਖਾਂ ਆਦਿ ਧਾਰਮਕ ਅਤੇ ਰਾਜਸੀ ਆਗੂ ਸਨ ।
ਮੇਲੇ ਦੀ ਪਰਧਾਨਗੀ ਸਤਿਗੁਰੂ ਜੀ ਨੇ ਕੀਤੀ । ਇਸ ਸਮੇਂ ਨਾਮਧਾਰੀ ਇਤਿਹਾਸ
ਭਰਪੂਰ ਚਾਨਣਾ ਪਾਇਆ ਗਿਆ ।
ਫਿਰ ਇਹੋ ਜਿਹੀਆਂ ਹੀ ਕਾਨਫਰੰਸਾਂ ਸਨਖੱਤਰੇ (ਸਿਆਲਕੋਟ) ਅਤੇ
ਆਰਪੁਰ ਵੀ ਸਤਿਗੁਰੂ ਜੀ ਦੀ ਆਗਿਆ ਅਤੇ ਪੰਡਤ ਬਸੰਤ ਸਿੰਘ ਤੇ ਸੰਤ
ਨ ਸਿੰਘ ਆਲਮ ਦੇ ਉੱਦਮ ਨਾਲ ਕੀਤੀਆਂ ਗਈਆਂ । ਮਤੇ ਪਾਸ ਕਰਕੇ
ਾਰ ਨੂੰ ਨੋਟਿਸ ਦਿੱਤਾ ਗਿਆ ਕਿ ਸ੍ਰੀ ਭੈਣੀ ਸਾਹਿਬ ਤੋਂ ਪੁਲਿਸ ਚੌਕੀ ਤੁਰੰਤ
ਜਾਵੇ ।
ਮਿਸਟਰ ਬੋਰਿੰਗ, ਸੁਪਰਟਿੰਨਟੈਂਡੈਂਤ ਸੀ. ਆਈ. ਡੀ. ਹਾਲਾਤ ਦਾ ਜਾਇਜ਼ਾ
ਲਈ ਸ੍ਰੀ ਭੈਣੀ ਸਾਹਿਬ ਆਇਆ ! ਸੂਰਤ ਸਿੰਘ ਭਿਖਸ਼ੂ ਨੇ ਉਸ ਨੂੰ ਮੰਦਰ
ਬੜੇ ਉੱਤੇ ਜੁਤੀਆਂ ਸਣੇ ਜਾਣੋ ਰੋਕਿਆ ਤਾਂ ਉਹ ਔਖਾ ਹੋ ਗਿਆ । ਭਿਕਸ਼ੂ
ੀ ਲਿਹਾਜ ਨਹੀਂ ਕੀਤਾ ਸਗੋਂ ਕਿਹਾ, "ਹੁਣ ਏਥੇ ਤੁਸੀਂ ਰਹੋਗੇ ਜਾਂ ਅਸੀਂ ।
ਜ਼ਾਲਮ ਸਰਕਾਰ ਬਿਲਕੁਲ ਨਹੀਂ ਰਹਿਣ ਦੇਣੀ ।" ਉਹ ਕੰਨ ਵਲ੍ਹੇਟ ਕੇ
ਾ ਬਣਿਆ ।
ਸੁਹੇਵਾ ਸਾਹਿਬ ਅਜੇ ਵੀ ਰੇਤਲੇ ਟਿੱਬੇ ਹਨ, ਪਾਣੀ ਡੂੰਘਾ ਅਤੇ ਬੇਸੁਆਦਾ ਹੈ ।
ਦੇ ਮਾਲਕ ਸਤਿਗੁਰੂ ਜੀ ਨੇ ਉੱਥੋਂ ਦੇ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ
ਗੁਰਦੁਆਰੇ ਨੂੰ ਭਾਗ ਲਾਉਣ ਲਈ ਮਤਾ ਮੇਲ ਕੇ ਸੰਤ ਆਲਾ ਸਿੰਘ ਨੂੰ
ੁਕਤਸਰ ਦੀ ਮਾਘੀ ਦੇ ਮੇਲੇ ਤੋਂ ਹੀ ਤੋਰ ਦਿੱਤਾ ਸੀ । ਆਪ ਸੱਚੇ ਪਾਤਸ਼ਾਹ
ਾ ਮੇਤੋ ਪਿਛੋਂ 9 ਮਾਘ ਨੂੰ ਪੁੱਜੇ ।
ਸੰਤਾਂ ਨੂੰ ਸਿਪਾਹੀਆਂ ਨੇ ਪਹਿਲਾਂ ਸਰਸੇ ਰੋਕ ਲਿਆ ਅਤੇ ਫਿਰ ਭਲੇ ਸਾਧੂ ਜਾਣ
ਡ ਦਿੱਤਾ । ਸੁਹੇਵਾ ਸਾਹਿਬ ਉਨ੍ਹਾਂ 'ਤੇ ਸਮੱਗਰੀ ਲੈ ਕੇ ਪੁੱਜਿਆਂ ਨੂੰ ਜੈਮਲ ਸਿੰਘ
ਨੇ ਅਕਾਲੀ ਜਾਣ ਕੇ ਨਾ ਵੜਨ ਦਿੱਤਾ । ਸਵੇਰੇ ਪਛਾਣ ਕੇ ਉਸ ਦੇ ਪੁੱਤਰ
ਾਮ ਸਿੰਘ ਨੇ ਸੰਤ-ਮੰਡਲੀ ਨੂੰ ਗੁਰਦੁਆਰੇ ਵਿੱਚ ਜਾਣ ਦਿੱਤਾ । ਉਹਨਾਂ
ਆ ਰੁਮਾਲੇ, ਛੱਤਰ ਸਭ ਉੱਤੇ ਘੱਟਾ ਪਿਆ ਹੋਇਆ ਸੀ । ਸਾਧੂਆਂ ਨੇ ਝਾੜਿਆ
5 ਮਾਘ ਨੂੰ ਜੈਮਲ ਸਿੰਘ ਕੋਲੋਂ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬੀੜ ਲੈ ਕੇ ਆਖੰਡ
ਤਰਿਆ । ਸਤਿਗੁਰੂ ਜੀ ਦੇ ਨਾਲ ਕੁੱਲ 64 ਨਾਮਧਾਰੀ ਉੱਥੇ ਪਹੁੰਚੇ ਸਨ ।
ਾਂ 111 ਅਖੰਡ ਪਾਠ ਕਰਵਾਏ ਸਨ । ਸਤਿਗੁਰੂ ਜੀ ਅਖੰਡ ਪਾਠ ਦੀ ਰੌਲ
ਤੇਂਦੇ ਹੀ ਸਨ, ਆਪ ਖ਼ੁਦ ਬਾਲਣ ਲੈਣ ਵੀ ਜਾਂਦੇ, ਚੱਕੀ ਵੀ ਪੀਂਹਦੇ ਤੇ



Namdhari Elibrary NamdhariElibrary@gmail.com

ਸੋ ਹੱਥ ਡੂੰਘਾ ਪਾਣੀ ਖਿੱਚ ਕੇ ਕਿਰਤ ਤੇ ਕਰਮ ਦੀ ਮਹਾਨਤਾ ਨੂੰ ਦਰਸਾਉਂਦੇ ਸਨ। ਸਿੱਖਾਂ ਨੂੰ ਦਲੇਰੀ ਮਿਲਦੀ ਸੀ, ਉਹਨਾਂ ਦਾ ਉਤਸ਼ਾਹ ਬਣਿਆ ਰਹਿੰਦਾ ਸੀ।

ਹਰ ਅਤਿਥੀ ਨੂੰ ਲੰਗਰੋਂ ਪਰਸ਼ਾਦਾ ਮਿਲਦਾ ਸੀ। ਪ੍ਰਸਾਦੀ ਲਾਲ ਸੇਠ ਵਰਗੇ, ਨਾਮਧਾਰੀ ਸਿੱਖਾਂ ਦੀ ਸੁੱਚ, ਪਵਿੱਤਰਤਾ ਤੇ ਰਹਿਤ ਮਰਿਆਦਾ ਤੋਂ ਬੜੇ ਪ੍ਰਭਾਵਿਤ ਹੋਏ। ਕਈ ਸਥਾਨਕ ਬਾਗੜੀਆਂ ਨੇ ਭਜਨ ਪੁੱਛਿਆ ਤੇ ਸਿੱਖ ਸੱਜ ਗਏ।

3 ਚੇਤਰ, 1977 ਬਿ: ਨੂੰ ਹਵਨ ਕਰਕੇ ਪਿਪਲੋਂ ਜੰਡ ਬਣੇ ਰੁੱਖ ਦਾ ਦਰਸ਼ਨ ਕਰ ਕੇ ਸਾਰੇ ਵਿਦਿਆ ਹੋਏ ਕਿਉਂਕਿ ਹੋਲਾ ਮੁਕਤਸਰ ਮਨਾਉਣਾ ਸੀ।

ਇਸ ਹੋਲੇ ਵਿਚ ਨਵੇਂ ਸੂਬੇ ਥਾਪੇ ਗਏ। ਤਰਨ ਸਿੰਘ ਵਹਿਮੀ ਅਨੁਸਾਰ "ਸੂਬਿਆਂ ਨੂੰ ਇਹ ਆਦੇਸ਼ ਸੀ ਕਿ ਜੇ ਖੁੱਲ੍ਹੇ ਨਾਲ ਵੀ ਤਕਾਜ਼ਾ ਹੋਵੇ ਤਾਂ ਸੂਬਾ ਵਿੱਚ ਪੈ ਕੇ ਸਮਝੌਤਾ ਕਰਾਏ। ਜੇ ਖੁੱਲ੍ਹਾ ਝੂਠਾ ਹੁੰਦਾ ਨਾ ਮੰਨੇ ਤਾਂ ਸੂਬਾ ਕੂਕੇ ਦੀ ਮਦਦ ਕਰੇ। ਜੇ ਕੂਕਾ ਝੂਠਾ ਹੁੰਦਾ ਨਾ ਮੰਨੇ ਤਾਂ ਮੈਨੂੰ ਦੱਸੋ, ਮੈਂ ਉਸ ਨੂੰ ਸਮਝਾਵਾਂਗਾ।"

ਜੱਸ-ਜੀਵਨ — ਹਿੱਸਾ ਪਹਿਲਾ।

ਸਤਿਗੁਰੂ ਜੀ ਦੇ ਥਾਪੇ ਗਏ 26 ਸੂਬੇ ਅਤੇ ਉਹਨਾਂ ਦੇ ਇਲਾਕੇ ਇਹ ਸਨ :

ਫ਼ਤਿਹ ਮਾਂਗਾ — ਲਾਹੌਰ, ਜਗਤ ਸਿੰਘ ਖੰਡੂਵਾਲੀਏ — ਸਿਆਲਕੋਟ, ਹਰਨਾਮ ਸਿੰਘ ਭੋਂਇਵਾਲੀ — ਅੰਮ੍ਰਿਤਸਰ, ਜਿੰਦਾ ਸ਼ਹੀਦ ਜਵੰਦ ਸਿੰਘ — ਮਿੰਟਗੁਮਰ, ਮਹਾਂ ਸਿੰਘ ਨੀਲਿਆਂ ਵਾਲੀ — ਬਹਾਵਲਪਰ, ਬਿਸ਼ਨ ਸਿੰਘ ਭਦੌੜ — ਸੰਗਰੂਰ, ਚੰਨਣ ਸਿੰਘ ਮਹਿਮਾਵਾਲੀ — ਫ਼ਰੀਦਕੋਟ, ਮੀਹਾਂ ਸਿੰਘ ਗੁਰੂ ਸਰ — ਫ਼ਰੀਦਕੋਟ, ਸੇਠ ਮਹਿਲ ਸਿੰਘ ਫਿਲੌਕੇ — ਗੁਜਰਾਂਵਾਲਾ, ਪੰਡਤ ਬਸੰਤ ਸਿੰਘ ਪਧਾਣਾ — ਦੁਆਬਾ, ਜਲੰਧਰ, ਪੰ. ਮੁਨਸ਼ਾ ਸਿੰਘ ਭਰਥਲਾ — ਲੁਧਿਆਣਾ, ਵਰਿਆਮ ਸਿੰਘ ਮੌਲੀ ਵਾਲੇ — ਅੰਬਾਲਾ, ਬੰਤਾ ਸਿੰਘ ਬੂੜੇ ਡੱਲਾ — ਸਰਗੋਧਾ, ਸੇਠ ਦਿਆਲ ਸਿੰਘ — ਸਿਆਮ, ਭਗਵੰਤ ਸਿੰਘ — ਯੂ. ਪੀ., ਕਾਨ੍ਹ ਸਿੰਘ — ਲਖਨਊ, ਗੰਗਾ ਸਿੰਘ — ਜ਼ਿਲ੍ਹਾ ਗੁਜਰਾਤ, ਮਹਿਤਾਬ ਸਿੰਘ ਰਾਮਪੁਰ ਗੁਜਰਾਂਵਾਲਾ — ਰਾਵਲਪਿੰਡੀ, ਹਮੀਰ ਸਿੰਘ ਹਰੀਪੁਰ — ਹਜ਼ਾਰਾ, ਸੈਤਾ ਸਿੰਘ ਕਮਾਲਪੁਰ — ਸਿੰਧ ਹੈਦਰਾਬਾਦ, ਇੰਦਰ ਸਿੰਘ ਘੁੱਕੇਵਾਲੀ—ਮੁਲਤਾਨ, ਗੁਰਬਖ਼ਸ਼ ਸਿੰਘ ਚੱਕ ਕੂਕਿਆਂ— ਪੁਆਧ, ਮਹਿਤਾਬ ਸਿੰਘ ਗਿੱਲ — ਸ਼ੇਖੂਪੁਰਾ, ਖੁਸ਼ਹਾਲ ਸਿੰਘ — ਲਾਹੌਰ, ਟਹਿਲ ਸਿੰਘ ਸੰਦੋਵਾਲਾ — ਲਾਇਲਪੁਰ, ਜਗਤ ਸਿੰਘ — ਹਜ਼ਰੇ।

ਇਹ ਸੂਬੇ ਸਤਿਗੁਰੂ ਜੀ ਦੇ ਹਰ ਇਲਾਕੇ ਦੇ ਆਗੂ ਸਨ, ਕਰਨੀ ਵਾਲੇ ਸਾਧ ਸਨ, ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲੇ, ਉੱਚ ਆਦਰਸ਼ਾਂ ਅਤੇ ਕਿਰਦਾਰ ਵਾਲੇ ਵਿਅਕਤੀ ਸਨ ਜਿਹਨਾਂ ਦੀ ਕਰਨੀ ਅਤੇ ਪਰਚਾਰ ਨਾਲ ਨਾਮਧਾਰੀ ਪੰਥ ਵਿਚ ਵਾਧਾ ਹੁੰਦਾ ਸੀ। ਉਹਨਾਂ ਦੇ ਲਾ-ਮਿਸਾਲ ਉੱਚੇ ਸੁੱਚੇ ਜੀਵਨ ਵੀ ਲੋਕਾਂ ਵਿਚ ਧਾਂਕ ਜਮਾਉਂਦੇ ਸਨ। ਇਲਾਕੇ ਦੀ ਲੋੜ ਨੂੰ ਮੁੱਖ ਰੱਖ ਕੇ ਕਈ ਜਗ੍ਹਾ ਜ਼ਿਲ੍ਹੇ ਵਿਚ ਦੋ-ਦੋ ਸੂਬਿਆਂ ਦੀ ਨਿਯੁਕਤੀ ਵੀ ਕੀਤੀ ਗਈ। ਸਤਿਗੁਰੂ ਰਾਮ ਸਿੰਘ ਜੀ ਤੋਂ ਪਿਛੋਂ ਪਹਿਲੀ ਵਾਰ ਸੂਬੇ ਨਿਯੁਕਤ ਕੀਤੇ ਗਏ ਸਨ ਤਾਂਕਿ ਉਹ ਨਾਮਧਾਰੀ ਪੰਥ ਦੀਆਂ ਧਾਰਮਿਕ, ਸਮਾਜਕ ਅਤੇ ਭਾਈਚਾਰਕ ਸਰਗਰਮੀਆਂ ਨੂੰ ਮਰਯਾਦਾ ਅਨੁਸਾਰ ਚਲਾ



Namdhari Elibrary NamdhariElibrary@gmail.com

ਕੇ ਨਾਮਧਾਰੀ ਪੰਥ ਦਾ ਨਾਂ ਉਜਾਗਰ ਕਰਨ ।

ਰਾਜਨੀਤਕ ਪੱਖੋਂ ਦੇਸ਼ ਦੀਆਂ ਦੂਜੀਆਂ ਸੁਤੰਤਰਤਾ ਸੰਗਰਾਮੀ ਜਮਾਤਾਂ ਨਾਲ ਤਾਲਮੇਲ ਕਾਇਮ ਰੱਖਣ ਲਈ ਅਤੇ ਸਰਕਾਰੀ ਕੰਮਾਂ ਵਿਚ ਵਿਚੋਲਗੀ ਕਰਨ ਲਈ ਨਾਮਧਾਰੀ ਦਰਬਾਰ ਦੀ ਸਥਾਪਨਾ ਕੀਤੀ ਗਈ । ਇਸ ਨੇ ਹੀ ਕਾਂਗਰਸ ਜਾਂ ਅਕਾਲੀ ਪਾਰਟੀ ਨਾਲ ਮੇਲ ਅਤੇ ਵਿੱਥ ਰੱਖਣ ਦਾ ਨਿਰਨਾ ਕਰਕੇ, ਸਤਿਗੁਰੂ ਜੀ ਕੋਲੋਂ ਉਸ ਦੀ ਪਰਵਾਨਗੀ ਲੈ ਕੇ ਉਸ ਨੂੰ ਅਮਲੀ ਰੂਪ ਦੇਣਾ ਸੀ । ਨਾਮਧਾਰੀ ਦਰਬਾਰ ਦੇ ਹੇਠ ਲਿਖੇ ਮੈਂਬਰਾਂ ਦਾ ਐਲਾਨ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਕੀਤਾ ਗਿਆ ।

ਮਹਾਰਾਜ ਗੁਰਦਿਆਲ ਸਿੰਘ—ਮੁੱਖ, ਨਿਧਾਨ ਸਿੰਘ ਆਲਮ, ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਹਰਨਾਮ ਸਿੰਘ ਰਾਗੀ, ਪੰਡਤ ਬਸੰਤ ਸਿੰਘ ਪਧਾਣਾ, ਇੰਦਰ ਸਿੰਘ ਚਕਰਵਰਤੀ, ਬੁੱਢਾ ਸਿੰਘ ਖਾਨਪੁਰ, ਪੰਡਤ ਅਮਰ ਸਿੰਘ, ਸੂਰਤ ਸਿੰਘ ਭਿਕਸੂ, ਗੁਰਬਖ਼ਸ਼ ਸਿੰਘ ਚੱਕ ਕੂਕਿਆਂ, ਮਨਸ਼ਾ ਸਿੰਘ ਭਰਥਲਾ, ਵਰਿਆਮ ਸਿੰਘ ਮੌਲੀ ਵਾਲੇ, ਕੇਸਰ ਸਿੰਘ ਚਵਿੰਡਾ, ਦਇਆ ਸਿੰਘ ਕੱਕੜ, ਰਤਨ ਸਿੰਘ ਕੂਕਾ ਸੰਧਵਾਂ, ਜੰਗ ਸਿੰਘ ਬਿਲਗਾ, ਸੇਠ ਪ੍ਰੀਤਮ ਸਿੰਘ ਵਰਨ, ਲਛਮਣ ਸਿੰਘ ਛੱਤੇਵਾਲੀਆ ਕਰਾਲ, ਮਸਤਾਨ ਸਿੰਘ ਕਿਅਮਪੁਰ, ਪੰਡਤ ਮੁਨਸ਼ਾ ਸਿੰਘ, ਰਾਜਾ ਧਿਆਨ ਸਿੰਘ ਕੱਕੜ, ਅਰਬੇਲ ਸਿੰਘ, ਬਿਸ਼ਨ ਸਿੰਘ ਭਦੌੜ, ਭਗਤ ਸਿੰਘ ਦਾਤੇਵਾਲਾ, ਮਸਤਾਨ ਸਿੰਘ ਰਾਇਸਰ, ਖੇਮ ਸਿੰਘ ਮਹੂਵਾਲ, ਖਜ਼ਾਨ ਸਿੰਘ ਮਜ਼ਬੀ, ਆਤਮਾ ਸਿੰਘ, ਟਹਿਲ ਸਿੰਘ ਸੱਦੋਵਾਲ, ਈਸ਼ਰ ਸਿੰਘ ਖਾਨਪੁਰ, ਧਾਰਾ ਸਿੰਘ ਜੀਆ ਬੱਗਾ, ਲਾਲ ਸਿੰਘ ਢਿੱਲਵਾਂ, ਅਣਖਾ ਸਿੰਘ ਦਾਤੇਵਾਲਾ ।

ਇਹਨਾਂ ਮੈਂਬਰਾਂ ਦੀ ਚੋਣ ਵੇਲੇ ਉਹਨਾਂ ਦੀ ਰਾਜਨੀਤਕ ਸਮਰੱਥਾ ਤੇ ਸੂਝ-ਸਿਆਣਪ ਨੂੰ ਧਿਆਨ ਵਿੱਚ ਰੱਖਿਆ ਗਿਆ ਸੀ । ਦਰਬਾਰ ਨੂੰ ਫੌਰੀ ਅਤੇ ਮੁੱਢਲਿਆਂ ਖਰਚਿਆਂ ਲਈ 10,000 ਰੁਪਈਆ ਦਿੱਤਾ ਗਿਆ ਸੀ । ਏਨਾ ਹੀ ਰੁਪਈਆ 'ਸਤਿਜੁਗ' ਦੇ ਪ੍ਰਕਾਸ਼ਨ ਲਈ ਦਿੱਤਾ ਗਿਆ ਸੀ । ਪਹਿਲਾਂ ਵਿਦਮਾਨ, ਸੇਵਕ ਦਲ, ਸਰਬ ਸਰਿਸ਼ਟੀ ਸੁਧਾਰਕ ਦਲ ਦਾ ਨਾਮ ਅਤੇ ਬਲ ਤੋੜ ਦਿੱਤਾ ਗਿਆ ਸੀ ।

ਸਤਿਗੁਰੂ ਜੀ ਤਾਂ ਸਾਰੇ ਨਾਮਧਾਰੀ ਪੰਥ ਦੇ ਹੀ ਕਰਣਾਧਾਰ ਸਨ ਸੋ ਇਹ ਸੰਸਥਾਵਾਂ ਉਹਨਾਂ ਦੇ ਅਧੀਨ ਹੀ ਸਨ । ਜੇ ਸੱਚੇ ਪਾਤਸ਼ਾਹ ਨੂੰ ਦਰਬਾਰ ਦੇ ਮੈਂਬਰਾਂ ਜਾਂ ਸੂਬਿਆਂ ਦੇ ਕੰਮਾਂ ਵਿੱਚ ਮਨਮੱਤ ਦਾ ਰੰਗ ਜਾਂ ਨਾਮਧਾਰੀ ਰਹਿਤ ਮਰਯਾਦਾ ਦੇ ਉਲਟ ਚੱਲਣ ਦੀ ਗੱਲ ਨਜ਼ਰ ਆ ਜਾਂਦੀ ਤਾਂ ਸਤਿਗੁਰੂ ਜੀ ਉਹਨਾਂ ਦੀ ਥਾਂ ਹੋਰ ਸਹੀ ਬੰਦਿਆਂ ਨੂੰ ਮੈਂਬਰ ਬਣਾ ਸਕਦੇ ਸਨ । ਪੁਰਾਣੇ ਮੈਂਬਰ ਜਾਂ ਸੂਬੇ ਹਟਾਉਣ ਲਈ ਜਾਂ ਬਦਲਣ ਲਈ ਅਤੇ ਇਥੋਂ ਤੱਕ ਕਿ ਦਰਬਾਰ ਤੋੜਨ ਲਈ ਵੀ ਆਪ ਰਜ਼ਾ ਦੇ ਮਾਲਕ ਸਨ । ਇਸ ਗੱਲ ਦਾ ਐਲਾਨ ਵੀ ਹੋਲੇ ਸਮੇਂ, ਮੁਕਤਸਰ (ਪੰਜਾਬ) ਵਿਚ ਕੀਤਾ ਗਿਆ ਸੀ ।

ਸਤਿਗੁਰੂ ਜੀ ਨੂੰ ਭੇਟ ਕੀਤੀ ਗਈ ਰਾਜੇ ਦੀ ਬੀੜ ਦੀ ਸੰਭਾਲ ਕੀਤੀ ਜਾਣੀ ਸੀ । ਆਪ ਨੇ ਸਾਧ-ਸੰਗਤ ਨਾਲ ਉੱਥੇ ਵੀ ਦਰਸ਼ਨ ਦੇਣੇ ਸਨ । ਸਤਿਗੁਰੂ ਜੀ ਨੇ ਨਿਮਾਣੀ ਦਾ ਮੇਲਾ ਮਿਥੀਆਂ ਤਰੀਕਾਂ ਤੋਂ ਪਿਛੋਂ, 5 ਤੋਂ 10 ਹਾੜ, 1978 ਬਿ:



Namdhari Elibrary NamdhariElibrary@gmail.com

ਤੱਕ ਸ੍ਰੀ ਭੈਣੀ ਸਾਹਿਬ ਰਖਿਆ। 'ਸਤਿਜੁਗ' ਵਿਚ ਛਪਵਾ ਦਿੱਤਾ ਗਿਆ ਕਿ ਸੰਗਤ ਇਸ ਮੇਲੇ ਵਿੱਚ ਹੁੰਮ ਹੁੰਮਾ ਕੇ ਦਰਸ਼ਨ ਦੇਵੇ। ਇਸ ਮੇਲੇ ਵਿਚ ਮੌਜ ਦੇ ਮਾਲਕ ਸਤਿਗੁਰੂ ਜੀ ਨੇ ਇਕ ਵੱਡਾ ਹਵਨ-ਕੁੰਡ ਬਣਾ ਕੇ, ਦੋ ਧਾਰਾਂ ਘਿਉ ਅਤੇ ਕਦੀ ਜਲ-ਦੀਆਂ ਧਾਰਾਂ ਲਈ ਯੋਜਨਾ ਤਿਆਰ ਕਰਕੇ ਹਵਨ ਕਰਾਇਆ। ਹਵਨ-ਕੁੰਡ ਵਿੱਚ ਨਾਰੀਅਲ ਤੇ ਸਮੱਗਰੀ ਕੜਛ ਨਾਲ ਪਾਏ ਜਾਂਦੇ ਸਨ। 10 ਹਾੜ ਨੂੰ ਭੋਗ ਵਾਲੇ ਦਿਨ ਅੰਮ੍ਰਿਤ ਵੀ ਤਿਆਰ ਕੀਤਾ ਗਿਆ। ਦੋ ਸੌ ਸਾਧਾਰਨ ਪਾਠ ਅਤੇ 700 ਅਖੰਡ ਪਾਠਾਂ ਦੇ ਭੋਗ ਪਾਏ ਗਏ। ਸਾਧ-ਸੰਗਤ ਵਿੱਚ ਗੁਰਸਿੱਖੀ ਧਾਰਨ ਕਰਨ ਲਈ ਭਜਨ ਕਰਨ, ਅੰਮ੍ਰਿਤ ਛਕਣ ਅਤੇ ਕਛਹਿਰੇ ਧਾਰਨ ਕਰਨ ਦਾ ਹੋਕਾ ਦਿੱਤਾ ਗਿਆ। ਜਿਸ ਦੇ ਸਿੱਟੇ ਵਜੋਂ ਵੱਡੀ ਗਿਣਤੀ ਵਿਚ ਨਾਭੇ ਤੋਂ ਆਏ ਸਰਕਾਰੀ ਅਹਿਲਕਾਰਾਂ ਅਤੇ ਹੋਰ ਲੋਕਾਂ ਨੇ ਸਿੱਖੀ ਰਹਿਤ-ਮਰਯਾਦਾ ਅਪਣਾਈ।

ਇਸ ਸਾਲ ਚਲੀਹਾ ਕਰਨ ਲਈ ਸਤਿਗੁਰੂ ਜੀ ਨੇ ਨਾਭੇ ਦੇ ਰਾਜੇ ਦੀ ਭੇਟ ਕੀਤੀ ਬੀੜ ਨੂੰ ਭਾਗ ਲਾਉਣ ਦਾ ਐਲਾਨ ਕਰਾਇਆ। ਉੱਥੇ ਕੱਖ-ਕਾਨਿਆਂ ਦੀਆਂ ਬਣੀਆਂ ਛੰਨਾ-ਛਪਰੀਆਂ ਵਿਚ ਤ੍ਰੈਲੋਕੀ ਨਾਥ, ਸਤਿਗੁਰੂ ਜੀ ਨੇ ਅਤੇ ਮਾਤਾ ਭੁਪਿੰਦਰ ਕੌਰ ਜੀ ਨੇ ਚਰਨ ਪਾਏ। ਸਤਿਗੁਰੂ ਜੀ ਨਾਲ ਸੰਤ ਆਲਾ ਸਿੰਘ ਅਤੇ ਸੰਤ ਮੋਹਣ ਸਿੰਘ ਵੀ ਆਪਣੇ ਜਥਿਆਂ ਨਾਲ, ਸੌਣ ਭਾਦੋਂ ਦੀ ਮੀਂਹ ਕਣੀ ਅਤੇ ਚੁਮਾਸੇ ਦੀ ਰੁੱਤੇ, ਕੀੜੇ, ਪਤੰਗੇ, ਚਿੱਕੜ, ਹੁੱਸੜ ਦੀ ਪਰਵਾਹ ਨਾ ਕਰਦੇ ਹੋਏ ਇਸ ਬੀੜ ਵਿੱਚ ਤਪ ਕਰਨ ਲਈ ਅਤੇ ਗਿਆਨ-ਗੋਸ਼ਟ ਕਰਨ ਲਈ ਪਹੁੰਚੇ। ਮਾਤਾ ਜੀ, ਜਿਨ੍ਹਾਂ ਦੇ ਇਸ਼ਾਰੇ ਉੱਤੇ ਬੇਅੰਤ ਸੇਵਕ ਹਾਜ਼ਰ ਰਹਿ ਸਕਦੇ ਸਨ, ਆਪ ਸਾਧ-ਸੰਗਤ ਦੇ ਭਾਂਡੇ ਮਾਂਜਣ ਦੀ ਸੇਵਾ ਕਰਦੇ ਸਨ। ਬੇਅੰਤ ਜੀ ਤਾਂ ਸਾਧ-ਸੰਗਤ ਦੀ ਧੂੜੀ ਵਿਚ ਲੇਟ ਕੇ ਇਸ਼ਨਾਨ ਕਰਦੇ ਰਹਿੰਦੇ ਸਨ।

ਸਤਿਗੁਰੂ ਜੀ ਕੇਵਲ ਅਠਪਹਿਰਾ ਪਰਸ਼ਾਦਾ ਛਕਦੇ ਸਨ। ਹੋਰ ਫਲ ਮੇਵਾ ਕੁਝ ਵੀ ਨਾ ਛਕਦੇ। ਆਪ ਨੇ ਇਸ ਨਵੀਂ ਤਪੋ-ਭੂਮੀ ਵਿੱਚ ਸੰਤ ਹਰਨਾਮ ਸਿੰਘ ਜੀ ਕਿਲ੍ਹੇ ਵਾਲਿਆਂ ਨੂੰ ਹੋਰ ਸਾਧਾਂ ਸਮੇਤ ਸੱਦਿਆ। ਉਹ ਏਨੀ ਅਡੋਲ ਅਤੇ ਮਹਾਨ ਬਿਰਤੀ ਵਾਲੇ ਸਾਧੂ ਸਨ ਕਿ ਕਈ ਦਿਨ ਅੰਨ-ਜਲ ਮੂੰਹ ਲਾਏ ਬਿਨਾਂ ਕੱਢ ਸਕਦੇ ਸਨ। ਜੇਠ-ਹਾੜ ਦੀ ਤਪਦੀ ਰੇਤ ਵੀ ਆਪ ਦੇ ਨੰਗੇ ਪੈਰਾਂ ਨੂੰ ਸੁਖ ਦਿੰਦੀ ਸੀ। ਸਤਿਗੁਰੂ ਜੀ ਦੀ ਰਜ਼ਾ ਸੀ ਕਿ ਮਾਤਾ ਭੁਪਿੰਦਰ ਕੌਰ ਜੀ ਉੱਚੀ ਬਿਰਤੀ ਵਾਲੇ ਇਹਨਾਂ ਸੰਤਾਂ ਨੂੰ ਉਚੇਚਾ ਮੱਥਾ ਟੇਕਣ, ਇਸ ਤਰ੍ਹਾਂ ਨਾ ਕਰਨ ਉੱਤੇ ਗੁਰੂ ਜੀ ਮਾਤਾ ਜੀ ਨਾਲ ਨਾਰਾਜ਼ ਸਨ।

ਇਹਨਾਂ ਸੰਤਾਂ ਨੂੰ ਵੱਖਰਾ ਛੱਪਰ ਤੇ ਸੁਖ ਅਸਥਾਨ ਦਿੱਤਾ ਗਿਆ। ਇੱਕ ਵੇਰ ਇੱਕ ਤੁਕ ਦੇ ਅਰਥਾਂ ਬਾਰੇ ਸਤਿਗੁਰੂ ਜੀ ਨਾਲ ਇਹਨਾਂ ਦਾ ਮੱਤ-ਭੇਦ ਹੋ ਗਿਆ ਪਰ ਦੋਵੇਂ ਹੋਰ ਪਾਸੇ ਬਿਰਤੀ ਜਾਂਦੀ ਵੇਖ ਕੇ ਵੱਖਰੇ ਹੋ ਗਏ।

ਮਹਾਰਾਜ ਗੁਰਦਿਆਲ ਸਿੰਘ ਜੀ ਦਾ ਅਨੰਦ ਕਾਰਜ, ਪੂਰਨ ਗੁਰ-ਮਰਿਆਦਾ ਅਨੁਸਾਰ, ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਸਪੁੱਤਰੀ, ਬੀਬੀ ਕਰਤਾਰ ਕੌਰ ਨਾਲ, ਲਾਹੌਰ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ। ਇਹ ਅਨੰਦ ਕਾਰਜ



Namdhari Elibrary NamdhariElibrary@gmail.com

16 ਅਕਤੂਬਰ (ਅਸੂ ਦੀ ਪੂੰਨਿਆ) ਨੂੰ 1921 ਈ: ਵਿੱਚ ਹੋਇਆ। ਮਹਾਰਾਜ ਨਿਹਾਲ ਸਿੰਘ ਤਾਂ ਪਰਵਾਰ ਸਹਿਤ ਪਹਿਲਾਂ ਹੀ ਲਾਹੌਰ ਰਹਿੰਦੇ ਸਨ। ਮਹਾਰਾਜ ਗੁਰਦਿਆਲ ਸਿੰਘ ਵੀ ਉਹਨਾਂ ਨਾਲ ਰਹਿੰਦੇ ਸਨ। ਮਹਾਰਾਜ ਗੁਰਦਿਆਲ ਸਿੰਘ ਜੀ ਤੇ ਬੀਬੀ ਕਰਤਾਰ ਕੌਰ ਦੋਵੇਂ ਜੀਅ ਕਾਂਗਰਸ ਦੇ ਸਮਾਗਮਾਂ ਵਿਚ ਸਰਗਰਮ ਹਿੱਸਾ ਲੈਂਦੇ ਸਨ। ਇਸ ਦਾ ਕਾਰਨ ਵੀ ਇਹ ਸੀ ਕਿ ਨਾਮਧਾਰੀ ਸਿੱਖਾਂ ਦੇ ਹੱਡੀਂ ਰਚੇ ਅਜ਼ਾਦੀ ਦੇ ਇਸ਼ਕ ਨੂੰ ਕਾਂਗਰਸ ਨੇ ਪਰਵਾਨ ਕਰ ਲਿਆ ਸੀ।

ਕਾਂਗਰਸ ਪਾਰਟੀ ਨੇ ਪਹਿਲੀ ਵੱਡੀ ਜੰਗ ਤੋਂ ਬਾਅਦ ਭਾਰਤੀਆਂ ਨੂੰ ਕੁਝ ਅਧਿਕਾਰ ਦਿੱਤੇ ਜਾਣ ਦੀ ਥਾਂ ਬਰਤਾਨਵੀ ਸਰਕਾਰ ਰਾਹੀਂ ਜਲ੍ਹਿਆਂ ਵਾਲੇ ਬਾਗ ਦਾ ਸਾਕਾ ਕਰਨ ਕਰਕੇ ਉਹਨਾਂ ਤੋਂ ਆਪਣੇ ਹੱਕਾਂ ਦੀ ਕੋਈ ਆਸ ਨਾ ਰੱਖੀ। ਉਸ ਨੇ 1921 ਈ: ਤੋਂ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਉਹੀ ਨੀਤੀ ਅਤੇ ਅੰਦੋਲਨ ਦਾ ਰਾਹ ਅਪਣਾਇਆ ਜਿਹੜਾ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਨਾਮਧਾਰੀ ਸਿੱਖਾਂ ਨੇ ਅਪਣਾਇਆ ਹੋਇਆ ਸੀ — ਅਸਹਿਯੋਗ ਅੰਦੋਲਨ। ਡਾ: ਹਰਿਭਜਨ ਸਿੰਘ ਦੇ ਸ਼ਬਦਾਂ ਵਿਚ, "ਸਤਹੀ ਤੌਰ 'ਤੇ ਤਾਂ ਇਹੋ ਦਿਸਦਾ ਹੈ ਕਿ ਨਾਮਧਾਰੀਆਂ ਨੇ ਕਾਂਗਰਸ ਨੂੰ ਸਮਰਥਨ ਦਿੱਤਾ ਪਰ ਆਤਮਕ ਤੌਰ 'ਤੇ ਗੱਲ ਇਸ ਦੇ ਉਲਟ ਹੈ। ਬਾਈਕਾਟ, ਨਾ-ਮਿਲਵਰਤਨ, ਸੁਦੇਸ਼ੀ ਆਦਿ ਕਾਂਗਰਸੀ ਮੁੱਦੇ ਤਾਂ ਬਹੁਤ ਪਹਿਲਾਂ ਨਾਮਧਾਰੀਆਂ ਦੁਆਰਾ ਅਪਣਾਏ ਜਾ ਚੁੱਕੇ ਸਨ। ਇਤਿਹਾਸਕ ਕਾਲ-ਕ੍ਰਮ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਖ਼ੁਦ ਕਾਂਗਰਸ ਨਾਮਧਾਰੀ ਲਹਿਰ ਵਿਚ ਸ਼ਾਮਲ ਹੋਈ ਜਾਪਦੀ ਹੈ। ਜੋ ਕੁਝ ਕਾਂਗਰਸੀਆਂ ਨੇ ਪ੍ਰੋਗਰਾਮ ਵਾਂਗ ਅਪਣਾਇਆ ਉਹ ਨਾਮਧਾਰੀਆਂ ਦੇ ਧਰਮ ਦਾ ਅੰਗ ਬਣ ਚੁੱਕੀ ਸੀ। ਵਤਨ-ਪ੍ਰਸਤੀ ਅਤੇ ਅਜ਼ਾਦੀ ਉਹਨਾਂ ਦੀ ਮਾਨਸਿਕਤਾ ਵਿਚ ਧੁਰ ਡੂੰਘ ਤੱਕ ਸਮਾਏ ਹੋਏ ਸਨ।" —ਵੱਡ ਪਰਤਾਪੁ ਅਚਰਜ ਰੂਪ।

ਇਹਨਾਂ ਦਿਨਾਂ ਵਿਚ ਪੰਜਾਬ ਦੇ ਸਿੱਖ, ਗੁਰਦੁਆਰਿਆਂ ਦੀ, ਮਹੰਤਾਂ ਤੋਂ ਮੁਕਤੀ ਲਈ ਮੋਰਚੇ ਲਾ ਰਹੇ ਸਨ, ਡਾਂਗਾਂ ਖਾ ਰਹੇ ਸਨ, ਜੇਲ੍ਹੀਂ ਜਾ ਰਹੇ ਸਨ ਅਤੇ ਸੀਸ ਤਲੀ ਉੱਤੇ ਰੱਖੀ ਤਸੀਹੇ ਝੱਲਦੇ ਆਪਣੀ ਜਾਨ ਦੀ ਬਾਜ਼ੀ ਲਾ ਰਹੇ ਸਨ। ਅਸਲ ਵਿਚ ਗੁਰਦੁਆਰਿਆਂ ਦੇ ਮਹੰਤਾਂ ਅਤੇ ਸਰਬਰਾਹਾਂ ਨੇ ਉਹਨਾਂ ਨੂੰ ਆਪਣੀਆਂ ਨਿਜੀ ਜਗੀਰਾਂ ਬਣਾ ਲਿਆ ਸੀ। ਉਹ ਆਪ ਸਰਕਾਰ ਭਗਤ ਹੋ ਚੁੱਕੇ ਸਨ। ਹਰਿਮੰਦਰ ਸਾਹਿਬ ਦੇ ਸਰਬਰਾਹ ਅਰੂੜ ਸਿੰਘ ਨੇ ਤਾਂ ਜਲ੍ਹਿਆਂ ਵਾਲੇ ਬਾਗ ਦੇ ਮੁੱਖ ਦੋਸ਼ੀ ਜਨਰਲ ਡਾਇਰ ਨੂੰ, ਉਸ ਦੀ ਸਹੂਲਤ ਅਨੁਸਾਰ, ਸਿੱਖ ਵੀ ਸਜਾ ਲੈਣ ਦੀ ਖੁੱਲ੍ਹ ਦਿੱਤੀ ਸੀ। ਉਸ ਲਈ ਕੇਸਧਾਰੀ ਹੋਣਾ ਵੀ ਜ਼ਰੂਰੀ ਨਹੀਂ ਸੀ ਅਤੇ ਉਹ ਸਿੱਖ ਹੁੰਦਿਆਂ ਵੀ ਸਿਗਰਟ ਪੀ ਸਕਦਾ ਸੀ। ਅਕਾਲ ਤਖ਼ਤ ਤੋਂ ਉਸ ਨੂੰ ਸਰੋਪਾ ਵੀ ਦਿੱਤਾ ਗਿਆ ਸੀ। ਇਸ ਮਰਿਆਦਾ ਦਾ ਪਿਛੋਕੜ 1857 ਤੱਕ ਜਾਂਦਾ ਹੈ ਜਦੋਂ ਗਵਰਨਰ ਜਨਰਲ ਨਿਕਲਸਨ ਨੂੰ ਵੀ ਸਿੱਖ ਸਜਾ ਕੇ ਸਨਮਾਨਿਤ ਕੀਤਾ ਗਿਆ ਸੀ।

ਮੋਰਚੇ ਲਗਣ ਕਰ ਕੇ ਮਹੰਤਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ। ਸਤਿਗੁਰੂ ਜੀ ਨੇ ਨਨਕਾਣੇ ਸਾਹਿਬ, 26 ਨਵੰਬਰ 1920 ਈ:, ਕੱਤਕ ਦੀ ਪੂਰਨਮਾਸੀ ਦਾ, ਮੇਲਾ



Namdhari Elibrary NamdhariElibrary@gmail.com

ਆਰੰਭਿਆ ਹੋਇਆ ਸੀ। ਦਿਵਾਨ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਹੰਤ ਨਰਾਇਣ ਦਾਸ ਨਨਕਾਣਾ ਸਾਹਿਬ, ਮਹੰਤ ਕਿਰਪਾ ਸਿੰਘ ਗੁਰੂਸਰ ਸਤਨਾਲੀ ਅਤੇ ਵੈਦ ਲਾਲ ਸਿੰਘ ਮੁਸਤ੍ਰਾਪੁਰ ਵਾਲੇ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤੇ ਨਾਲ ਆਏ। ਸਤਿਗੁਰੂ ਜੀ ਨੂੰ ਪਤਾ ਸੀ ਕਿ ਮਹੰਤ ਨਰਾਇਣ ਦਾਸ ਨਾਲ ਸੰਤ ਮੰਗਲ ਸਿੰਘ ਅਤੇ ਸੰਤ ਭਗਤ ਸਿੰਘ ਦਾਤੇਵਾਲੀਏ ਦਾ ਕਾਫੀ ਪ੍ਰੇਮ ਸੀ। ਸੰਤਾਂ ਨੇ ਇਹ ਵੀ ਅਰਜ਼ ਕੀਤੀ ਕਿ ਉਹ ਕਿਸੇ ਖ਼ਾਸ ਉਦੇਸ਼ ਨਾਲ ਆਏ ਸਨ। ਸੋ ਸਤਿਗੁਰਾਂ ਨੇ ਆਦਰ ਦੇ ਕੇ ਉਹਨਾਂ ਨੂੰ ਸਾਧਾਂ ਵਾਲੀ ਸਫ਼ 'ਤੇ ਬਿਠਾਇਆ।

ਦਿਵਾਨ ਦੀ ਸਮਾਪਤੀ ਬਾਅਦ ਸੰਤਾਂ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਅਕਾਲੀ ਇਹਨਾਂ ਤੋਂ ਗੁਰਦੁਆਰਾ ਖੋਹਣਾ ਚਾਹੁੰਦੇ ਸਨ ਅਤੇ ਇਹ ਆਪ ਜੀ ਦੀ ਸ਼ਰਨ ਆਏ ਹਨ। ਮਹੰਤ ਨਰਾਇਣ ਦਾਸ ਨੇ ਮਹੰਤ ਕਿਰਪਾ ਸਿੰਘ ਸਣੇ ਉੱਠ ਕੇ ਗੁਰਦੁਆਰੇ ਦੀਆਂ ਕੁੰਜੀਆਂ ਸਤਿਗੁਰੂ ਜੀ ਅੱਗੇ ਮੱਥਾ ਟੇਕ ਦਿਤੀਆ ਅਤੇ ਕਿਹਾ, "ਆਪ ਲਉ ਅਕਾਲੀ ਨਾ ਲੈਣ।"

ਸਤਿਗੁਰੂ ਜੀ ਨੇ ਸਮਝਾਇਆ ਕਿ ਮਹੰਤਾਂ ਨੇ ਕਸ਼ਟ ਸਹਿ ਕੇ ਗੁਰ ਅਸਥਾਨ ਦੀ ਸੇਵਾ ਕੀਤੀ ਸੀ। ਪਰ ਉਹ ਹੁਣ ਉਪਾਧੀਆਂ ਅਤੇ ਵਿਸ਼ੇ ਵਿਕਾਰਾਂ ਵਿਚ ਪੈ ਗਏ ਸਨ। ਸਤਿਗੁਰੂ ਜੀ ਨੂੰ ਤਾਂ ਭਜਨ ਬਾਣੀ ਕਰਨ ਕਰਾਉਣ ਦਾ ਕਰਤੇ ਵਲੋਂ ਹੁਕਮ ਹੋਇਆ ਸੀ ਸੋ ਆਪ ਨੇ ਚਾਬੀਆਂ ਦਾ ਗੁੱਛਾ ਸੰਭਾਲਣ ਤੋਂ ਸਿਰ ਫੇਰ ਦਿਤਾ। ਇੱਕ ਵਾਰ ਪਹਿਲਾਂ ਵੀ ਆਪ ਨੇ ਚਾਬੀਆਂ ਮੋੜੀਆਂ ਸਨ। ਸੰਤ ਜੀ ਚੁੱਪ ਰਹੇ ਅਤੇ ਮਹੰਤ ਨਿਰਾਸ਼ ਮੁੜ ਗਏ। ਸਤਿਗੁਰਾਂ ਨੇ ਸੰਤਾਂ ਨੂੰ ਵੀ ਸਮਝਾਇਆ ਕਿ ਇਹ ਮੁਰਦਿਆਂ ਦਾ ਧਾਨ ਸੀ ਜਿਸ ਨੂੰ ਪ੍ਰਾਪਤ ਕਰ ਕੇ ਸੁਖੀ ਨਹੀਂ ਹੋਇਆ ਜਾ ਸਕਦਾ ਸੀ। ਸਤਿਗੁਰੂ ਜੀ ਨਾਮਧਾਰੀਆਂ ਨੂੰ ਇਸ ਬਿਖ ਤੋਂ ਦੂਰ ਰੱਖਣਾ ਚਾਹੁੰਦੇ ਸਨ। ਜਦ ਸੰਤਾਂ ਨੇ ਸੁਣਿਆ ਕਿ ਮਹੰਤ ਨਰਾਇਣ ਦਾਸ ਰਾਹੀਂ ਸਿੱਖ ਸਾੜੇ ਜਾਣ ਦੀ ਖ਼ਬਰ ਨਾਲ ਸਿੱਖ ਪੰਥ ਕੀ ਜਨ-ਸਾਧਾਰਨ ਦਾ ਅੰਦਰ ਵੀ ਵਲੂੰਦਰਿਆ ਗਿਆ ਸੀ ਅਤੇ ਅਕਾਲੀਆਂ ਨੇ 23 ਫਰਵਰੀ 1921 ਨੂੰ ਗੁਰਦੁਆਰੇ ਉਤੇ ਕਬਜ਼ਾ ਕਰ ਲਿਆ ਸੀ ਤਾਂ ਉਹਨਾਂ ਨੂੰ ਕੁੰਜੀਆਂ ਦੇ ਗੁੱਛੇ ਦੇ ਚਾੜ੍ਹੇ ਚੰਨ ਬਾਰੇ ਚਾਨਣਾ ਹੋ ਗਿਆ।

ਸੰਤ ਨਿਧਾਨ ਸਿੰਘ ਆਲਮ, ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਅਤੇ ਸੰਤ ਮਨਸ਼ਾ ਸਿੰਘ ਕੌਮੀ ਨੇ ਸਰਕਾਰ ਅਤੇ ਅਕਾਲੀ ਦੋਹਾਂ ਦੇ ਖਿਲਾਫ਼ ਪਰਚਾਰ ਕੀਤਾ। ਕਿਉਂਕਿ ਸਰਕਾਰੀ ਸਿੱਖਾਂ ਨੇ ਹੀ ਉਹਨਾਂ ਨੂੰ ਨਿਰਮਲੇ, ਉਦਾਸੀ ਅਤੇ ਨਾਮਧਾਰੀ ਸਿੱਖਾਂ ਤੋਂ ਦੂਰ ਕਰਨ ਲਈ ਕਾਲੀ ਪੱਗ ਬੰਨ੍ਹਵਾਈ ਸੀ ਜੋ ਮਨਮੱਤ ਸੀ। ਏਸੇ ਆਲਮ 'ਤੇ ਅਰਸ਼ੀ ਫ਼ਰਿਸ਼ਤੇ ਨੇ ਕਾਲੀਆਂ ਪੱਗਾਂ ਸੜਵਾਈਆਂ ਸਨ। ਉਸ ਨੇ ਵਿਦੇਸ਼ੀ ਕਪੜਿਆਂ ਦੇ ਢੇਰ ਲੁਆ ਕੇ ਵੀ ਸੜਵਾ ਦਿੱਤੇ ਸਨ। ਇਸ ਸਮੇਂ ਤਿੰਨ ਸੌ ਪਾਠਾਂ ਦਾ ਭੋਗ ਪਾਇਆ ਗਿਆ ਸੀ।

ਸਤਿਗੁਰੂ ਜੀ ਸਿੱਖਾਂ ਅਤੇ ਮਾਤਾ ਜੀ ਨਾਲ ਰਾਵਲਪਿੰਡੀ ਇਕ ਸੰਤ ਨੂੰ ਮਿਲਣ ਗਏ। ਉਹ ਵੈਰਾਗੀ ਹੋਇਆ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਕਰਦਾ ਰਿਹਾ ਮਾਤਾ ਜੀ ਨੇ ਉਸ ਦੀ ਅਰਜ਼ ਮੰਨ ਕੇ ਲੰਗਰ ਤਿਆਰ ਕੀਤਾ ਉਸ ਨੇ ਪੰਗਤ ਵਿਚ



Namdhari Elibrary NamdhariElibrary@gmail.com

5 ਕੇ ਲੰਗਰ ਛਕਿਆ । ਉਸ ਨੂੰ ਇਸ ਗੱਲ ਦੀ ਬੜੀ ਪ੍ਰਸੰਨਤਾ ਸੀ ਕਿ 50 ਸਾਲਾਂ ਅਦ ਉਸ ਨੂੰ ਆਪਣੀ ਸੰਗਤ-ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕਣ ਦਾ ਸਮਾਂ ਜੀਬ ਹੋਇਆ ਸੀ । ਉਸ ਦੀਆਂ ਗੱਲਾਂ ਤੋਂ ਸੱਚੇ ਪਾਤਸ਼ਾਹ ਸਮਝ ਗਏ ਸਨ ਕਿ ਹ ਸ਼ਹੀਦੀ ਜਥੇ ਤੋਂ ਵਿਛੱੜਿਆ ਭੇਸ ਬਦਲ ਕੇ ਬੈਠਾ ਕੂਕਾ ਹੀ ਸੀ । ਆਪ ਨੂੰ ਤ ਹੋਰ ਇਸ ਤਰ੍ਹਾਂ ਦੇ ਨਾਮਧਾਰੀਆਂ ਬਾਰੇ ਵੀ ਪਤਾ ਸੀ ਜੋ ਅੰਮ੍ਰਿਤਸਰ ਜਾਂ ਲੇਰਕੋਟਲੇ ਦੇ ਸਾਕੇ ਸਮੇਂ ਉਹਨਾਂ ਸਿੱਖਾਂ ਦੇ ਨਾਲ ਸਨ, ਪਰ ਹੁਣ ਭੇਸ ਬਦਲ ਕੇ ੜ ਵੱਟ ਕੇ ਸਮਾਂ ਬਿਤਾ ਰਹੇ ਸਨ ।

ਇਸ ਹੋਲੇ 'ਤੇ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਸੰਤ ਕੇਸਰ ਸਿੰਘ ਜੀ ਨੇ ਕਿਹਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ਿਸ਼ ਦਾ ਬੂਹਾ ਕਦੇ ਬੰਦ ਨਹੀਂ ਕਰਨਾ । ਸਿੱਖ ਭੁੱਲਾਂ ਕਰਦੇ ਹੀ ਹਨ । ਉਹਨਾਂ ਕੋਲੋਂ ਭੁੱਲਾਂ ਹੋ ਹੀ ਜਾਂਦੀਆਂ ਹਨ । ਤੁਸਾਂ ਸਦਾ ਲਣਹਾਰ ਸਿੱਖਾਂ ਨੂੰ ਬਖ਼ਸ਼ ਲੈਣਾ । ਤੁਸੀਂ ਬਖਸ਼ਿੰਦ ਹੋ ।"

ਸਤਿਗੁਰਾਂ ਨੇ ਤਾਂ ਪਹਿਲਾਂ ਵੀ ਸਿੱਖਾਂ ਨੂੰ ਬਖ਼ਸ਼ਣ ਦੀ ਕਾਰ ਹੀ ਰੱਖੀ ਸੀ । ਹਨਾਂ ਕਦੀ ਕਿਸੇ ਸੱਚ ਬੋਲਣ ਵਾਲੇ ਨੂੰ ਤਨਖਾਹ ਨਹੀਂ ਸੀ ਲਾਈ ਉਹਨਾਂ ਮੁਸਕਰਾ ਸੰਤਾਂ ਨੂੰ ਵੀ ਕਿਹਾ ਕਿ, "ਬਖਸ਼ਿਸ਼ ਦਾ ਦਰ ਸਦਾ ਖੁੱਲ੍ਹਾ ਰਹੇਗਾ ।"



Namdhari Elibrary NamdhariElibrary@gmail.com

# ਸੁਤੰਤਰ ਘਰ–ਸੁਤੰਤਰ ਸੋਚ

1920 ਈ. ਤੋਂ ਭਾਰਤ ਅਤੇ ਖ਼ਾਸ ਕਰਕੇ ਪੰਜਾਬ, ਤਬਦੀਲੀਆਂ ਦੇ ਦੌਰ ਵਿੱਚੋਂ ਲੰਘ ਰਿਹਾ ਸੀ। ਇਕ ਪਾਸੇ ਅਕਾਲੀਆਂ ਦੀ ਅਗਵਾਈ ਹੇਠ, ਮਹੰਤਾਂ ਪੁਜਾਰੀਆਂ ਸਰਬਰਾਹਾਂ ਦੇ ਪੰਜਿਆਂ ਤੋਂ ਗੁਰਦੁਆਰਿਆਂ ਨੂੰ ਮੁਕਤ ਕਰਾਉਣ ਲਈ, ਉਹਨਾਂ ਦੇ ਜਬਰ ਅਗੇ, ਅਕਾਲੀਆਂ ਦੀ ਅਗਵਾਈ ਹੇਠ, ਕੀਤਾ ਸ਼ਾਂਤਮਈ ਅੰਦੋਲਨ ਤੇ ਸਬਰ, ਕਾਮਯਾਬੀ ਦਾ ਰਾਹ ਖੋਲ੍ਹ ਰਿਹਾ ਸੀ। ਦੂਜੇ ਪਾਸੇ, ਲੋਕ ਮਾਨ ਤਿਲਕ ਦਾ ਇੱਕੋ ਵਾਕ "ਸੁਤੰਤਰਤਾ ਸਾਡਾ ਜਨਮ ਸਿੱਧ ਅਧਿਕਾਰ ਹੈ" ਲੋਕਾਂ ਨੂੰ ਆਪਾ ਪਛਾਨਣ ਲਈ ਮਜ਼ਬੂਰ ਕਰ ਰਿਹਾ ਸੀ। ਉਹ ਦੇਸ ਦੀ ਅਜ਼ਾਦੀ ਲਈ ਇਲਾਕਿਆਂ, ਭਾਸ਼ਾਵਾਂ ਤੇ ਦਿਸ਼ਾਵਾਂ ਦਾ ਭਿੰਨ-ਭੇਦ ਮਿਟਾ ਕੇ ਜੂਝਣ ਲਈ, ਮਦਾਨ ਵਿੱਚ ਨਿੱਤਰ ਰਹੇ ਸਨ। ਕਾਂਗਰਸ ਇਸ ਪਾਸੇ ਮੁਹਰੈਲ ਹੋ ਕੇ ਛਾ ਰਹੀ ਸੀ। ਤੀਜੇ ਪਾਸੇ ਅਜੇ ਵੀ ਬਰਤਾਨਵੀ ਹਾਕਮ ਸ੍ਰੀ ਭੈਣੀ ਸਾਹਿਬ ਤੋਂ 50 ਸਾਲ ਪੁਰਾਣੀ ਪੁਲਿਸ ਚੌਂਕੀ ਚੁੱਕਣ ਲਈ ਤਤਪਰ ਨਹੀਂ ਸੀ।

ਸਤਿਗੁਰੂ ਪਰਤਾਪ ਸਿੰਘ ਨੇ ਤਿੰਨਾਂ ਪਾਸਿਆਂ ਦਾ ਹੀ ਧਿਆਨ ਰੱਖ ਕੇ, ਆਪਣੀ ਮਾਣ ਮਰਯਾਦਾ ਦੀ ਪਛਾਣ ਸੰਭਾਲ ਕੇ, ਨਾਮਧਾਰੀਆਂ ਨੂੰ ਸਹੀ ਸੇਧ ਦੇ ਕੇ ਤੋਰਨਾ ਸੀ। ਆਪ ਆਪਣੇ ਦੌਰਿਆਂ, ਮੇਲਿਆਂ, ਸਤਿਜੁਗ ਅਖਬਾਰ, ਸੂਬਿਆਂ ਤੇ ਹੋਰ ਲੋੜੀਂਦੇ ਸਾਧਨਾਂ ਨੂੰ ਵਰਤ ਕੇ ਗੁਰਮਤ ਤੇ ਗੁਰਸਿੱਖੀ ਦੀ ਸੰਭਾਲ ਕਰੀ ਆ ਰਹੇ ਸਨ। ਆਪ ਦੂਸਰੀਆਂ ਜਾਗਰੂਕ ਜਮਾਤਾਂ ਨਾਲ ਵੀ ਤਾਲ ਮੇਲ ਕਾਇਮ ਰੱਖਦੇ ਆ ਰਹੇ ਸਨ। ਆਪ ਸੁਨਿਯੋਜਿਤ ਢੰਗ ਨਾਲ ਨਾਮਧਾਰੀ ਸਿੱਖਾਂ ਨੂੰ ਚੜ੍ਹਦੀ ਕਲਾ ਵੱਲ ਲੈ ਜਾ ਰਹੇ ਸਨ।

ਆਪ ਨੇ, ਮਹਾਰਾਜ ਨਾਭਾ ਦੀ ਭੇਟ ਕੀਤੀ ਬੀੜ ਮਡਾਰਤੂ, ਨੂੰ ਸੰਭਾਲਣ ਤੇ ਵਸਾਉਣ ਲਈ ਨੇਮ ਬੱਧ ਪ੍ਰੋਗਰਾਮ ਵੀ ਤਿਆਰ ਕੀਤਾ ਸੀ। ਉਸਦਾ ਇੱਕ ਪੜਾਅ ਉੱਥੇ ਪਾਠ ਰਖਾਉਣੇ ਅਤੇ ਸਾਧ ਸੰਗਤ ਨੂੰ ਸੱਦ ਕੇ ਰੌਣਕ ਕਰਨਾ ਸੀ। ਜਿਸ ਨਾਲ ਕਿਸੇ ਨੂੰ ਵੀ ਭੁਲੇਖਾ ਨਹੀਂ ਸੀ ਰਹਿ ਜਾਣਾ ਕਿ ਇਹ ਹੁਣ ਗੁਰੂ ਘਰ ਦੀ ਮਲਕੀਅਤ ਸੀ।

ਸਾਰੇ ਪਾਸਿਆਂ ਤੋਂ ਕੁਝ ਦਿਨਾਂ ਲਈ ਸਮਾਂ ਕੱਢ ਕੇ, ਵੱਟ ਦੇ ਦਿਨਾਂ ਵਿਚ



Namdhari Elibrary NamdhariElibrary@gmail.com

ਾਪ ਨੇ, ਜਥੇ ਸਮੇਤ, ਮਸੂਰੀ ਦਰਸ਼ਨ ਦਿੱਤੇ। ਉੱਥੇ ਵੀ ਆਪ ਨੂੰ ਚਹਿਲ ਕਦਮੀ ਰਦਿਆਂ ਵੇਖ ਕੇ ਲੋਕ ਮੋਹੇ ਜਾਂਦੇ ਸਨ ਅਤੇ ਆਪ ਜੀ ਦੀ ਚਰਨ ਛੋਹ ਪ੍ਰਾਪਤ ਰਨ ਲਈ ਅੱਗੇ ਵਧਦੇ ਸਨ। ਇੱਕ ਦਿਨ ਆਪ, ਆਪਣੇ ਡੇਰੇ, ਲੰਡੋਰੀ ਕੋਠੀ ੱਚੋਂ ਬਾਹਰ ਨਿਕਲੇ ਹੀ ਸਨ ਕਿ ਕਪੂਰਥਲੇ ਦੀਆਂ, ਮਸੂਰੀ ਆਈਆਂ, ਰਾਣੀਆਂ ਆਪ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਹਨਾਂ ਆਪ ਦੇ ਚਰਨੀ ਥ ਲਾਇਆ ਤੇ ਸ਼ਰਧਾ ਭੇਟਾ ਮੱਥਾ ਟੇਕਿਆ। ਇਹਨਾਂ ਨੂੰ ਸੰਤ ਬਹਾਦਰ ਸਿੰਘ ੀ ਤੋਂ ਭਜਨ ਦਿਵਾਇਆ ਗਿਆ।

ਰਿਆਸਤ ਬੜੌਦਾ ਦੀ ਮਹਾਰਾਣੀ ਨੂੰ, ਇੱਕ ਦਿਨ, ਆਪ ਦੇ ਮਸੂਰੀ ਦਰਸ਼ਨ ਣ ਬਾਰੇ ਪਤਾ ਲੱਗਾ। ਉਸਨੇ ਵੀ ਆਪ ਦੇ ਚਰਨ ਪਰਸੇ ਤੇ ਭਜਨ ਲੈ ਕੇ ਅੱਗਾ ਵਾਰਿਆ।

ਆਪ ਸ਼ਾਇਦ ਇਹਨਾਂ ਦੇ ਰਾਜ ਘਰਾਣਿਆਂ ਤੇ ਕ੍ਰਿਪਾ ਕਰਨ ਲਈ ਹੀ ਮਸੂਰੀ ਏ ਸਨ। ਆਪ ਵਾਪਸ ਸ੍ਰੀ ਭੈਣੀ ਸਾਹਿਬ ਪਰਤ ਆਏ, ਡੇਰੇ, ਨਹਿਰ ਅਤੇ ਬੀੜ ਨੂੰ ਾਪ ਆਪਣੀ ਮੌਜ ਨਾਲ ਨਿਵਾਜ਼ਦੇ ਰਹਿੰਦੇ ਸਨ।

ਬੀੜ ਵਿਚ ਲਗਾਤਾਰ ਅਖੰਡ ਪਾਠਾਂ ਦਾ ਪ੍ਰਵਾਹ ਚੱਲ ਰਿਹਾ ਸੀ। ਏਥੇ ਹਰ ਾਏ ਗਏ ਨੂੰ ਦਾਲ ਪਰਸ਼ਾਦਾ ਮਿਲਦਾ ਸੀ। ਆਲੇ ਦੁਆਲੇ ਦੇ ਪਿੰਡਾਂ ਦੇ ਬੁੜੇ ਏ ਲੋਕ ਰੋਜ਼ ਸਵੇਰੇ-ਸ਼ਾਮ ਬੀੜ ਵਿਚ ਆਉਂਦੇ, ਲੰਗਰ ਪਰਸ਼ਾਦਾ ਛਕਦੇ ਅਤੇ ਤੁਸ਼ਟ ਹੋਏ ਹੋਏ, ਸਤਿਗੁਰੂ ਜੀ ਅਤੇ ਸਿੱਖਾਂ ਪ੍ਰਤੀ ਧੰਨਤਾ ਪ੍ਰਗਟ ਕਰਦੇ ਾਂਦੇ ਸਨ।

ਸਤਿਗੁਰੂ ਜੀ ਨੇ 60 ਘੁਮਾਂ ਜ਼ਮੀਨ ਸ੍ਰੀ ਭੈਣੀ ਸਾਹਿਬ ਦੇ ਲੋਹ ਲੰਗਰ ਵਾਸਤੇ ਖੀ। ਆਪ ਨੇ ਬੀੜ ਦੀ ਬਾਕੀ ਸਾਰੀ ਜ਼ਮੀਨ, ਬੇਜ਼ਮੀਨੇ, ਲੋੜਵੰਦ ਬੁੜੇ ਹੋਏ ਸਿੱਖ ਰਵਾਰਾਂ ਨੂੰ, ਸਾਢੇ ਤਿੰਨ ਘੁਮਾਂ ਤੋਂ ਦਸ ਘੁਮਾਂ, ਘਰ ਪ੍ਰਤੀ ਦੇ ਕੇ ਵੰਡੀ। ਇਸ ਾਲ 115-120 ਹੋਰ, ਨਾਮਧਾਰੀ ਕਿਰਤੀ ਪਰਿਵਾਰ, ਸੌਖੀ ਰੋਟੀ ਖਾਣ ਜੋਗੇ ਹੋ ਗਏ।

ਸਤਿਗੁਰੂ ਜੀ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਦਰਸ਼ਨ ਕਰਨ ਵਾਲੇ ਨੂੰ ਧੂਹ ਉਂਦੀ ਸੀ। ਸੱਚ ਸੁਚ ਦੇ ਚਾਹਵਾਨ ਕੂਕੇ ਬਣ ਰਹੇ ਸਨ। ਇਕ ਵਾਰ, ਸਤਿਗੁਰੂ ।, ਮਲੋਹ ਦੇ ਇੱਕ ਵਪਾਰੀ, ਕਿਰਪਾ ਰਾਮ ਕੋਲ, ਹਵਨ ਲਈ, ਨਾਰੀਅਲ ਲੈਣ ਏ। ਉਹ ਆਪ ਦੇ ਦਰਸ਼ਨ ਕਰਕੇ ਗਦ ਗਦ ਹੋ ਗਿਆ। ਉਹ ਆਪ ਤੋਂ ਐਨਾ ਭਾਵਤ ਹੋਇਆ ਕਿ ਉਸਨੇ, ਹੁੱਕੇ ਭੰਨ ਦਿੱਤੇ, ਤਮਾਕੂ ਸੁੱਟ ਦਿੱਤਾ, ਹੋਰ ਨਸ਼ਿਆਂ ਤਲਾਂਜਲੀ ਦੇ ਦਿੱਤੀ ਅਤੇ ਭਜਨ ਲੈ ਕੇ, ਨਾਮ ਜਪਣ ਲੱਗਾ। ਉਸ ਦੀ ਸਿੰਘਣੀ ਲਾਂ ਨੇ ਵੀ ਭਜਨ ਲੈ ਲਿਆ। ਦੋਵਾਂ ਨੇ ਅੰਮ੍ਰਿਤ ਛਕਿਆ, ਸਿੱਖ ਸਜੇ ਅਤੇ ਫਿਰ ਾਖ਼ਰੀ ਸਵਾਸਾਂ ਤਕ, ਸ੍ਰੀ ਭੈਣੀ ਸਾਹਿਬ ਹੀ ਰਹੇ। ਉਹਨਾਂ ਨੇ ਆਪਣੀ ਮਨਕੂਲਾ ਗ਼ੈਰ-ਮਨਕੂਲਾ ਜਾਇਦਾਦ ਵੀ ਡੇਰੇ ਨੂੰ ਹੀ ਮੱਥਾ ਟੇਕ ਦਿੱਤੀ ਸੀ।

ਸਤਿਗੁਰੂ ਜੀ ਕਈ ਵਾਰ ਆਪਣੇ ਸੇਵਕਾਂ ਨੂੰ ਹੱਥ ਦੇ ਕੇ ਰੱਖ ਲੈਂਦੇ ਸਨ। ਹਨਾਂ ਨੂੰ ਡੁੱਬਦਿਆਂ ਨੂੰ ਬਚਾ ਲੈਂਦੇ ਸਨ।

ਸੰਤ ਜਵੰਦ ਸਿੰਘ, ਜਿੰਦਾ ਸ਼ਹੀਦ, ਦੀ ਸੰਗਤ ਨਾਲ ਮੱਲ ਸਿੰਘ ਮਜ਼ਬੀ ਵੀ



Namdhari Elibrary NamdhariElibrary@gmail.com

ਭਜਨ ਲੈ ਕੇ ਨਾਮਧਾਰੀ ਬਣ ਗਿਆ । ਉਹ ਡੇਰੇ ਆ ਗਿਆ ਤੇ ਡੰਗਰ ਪਸ਼ੂ ਚਰਾਉਣ ਦੀ ਸੇਵਾ ਕਰਨ ਲਗਾ । ਉਹ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਪਾਣੀ ਕਰਕੇ, ਵੈਰਾਗ ਮਈ ਹੋਇਆ, ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ, ਗਾਇਆ ਕਰਦਾ ਸੀ ਕੀ,

ਕਦੋਂ ਪਾਵੇਂਗਾ ਵਤਨ ਨੂੰ ਫੇਰੀਆਂ, ਸਤਿਗੁਰੂ ਚੀਨੀ ਵਾਲਿਆ ।
ਸਾਨੂੰ ਨਿੱਤ ਨੇ ਉਡੀਕਾਂ ਤੇਰੀਆਂ, ਸਤਿਗੁਰੂ ਚੀਨੀ ਵਾਲਿਆ ।

ਉਸ ਦੀ ਅੰਮ੍ਰਿਤ ਵੇਲੇ, ਸ਼ਾਂਤ ਵਾਤਾਵਰਨ ਵਿੱਚ ਦੂਰ ਦੂਰ ਤੱਕ ਸੁਣਾਈ ਦੇਂਦੀ ਅਵਾਜ਼ ਹਰ ਇੱਕ ਨੂੰ ਧੂਹ ਪਾਉਂਦੀ ਸੀ । ਉਹ ਗੁਰੂ-ਦਰਸ ਦੀ ਸਵਾਂਤੀ ਬੂੰਦ ਦਾ ਪਿਆਸਾ ਪਪੀਹਾ ਸੀ ।

ਇੱਕ ਵਾਰ, ਨੀਲੋ ਨਹਿਰ ਵਿੱਚ, ਕੰਢੇ ਲਾਗੇ ਹੀ ਮੱਝਾਂ ਨੁਹਾ ਰਿਹਾ ਸੀ । ਇੱਕ ਮੱਝ ਨੇ ਪਲਸੇਟਾ ਮਾਰਿਆ, ਉਹ ਉਸ ਦੇ ਪਲਸੇਟੇ ਥੱਲੇ ਆਇਆ ਡੁੱਬ ਗਿਆ । ਸਤਿਗੁਰੂ ਜੀ ਨਹਿਰ ਦੇ ਦੂਸਰੇ ਕਿਨਾਰੇ ਖੜੇ ਸਨ । ਉਹਨਾਂ ਸਣੇ ਕਪੜਿਆ ਨਹਿਰ ਵਿੱਚ ਛਾਲ ਮਾਰ ਦਿੱਤੀ । ਉਸ ਨੂੰ ਮੱਝ ਥਲਿਉਂ ਧੂਹ ਕੇ ਬਾਹਰ ਕੱਢ ਕੇ ਮੂਧਾ ਲਿਟਾ ਕੇ, ਨੱਪ ਘੁੱਟ ਕੇ ਅੰਦਰੋਂ ਪਾਣੀ ਕੱਢ ਕੇ ਹੋਸ਼ ਵਿਚ ਆਂਦਾ । ਆਪ ਨੇ ਬੰਬੀਹੇ ਦੀ ਕੂਕ ਵਾਲੇ ਨੂੰ ਅੱਗੇ ਹੋ ਕੇ ਬਚਾ ਲਿਆ ਸੀ ।

ਪੰਡਤ ਮਨਸ਼ਾ ਸਿੰਘ ਤੇ ਉਸਤਾਦ ਹਰਨਾਮ ਸਿੰਘ ਨਬਾਣੀਆਂ ਭਰਥਲੇ ਤੋਂ ਸ੍ਰੀ ਭੈਣੀ ਸਾਹਿਬ ਆ ਰਹੇ ਸਨ । ਰਸਤੇ ਵਿੱਚ ਨੀਲੋ ਨਹਿਰ ਪੈਂਦੀ ਸੀ; ਪੁਲ ਤੋਂ ਆਉਂਦਿਆਂ ਵਲਾ ਸੀ । ਉਹ ਕੁਝ ਤਰਨਾ ਵੀ ਜਾਣਦੇ ਸਨ । ਦੋਵੇਂ ਭਾਰੇ ਸਰੀਰ ਵਾਲੇ ਸਨ । ਲਾਲਚ ਕਰ ਬੈਠੇ ਠਿਲ ਕੇ ਸਿੱਧੇ ਪਾਰ ਹੋਣ ਲਈ ਨਹਿਰ ਵਿੱਚ ਛਾਲ ਮਾਰ ਦਿੱਤੀ । ਉਹ ਤਰਦੇ ਹੋਏ ਜਦੋਂ ਅੱਧ ਵਿੱਚ ਪਹੁੰਚੇ ਤੇ ਪੰਡਤ ਜੀ ਨੂੰ ਸਾਹ ਚੜ੍ਹ ਗਿਆ, ਅੱਗੇ ਵਧਨਾ ਔਖਾ ਹੋ ਗਿਆ । ਉਸਤਾਦ ਨਬਾਣੀਏ ਦੇ ਕਿਹਾਂ ਉਸਨੇ, ਉਸਦੇ ਮੋਢੇ ਨੂੰ ਹੱਥ ਪਾ ਲਿਆ । ਦੋਵੇਂ ਭਾਰੇ ਤਾਂ ਸਨ ਹੀ ਤੋਲ ਸਾਵਾਂ ਨਾ ਬਣਿਆਂ ਤੇ ਲਗੇ ਗੋਤੇ ਖਾਣ । ਸਤਿਗੁਰੂ ਜੀ ਕੰਢੇ ਉੱਤੇ ਬੈਠੇ ਬੰਦਗੀ ਕਰ ਰਹੇ ਸਨ । ਪਾਣੀ ਵਿੱਚ ਗੋਤੇ ਖਾਂਦਿਆਂ ਦੀ ਅਵਾਜ਼ ਸੁਣ ਕੇ ਉਹਨਾਂ ਨੇ ਨੇਤਰ ਖੋਲ੍ਹੇ, ਦੋ ਸਿੱਖਾਂ ਨੂੰ ਸਾਹਮਣੇ ਡੁਬਦਿਆਂ ਵੇਖ ਕੇ ਨਾ ਆ ਵੇਖਿਆ ਨਾ ਤਾ ਝੱਟ ਛਲਾਂਗ ਲਾ ਕੇ, ਤਰ ਕੇ, ਉਹਨਾਂ ਕੋਲ ਪਹੁੰਚ ਗਏ । ਆਪ ਥਲਿਉਂ ਦੀ ਹੋਏ, ਜੁਗਤ ਨਾਲ ਦੋਹਾਂ ਨੂੰ ਉਭਾਰ ਕੇ ਉੱਤੇ ਕੀਤਾ, ਹੌਸਲਾ ਦਿੱਤਾ ਕਿ, 'ਘਬਰਾਉ ਨਾ ਹਿੰਮਤ ਕਰੋ, ਮੇਰੇ ਮੋਢੇ ਤੇ ਹੱਥ ਰੱਖੋ ਅਤੇ ਪੈਰ ਹਿਲਾਈ ਜਾਓ ।' ਆਪ ਵਧੀਆ ਤੈਰਾਕ ਤਾਂ ਸਨ ਹੀ, ਤਰੀਕਾ ਆਪ ਨੇ ਉਹਨਾਂ ਨੂੰ ਵੀ ਦੱਸ ਦਿੱਤਾ ਸੀ । ਸਤਿਗੁਰੂ ਜੀ ਦੇ ਮੋਢੇ ਦੇ ਸਹਾਰੇ ਨਾਲ, ਉਹ ਨਹਿਰ ਪਾਰ ਕਰਨ ਵਿੱਚ ਕਾਮਯਾਬ ਹੋ ਗਏ । ਉਹਨਾਂ ਨੇ ਉਹਨਾਂ ਨੂੰ ਨਵਾਂ ਜੀਵਨ ਦੇਣ ਵਾਲੇ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ਕੀਤਾ ।

ਆਪ ਸਿੱਖਾਂ ਦੇ ਰਖਵਾਲੇ ਹੋਣ ਦੇ ਨਾਲ ਨਾਲ ਗੁਣੀ ਗਿਆਨੀ ਵਿਦਵਾਨਾਂ ਦੇ ਵੀ ਕਦਰਦਾਨ ਸਨ । ਉਹਨਾਂ ਨੂੰ ਪਤਾ ਸੀ ਕਿ ਗਿਆਨੀ ਗਿਆਨ ਸਿੰਘ ਨੇ ਤੀਹ ਸਾਲ ਮਿਹਨਤ ਕਰਕੇ ਸਿੱਖ ਇਤਿਹਾਸ ਖੋਜਿਆ, ਭਾਲਿਆ ਅਤੇ ਕਵਿਤਾ ਤੇ ਵਾਰਤਕ



Namdhari Elibrary NamdhariElibrary@gmail.com

ਵਿੱਚ ਲਿਖਿਆ ਸੀ। ਸਿੱਖ ਪੰਥ ਦੇ ਕੁਝ ਠੇਕੇਦਾਰਾਂ ਨੇ ਉਸ ਕੋਲੋਂ ਉਹ ਇਤਿਹਾਸ ਲੈ ਲਿਆ ਸੀ, ਉਸਨੂੰ ਛਾਪਣ ਤੇ ਵੇਚਣ ਦੇ ਅਧਿਕਾਰ ਵੀ ਲੈ ਲਏ ਸਨ; ਉਸ ਵਿਚ ਆਪਣੀ ਲੋੜ ਅਨੁਸਾਰ ਵਾਧੇ ਘਾਟੇ ਕੀਤੇ ਅਤੇ ਉਸਨੂੰ ਵਿਗਾੜ ਕੇ ਛਾਪ ਦਿੱਤਾ ਸੀ। ਉਹਨਾਂ ਗਿਆਨੀ ਜੀ ਦੀ ਵਾਤ ਨਹੀਂ ਸੀ ਪੁੱਛੀ। ਸਤਿਗੁਰੂ ਜੀ ਨੇ ਸੰਤ ਇੰਦਰ ਸਿੰਘ ਚਕਰਵਤੀ, ਨੂੰ 101 ਰੁਪਈਏ ਦਿੱਤੇ, ਇੱਕ ਰੇਸ਼ਮੀ ਦਸਤਾਰ, ਦੁੱਧ ਚਿੱਟੀ ਉੱਨ ਦੀ ਮਾਲਾ, ਪਉਏ, ਗੜਵਾ ਆਦਿ ਸਮਾਨ ਦਿੱਤਾ। ਆਪ ਨੇ ਇਹ ਆਪ ਜੀ ਵੱਲੋਂ ਗਿਆਨੀ ਗਿਆਨ ਸਿੰਘ ਨੂੰ ਪਹੁੰਚਾਉਣ ਦਾ ਹੁਕਮ ਦਿੱਤਾ ਸੀ।

ਗਿਆਨੀ ਜੀ ਨੇ, ਚਕਰਵਰਤੀ ਹੱਥੋਂ, ਗੁਰੂ ਦੀ ਬਖਸ਼ਸ਼ ਰੂਪ ਸਮਾਨ ਤੇ ਮਾਇਆ ਪ੍ਰਾਪਤ ਕਰਦਿਆਂ, ਹਉਕਾ ਭਰਿਆ, ਉਹਨਾ ਦੇ ਨੈਣੋਂ ਨੀਰ ਵਹਿਣ ਲੱਗਾ ਤੇ ਖ਼ੁਸ਼ੀ ਵਿੱਚ ਕਹਿਣ ਲੱਗੇ, "ਪੰਥ ਨੇ ਮੈਨੂੰ ਵਿਸਾਰ ਦਿੱਤਾ ਹੈ ਪਰ ਗੁਰੂ ਨੇ ਤਾਂ ਕ੍ਰਿਪਾ ਦ੍ਰਿਸ਼ਟੀ ਕਰਕੇ ਮੇਰੀ ਘਾਲਣਾ ਥਾਇ ਪਾਈ ਹੈ।"

ਸਤਿਗੁਰੂ ਜੀ ਨੂੰ ਚੀਨੀ ਵਾਲੇ ਪਾਤਸ਼ਾਹ, ਦੇ ਵਾਪਸ ਆਉਣ ਦੀ ਪੂਰੀ ਆਸ ਸੀ। ਆਪ ਉਹਨਾਂ ਨਮਿਤ ਇੱਕ ਨਰੋਏ ਸਰੀਰ ਵਾਲੀ ਘੋੜੀ ਦੀ ਸੰਭਾਲ ਤੇ ਸੇਵਾ ਕਰਦੇ ਸਨ। ਆਪ ਉਸ ਨੂੰ ਚਾਰ ਜਾਮੇ ਨਾਲ ਸ਼ਿੰਗਾਰਦੇ ਸਨ; ਉਸ ਉੱਤੇ ਕਾਠੀ ਪਾਉਂਦੇ ਸਨ ਪਰ ਉਸ ਉੱਤੇ ਚੜ੍ਹਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਸੀ। ਇਸ ਦਾ ਨਾਂ ਆਪ ਨੇ ਲੱਖੀ ਰੱਖਿਆ ਸੀ। ਆਪ ਇਸ ਦੀ ਸੇਵਾ ਉੱਤੇ ਵੀ ਕਿਸੇ ਬਹੁਤ ਹੀ ਸ਼ਰਧਾਲੂ ਸਿੱਖ ਨੂੰ ਲਾਉਂਦੇ ਸਨ। ਇਹ ਘੋੜੀ ਮਰ ਗਈ ਤਾਂ ਆਪ ਨੇ ਬਿਜਲੀ ਨੂੰ ਸ਼ਿੰਗਾਰ ਕੇ ਰੱਖਣ ਦੀ ਆਗਿਆ ਕੀਤੀ।

ਆਪ ਆਪਣੇ ਨਿੱਜੀ ਸੇਵਕਾਂ ਵਿਚ ਲੋੜ ਪੈਣ ਉੱਤੇ ਤਬਦੀਲੀ ਕਰਨੋ ਸੰਕੋਚ ਨਾ ਕਰਦੇ। ਆਪ ਦੀ ਹਜ਼ੂਰੀ ਵਿੱਚ ਆਉਣ ਵਾਲੇ ਸੇਵਕ ਨੂੰ ਵੀ ਪਤਾ ਹੁੰਦਾ ਸੀ ਕਿ ਸਤਿਗੁਰੂ ਜੀ ਦੀ ਸਿੱਖ ਮੱਤ ਨਾਲ ਉਸ ਦੀ ਸਾਧ ਸੰਗਤ ਵਿੱਚ ਸਲਾਹੁਣ ਯੋਗ ਥਾਂ ਬਣ ਹੀ ਜਾਣੀ ਸੀ।

ਸਤਿਗੁਰੂ ਜੀ ਨੇ ਇੱਕ ਗਭਰੂ ਧਾਰਾ ਸਿੰਘ ਨੂੰ ਆਪਣਾ ਨਵਾਂ ਲਾਂਗਰੀ ਰੱਖ ਲਿਆ। ਉਸਦੇ ਅੰਦਰ ਤੌਖ਼ਲਾ ਸੀ ਕਿ ਉਹ ਕੁਝ ਨਹੀਂ ਜਾਣਦਾ ਸਤਿਗੁਰੂ ਜੀ ਨੇ ਆਪ ਸਭ ਕੁਝ ਦੱਸ ਕੇ ਸਿਖਾਉਣ ਦੀ ਤਸੱਲੀ ਦਿੱਤੀ ਤਾਂ ਧਾਰਾ ਸਿੰਘ ਹੌਸਲੇ ਵਿੱਚ ਹੋ ਗਿਆ। ਆਪ ਉਸਨੂੰ ਨਿੱਕੀਆਂ ਨਿੱਕੀਆਂ ਵੱਡੇ ਅਰਥਾਂ ਵਾਲੀਆਂ ਗੱਲਾਂ ਦੱਸਦੇ ਰਹਿੰਦੇ ਸਨ। ਇੱਕ ਦਿਨ ਉਹ ਅਨਪੁਣਿਆਂ ਸ਼ਰਬਤ ਲੈ ਆਇਆ; ਆਪ ਨੇ ਪੁਣ ਕੇ ਲਿਆਉਣ ਲਈ ਸਮਝਾਇਆ ਤਾਂ ਉਸਨੇ ਗੰਢ ਬੰਧ ਲਈ। ਇੱਕ ਵਾਰ ਉਹ ਪਰਜ਼ਾਦੇ ਨਾਲ ਕੌਲਾ ਭਰ ਕੇ ਘਿਉ ਲੈ ਆਇਆ ਆਪ ਨੇ ਸੁਮੱਤ ਦਿੱਤੀ ਕਿ ਉਹ ਜੋਦੀ ਰਾਹੀ-ਪਾਧੀ ਥੋੜ੍ਹਾ ਸਨ ਜਿਨ੍ਹਾਂ ਛੇਤੀ ਛੇਤੀ ਛਕ ਤੁਰਦੇ ਹੋਣਾ ਸੀ। ਉਸਨੂੰ ਕਾਹਲ ਨਹੀਂ ਕਰਨੀ ਚਾਹੀਦੀ ਤੇ ਥੋੜ੍ਹਾ ਥੋੜ੍ਹਾ ਘਿਉ ਦੇਣਾ ਚਾਹੀਦਾ ਸੀ। ਉਹ ਆਪ ਜੀ ਦੇ ਸਹਿਜੇ ਸਹਿਜੇ ਸਮਝਾਉਣ ਨਾਲ ਇੱਕ ਨਿਪੁੰਨ ਲਾਂਗਰੀ ਬਣ ਗਿਆ ਸੀ। ਉਹ ਇੱਕ ਦਹਾਕਾ ਵਰ੍ਹਾ ਆਪ ਜੀ ਦੀ ਸੇਵਾ ਵਿੱਚ ਰਿਹਾ।

ਸਤਿਗੁਰੂ ਜੀ ਦੀ ਆਗਿਆ ਨਾਲ ਨਾਮਧਾਰੀ ਇਤਿਹਾਸ ਨੂੰ ਉਜਾਗਰ ਕਰਨ



Namdhari Elibrary NamdhariElibrary@gmail.com

ਲਈ ਅਤੇ ਪਰਚਾਰ ਸਮਗਰੀ ਤਿਆਰ ਕਰਨ ਲਈ ਮਹਾਰਾਜ ਗੁਰਦਿਆਲ ਸਿੰਘ ਜੀ ਬੜੀ ਮਿਹਨਤ ਲਗਨ ਤੇ ਸਿਰੜ ਨਾਲ ਜੁੱਟੇ ਹੋਏ ਸਨ। ਆਲਮ ਜੀ ਵੀ ਆਪਣੀ ਕਾਨੀ ਦੀ ਕਰਾਮਾਤ ਵਿਖਾਉਂਦੇ ਰਹਿੰਦੇ ਸਨ। ਉਹਨਾਂ ਨੇ ਬੜੀ ਖੋਜ ਕਰਕੇ ਸਤਿਜੁਗ ਦੇ ਬਸੰਤ ਅੰਕ ਵਿੱਚ ਬਾਰ੍ਹਵਾਂ ਜਾਮਾ ਸਤਿਗੁਰੂ ਲੇਖ ਛਪਵਾਇਆ। ਅਕਾਲੀਆਂ ਤੇ ਹੋਰ ਗ਼ੈਰਨਾਮਧਾਰੀਆਂ ਨੂੰ ਉਹ ਲੇਖ ਹਜ਼ਮ ਨਾ ਹੋਇਆ। ਉਹਨਾਂ ਲੇਖ ਵਿੱਚ ਦਿੱਤੀਆਂ ਦਲੀਲਾਂ, ਇਤਿਹਾਸਕ ਤੱਥਾਂ ਦੀ ਪੁਣ-ਤਾਣ ਕਰਨ ਦੀ ਥਾਂ ਉੱਤੇ ਸਰਕਾਰ ਨੂੰ ਕਹਿ ਕੇ ਉਹ ਅੰਕ ਹੀ ਜ਼ਬਤ ਕਰਵਾ ਦਿੱਤਾ। 2000 ਰੁਪਏ ਦੀ ਜ਼ਮਾਨਤ ਵੀ ਜ਼ਬਤ ਹੋ ਗਈ। ਕੂਕਾ, ਅਖਬਾਰ ਵਿੱਚ ਸਤਿਗੁਰੂ ਗੋਬਿੰਦ ਸਿੰਘ ਦੇ ਸਤਿਗੁਰੂ ਬਾਲਕ ਸਿੰਘ ਨਾਲ ਮਿਲਾਪ ਦੀ ਤਸਵੀਰ ਸੀ ਉਹ ਵੀ ਜ਼ਬਤ ਕਰਵਾਇਆ ਗਿਆ। ਬਾਅਦ ਵਿੱਚ 'ਮਸਤਾਨਾ' ਨਿਕਲਿਆ ਉਹ ਵੀ ਲੰਮੀ ਉਮਰ ਨਾ ਭੋਗ ਸੱਕਿਆ।

ਸਤਿਜੁਗ ਫਿਰ ਵੀ ਔਖੇ ਸੌਖੇ ਦੌਰਾਂ ਵਿੱਚੋਂ ਲੰਘਦਾ ਪਾਠਕਾਂ ਤੱਕ ਆਪਣੀ ਗੱਲ ਪਹੁੰਚਾਉਂਦਾ ਰਿਹਾ। ਅੱਜ ਤੱਕ ਉਸਦੀ ਆਪਣੀ ਨਵੇਕਲੀ ਥਾਂ ਹੈ।

ਸਰਕਾਰ ਆਪਣੇ ਬਚਾਅ ਲਈ ਬਿਲਕੁਲ ਕਾਮਯਾਬੀ ਨਾਲ ਚਲ ਰਹੀ ਸੀ। ਉਸਦਾ ਇੱਕ ਮਾਤਰ ਨਿਸ਼ਾਨਾ ਲੋਕਾਂ ਨੂੰ ਪਾੜੀ ਰੱਖਣਾ ਸੀ। ਪਾੜਨ ਲਈ ਧਾਰਮਕ ਭਾਵਨਾ ਨਾਲ ਖੇਡਨਾ ਹੀ ਸਭ ਤੋਂ ਸੌਖਾ ਕੰਮ ਸੀ। ਸਤਿਗੁਰੂ ਜੀ ਇਸ ਬਾਰੇ ਸੁਚੇਤ ਸਨ। ਉਹ ਸਦਾ ਵਿੱਥ ਨੂੰ ਘਟਾਉਣ ਲਈ ਹੀ ਸਿੱਖਿਆ ਦੇਂਦੇ ਸਨ। ਏਸੇ ਕਰਕੇ ਆਲਮ ਜੀ ਨੇ ਇੱਕ ਵਾਰ ਕਾਂਗਰਸ ਦੀ ਸਟੇਜ ਉੱਤੇ ਖਲੋ ਕੇ ਕਿਹਾ ਕੀ, "ਸਾਨੂੰ ਸਤਿਗੁਰੂ ਜੀ ਵੱਲੋਂ ਕਿਸੇ ਸਿੱਖ ਭਰਾ ਜਾਂ ਭਾਰਤੀ ਨਾਲ ਭਿੜਨ ਦਾ ਹੁਕਮ ਨਹੀਂ, ਅਕਾਲੀ ਤਾਂ ਸਾਡੀ ਸੱਜੀ ਬਾਂਹ ਹਨ।" ਇਸ ਦੇ ਬਾਵਜੂਦ ਕਈ ਵਾਰ ਬੇਸੁਆਦੀ ਹੋ ਜਾਂਦੀ ਸੀ।

ਸਤਿਗੁਰੂ ਜੀ ਅੱਗੇ ਵੱਡੀ ਤੋਂ ਵੱਡੀ ਗ਼ਲਤੀ ਕਰਕੇ ਵੀ ਸਿੱਖ ਸੱਚ ਬੋਲਦੇ ਸਨ। ਨਿਮਾਣੀ ਦੇ ਮੇਲੇ ਉੱਤੇ ਪੁਲਿਸ ਸੁਪਰਇੰਨਟੈਂਡੈਂਟ ਡਾਨਲਡ ਸ੍ਰੀ ਭੈਣੀ ਸਾਹਿਬ ਆਇਆ। ਉਹ ਵੇਖ ਕੇ ਹੈਰਾਨ ਸੀ ਕਿ ਜੇ ਕਿਸੇ ਸਿੱਖ ਕੋਲੋਂ ਕੋਈ ਅਵਗਿਆ ਹੋ ਗਈ ਸੀ ਤਾਂ ਉਹ ਸਤਿਗੁਰੂ ਜੀ ਨੂੰ ਸੱਚ ਸੱਚ ਦੱਸ ਕੇ, ਖਿਮਾ ਤੇ ਬਖ਼ਸ਼ਸ਼ ਦਾ ਖ਼ੈਰ ਮੰਗ ਰਿਹਾ ਸੀ। ਡਾਨਲਡ ਨੂੰ ਹੈਰਾਨੀ ਇਸ ਕਰਕੇ ਸੀ ਕਿ ਉਹਨਾਂ ਕੋਲ ਤਸੀਹੇ ਸਹਿ ਕੇ ਵੀ ਲੋਕ ਝੂਠ ਬੋਲਦੇ ਸਨ। ਸਤਿਗੁਰੂ ਜੀ ਨੇ ਦੋਹਾਂ ਥਾਵਾਂ ਦੇ ਨਿਆਂ ਦਾ ਫਰਕ ਦੱਸਿਆ ਕਿ ਇੱਥੇ ਸੱਚ ਬੋਲਣ ਵਾਲੇ ਨੂੰ ਮੁਆਫ਼ ਕੀਤਾ ਜਾਂਦਾ ਸੀ ਤੇ ਝੂਠ ਬੋਲਣ ਵਾਲੇ ਨੂੰ ਡੰਨ ਲਾਇਆ ਜਾਂਦਾ ਸੀ। ਪਰ ਸਰਕਾਰ ਸੱਚ ਬੋਲਣ ਵਾਲੇ ਨੂੰ ਸਜ਼ਾ ਦੇਂਦੀ ਸੀ ਅਤੇ ਝੂਠ ਬੋਲਣ ਵਾਲੇ ਮੌਜਾਂ ਕਰਦੇ ਸਨ। ਉਸਨੂੰ ਇਸ ਗੱਲ ਵਿੱਚ ਵੀ ਝੂਠ ਨਾ ਲਗਾ।

ਨਾਮਧਾਰੀ ਤਾਂ ਦੇਸ-ਭਗਤ ਸਨ ਹੀ, ਕਾਂਗਰਸ ਦਾ ਉਸ ਸਮੇਂ ਦਾ ਢਾਂਚਾ ਵੀ ਹੁਣ ਦੇਸ-ਭਗਤਾਂ ਦਾ ਸਮੂਹ ਹੀ ਸੀ। ਦੋਹਾਂ ਵਿਚ ਇਸ ਪੱਖੋਂ ਸਮਾਨਤਾ ਸੀ। ਦੋਵੇਂ ਸਮਾਨਾਰਥਕ ਸ਼ਬਦ ਸਨ। ਏਸੇ ਕਰ ਕੇ ਅਫ਼ਸਰ ਇਹਨਾਂ ਤੋਂ ਚਿੜ੍ਹਦੇ ਤੇ



Namdhari Elibrary NamdhariElibrary@gmail.com

ਕੁੜਦੇ ਸਨ । ਮਹਾਰਾਜ ਗੁਰਦਿਆਲ ਸਿੰਘ ਜੀ ਦੀ ਅਗਵਾਈ ਹੇਠ ਕੁਝ ਕੂਕੇ ਤਾ ਕਾਂਗਰਸ ਵਿਚ ਬੜੇ ਸਰਗਰਮ ਸਨ । ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਕਾਂਗਰਸ ਵਿਚ ਕੰਮ ਕਰਨੋਂ ਨਹੀਂ ਸਨ ਰੋਕਦੇ ਪਰ ਉਹ ਇਹ ਵੀ ਚਾਹੁੰਦੇ ਸਨ ਕਿ ਆਪਣੇ ਘਰ ਵਿਚ ਵੀ ਸਰਗਰਮ ਰਹਿ ਕੇ ਕੰਮ ਕਰਨ ।

ਸਿਆੜ ਦੀ ਸ਼ਹੀਦੀ ਕਾਨਫਰੰਸ ਜਿਥੇ 1922 ਈ: ਵਿਚ, ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਸੀ ਕਿ ਉਹ ਸ੍ਰੀ ਭੈਣੀ ਸਾਹਿਬ ਤੋਂ ਪੁਲਿਸ ਚੌਂਕੀ ਚੁੱਕ ਲੈਣ । ਜੇ ਸਰਕਾਰ ਨੇ ਪੁਲਿਸ ਚੌਂਕੀ ਨਾ ਚੁੱਕੀ ਤਾਂ ਲੋਕ ਆਪ ਜਾ ਕੇ ਉਸ ਦਾ ਬੋਰੀਆ ਬਿਸਤਰਾ ਗੋਲ ਕਰ ਦੇਣਗੇ । ਇਸ ਬਾਰੇ ਮਤਾ ਵੀ ਪਾਸ ਕੀਤਾ ਗਿਆ । ਸਿਆੜ ਵਾਲਿਆਂ ਨੂੰ ਸਰਕਾਰ ਨੇ 7500 ਰੁਪਏ ਜੁਰਮਾਨਾ ਕਰ ਦਿੱਤਾ ਕਿ ਉਹਨਾਂ ਨੇ ਕਾਨਫਰੰਸ ਕਿਉਂ ਹੋਣ ਦਿੱਤੀ ਸੀ ।

ਪਰ ਕਾਨਫਰੰਸਾਂ ਦਾ ਸਿਲਸਿਲਾ ਬੰਦ ਨਾ ਹੋਇਆ ਜਿਥੇ ਵੀ ਪੰਜਾਬ ਵਿਚ ਦੇਸ-ਭਗਤਾਂ ਦਾ ਇਕੱਠ ਹੁੰਦਾ ਚੌਂਕੀ ਚੁੱਕਣ ਦੀ ਗੱਲ ਹੁੰਦੀ । ਸਰਕਾਰ ਦੇ ਖ਼ਿਲਾਫ਼ ਲੋਕ ਰਾਇ ਬਣਦੀ ਜਾ ਰਹੀ ਸੀ । ਸਰਕਾਰ ਨੂੰ ਖ਼ੁਫੀਆ ਰਿਪੋਰਟਾਂ ਵੀ ਮਿਲ ਰਹੀਆਂ ਸਨ ਕਿ ਜੇ ਪੁਲਿਸ ਚੌਂਕੀ ਨਾ ਚੁੱਕੀ ਗਈ ਤਾਂ ਸਰਕਾਰ ਨਾਲ ਸਿੱਧੀ ਟੱਕਰ ਵੀ ਹੋ ਸਕਦੀ ਸੀ । ਇਸ ਵਿਚ ਗ਼ੈਰਨਾਮਧਾਰੀ ਤੇ ਗ਼ੈਰ ਸਿੱਖ ਵੀ ਸ਼ਾਮਲ ਹੋ ਸਕਦੇ ਸਨ ।

ਸਰਕਾਰ ਨੇ ਇਕ ਤੀਰ ਨਾਲ ਦੋ ਨਿਸ਼ਾਨੇ ਕਰਨੇ ਚਾਹੇ । ਇਕ ਤਾਂ ਉਹ ਚੌਂਕੀ ਚੁੱਕ ਕੇ ਕਿਸੇ ਹੋਰ ਤਰ੍ਹਾਂ ਦੇ ਵਾਪਰਨ ਵਾਲੇ ਖ਼ਤਰੇ ਦੇ ਡਰ ਤੋਂ ਮੁਕਤ ਹੋਣਾ ਚਾਹੁੰਦੀ ਸੀ । ਦੂਜਾ ਉਸ ਨੂੰ ਇਹ ਵੀ ਭਰਮ ਸੀ ਕਿ ਕੂਕਿਆਂ ਉੱਤੇ ਚੌਂਕੀ ਚੁੱਕਣ ਦਾ 'ਅਹਿਸਾਨ ਕਰ ਕੇ' ਉਹਨਾਂ ਨੂੰ ਦੇਸ ਭਗਤੀ ਦੇ ਗਾਡੀ ਰਾਹ ਉੱਤੇ ਤੁਰਨੋਂ ਰੋਕਣ ਲਈ ਰਾਹ ਬਣਾਇਆ ਜਾ ਸਕਦਾ ਸੀ । ਸੰਭਵ ਸੀ ਕਿ ਕੂਕੇ ਦੇਸ਼-ਭਗਤ ਜਮਾਤਾਂ ਦਾ ਸਾਥ ਛੱਡ ਦੇਣ । ਚੌਂਕੀ ਚੁੱਕਣ ਬਾਰੇ ਪੀ. ਸੀ. ਹਿਲਟਨ ਡਿਪਟੀ ਕਮਿਸ਼ਨਰ ਲੁਧਿਆਣਾ ਨੇ, ਉਰਦੂ ਵਿਚ, ਹੇਠ ਲਿਖਿਆ ਫ਼ਰਮਾਨ ਜਾਰੀ ਕੀਤਾ :

ਡਿਪਟੀ ਕਮਿਸ਼ਨਰ ਆਫ਼ਿਸ,<br>
ਲੁਧਿਆਣਾ ਜ਼ਿਲ੍ਹਾ ।<br>
ਮਿਤੀ : 12 ਮਈ, 1923

ਮੁਕਾਮੀ ਗੁਰੂ ਸਾਹਿਬ,<br>
ਸ਼ੌਕੇ ਖ਼ਿਦਮਤ ।

ਗੌਰਮਿੰਟ ਆਲੀਆ ਨੇ ਚੌਂਕੀ ਭੈਣੀ ਆਲਾ ਕੀ ਪੁਲਿਸ ਹਟਾਨੇ ਕਾ ਫ਼ੈਸਲਾ ਫੁਰਮਾਇਆ ਹੈ । ਲੇਕਿਨ ਫ਼ਿਲਹਾਲ ਤਜ਼ਰਬਾ ਕੇ ਤੌਰ ਪਰ ਐਸਾ ਕੀਆ ਜਾਏਗਾ । ਅਗਰ ਗੁਰਦੁਆਰੇ ਕੇ ਪੁਜਾਰੀ ਯਾ ਯਾਤਰੀ ਫਿਰ ਕਿਸੀ ਕਿਸਮ ਕੀ ਮੁਜ਼ਰਰਾ ਉਠਾਏਂਗੇ, ਯਾ ਬਦਮਾਸ਼ ਵਾ ਮਫ਼ਰੂਰ ਲੋਗੋਂ ਕੋ ਪਨਾਹ ਦੀ ਜਾਏਗੀ ਤੋ ਗੌਰਮਿੰਟ ਫਿਰ ਚੌਂਕੀ ਕਾਇਮ ਕਰਨੇ ਕੇ ਲੀਏ ਮਜ਼ਬੂਰ ਹੋਗੀ ।

ਆਪ ਕਾ ਸਾਦਕ<br>
—ਸਹੀ<br>
ਪੀ. ਸੀ. ਹਿਲਟਨ<br>
ਡਿਪਟੀ ਕਮਿਸ਼ਨਰ, ਲੁਧਿਆਣਾ ।



Namdhari Elibrary NamdhariElibrary@gmail.com

ਹਿਜ਼ ਹੋਲੀਨੈਸ ਮਹਾਰਾਜ ਪਰਤਾਪ ਸਿੰਘ ਜੀ,
ਭੈਣੀ ਸਾਹਿਬ, ਪੋਸਟ ਆਫ਼ਿਸ ਹੀਰਾਂ
ਵਾਇਆ ਲੁਧਿਆਣਾ ।

ਇਸ ਚਿੱਠੀ ਦੀ ਸ਼ਬਦਾਵਲੀ ਸਰਕਾਰ ਦੀ ਆਮ ਸ਼ਬਦਾਵਲੀ ਸੀ । ਉਂਜ ਪਤਾ ਸਰਕਾਰ ਨੂੰ ਵੀ ਸੀ ਕਿ 18 ਜਨਵਰੀ 1872 ਨੂੰ ਚੌਂਕੀ ਕੇਵਲ ਸਤਿਗੁਰੂ ਰਾਮ ਸਿੰਘ ਰਾਹੀਂ ਉਠਾਈ ਗਈ ਦੇਸ਼ ਭਗਤੀ ਤੇ ਸੁਤੰਤਰਤਾ ਦੀ ਆਵਾਜ਼ ਨੂੰ ਦਬਾਉਣ ਵਾਸਤੇ ਬਿਠਾਈ ਗਈ ਸੀ । ਇਸ ਦੇ ਬਾਵਜੂਦ ਵੀ ਸੁਤੰਤਰਤਾ ਦੀ ਸੁਰ ਮਧਮ ਨਹੀਂ ਸੀ ਹੋਈ ਸਗੋਂ ਹੁਣ ਸਾਰੇ ਦੇਸ਼ ਵਿੱਚ ਗੂੰਜ ਰਹੀ ਸੀ । ਰਾਮ ਸਿੰਘ ਘਰ ਘਰ ਹੋ ਗਿਆ ਸੀ ।

ਚੌਂਕੀ ਦਾ ਚੁੱਕਿਆ ਜਾਣਾ, ਸੁਤੰਤਰਤਾ ਸੰਗਰਾਮੀਆਂ ਤੇ ਖ਼ਾਸ ਕਰ ਕੇ ਨਾਮਧਾਰੀ ਸਿੱਖਾਂ ਲਈ ਇੱਕ ਵੱਡੀ ਪ੍ਰਾਪਤੀ ਸੀ । ਉਹਨਾਂ ਦਾ ਘਰ ਸੁਤੰਤਰ ਹੋ ਗਿਆ ਸੀ । ਉਹ ਖੁੱਲ੍ਹੀ ਹਵਾ ਵਿੱਚ ਸਾਹ ਲੈ ਸਕਦੇ ਸਨ ।

ਨਾਮਧਾਰੀ ਪਰਚਾਰਕ ਤੇ ਜਥੇਦਾਰ ਤਰਨਤਾਰਨ ਜਾ ਕੇ ਵੀ ਧਰਮ ਪਰਚਾਰ ਖੁੱਲ੍ਹ ਕੇ ਕਰਦੇ ਸਨ । ਉਹ ਸਾਧ ਸੰਗਤ ਨੂੰ ਉਹਨਾਂ ਦੀ ਕੀਤੀ ਕਿਸੇ ਵਿਆਖਿਆ ਬਾਰੇ ਪੁੱਛਣ ਦਾ ਹੱਕ ਦੇਂਦੇ ਸਨ । ਕੋਈ ਵੀ ਆਪਣਾ ਸ਼ੰਕਾ ਲਿਖ ਕੇ ਜਾਂ ਬੋਲ ਕੇ ਪ੍ਰਗਟ ਕਰ ਸਕਦਾ ਸੀ । ਜੇ ਕੋਈ ਜਣਾ ਕੋਈ ਵੀ ਧਰਮ ਜਾਂ ਦੇਹਧਾਰੀ ਗੁਰੂ ਬਾਰੇ ਸੁਆਲ ਪੁੱਛਦਾ ਤਾਂ ਉਸ ਨੂੰ ਬਾਦਲੀਲ ਤੇ ਠੁਕ ਸਿਰ ਉੱਤਰ ਮਿਲ ਜਾਂਦਾ ਸੀ । ਇਸ ਵਿੱਚ ਇੱਕ ਗੱਲ ਜ਼ਰੂਰ ਹੁੰਦੀ । ਸਤਿਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਕੋਈ ਵੀ ਦੂਜੇ ਦੇ ਧਰਮ ਦੀ ਨਿੰਦਿਆ ਨਾ ਕਰਦਾ, ਕਿਸੇ ਦਾ ਖੰਡਨ ਨਾ ਕਰਦਾ; ਮੰਡਨ ਰੂਪ ਵਿਚ ਪਰਚਾਰ ਕੀਤਾ ਜਾਂਦਾ ਸੀ । ਇਸ ਨਾਲ ਨਾਮਧਾਰੀਆਂ ਦਾ ਦਬਦਬਾ ਵਧਿਆ ਸੀ । ਉਹ ਆਪਣੇ ਦੀਵਾਨ ਵਿੱਚ, ਧੰਨ ਸਤਿਗੁਰੂ ਰਾਮ ਸਿੰਘ, ਕਹਿ ਕੇ ਆਪਣੇ ਗੁਰੂ ਨੂੰ ਵਡਿਆਉਣ ਲੱਗ ਪਏ ਸਨ । ਉਹਨਾਂ, ਤਰਨ ਤਾਰਨ, ਜਲੂਸ ਵੀ ਕਢਿਆ ਸੀ । ਇਸ ਬਾਰੇ ਤਰਨ ਸਿੰਘ ਵਹਿਮੀ ਨੇ ਇਸ ਤਰ੍ਹਾਂ ਲਿਖਿਆ ਹੈ ਕਿ,

"ਹਰ ਦੀਵਾਨ ਵਿੱਚ, ਜਲੂਸ ਵਿੱਚ, ਲਿਖਤ ਵਿੱਚ ਨਾਮਧਾਰੀਆਂ ਖੁੱਲ੍ਹ ਕੇ ਧੰਨ ਸਤਿਗੁਰੂ ਰਾਮ ਸਿੰਘ, ਧੰਨ ਗੁਰੂ ਰਾਮ ਸਿੰਘ ਕਹਿ ਕਹਿ ਤਹਿ ਬਿਠਾ ਲਈ ਸੀ । ਜੋ ਨਾ ਸੁਣ, ਸਹਿ ਸਕਦੇ ਸੀ, ਸੋ ਬਹਿ ਗਏ ਸੀ । ਸੰਤ ਭਗਤ ਸਿੰਘ ਦਾਤੇ ਵਾਲੇ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚਕਰਵਰਤੀ, ਸੰਤ ਫ਼ਤਿਹ ਸਿੰਘ ਮਾਂਗਾ, ਸੂ: ਆਤਮਾ ਸਿੰਘ ਤੇ ਸੂ: ਦਇਆ ਸਿੰਘ ਕੱਕੜ ਨੇ ਸਤਿਗੁਰੂ ਪਰਤਾਪ ਸਿੰਘ ਜੀ ਅਗੇ ਅਰਜ਼ ਕਰ ਇਹ ਭੀ ਉਚੇਚੀ ਆਗਿਆ ਲੈ ਲਈ ਸੀ ਕਿ ਅਸਾਂ ਮਾਰ ਭੀ ਖਾਧੀ ਹੈ ਤੇ ਆਪ ਦੇ ਕਹੇ ਸਾਦਗੀ ਭੀ ਵਰਤੀ ਹੈ ਜਿਸ ਦਾ ਸਦਕਾ ਕਈ ਸੌਖ ਤੇ ਸੋਭਾ ਸਾਨੂੰ ਮਿਲੀਆਂ ਹਨ ਹੁਣ ਸਾਨੂੰ ਆਪ ਜੋਗ ਭੀ ਸਤਿਗੁਰੂ ਕਹਿਣ ਤੇ ਲਿਖਣ ਦੀ ਇਜਾਜ਼ਤ ਦੇਵੋ ।"—ਜੱਸ-ਜੀਵਨ ਭਾਗ ਦੂਜਾ

ਸਤਿਗੁਰੂ ਜੀ ਨੇ ਨਿਮਰਤਾ ਭਰੇ ਬਚਨ ਕੀਤੇ ਕਿ ਉਹਨਾਂ ਨੂੰ ਗੁਰਸਿੱਖੀ ਤੇ



Namdhari Elibrary NamdhariElibrary@gmail.com

ਏਵਕੀ ਵੀ ਪੂਰੀ ਹਾਸਲ ਨਹੀਂ ਸੀ ਹੋਈ। ਉਹ ਤਾ ਸਤਿਗੁਰੂ ਰਾਮ ਸਿੰਘ ਦੀ ਲੋਹ ਤੇ ਸੇਵਕ ਸਨ। ਪਰ ਸਿੱਖਾਂ ਦੇ ਵਾਰ ਵਾਰ ਬੇਨਤੀ ਕਰਨ ਤੇ ਆਪ ਨੇ ਲਾਂਭੇ ਰਹਿ ਕੇ ਉਹਨਾਂ ਨੂੰ ਆਪਣੀ ਖੁਸ਼ੀ ਕਰਨ ਦੀ ਖੁਲ੍ਹ ਦੇ ਦਿੱਤੀ ਸੀ, ਸਾਹਮਣੇ ਨਹੀਂ।

ਸਤਿਗੁਰੂ ਜੀ ਨੇ ਪਰਚਾਰ ਨੂੰ ਤੇਜ ਅਤੇ ਮਰਿਆਦਾ ਵਿੱਚ ਰਹਿ ਕੇ ਕਰਨ ਲਈ ਘਣੀਏਂ ਕੇ, ਲਾਹੌਰ ਜਥੇਦਾਰਾਂ ਦਾ ਇਕੱਠ ਕੀਤਾ। ਜਿਸ ਵਿੱਚ ਸਾਰੇ ਪਰਮੁੱਖ ਜਥੇਦਾਰ ਤੇ ਸੰਤ ਸਾਧ ਆਏ। ਆਪ ਨੇ ਸਭ ਨੂੰ ਆਪਣੇ ਆਪਣੇ ਜਥੇ ਲੈ ਕੇ, ਪਿੰਡ ਪਿੰਡ ਜਾ ਕੇ ਪਰਚਾਰ ਕਰਨ ਦਾ, ਹੁਕਮ ਦਿੱਤਾ। ਆਪ ਨੇ ਸਭ ਨੂੰ, ਸਾਜ ਵਜਾ ਕੇ, ਸ਼ਬਦ ਪੜ੍ਹਦੇ ਹੋਏ, ਪਿੰਡਾਂ ਵਿਚ ਜਾਣ ਲਈ ਕਿਹਾ। ਆਪ ਨੇ ਇਹ ਵੀ ਹਦਾਇਤ ਕੀਤੀ ਕਿ ਜਥਿਆਂ ਨੇ ਕੇਵਲ ਉਸ ਘਰੋਂ ਹੀ ਪਰਸ਼ਾਦਾ ਪਾਣੀ ਛਕਣਾ ਸੀ ਜਿਸ ਨੇ ਭਜਨ ਪੁੱਛਿਆ ਹੋਇਆ ਹੋਵੇ। ਹੋਰ ਥਾਵਾਂ ਤੋਂ ਕੁਝ ਛਕਣ ਦੀ ਥਾਂ ਤੇ ਭੁੱਖੇ ਰਹਿ ਲੈਣਾ ਤੇ ਸ਼ਰੀਰ ਨੂੰ ਕਸ਼ਟ ਦੇ ਲੈਣਾ ਵੀ ਸਹੀ ਸੀ। ਆਪਣੀ ਮਰਯਾਦਾ ਦਾ ਪਾਲਣ ਕਰਨਾ ਸੀ। ਜਥੇ ਆਪ ਜੀ ਦੀ ਆਗਿਆ ਅਨੁਸਾਰ ਪਰਚਾਰ ਕਰਨ ਲੱਗੇ, ਉਹਨਾਂ ਦੀ ਮਿਹਨਤ ਫਲੀਭੂਤ ਹੋਣ ਲੱਗੀ, ਲੋਕ ਵੱਡੀ ਗਿਣਤੀ ਵਿੱਚ ਨਾਮਧਾਰੀ ਬਣਨ ਲੱਗੇ।

ਅਸਲ ਵਿੱਚ ਜੇ ਕੇਵਲ ਨਾਮਧਾਰੀ ਬਣਨ ਲਈ ਕਿਹਾ ਹੀ ਜਾਂਦਾ ਤਾਂ ਉਸ ਦਾ ਅਸਰ ਨਹੀਂ ਸੀ ਹੋਣਾ। ਲੋਕ ਤਾਂ ਕੂਕਿਆਂ ਨੂੰ ਮਰਯਾਦਾ ਵਿਚ ਰਹਿ ਕੇ ਸਿਦਕ ਭਰੋਸਾ ਰਖਦਿਆਂ ਵੇਖ ਹੀ ਰਹੇ ਸਨ। ਉਹਨਾਂ ਦੇ ਸੱਚੇ ਸੁੱਚੇ ਆਚਰਨ ਬਾਰੇ ਵੀ ਸਭ ਨੂੰ ਚਾਨਣ ਸੀ ਸੋ ਲੋਕ ਉਹਨਾਂ ਤੋਂ ਪ੍ਰਭਾਵਤ ਕਿਉਂ ਨਾ ਹੁੰਦੇ ?

ਨਾਭੇ, ਪਟਿਆਲੇ ਦੇ ਮਹਾਰਾਜੇ ਆਪਸ ਵਿਚ ਰਸਾਈ ਨਹੀਂ ਸਨ ਰੱਖਦੇ। ਉਹਨਾਂ ਦੀ ਆਪਸ ਵਿਚ ਬਣਦੀ ਨਹੀਂ ਸੀ। ਮਹਾਰਾਜਾ ਪਟਿਆਲਾ ਨੂੰ ਨਾਭੇ ਦੇ ਮਹਾਰਾਜੇ ਦੀ ਉਸ ਨੂੰ ਬਰਤਾਨਵੀ ਹਾਕਮਾਂ ਕੋਲ, ਅਯੋਗਤਾ ਸਾਬਤ ਕਰਨ ਲਈ, ਇੱਕ ਗੱਲ ਹੱਥ ਆ ਗਈ। ਉਹਨਾਂ ਦੀ, ਨਾਭੇ ਦੀ ਬੀੜ ਵਿਚੋਂ, ਲੰਘਦੀ ਕਾਰ ਉੱਤੇ, ਵਜ਼ੀਰ ਕੋਲੋਂ ਅਚਾਨਕ ਗੋਲੀ ਚਲਵਾਈ ਗਈ। ਰਾਜੇ ਨੇ, ਵਜ਼ੀਰ ਨੂੰ ਬਚਾਉਣ ਲਈ ਲਿਖ ਦਿੱਤਾ ਕਿ ਗੋਲੀ ਉਸ ਦੇ ਗ਼ਲਤੀ ਨਾਲ ਦਿੱਤੇ ਹੁਕਮ ਕਰ ਕੇ ਚਲੀ ਸੀ। ਭਾਵੇਂ ਗੋਲੀ ਨਾਲ ਕੋਈ ਨੁਕਸਾਨ ਨਹੀਂ ਸੀ ਹੋਇਆ ਫਿਰ ਵੀ ਉਸ ਨੂੰ ਅਯੋਗ ਕਰਾਰ ਦੇ ਕੇ, ਰਾਜ ਤੋਂ ਬਦਤਰਫ਼ ਕਰਨ ਲਈ, ਇਹ ਹਥਿਆਰ ਵਰਤਿਆ ਗਿਆ। ਅਸਲ ਵਿੱਚ ਸਰਕਾਰ ਵੀ ਉਸ ਨੂੰ ਧਾਰਮਿਕ ਤੇ ਦੇਸ਼ ਭਗਤ ਜਮਾਤਾਂ ਅਕਾਲੀਆਂ ਤੇ ਨਾਮਧਾਰੀਆਂ ਦਾ ਪੱਖੀ ਹੋਣ ਕਰ ਕੇ ਪਸੰਦ ਨਹੀਂ ਸੀ ਕਰਦੀ। 23 ਜੂਨ 1923 ਨੂੰ ਉਸ ਕੋਲੋਂ ਲਿਖਾ ਲਿਆ ਗਿਆ ਕਿ ਉਹ ਗੱਦੀ ਆਪੇ ਛੱਡ ਰਿਹਾ ਸੀ ਅਤੇ ਉਸ ਨੂੰ ਬਦਤਰਫ਼ ਕਰ ਦਿੱਤਾ ਗਿਆ। ਅਕਾਲੀਆਂ ਨੇ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਦੀ ਬਦਤਰਫ਼ੀ ਦੇ ਖ਼ਿਲਾਫ਼ ਜੈਤੋ ਵਿੱਚ ਮੋਰਚਾ ਲਾ ਦਿੱਤਾ ਸੀ।

ਮਿਸਟਰ ਸੀ. ਐੱਮ. ਜੀ. ਉਗਲਵੀ ਨੂੰ ਨਾਭੇ ਦਾ ਰਾਜ ਪ੍ਰਬੰਧਕ ਨਿਯੁਕਤ ਕੀਤਾ ਗਿਆ ਸੀ। ਸ: ਗੁਰਦਿਆਲ ਸਿੰਘ ਰਾਜੇ ਦੇ ਵਜ਼ੀਰ ਨੂੰ ਉਸ ਦਾ ਸਹਾਇਕ, ਭਾਵ



Namdhari Elibrary NamdhariElibrary@gmail.com

'ਖਾਨਗੀ ਕਾਰੋਬਾਰੀ' ਨਿਯੁਕਤ ਕੀਤਾ ਗਿਆ ਸੀ। ਸ: ਗੁਰਦਿਆਲ ਸਿੰਘ ਸਿੱਖਾਂ ਉੱਤੇ ਬਹੁਤ ਜ਼ੁਲਮ ਕਰਨ ਲੱਗਾ। ਉਸ ਨੇ ਜੈਤੋ ਦੇ ਮੋਰਚੇ ਸਮੇਂ ਸਿੱਖਾਂ ਉੱਤੇ ਗੋਲੀ ਚਲਵਾਈ ਸੀ ਜਿਸ ਕਰਕੇ ਕੋਈ ਵੀ ਸਿੱਖ ਉਸ ਨੂੰ ਸਿੱਖ ਹੀ ਨਹੀਂ ਸੀ ਸਮਝਦਾ ਅਤੇ ਸਾਰੇ ਅਕਾਲੀ ਉਸ ਨੂੰ ਗੁਰਦਿਆਲੂ, ਗੁਰਦਿਆਲੂ ਕਹਿੰਦੇ ਸਨ। ਅੰਗਰੇਜ਼ ਹਾਕਮ ਉਸ ਦਾ ਸਿੱਖੀ ਵਾਲਾ ਵਕਾਰ ਕਾਇਮ ਕਰਨਾ ਚਾਹੁੰਦੇ ਸਨ। ਉਹਨਾਂ ਸਤਿਗੁਰਾਂ ਕੋਲ ਅਹਿਲਕਾਰ ਭੇਜਿਆ, ਉਸ ਨੇ ਕਿਹਾ ਕਿ ਜੇ ਆਪ ਲਿਖ ਦੇਣ ਕਿ ਉਹ ਐਲਾਨ ਕਰਦੇ ਸਨ ਕਿ ਉਹ ਗੁਰਦਿਆਲੂ ਨਹੀਂ, ਸ: ਗੁਰਦਿਆਲ ਸਿੰਘ ਸੀ ਤਾਂ ਨਾਭੇ ਦੀ ਬੀੜ ਦੇ ਸਾਰੇ ਹੱਕ ਤੁਰੰਤ ਹੀ ਉਹਨਾਂ ਨੂੰ ਦਿੱਤੇ ਜਾ ਸਕਦੇ ਸਨ। ਸਤਿਗੁਰੂ ਜੀ ਦੀ ਸੋਚ ਨੂੰ ਮਹਾਰਾਜ ਬੀਰ ਸਿੰਘ ਜੀ ਨੇ ਇਹਨਾਂ ਸ਼ਬਦਾਂ ਵਿਚ ਅੰਕਿਤ ਕੀਤਾ ਹੈ :

"ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਉੱਤਰ ਦਿੱਤਾ ਕਿ ਬੀੜ ਰਹੇ ਜਾਂ ਨਾ ਰਹੇ, ਚਾਹੇ ਸਾਡੇ ਕੋਈ ਮੱਤ ਭੇਦ ਹੋਣ ਪਰ ਅਕਾਲੀ ਸਾਡੇ ਭਰਾ ਹਨ, ਇਸ ਨੇ ਉਹਨਾਂ ਤੇ ਜੋ ਅਤਿਆਚਾਰ ਕੀਤਾ ਹੈ, ਇਸ ਕਰਕੇ ਉਹ ਗੁਰਦਿਆਲੂ ਹੀ ਹੈ। ਅਸੀਂ ਇਸ ਨੂੰ ਗੁਰਦਿਆਲ ਸਿੰਘ ਆਖਣ ਵਾਲਾ ਐਲਾਨ ਬਿਲਕੁਲ ਨਹੀਂ ਕਰਾਂਗੇ।"

—ਨਾਮਧਾਰੀ ਅਤੇ ਕਾਂਗਰਸ

ਨਾਮਧਾਰੀ ਸਿੱਖਾਂ ਦਾ ਪ੍ਰਭਾਵਸ਼ਾਲੀ ਪਰਚਾਰ ਵੀ ਕੁਝ ਸਿੱਖ ਆਗੂਆਂ ਨੂੰ ਅਸੁਖਾਵਾਂ ਲੱਗਾ। ਉਹਨਾਂ ਕੁਝ ਆਪਣੇ ਮੱਤ ਦੇ ਸਿੱਖਾਂ ਨੂੰ ਚੁੱਕ ਕੇ ਇਹਨਾਂ ਦੇ ਦਿਵਾਨਾਂ ਵਿਚ, ਉਚੇਚੇ ਤੌਰ ਤੇ ਤਰਨ ਤਾਰਨ ਦੇ ਦਿਵਾਨ ਵਿੱਚ ਬੇਸੁਆਦੀ ਪੈਦਾ ਕੀਤੀ ਸੀ। ਉਹਨਾਂ ਵਿੱਚ ਕੁਝ ਅਕਾਲੀ ਵੀ ਸਨ। ਨਾਮਧਾਰੀ ਸਿੱਖਾਂ ਨੇ ਇਸ ਦੇ ਵਿਰੋਧ ਵਿੱਚ ਅੰਮ੍ਰਿਤਸਰ ਅਤੇ ਤਰਨ ਤਾਰਨ ਵਿੱਚ ਜਲੂਸ ਕਢੇ ਸਨ। ਬਰਤਾਨਵੀ ਹਾਕਮਾਂ ਨੇ ਇਸ ਤੋਂ ਇਹ ਅੰਦਾਜ਼ਾ ਲਾਇਆ ਕਿ ਸਿੱਖਾਂ ਵਿੱਚ ਤਗੜੀ ਫੁੱਟ ਪੈ ਗਈ ਸੀ। ਨਾਮਧਾਰੀ ਸਿੱਖਾਂ ਨੂੰ ਕੁਝ ਲੋਭ ਲਾਲਚ ਦੇ ਕੇ ਹੋਰ ਸਿੱਖਾਂ ਤੋਂ ਵੱਖਰਿਆਂ ਰੱਖਿਆ ਜਾ ਸਕਦਾ ਸੀ।

ਸਤਿਗੁਰੂ ਜੀ ਦੇ ਗੁਰਦਿਆਲੂ ਨੂੰ ਗੁਰਦਿਆਲ ਸਿੰਘ ਨਾ ਕਹਿਣ ਕਰਕੇ ਨਾਭੇ ਦਾ ਮੁੱਖ ਪ੍ਰਬੰਧਕ ਆਪ ਤੋਂ ਬੀੜ ਦੇ ਅਧਿਕਾਰਾਂ ਨੂੰ ਵਾਪਸ ਲੈਣਾ ਚਾਹੁੰਦਾ ਸੀ। ਅਕਾਲੀ, ਜੈਤੋ ਵਿਚ ਸਤਿਆਗ੍ਰਹਿ ਕਰ ਰਹੇ ਸਨ। ਗਵਰਨਰ ਪੰਜਾਬ ਦੇ ਮੁੱਖ ਸਕੱਤਰ ਮਿਸਟਰ ਕਰੇਕ ਨੇ ਉਗਲਵੀ, ਮੁੱਖ ਪ੍ਰਬੰਧਕ ਨਾਭਾ ਨੂੰ, ਨਾਮਧਾਰੀਆਂ ਨੂੰ ਅਕਾਲੀਆਂ ਤੋਂ ਪਾੜ ਕੇ ਰੱਖਣ ਲਈ ਉਚੇਚਾ ਲਿਖਿਆ ਜੋ ਹੇਠ ਇੱਕ ਲਿਖੀ ਚਿੱਠੀ ਵਿੱਚ ਦਿੱਤਾ ਗਿਆ ਹੈ ਕਿ ਕਾਰਵਾਈ ਅਗੇ ਪਾ ਦਿੱਤੀ ਜਾਵੇ, ਚਿੱਠੀ ਇਹ ਹੈ :

ਗਵਰਨਰ ਕੈਂਪ,
ਪੰਜਾਬ
**2-8-1923**

ਮੇਰੇ ਪਿਆਰੇ ਉਗਲਵੀ,

ਸਾਨੂੰ ਅੰਮ੍ਰਿਤਸਰ ਤੋਂ, ਨਾਮਧਾਰੀ ਸਿੱਖਾਂ ਨੂੰ, ਨਾਭੇ ਤੋਂ ਮਿਲੀ ਜਾਣਕਾਰੀ ਬਾਰੇ ਪਤਾ ਲੱਗਾ ਹੈ ਕਿ ਤੁਸੀਂ ਸਾਬਕਾ ਮਹਾਰਾਜ ਦੇ, ਉਹਨਾਂ ਨੂੰ ਦਿੱਤੀ, ਕੁਝ ਜ਼ਮੀਨ ਜਾਂ



Namdhari Elibrary NamdhariElibrary@gmail.com

ਗਲ ਦੇ ਅਧਿਕਾਰਾਂ ਨੂੰ, ਦੁਬਾਰਾ ਵਾਪਸ ਲੈਣ ਦੀ ਨੀਯਤ ਰੱਖਦੇ ਹੋ ਅਤੇ ਨਾਮਧਾਰੀ ਾਗੂ ਇਸ ਨਾਲ ਪਰੇਸ਼ਾਨ ਹੋ ਗਏ ਹਨ।

ਤੁਹਾਡੇ ਰਾਹੀਂ ਕੀਤੀ ਗਈ ਇਸ ਤਰ੍ਹਾਂ ਦੀ ਕਾਰਵਾਈ, ਨਾਮਧਾਰੀ ਸਿੱਖਾਂ ਨੂੰ ਕਾਲੀਆਂ ਦੇ ਨੇੜੇ ਕਰਨ ਲਈ ਪ੍ਰਭਾਵਕਾਰੀ ਸਾਬਤ ਹੋਵੇਗੀ। ਤਰਨ ਤਾਰਨ ਦੀ ਫਰਕਾ-ਪ੍ਰਸਤੀ ਕਰਕੇ ਹੁਣ ਤਾਂ ਦੋਹਾਂ ਦਾ ਘੜੇ ਵੱਟੇ ਦਾ ਵੈਰ ਸੀ। ਮੈਂ ਤੁਹਾਨੂੰ ਾਇ ਦੇਣ ਦੀ ਇੱਛਾ ਰੱਖਦਾ ਹਾਂ ਕਿ ਇਹਨਾਂ ਹਾਲਾਤਾਂ ਵਿੱਚ, ਜੇ ਕੋਈ ਇਤਰਾਜ਼ ਾ ਹੋਵੇ, ਨਾਭਾ ਰਾਜ ਵਿੱਚ ਨਾਮਧਾਰੀਆਂ ਦੀ ਜ਼ਮੀਨ ਬਾਰੇ, ਨਾਭੇ ਸੰਬੰਧੀ ਕਾਰਵਾਈ, ਕਾਲੀ ਸਤਿਆਗ੍ਰਹਿ ਨੂੰ ਮੱਠਾ ਪੈਣ ਤੱਕ, ਅਗੇ ਪਾ ਦਿੱਤੀ ਜਾਵੇ, ਮੇਰਾ ਖਿਆਲ ਹੈ ਦਸ ਜ਼ਮੀਨ ਬਾਰੇ ਤੁਹਾਡਾ ਮਸਲਾ ਫੌਰੀ ਨਹੀਂ ਹੈ।

ਤੁਹਾਡਾ ਸ਼ੁਭਚਿੰਤਕ,

ਐੱਚ. ਡੀ. ਕਰੇਕ।

ੇਵਾ ਵਿਖੇ

ਨਮਾਨਯੋਗ ਸੀ. ਐਮ. ਜੀ. ਉਗਲਵੀ,

੍ਰਬੰਧਕ ਨਾਭਾ ਰਾਜ, ਨਾਭਾ।

ਨਾਮਧਾਰੀ ਤਾਂ ਸੱਤਰ ਸਾਲ ਤੋਂ ਬਰਤਾਨਵੀ ਹਾਕਮਾਂ ਦੀ ਇਸ ਪਾੜੋ ਤੇ ਰਾਜ ਰੋ ਦੀ ਨੀਤੀ ਨੂੰ ਸਮਝਦੇ ਸਨ। ਉਹਨਾਂ ਲਈ ਵਿਦੇਸ਼ੀ ਸ਼ਾਸਕਾਂ ਤੋਂ ਵੱਡਾ ਵਿਰੋਧੀ ੌਣ ਹੋ ਸਕਦਾ ਸੀ। ਉਹਨਾਂ ਦੀ ਸੁਤੰਤਰ ਸੋਚ ਸੀ. ਉਹਨਾਂ ਦਾ ਸਰਕਾਰ ਦੁਆਰਾ ੇਂੱਤੇ ਗਏ ਕਿਸੇ ਲੋਭ ਲਾਲਚ ਪ੍ਰਤੀ ਹਾਂ ਵਾਦੀ ਦ੍ਰਿਸ਼ਟੀਕੋਣ ਦਾ ਤਾਂ ਸੁਆਲ ਹੀ ੈਦਾ ਨਹੀਂ ਸੀ ਹੁੰਦਾ। ਉਹਨਾਂ ਜੈਤੋ ਦੇ ਮੋਰਚੇ ਦੇ ਵਿਰੋਧ ਵਿਚ ਸਰਕਾਰ ਦਾ ਸਾਥ ਬਲਕੁਲ ਨਾ ਦਿੱਤਾ ਸਗੋਂ ਸੰਤ ਬੁੱਢਾ ਸਿੰਘ ਤੇ ਸੰਤ ਧਰਮ ਸਿੰਘ ਤਾਂ ਅਕਾਲੀ ਤਿਆਗ੍ਰਹਿ ਵਿੱਚ ਸ਼ਾਮਲ ਹੋਏ ਸਨ। ਸ਼ਮਸ਼ੇਰ ਸਿੰਘ ਅਸ਼ੋਕ ਨੇ ਇਸ ਬਾਰੇ ਲਿਖਿਆ ਹੈ ਕਿ :

"ਸਰਕਾਰ ਅੰਗਰੇਜ਼ੀ ਨੇ ਅਕਾਲੀ ਤੇ ਕਾਂਗਰਸੀਆਂ ਦਾ ਜੁੱਟ ਬਣਿਆ ਵੇਖ ਕੇ ਇਸ ਸਮੇਂ ਬੜੀ ਚਲਾਕੀ ਤੋਂ ਕੰਮ ਲਿਆ, ਮਹਾਰਾਜਾ ਰਿਪੁਦਮਨ ਸਿੰਘ ਨੂੰ, ਜੋ ਸੰਨ 1917 ਈ: ਤੋਂ ਨਾਮਧਾਰੀਆਂ ਨਾਲ ਘੁਲ ਮਿਲ ਕੇ ਚਲਦੇ ਆ ਰਹੇ ਸਨ ਤੇ ਬਾਬਾ ਪਰਤਾਪ ਸਿੰਘ ਜੀ ਨੂੰ ਆਪਣੇ ਵਲੋਂ ਨਾਭੇ ਦੇ ਨੇੜੇ ਇੱਕ ਬੀੜ ਵੀ, ਉਸ ਦੇ ਨਾਲ ਸੰਬੰਧਤ ਜਾਇਦਾਦ ਸਮੇਤ ਦੇ ਚੁੱਕੇ ਸਨ, ਨਾਮਧਾਰੀਆਂ ਤੋਂ ਵੱਖਰੇ ਕਰਨ ਤੇ ਅਕਾਲੀਆਂ ਨਾਲ ਮਿਲੇ ਦੱਸ ਕੇ ਭੰਡਿਆ ਤੇ ਨਾਮਧਾਰੀਆਂ ਬਾਰੇ ਖ਼ਾਸ ਤੌਰ ਤੇ ਬੜੀ ਨਰਮੀ ਵਰਤੀ ਤੇ ਉਹਨਾਂ ਉੱਤੇ ਸਰਕਾਰ ਵੱਲੋਂ 1872 ਦੀ ਲੱਗੀ ਹੋਈ ਪਾਬੰਦੀ ਇੱਕਦਮ ਹਟਾ ਲਈ। ਲਾਟ ਸਾਹਿਬ ਦੇ ਚੀਫ ਸਕੱਤਰ ਮਿਸਟਰ ਕਰੇਕ ਨੇ, ਨਾਭਾ ਦੇ ਰਾਜ ਪ੍ਰਬੰਧਕ, ਮਿਸਟਰ ਉਗਲਵੀ ਨੂੰ ਤਾਕੀਦ ਕੀਤੀ ਕਿ ਉਹ ਬੀੜ ਜੋ ਮਹਾਰਾਜਾ ਨਾਭਾ ਨੇ ਨਾਮਧਾਰੀਆਂ ਨੂੰ ਦਿੱਤੀ ਸੀ, ਉਹਨਾਂ ਤੋਂ ਨਾ ਖੋਹੋ ਤਾਕਿ ਨਾਮਧਾਰੀਏ ਅਕਾਲੀਆਂ ਦੇ ਨਾਲ ਐਜੀਟੇਸ਼ਨ ਵਿਚ ਸ਼ਾਮਲ ਨਾ ਹੋਣ। ਪਰ ਨਾਮਧਾਰੀਏ ਸਰਕਾਰ ਦੀ ਇਸ ਮੀਸਣੀ ਚਾਲ ਨੂੰ ਤਾੜ ਗਏ ਤੇ ਉਹਨਾਂ ਨੇ ਆਪਣੇ ਕੁਝ ਮੱਤ ਭੇਦਾਂ ਨੂੰ



Namdhari Elibrary NamdhariElibrary@gmail.com

ਮੁੱਖ ਰਖਦਿਆਂ ਹੋਇਆਂ ਵੀ ਕਈ ਤਰੀਕੇ ਵਰਤੇ, ਨਾਭਾ ਐਜੀਟੇਸ਼ਨ ਸੰਬੰਧੀ ਅਕਾਲੀਆਂ ਨੂੰ ਕਾਫ਼ੀ ਹੱਦ ਤੱਕ ਸਹਿਯੋਗ ਦਿੱਤਾ। ਇਥੋਂ ਤੱਕ ਕਿ ਉਹ ਕਈ ਵਾਰ ਅਕਾਲ ਤਖ਼ਤ ਅੰਮ੍ਰਿਤਸਰ ਤੋਂ ਜੈਤੋ ਨੂੰ ਜਾਂਦੇ ਸ਼ਹੀਦੀ ਜਥਿਆਂ ਵਿੱਚ ਸ਼ਾਮਲ ਹੁੰਦੇ ਰਹੇ।" ਅਕਾਲੀ ਲਹਿਰ ਤੇ ਜੈਤੋ ਦਾ ਮੋਰਚਾ।

ਨਾਮਧਾਰੀ ਪੰਥ ਦੇ ਬੁਲਾਰੇ, ਸਤਿਜੁਗ ਅਖਬਾਰ ਨੇ ਮਹਾਰਾਜੇ ਦੀ ਨਜ਼ਰਬੰਦੀ ਦੀ ਨਿਖੇਧੀ ਕੀਤੀ ਸੀ। ਨਾਮਧਾਰੀ ਦਰਬਾਰ ਨੇ ਰਿਆਸਤੀ ਕਾਰਵਾਈ ਨੂੰ ਨਿੰਦਦਿਆਂ ਇੱਕ ਮਤਾ ਵੀ ਪਾਸ ਕੀਤਾ ਸੀ। ਤਰਲੋਕ ਸਿੰਘ ਦੇ ਵਰਤਮਾਨ ਸਿੱਖ ਇਤਿਹਾਸ ਵਿੱਚ ਲਿਖੀਆਂ ਉਸ ਮਤੇ ਦੀਆਂ ਕੁਝ ਸਤਰਾਂ ਇਹ ਹਨ :

"ਨਾਮਧਾਰੀ ਦਰਬਾਰ ਨੂੰ ਜੈਤੋ ਦੀ ਦੁਖਦਾਈ ਵਿੱਥਿਆ ਸੁਣ ਕੇ ਬੜਾ ਦੁੱਖ ਹੋਇਆ ਹੈ ਅਤੇ ਦਰਬਾਰ ਰਿਆਸਤੀ ਕਾਰਵਾਈ ਨੂੰ ਅਤੀ ਘ੍ਰਿਣਾ ਸਹਿਤ ਦੇਖਦਾ ਹੈ।...ਅਤੇ ਦਰਬਾਰ ਅਕਾਲੀਆਂ ਦੇ ਸ਼ਹੀਦੀ ਜਥੇ ਨੂੰ, ਉਸ ਦੀ ਬਹਾਦਰੀ ਲਈ ਵਧਾਈ ਦਿੰਦਾ ਹੈ ਅਤੇ ਅਕਾਲਪੁਰਖ ਪਾਸ ਉਹਨਾਂ ਦੀਆਂ ਆਤਮਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਣ ਵਾਸਤੇ ਅਰਦਾਸ ਕਰਦਾ ਹੈ।"

8 ਨਵੰਬਰ, 1923 ਨੂੰ ਦਿਵਾਲੀ ਦੇ ਦਿਵਾਨ ਤੋਂ ਬਾਅਦ ਸਤਿਗੁਰੂ ਜੀ ਨੇ ਨਾਮਧਾਰੀ ਪੰਥ ਦੇ ਆਗੂਆਂ ਦੀ ਇੱਕ ਵਖਰੀ ਬੈਠਕ ਕੀਤੀ। ਇਸ ਬੈਠਕ ਵਿੱਚ ਆਪ ਨੇ ਵਿਆਹ ਸੁਧਾਰਾਂ ਨੂੰ ਲਾਗੂ ਕਰਨ ਵਿੱਚ ਕੀਤੇ ਜਾਂਦੇ ਅਵੇਸਲੇਪਨ ਨੂੰ ਖ਼ਤਮ ਕਰਨ ਬਾਰੇ ਆਗਿਆ ਕੀਤੀ। ਆਪ ਨੇ ਸਾਦੇ ਕੱਪੜੇ ਪਹਿਨਣ ਤੇ ਮੁਕਲਾਵੇ ਸਮੇਂ ਲੋਕ ਲਾਜ ਲਈ ਵੀ ਕੋਈ ਉਚੇਚ ਨਾ ਕਰਨ ਦੀ ਗੱਲ ਕੀਤੀ। ਕੁਝ ਕੂਕੇ ਬਦੇਸੀ ਕੱਪੜਾ ਵਰਤਨ ਲੱਗ ਪਏ ਸਨ ਕਿਉਂਕਿ ਉਹ ਸੁੱਚਾ ਤੇ ਸੋਧਦਾ ਲੱਗਦਾ ਸੀ। ਆਪ ਨੇ ਉਸ ਦਾ ਬਾਈਕਾਟ ਕਰਨ ਤੇ ਉਸ ਦੀ ਥਾਂ ਰੇਸ਼ਮੀ ਕੱਪੜਾ ਪਹਿਨਣ ਦਾ ਆਦੇਸ਼ ਦਿੱਤਾ।

ਅਕਤੂਬਰ 1923 ਈ: (ਦੋ ਕੱਤਕ) ਨੂੰ ਮਾਤਾ ਭੁਪਿੰਦਰ ਕੌਰ ਜੀ ਨੇ ਇਕ ਹੋਰ ਸਾਹਿਬਜ਼ਾਦੇ ਨੂੰ ਜਨਮ ਦਿੱਤਾ। ਉਸ ਦਾ ਗੋਭਲਾ ਗੋਭਲਾ ਸਰੀਰ ਵੇਖ ਕੇ ਮਾਤਾ ਫ਼ਤਹਿ ਕੌਰ ਜੀ ਨੇ ਬਚਨ ਕੀਤਾ, "ਇਹ ਤੇ ਬੀਰ ਸਿੰਘ ਏ।" ਅਸਲ ਵਿਚ ਸਾਹਿਬਜ਼ਾਦੇ ਦਾ ਜੁੱਸਾ ਬਾਬਾ ਬੀਰ ਸਿੰਘ ਚੂੰਨੀ ਦੇ ਜੁੱਸੇ ਵਰਗਾ ਭਰਵਾਂ ਤੇ ਗੋਭਲਾ ਗੋਭਲਾ ਸੀ। ਸਾਰੀ ਸੰਗਤ ਨੇ ਆਪ ਦਾ ਨਾਂ ਬੀਰ ਸਿੰਘ ਹੀ ਪ੍ਰਵਾਨ ਕਰ ਲਿਆ।

ਸਮਸੇ ਦਾ ਸੂਫੀ ਪੀਰ, ਮਾਨੇ ਸ਼ਾਹ, ਸਤਿਗੁਰੂ ਜੀ ਦਾ ਬੜਾ ਆਦਰ ਮਾਣ ਕਰਦਾ ਸੀ। ਆਪ ਜਦ ਵੀ ਉਸ ਇਲਾਕੇ ਵੱਲ ਦੌਰੇ ਤੇ ਜਾਂਦੇ ਤਾਂ ਉਸ ਦੀ ਖੁਸ਼ੀ ਲਈ ਉਸ ਨੂੰ ਜ਼ਰੂਰ ਦਰਸ਼ਨ ਦੇਂਦੇ ਸਨ। ਇਹ ਪੀਰ ਸਿੱਖਾਂ ਵਾਂਗ ਹੀ ਆਪ ਦੇ ਚਰਨ ਪਰਸਦਾ ਸੀ। ਉਂਜ ਵੀ ਉਹ ਸ਼ਾਕਾਹਾਰੀ ਸੀ। ਉਹ ਆਪ ਨਾ ਹੀ ਨਸ਼ਾ ਕਰਦਾ ਸੀ ਨਾ ਹੀ ਨਸ਼ਾ ਕਰਨ ਵਾਲੇ ਨੂੰ ਨੇੜੇ ਫੜਕਣ ਦੇਂਦਾ ਸੀ। ਉਸ ਨੇ ਮਾਸ ਖਾਣ ਬਾਰੇ ਹਦੀਸ ਬੁਖਾਰੀ ਵਿਚੋਂ ਹਵਾਲਾ ਦੇਂਦਿਆਂ ਦੱਸਿਆ ਕਿ ਉੱਥੇ ਵੀ ਘਰ ਦਾ ਮਾਸ ਖਾਣ ਦੀ ਹੀ ਇਜਾਜ਼ਤ ਹੈ ਬਾਹਰ ਦਾ ਨਹੀਂ, "ਲਾਹਮ ਸਯਦ ਗੁਫਤ ਸਾਲਾਰੇ ਜਹਾਂ ਲਾਹਮ ਖੁਦ ਖੁਫਤਾਂ ਨਾ ਲਹਿਮੇਂ ਦੀਗਰਾਂ।" ਸਤਿਗੁਰੂ ਜੀ ਨੇ ਬਚਨ ਕੀਤਾ ਕਿ



Namdhari Elibrary NamdhariElibrary@gmail.com

ਇਹ ਹੀ ਸਤਿਗੁਰੂ ਨਾਨਕ ਦੇਵ ਜੀ ਦਾ ਵਿਚਾਰ ਹੈ :

"ਬਾਹਰ ਦਾ ਮਾਸ ਮੰਦਾ ਸੁਆਮੀ
ਘਰ ਦਾ ਮਾਸ ਚੰਗੇਰਾ ।"

ਪਰ ਏਥੇ ਮਾਸ ਦਾ ਵਸੀਹ ਅਰਥ ਹੈ ਮਾਸ-ਮਿੱਟੀ ਨਹੀਂ ਜੋ ਮਾਸਾਹਾਰੀ ਖਾਂਦੇ ਹਨ ।

ਸਤਿਗੁਰੂ ਜੀ ਨੂੰ ਵੈਦਾਂ, ਡਾਕਟਰਾਂ ਨਾਲ ਕਈ ਵਾਰ ਬਚਨ ਬਿਲਾਸ ਕਰਨ ਕਰਕੇ ਸਰੀਰਕ ਆਧੀਆਂ ਬਿਆਧੀਆਂ ਤੇ ਰੋਗਾਂ ਦਾ ਵੀ ਗਿਆਨ ਸੀ । ਇੱਕ ਵਾਰ ਆਪ ਜਦ ਦੌਰਾ ਕਰਕੇ ਡੇਰੇ ਆਏ ਤਾਂ ਆਪ ਨੇ ਨਿੱਤ ਦੀ ਮਰਿਆਦਾ ਅਨੁਸਾਰ ਮਾਤਾ ਜੀਵਨ ਕੌਰ, ਗੁਰੂ ਕੇ ਮੰਦਰ ਤੇ ਲੋਹ ਨੂੰ ਨਮਸਕਾਰ ਕੀਤੀ । ਮਾਤਾ ਭੁਪਿੰਦਰ ਕੌਰ ਨੇ ਮੱਥਾ ਟੇਕ ਕੇ ਆਪ ਜੀ ਦੀ ਚਰਨ ਧੂੜ ਮਸਤਕ ਨੂੰ ਲਾਈ । ਸਤਿਗੁਰੂ ਜੀ ਨੇ ਗਹੁ ਨਾਲ ਉਹਨਾਂ ਦੇ ਚਿਹਰੇ ਵੱਲ ਤੱਕਿਆ । ਆਪ ਫ਼ੌਰਨ ਸਮਝ ਗਏ ਕਿ ਉਹਨਾਂ ਦਾ ਚਿਹਰਾ ਅਰੋਗ ਸਰੀਰ ਦਾ ਸੂਚਕ ਨਹੀਂ ਸੀ । ਆਪ ਜੀ ਨੇ ਮਾਤਾ ਜੀਵਨ ਕੌਰ ਜੀ ਨੂੰ ਆਖਿਆ ਕਿ ਸਾਹਿਬਜ਼ਾਦੇ ਬੀਰ ਸਿੰਘ ਨੂੰ ਮਾਂ ਦਾ ਦੁੱਧ ਚੁੰਘਾਉਣਾ ਬੰਦ ਕਰ ਦਿੱਤਾ ਜਾਵੇ । ਉਹਨਾਂ ਦਾ ਪਾਲਣ-ਪੋਸਣ ਬੱਕਰੀ ਦਾ ਦੁੱਧ ਪਿਆ ਕੇ ਕੀਤਾ ਜਾਵੇ । ਅੰਬੋ ਜੀ (ਆਪ ਦੀ ਸੱਸ ਰਾਮ ਕੌਰ) ਨੂੰ ਗੁਰੂ ਸਰੋਂ ਸੱਦ ਲਿਆ ਜਾਵੇ । ਮਾਵਾਂ ਧੀਆਂ ਦਾ ਡੇਰਾ ਰਾਮ ਸਰ ਕੰਢੇ ਬਾਗ ਵਿੱਚ ਰੱਖਣ ਦਾ ਵੀ ਹੁਕਮ ਹੋਇਆ । ਮਾਤਾ ਭੁਪਿੰਦਰ ਕੌਰ ਜੀ ਲਈ, ਅਕਾਲ ਪੁਰਖ ਦਾ ਸਿਮਰਨ ਕਰਨ ਦਾ ਹੁਕਮ ਸੀ ।

ਬਿਜਲੀ ਵਾਲ ਹੋਲੇ ਤੋਂ ਪਹਿਲਾਂ ਆਪ ਨੇ ਘੋੜਿਆਂ ਵਾਲੇ ਸਿੰਘਾਂ ਨੂੰ ਮਿਲਣ ਲਈ ਦੌਰੇ ਕੀਤੇ । ਆਪ ਨੇ ਘੋੜ-ਦੌੜ ਲਈ ਆਪਣੇ ਘੋੜੇ ਪਾਲਣ ਤੇ ਸੰਭਾਲਣ ਲਈ ਲਾਹੌਰ, ਮੋਰਨ, ਦਿੱਲੀ, ਰਾਵਲਪਿੰਡੀ, ਲਖਨਊ, ਕਲਕੱਤੇ ਅਤੇ ਬੰਬਈ, ਥਾਵਾਂ ਕਿਰਾਏ ਉੱਤੇ ਲੈ ਰੱਖੀਆਂ ਸਨ । ਉੱਥੇ ਆਪ ਦੇ ਵਿਸ਼ਵਾਸ ਪਾਤਰ ਸਿੱਖ ਘੋੜਿਆਂ ਦੀ ਸੇਵਾ ਕਰਦੇ ਸਨ । ਆਪ ਨੇ ਉਹਨਾਂ ਸਿੱਖਾਂ ਨੂੰ ਦਰਸ਼ਨ ਦੇ ਕੇ ਸਮਾਈ ਨਾਲ ਰਹਿਣ ਦੀ ਸੁਮੱਤ ਬਖ਼ਸ਼ੀ । ਆਪ ਨੇ ਇਹ ਵੀ ਕਿਹਾ ਕਿ ਕਦੀ ਕਿਸੇ ਨਾਲ ਧੱਕਾ ਨਹੀਂ ਕਰਨਾ । ਪਰ ਜੇ ਅਨਿਆਂ ਹੋਵੇ ਜਾਂ ਧੱਕਾ ਹੋਵੇ ਤਾਂ ਚੁੱਪ ਕਰਕੇ ਜਰਨਾ ਵੀ ਨਹੀਂ ਸੀ ।

22 ਮਾਰਚ, 1924 ਤੱਕ, ਤਿੰਨ ਦਿਨ ਬਿਜਲੀ ਵਾਲ ਹੋਲਾ ਸੀ । ਇਸ ਹੋਲੇ ਵਿੱਚ ਚੋਣਵੀਆਂ ਗੁਰੂ ਜੱਸ ਦੀਆਂ ਕਾਵਿ ਰਚਨਾਵਾਂ ਦੀ ਪੁਸਤਕ "ਕਾਵਿ ਪੁਸ਼ਪ ਮਾਲਾ" ਸਾਧ ਸੰਗਤ ਵਿੱਚ ਵੰਡੀ ਗਈ । ਸਤਿਗੁਰੂ ਜੀ ਨੇ ਇਸ ਹੋਲੇ ਵਿੱਚ ਲਾਭ ਸਿੰਘ ਡਫਰਕੇ, ਸ਼ੇਰ ਸਿੰਘ ਦੌਲੇਵਾਲੀ, ਭਗਤ ਸਿੰਘ ਦਾਤੇ ਵਾਲ, ਖੁਸ਼ਹਾਲ ਸਿੰਘ, ਬੂਲਾ ਸਿੰਘ ਡਫਰਕੇ ਤੇ ਅਰੂੜ ਸਿੰਘ ਬੌਰੇ ਪਿਆਰੇ ਨਵੇਂ ਸੂਬੇ ਥਾਪੇ । ਆਪ ਨੇ ਭਗਤ ਸਿੰਘ ਖੰਡੂ ਵਾਲੀਏ ਤੇ ਫ਼ਤਿਹ ਸਿੰਘ ਮਾਂਗਾ ਨੂੰ ਸੂਬੇਪੁਣੇ ਦੀ ਜ਼ੁੰਮੇਂਵਾਰੀ ਤੋਂ ਮੁਕਤ ਕਰ ਦਿੱਤਾ ।

ਆਪ ਨੇ ਵਿਆਹ ਸੁਧਾਰਾਂ ਦੇ ਅਗਲੇ ਪੜਾਅ ਦਾ ਐਲਾਨ ਵੀ ਕਰਵਾਇਆ ।



Namdhari Elibrary NamdhariElibrary@gmail.com

ਆਪ ਦਾ ਆਦੇਸ਼ ਸੀ ਕਿ ਕੋਈ ਨਾਮਧਾਰੀ ਆਪਣੇ ਮੁੰਡੇ-ਕੁੜੀ ਦਾ ਮੰਗਣਾ ਨਾ ਕਰੇ। ਹਾਣ ਪਰਵਾਣ ਦੀ ਭਾਲ ਕਰਕੇ ਕੇਵਲ ਆਨੰਦ ਕਾਰਜ ਹੀ ਕੀਤਾ ਜਾਵੇ। ਇਸ ਮਰਯਾਦਾ ਦੀ ਉਲੰਘਣਾ ਕਰਨ ਵਾਲੇ ਦੀ ਕੋਈ ਗੱਲ ਨਹੀਂ ਸੁਣੀ ਜਾਏਗੀ। ਉਸ ਨੂੰ ਡੰਨ ਲਾਇਆ ਜਾਏਗਾ।

ਆਪ ਜੀ ਨੂੰ ਦੱਸਿਆ ਗਿਆ ਕਿ ਜਿਮੀਂਦਾਰ ਦੇਵਾ ਸਿੰਘ ਡੇਰੇ ਦੀ ਥਪਕਣਾ ਵਾਲੀ ਥਾਂ ਨੂੰ ਵਲ ਲੈਣਾ ਚਾਹੁੰਦਾ ਸੀ। ਆਪ ਨੇ ਉਸ ਨੂੰ ਸੱਦਿਆ ਅਤੇ ਸਮਝਾਇਆ ਕਿ ਉਹ ਡੇਰੇ ਦਾ ਮੰਦਾ ਨਾ ਕਰੇ ਕਿਉਂਕਿ ਡੇਰਾ ਤਾਂ ਸਭ ਦਾ ਸਾਂਝਾ ਸੀ। ਉਹ ਹੋਰ ਤੜਿੰਗ ਹੋ ਗਿਆ। ਉਸ ਨੇ ਲੋਕਾਂ ਵਿੱਚ ਖਲੋ ਕੇ, ਹੰਕਾਰ ਵਿੱਚ, ਗੁਰੂ ਘਰ ਨੂੰ ਅਪਸ਼ਬਦ ਕਹੇ ਅਤੇ ਥਾਂ ਉੱਤੇ ਕਬਜ਼ਾ ਕਰਨ ਦਾ ਤਹਈਆ ਕਰ ਲਿਆ।

ਮਾਤਾ ਜੀ ਨੇ ਸਤਿਗੁਰੂ ਜੀ ਨੂੰ ਕਿਹਾ ਕਿ ਉਹ ਉਸ ਬੁਰੇ ਬੰਦੇ ਨੂੰ ਮੂੰਹ ਨਾ ਲਾਉਣ, ਉਸ ਥਾਂ ਦਾ ਵੀ ਖਹਿੜਾ ਛੱਡ ਦੇਣ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਉਸ ਨੇ ਸਤਿਗੁਰੂ ਰਾਮ ਸਿੰਘ ਪ੍ਰਤੀ ਵੀ ਮੰਦੇ ਬਚਨ ਕੀਤੇ ਸਨ ਸੋ ਉਸ ਨੂੰ ਖ਼ਿਮਾ ਵੀ ਨਹੀਂ ਕੀਤਾ ਜਾ ਸਕਦਾ। ਉਸ ਦੀ ਕੰਡ ਲਾਉਣੀ ਹੀ ਪੈਣੀ ਸੀ। ਆਪ ਦੇ ਸੰਕੇਤ ਨੂੰ ਸਮਝ ਕੇ ਸਿੱਖਾਂ ਨੇ ਉਸ ਨੂੰ ਘੂਰ ਦਿੱਤਾ। ਉਹ ਨਿਆਂ ਲੈਣ ਲਈ ਸਰਕਾਰੇ ਦਰਬਾਰੇ ਚਲਾ ਗਿਆ। ਜ਼ਿਲ੍ਹਾ ਕਚਹਿਰੀ ਲੁਧਿਆਣਾ ਨੇ ਮੁਕੱਦਮੇ ਦੀ ਪੁਣ ਛਾਣ ਕੀਤੀ, ਆਪਣਾ ਰਿਕਾਰਡ ਵੇਖਿਆ, ਸ: ਕਿਸ਼ਨ ਸਿੰਘ ਸਪੁੱਤਰ ਬਾਬਾ ਲਹਿਣਾ ਸਿੰਘ ਦਾ ਬਿਆਨ ਸੀ ਕਿ ਉਸ ਦੇ ਪਿਤਾ ਨੇ, ਉਹ ਥਾਂ, ਗੁਰੂ ਘਰ ਨੂੰ ਭੇਟਾ ਕਰ ਦਿੱਤੀ ਸੀ। ਇਸ ਨਾਲ ਦੇਵਾ ਸਿੰਘ ਕੇਸ ਹਾਰ ਗਿਆ। ਸਤਿਗੁਰੂ ਜੀ ਨੇ ਥਾਂ ਦੀ ਸੰਭਾਲ ਲਈ ਉੱਥੇ ਛੱਪਰ ਪੁਆਏ, ਖੁਰਲੀਆਂ ਰੱਖ ਕੇ ਪਸ਼ੂ ਬੰਨ੍ਹੇ ਅਤੇ ਕਬਜ਼ਾ ਕਰ ਲਿਆ। ਦੇਵਾ ਸਿੰਘ ਸ਼ਰਮਿੰਦਾ ਹੋਇਆ ਘਰੋਂ ਨਾ ਨਿਕਲੇ ਕਿਉਂਕਿ ਕਈ ਭਲੇ ਬੰਦਿਆਂ ਉਸ ਨੂੰ ਪਹਿਲਾਂ ਵੀ ਗੁਰੂ ਘਰ ਨਾਲ ਆਢਾ ਲਾਉਣੋਂ ਵਰਜਿਆ ਸੀ।

ਸਤਿਗੁਰੂ ਜੀ ਨੂੰ ਆਪਣਿਆਂ ਸਿੱਖਾਂ ਸੇਵਕਾਂ ਦੀ ਕਿਸੇ ਮਾੜੀ ਸੋਚ ਦਾ ਪਤਾ ਲਗਦਾ ਤਾਂ ਉਸ ਨੂੰ ਨਾ ਬਖਸ਼ਦੇ, ਕਈ ਵਾਰ ਐਸੇ ਮਨੁੱਖ ਨੂੰ ਖੂੰਡਾ ਵੀ ਵਾਹੁੰਦੇ ਸਨ।

ਧਾਰਾ ਸਿੰਘ ਮਾਂਗੇ ਵਾਲਾ ਡੇਰੇ ਰਹਿੰਦਾ ਸੀ। ਸ੍ਰੀ ਭੈਣੀ ਸਾਹਿਬ ਦੇ ਕੁਝ ਘਰ ਗੁਰੂ ਘਰ ਨਾਲ ਖ਼ਾਰ ਖਾਂਦੇ ਸਨ। ਉਹ ਕਿਸੇ ਵੀ ਵੇਲੇ ਗੁਰੂ ਘਰ ਵਿਰੁਧ ਧਿਰ ਬਣ ਕੇ ਖੜ੍ਹੇ ਹੋ ਜਾਂਦੇ ਸਨ। ਉਹ ਗੁਰੂ ਕੇ ਦੋਖੀਆਂ ਦਾ ਸਾਥ ਦੇਂਦੇ ਸਨ। ਇੱਕ ਐਸੇ ਘਰ ਦੀ ਨੂੰਹ ਦੇ ਲੀੜੇ ਦੀ ਕੰਨੀ ਨੂੰ ਧਾਰਾ ਸਿੰਘ ਨੇ ਜਾਣ ਕੇ ਹੱਥ ਲਾਇਆ। ਉਸ ਨੇ ਘਰ ਜਾ ਕੇ ਦੱਸਿਆ। ਘਰ ਵਾਲੇ ਬੜੇ ਔਖੇ ਹੋਏ ਕਿਉਂਕਿ ਸਤਿਗੁਰੂ ਪਰਤਾਪ ਸਿੰਘ ਜੀ ਉਸ ਵੇਲੇ ਦੌਰੇ ਉੱਤੇ ਗਏ ਹੋਏ ਸਨ ਅਤੇ ਉਹਨਾਂ ਨੂੰ ਆਪ ਤੋਂ ਹੀ ਨਿਆਂ ਦੀ ਆਸ ਸੀ ਸੋ ਆਪ ਨੂੰ ਉਡੀਕਣ ਤੱਕ ਸਭ ਸ਼ਾਂਤ ਰਹੇ।

ਸਤਿਗੁਰੂ ਜੀ ਨੂੰ, ਮਾਤਾ ਜੀਵਨ ਕੌਰ ਨੇ, ਆਉਂਦਿਆਂ ਹੀ, ਉਹ ਗੱਲ ਦੱਸੀ। ਸਤਿਗੁਰੂ ਜੀ ਨੇ ਜਲ ਪਾਣੀ ਵੀ ਨਾ ਛਕਿਆ ਅਤੇ ਧਾਰਾ ਸਿੰਘ ਨੂੰ, ਤਬੇਲੇ ਆਪਣੇ ਪੇਸ਼ ਕਰਵਾ ਕੇ, ਖ਼ੂਬ ਖੂੰਡਾ ਵਾਹਿਆ। ਆਪ ਨੇ, ਤਰਨ ਸਿੰਘ ਵਹਿਮੀ ਅਨੁਸਾਰ, ਸਭ ਨੂੰ ਸੁਣਾ ਕੇ ਇਹ ਗੱਲਾਂ ਵੀ ਕਹੀਆਂ ਕਿ :



Namdhari Elibrary NamdhariElibrary@gmail.com

"ਵਿਰੋਧੀ ਜਾਨ ਲੈ ਸਕਦੈ ਅਮਾਨ ਆਪ ਦਈਦੈ । ਜੇ ਅਮਾਨ ਰਹੇ ਤਾਂ ਸਾਹਿਬ ੀ ਅਮਾਨਤ ਹੋਈਦੈ ਤੇ ਰੱਖਿਆ ਹੁੰਦੀ ਏ । ਤੁਸੀਂ ਧਰਮੋਂ ਹੁਣ ਹਾਰ ਗਏ ਹੋ । ਰਮ ਨਾਲੋਂ ਧੜਾ ਪਿਆਰਾ ਸਮਝਦੇ ਹੋ, ਠਿੱਠ ਹੋਵੋਗੇ । ਨਗਰ ਦੀਆਂ ਧੀਆਂ ਭੈਣਾਂ ਾਂਝੀਆਂ ਹੁੰਦੀਆਂ ਹਨ । ਭਾਵੇਂ ਕਿਸੇ ਨੀਚ ਉੱਚ ਦੀ ਧੀ ਨੂੰਹ ਹੋਵੇ, ਉਹ ਸਭ ੀ ਪਤ ਹੁੰਦੀ ਹੈ, ਜੋ ਧਰਮ-ਸੱਤੋ ਨੀਯਤੋਂ ਹਾਰਦੈ ਆਪਣੇ ਤੇ ਜ਼ੁਲਮ ਕਰਦੈ ।"

—ਜੱਸ-ਜੀਵਨ ਭਾਗ ਦੂਜਾ ।

ਸਤਿਗੁਰੂ ਜੀ ਦਾ ਅਜੇ ਵੀ ਚਿੱਤ ਔਖਾ ਸੀ । ਉਹਨਾਂ ਨੇ ਧਾਰਾ ਸਿੰਘ ਨੂੰ ਰਿਓਂ ਕੱਢ ਦਿੱਤਾ ਤੇ ਪੰਥ ਵਿਚੋਂ ਛੇਕ ਦਿੱਤਾ ਸੀ । ਏਨੇ ਨਾਲ ਵੀ ਉਹਨਾਂ ਦੇ ਹਰਦੇ ਦੀ ਵੇਦਨ ਸ਼ਾਂਤ ਨਾ ਹੋਈ । ਉਹ ਆਪਣੇ ਸਿੱਖ ਬਾਰੇ ਤਾਂ ਕੇਵਲ ਚੰਗਾ ਹੀ ਾਗਾ ਸੋਚਦੇ ਸਨ ।

ਆਪ ਨੇ ਸਹਿਜ ਅਵਸਥਾ ਵਿੱਚ ਆਉਣ ਲਈ ਇਸ਼ਨਾਨ ਕੀਤਾ, ਜਲ ਪਾਣੀ ਕਿਆ ਤੇ ਰਾਮ ਬਾਗ ਵਿੱਚ ਚਲੇ ਗਏ । ਉੱਥੇ ਆਪ ਨੇ ਅੰਬੋ ਜੀ ਤੇ ਮਾਤਾ ਪਿੰਦਰ ਕੌਰ ਜੀ ਨੂੰ ਦਰਸ਼ਨ ਦਿੱਤੇ । ਉਹਨਾਂ ਨੂੰ ਭਜਨ ਕਰਨ, ਸਹਿਜ ਸੰਤੋਖ ਾਲ ਵਰਤਨ, ਚਿੱਤ ਨਾ ਡੁਲਾਉਣ ਦਾ ਉਪਦੇਸ਼ ਦਿੱਤਾ । ਆਪ ਦੇ ਸਾਹਿਬਜ਼ਾਦੇ ੁਹਨਾਂ ਤੋਂ ਦੂਰ ਰਹਿੰਦੇ ਸਨ । ਆਪ ਨੇ, ਜਦੋਂ ਜੀਅ ਕਰੇ, ਸਾਹਿਬਜ਼ਾਦਿਆਂ ਨੂੰ, ਦਿ ਕੇ ਮਿਲਣ ਦੀ ਵੀ ਆਗਿਆ ਕਰ ਦਿੱਤੀ । ਆਪ ਨੇ ਆਪਣੇ ਮਨ ਦੀ ਭਾਵਨਾ ਗਿਆਤ ਵਾਸ ਵਿੱਚ ਜਾਣ ਦੀ ਦੱਸੀ ।

ਆਪ ਆਪਣੇ ਨਿਵਾਸ ਸਥਾਨ ਉੱਤੇ ਆ ਕੇ ਬਰਾਜ ਗਏ । ਆਪ ਪਿੱਛਲ ਰਾਤ ਾਗੇ, ਇਸ਼ਨਾਨ ਪਾਣੀ ਕੀਤਾ, ਇੱਕ ਛੋਟੀ ਸੈਂਚੀ ਨਾਲ ਲਈ, ਕਛਹਿਰਾ ਪਰਨਾ ਕਿਆ ਤੇ ਇਕੱਲੇ ਹੀ, ਸਭ ਨੂੰ ਸੁੱਤਿਆਂ ਛੱਡ ਕੇ ਪੈਦਲ ਨਿਕਲ ਤੁਰੇ । ਕਿਸੇ ਨੂੰ ਤਾ ਨਹੀਂ ਲੱਗਾ ਕਿ ਉਹ ਕਲਜੁਗ ਦਾ ਬੁੱਧ ਤੇ ਕ੍ਰਿਸ਼ਨ ਕਿਧਰ ਨੂੰ ਜਾ ਰਿਹਾ ਸੀ । ਾਈ ਵਜ਼ੀਰ ਸਿੰਘ ਜੀ ਨੂੰ ਪਤਾ ਲੱਗਾ ਉਹ ਵੀ ਹੱਥ ਵਿੱਚ ਗੜਵਾ ਫੜੀ ਪਿੱਛੋਂ ਆ ਲੇ । ਆਪ ਲਾਟੋਂ ਗਏ ਉੱਥੇ ਟਾਂਗਾ ਲਿਆ ਤੇ ਦਿਨ ਚੜ੍ਹੇ ਲੁਧਿਆਣੇ ਪਹੁੰਚੇ ਾਪ ਦੇ ਚਲੇ ਜਾਣ ਦਾ ਪਤਾ ਜਦ ਸੰਤ ਧਾਰਾ ਸਿੰਘ ਲਾਂਗਰੀ, ਸੰਤ ਸਤਾਨ ਸਿੰਘ ਤੇ ਸੰਤ ਬਹਾਦਰ ਸਿੰਘ ਨੂੰ ਲੱਗਾ ਤਾਂ ਉਹ ਵੀ ਆਪ ਜੀ ਦੀ ਹਜ਼ੂਰੀ ਵਚ ਲੁਧਿਆਣੇ ਪਹੁੰਚ ਗਏ । ਹੋਰ ਡੇਰੇ ਵਾਲਿਆਂ ਨੂੰ ਕੁਝ ਸੁੱਝ ਨਹੀਂ ਸੀ ਰਿਹਾ ਕਿ ੀ ਕਰਨ ?

ਲੁਧਿਆਣੇ ਆਪ ਧਰਮਸ਼ਾਲਾ ਪਹੁੰਚੇ । ਆਪ ਅੱਠ ਪਹਿਰਾ ਲੰਗਰ ਛਕ ਕੇ ਦਿਰ ਹੀ ਬੈਠੇ ਰਹਿੰਦੇ ਜਾਂ ਬਿਸਰਾਮ ਕਰ ਲੈਂਦੇ ਸਨ । ਅੰਦਰ ਬੈਠੇ ਨਾਮ ਜਪਦੇ, ੰਚੀ ਤੋਂ ਪਾਠ ਕਰਦੇ ਜਾਂ ਫਿਰ ਚਿੰਤਨ ਕਰਦੇ ਰਹਿੰਦੇ ਸਨ । ਆਪ ਚਾਰ-ਪੰਜ ਦਿਨ ੁਪਤ ਹੀ ਰਹੇ । ਕਿਸੇ ਨੂੰ ਆਪ ਦੇ ਦਰਸ਼ਨ ਕਰਨ ਦੀ ਆਗਿਆ ਨਹੀਂ ਸੀ ।

ਆਪ ਨੇ ਰੌਲੇ ਗੌਲੇ ਤੋਂ ਲਾਂਭੇ ਰਹਿ ਕੇ ਸਿਮਰਨ ਕਰਨ, ਸਤਿਗੁਰੂ ਰਾਮ ਸਿੰਘ ੀ ਭਾਲ ਕਰਨ ਤੇ ਰੂਸ ਤੱਕ ਪਹੁੰਚਣ ਦਾ ਮਨ ਬਣਾ ਲਿਆ ਸੀ । ਲੁਧਿਆਣੇ ਤੋਂ ੁਰਨ ਲਗਿਆਂ ਆਪ ਨੇ ਲਾਂਗਰੀ ਧਾਰਾ ਸਿੰਘ ਨੂੰ ਛੋਟਾ ਹੋਣ ਕਰਕੇ ਘਰ ਹੀ ਛੱਡਣ



Namdhari Elibrary NamdhariElibrary@gmail.com

ਦੀ ਸਕੀਮ ਬਣਾਈ। ਉਹ ਚਰਨੀ ਢਹਿ ਪਿਆ, ਉਸ ਨੇ ਰੋ ਰੋ ਕੇ ਆਪਣਾ ਬੁਰਾ ਹਾਲ ਕਰ ਲਿਆ ਤੇ ਬੇਨਤੀ ਕਰਨ ਲੱਗਾ :

'ਮੋਕਉ ਤੂੰ ਨਾ ਬਿਸਾਰਿ ਤੂ ਨਾ ਬਿਸਾਰਿ।'

ਸਤਿਗੁਰੂ ਜੀ ਨੇ ਉਸ ਨੂੰ ਵੀ ਨਾਲ ਹੀ ਲੈ ਲਿਆ। ਉੱਥੋਂ ਆਪ ਰੇਲ ਗੱਡੀ ਰਾਹੀਂ ਸਰਹੰਦ ਪਹੁੰਚੇ। ਸਰਹੰਦ ਤੋਂ ਬੱਘੀ ਉੱਤੇ ਬੈਠ ਕੇ ਰੋਪੜ ਅਪੜੇ ਉੱਥੋਂ ਪੈਦਲ ਹੀ ਇੰਦਰਪੁਰੇ, ਜੰਜੋਂ, ਪੰਜਹਿਰੇ ਹੁੰਦੇ ਹੋਏ ਅਸਵਾਰ ਘਾਟ ਤੇ ਜਾ ਕੇ ਪੜਾਅ ਕੀਤਾ। ਬਰਤਨ ਭਾਡਾ ਤਾਂ ਆਪ ਕੋਲ ਕੋਈ ਖ਼ਾਸ ਹੈ ਨਹੀਂ ਸੀ। ਕਿਸੇ ਦੇ ਹੱਥ ਦਾ ਛਕਣਾ ਨਹੀਂ ਸੀ। ਸੋ ਆਟਾ ਖਰੀਦ ਕੇ, ਕੱਪੜੇ ਉੱਤੇ ਹੀ ਗੁੰਨ੍ਹ ਕੇ, ਮੂਧੇ ਬਾਟੇ ਉੱਤੇ ਪਕਾ ਕੇ ਲਾਂਗਰੀ ਧਾਰਾ ਸਿੰਘ ਨੇ ਪਰਸ਼ਾਦੇ ਛਕਾਏ। ਏਥੋਂ ਬਿਲਾਸਪੁਰ ਪਹੁੰਚ ਕੇ ਆਪ ਨੇ ਫਲ ਸਬਜ਼ੀ ਦਾ ਆਹਾਰ ਕੀਤਾ। ਬਿਲਾਸਪੁਰੋਂ ਆਪ ਨੇ ਸੰਤ ਮਸਤਾਨ ਸਿੰਘ ਨੂੰ, ਮਾਤਾ ਭੁਪਿੰਦਰ ਕੌਰ ਦੀ ਸੇਵਾ ਵਿਚ, ਸ੍ਰੀ ਭੈਣੀ ਸਾਹਿਬ ਭੇਜ ਦਿੱਤਾ।

ਰੂਸ ਦੇ ਜ਼ਾਰ ਬਾਦਸ਼ਾਹ ਦਾ ਜਵਾਈ ਰੌਕਿਕ ਰੋਹਤਾਂਗ ਪਾਸ ਵੱਲ ਬਗੀਚੀ ਬਣਾ ਕੇ ਰਹਿ ਰਿਹਾ ਸੀ। ਆਪ ਉਸ ਨੂੰ ਮਿਲ ਕੇ ਚੀਨ ਦੇ ਰਸਤੇ, ਰੂਸ ਪਹੁੰਚਣਾ ਚਾਹੁੰਦੇ ਸਨ। ਬਿਜੌਰੇ ਦੀ ਇੱਕ ਘਟਨਾ ਨੇ ਆਪ ਨੂੰ ਫੇਰ ਚਿੰਤਨ ਕਰਨ ਲਈ ਤਿਆਰ ਕੀਤਾ। ਬਿਜੌਰ ਵਿੱਚ ਇੱਕ ਡਾਕਾ ਮਾਰਿਆ ਗਿਆ ਸੀ। ਸਰਕਾਰ ਨੂੰ ਪੱਕਾ ਸ਼ੱਕ ਸੀ ਕਿ ਡਾਕਾ ਮਾਰਨ ਵਾਲੇ ਪੰਜਾਬੀ ਸਨ। ਬਸ ਫੇਰ ਕੀ ਸੀ, ਪੁਲਿਸ ਨੂੰ ਹਰ ਪੰਜਾਬੀ, ਡਾਕੂ ਨਜ਼ਰ ਆਉਣ ਲੱਗਾ। ਉਸ ਨੇ ਪੰਜਾਬੀਆਂ ਨੂੰ ਫੜ ਫੜ ਅੰਦਰ ਕਰਨਾ ਸ਼ੁਰੂ ਕੀਤਾ।

ਸਤਿਗੁਰੂ ਜੀ ਨੂੰ ਪਤਾ ਸੀ ਕਿ ਪੁਲਿਸ ਨੇ ਉਹਨਾਂ ਦੀ ਵੀ ਨਹੀਂ ਸੀ ਸੁਣਨੀ। ਆਪ ਨੇ ਸੋਚ ਵਿਚਾਰ ਕੇ ਕਿ ਹਾਲਾਤ ਸਾਜ਼ਗਾਰ ਨਹੀਂ ਸਨ, ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ, ਵਾਪਸ ਚਾਲੇ ਪਾਏ। ਉਹ ਸੁਕੇਤ ਵਲੋਂ ਹੋ ਕੇ ਰੋਪੜ ਪਹੁੰਚੇ ਅੱਗੋਂ ਨਹਿਰੇ ਨਹਿਰ ਝੋੜੀ ਰਾਹੀਂ, ਆਪਣੇ, ਨਹਿਰ ਦੇ ਤਪ ਅਸਥਾਨ ਉੱਤੇ ਪਹੁੰਚੇ। ਆਪ ਦੇ ਪਿਛਾਂਹ ਮੁੜਨ ਦੀ ਕਿਸੇ ਨੂੰ ਸੂਹ ਤੱਕ ਨਹੀਂ ਸੀ।

ਆਪ ਦੇ ਚੁੱਪ ਚਾਪ ਚਲੇ ਜਾਣ ਬਾਅਦ, ਸ੍ਰੀ ਭੈਣੀ ਸਾਹਿਬ ਦਾ ਪੱਤਾ ਪੱਤਾ ਉੱਦਾਸ ਹੋ ਗਿਆ ਸੀ। ਮਾਤਾਵਾਂ ਸਣੇ ਸਾਰਾ ਪੰਥ ਸੋਚਾਂ ਦੀਆਂ ਘੁੰਮਣ ਘੇਰੀਆਂ ਵਿੱਚ ਕਾਬੂ ਆ ਗਿਆ ਸੀ। ਮਾਤਾ ਭੁਪਿੰਦਰ ਕੌਰ ਜੀ ਨੂੰ ਤਪਦਿਕ ਨੇ ਵੀ ਗ੍ਰਸਿਆ ਹੋਇਆ ਸੀ ਉਹ ਤੇ ਬੁਖਾਰ ਨਾਲ ਉਂਜ ਹੀ ਨਿਢਾਲ ਸਨ ਉੱਤੋਂ ਸਤਿਗੁਰੂ ਜੀ ਦੇ ਅਸਹਿ ਵਿਛੋੜੇ ਨੇ ਹੋਰ ਦਿਲਗੀਰ ਕਰ ਦਿੱਤਾ ਸੀ। ਉਹਨਾਂ ਦੇ ਮਾਤਾ ਅੰਬੋ ਜੀ ਦਾ ਚਿਹਰਾ ਵੀ ਉਤਰਿਆ ਹੋਇਆ ਸੀ। ਇੱਕ ਦਿਨ ਮਾਤਾ ਜੀ ਨੇ ਦੁੱਖ ਤਕਲੀਫ ਵਲੋਂ ਆਪਣੀ ਬਿਰਤੀ ਨੂੰ ਹੋੜ ਕੇ, ਆਪ ਦੇ ਚਰਨਾਂ ਨਾਲ ਜੋੜ ਕੇ; ਸਵਾਸਾ ਦੀ ਪੂੰਜੀ ਘੱਟ ਹੋਣ ਦਾ ਵਾਸਤਾ ਪਾ ਕੇ, ਅਰਦਾਸ ਕੀਤੀ ਕਿ, "ਹੇ ਸਤਿਗੁਰੂ ! ਸੱਚੇ ਪਾਤਸਾਹ ! ਕਿਰਪਾ ਕਰ ! ਮਿਹਰ ਕਰ ਆਪਣੇ ਸਾਖਿਆਤ ਦਰਸ਼ਨਾਂ ਦੀ ਦਾਤ ਬਖਸ਼।"

ਕੌਣ ਜਾਣਦਾ ਸੀ ਕਿ ਆਪ, ਮਾਤਾ ਜੀ ਦੀ ਅਰਦਾਸ ਨੂੰ ਬਿਰਥਾ ਨਹੀਂ ਸਨ ਜਾਣ ਦੇਣਾ ਚਾਹੁੰਦੇ, ਸੋ ਏਸੇ ਕਰਕੇ ਹੀ ਵਾਪਸ ਪਰਤੇ ਸਨ। ਅੱਧੀ ਰਾਤ ਅੱਗੇ,



Namdhari Elibrary NamdhariElibrary@gmail.com

ੀ ਪਿੱਛੇ ਸੀ। ਸਤਿਗੁਰੂ ਜੀ ਦੇ ਨਿੱਜੀ ਸੇਵਕ ਭਾਈ ਵਜ਼ੀਰ ਸਿੰਘ, ਸੰਤ ਾਦਰ ਸਿੰਘ, ਲਾਂਗਰੀ ਧਾਰਾ ਸਿੰਘ ਘੂਕ ਸੁੱਤੇ ਪਏ ਸੀ। ਆਪ ਜਾਗੇ, ਡੇਰੇ ਵਿੱਚ ਮਾ ਲਾਲ ਚੀਰਾ ਬੰਨ੍ਹਿਆ, ਤੇੜ ਲੱਕ ਦੀ ਬੰਨ੍ਹੀ, ਹੱਥ ਵਿਚ ਖੂੰਡਾ ਲਿਆ ਅਤੇ ਤਲੇ ਕਦਮੀ ਵਲ ਧਾ ਕੇ ਤਿੰਨ ਕੁ ਕੋਹ ਦਾ ਪੈਂਡਾ ਕਰਕੇ ਰਾਮ ਸਰ ਕੰਢੇ ਆਏ। ਤਾ ਭੁਪਿੰਦਰ ਕੌਰ ਜੀ ਤੇ ਅੰਬੋ ਜੀ ਤਾਂ ਅੱਖਾਂ ਵਿੱਚ ਹੀ ਰਾਤ ਕੱਟਦੇ ਸਨ। ਹੋਰ ਤ ਦੁਆਲ ਸਭ ਘੋੜ ਵੇਚ ਕੇ ਸੁੱਤੇ ਪਏ ਸਨ। ਉਹਨਾਂ ਨੇ ਨਵੇਕਲੇ ਜਿਹੇ ੜਿਆਂ ਵਿੱਚ, ਓਪਰੇ ਜਿਹੇ ਰੂਪ ਵਿੱਚ ਇੱਕ ਮਰਦ ਨੂੰ, ਅੱਧੀ ਰਾਤ, ਆਪਣੇ ਵੱਲ ਤੁੰਦਿਆਂ ਵੇਖਿਆ ਤਾਂ ਤ੍ਰਬਕ ਗਈਆਂ। ਆਪ ਨੇ ਜਦੋਂ ਖੰਘੂਰਾ ਮਾਰਿਆ ਤਾ ਨਾ ਆਪਣੀ ਖੁਸ਼ਕਿਸਮਤੀ ਸਮਝੀ।

ਮਾਤਾ ਜੀ ਉੱਠ ਕੇ ਬੈਠਣਾ ਚਾਹੁੰਦੇ ਸਨ ਪਰ ਆਪ ਨੇ ਇਸ਼ਾਰਾ ਕਰਕੇ ਪਏ ਣ ਲਈ ਕਿਹਾ। ਅੰਬੋ ਜੀ ਨੇ ਆਪ ਦੇ ਚਰਨੀਂ ਹੱਥ ਲਾਇਆ। ਆਪ ਨੇ ਵੀ ਨਾ ਦੇ ਚਰਨ ਪਰਸੇ। ਆਪ ਨੇ ਸੁੱਖ ਸਾਂਦ ਪੁੱਛੀ। ਕੁਝ ਬਚਨ ਕੀਤੇ। ਮਾਤਾ ਦਾ ਹਾਲ ਤਾਂ,

'ਨੈਨਹੁ ਨੀਰ ਬਹੈ ਤਨੁ ਖੀਨਾ'

। ਸੱਚੇ ਪਾਤਿਸ਼ਾਹ ਆਪ ਦੇ ਨਜ਼ਦੀਕ ਆਏ, ਪਿਆਰ ਨਾਲ ਸਰੀਰ ਉੱਤੇ ਹੱਥ ਤਆ ਤੇ ਮੁੱਖੋਂ ਬਚਨ ਅਲਾਇਆ, "ਮੈਂ ਤੇਰੇ ਨਿਹੋਂ ਨੂੰ ਰਾਤੀ ਮਿਲਣ ਆਇਆ। ਮੈਂ ਦਿਨ ਰਾਤ ਇੱਕ ਕੀਤਾ ਹੈ, ਲੰਮਾ ਪੈਂਡਾ ਤੈਅ ਕੀਤਾ ਹੈ। ਮੈਂ ਨਹਿਰ ਤੋਂ ਕੱਲਾ ਹੀ ਆਇਆ ਹਾਂ। ਹੁਣ ਤਾਂ ਤੇਰਾ ਰੋਣ ਦਾ ਕੋਈ ਮਤਲਬ ਨਹੀਂ ਨਾ ਹੋਣਾ ਈਦਾ।" ਮਾਤਾ ਜੀ ਨੇ ਆਪ ਦਾ ਪਲਾ ਫੜ ਲਿਆ, ਭਰੇ ਗਲੇ ਨਾਲ, ਭਾਵੇਂ ਾਜ਼ ਨਹੀਂ ਸੀ ਨਿਕਲ ਰਹੀ ਪਰ ਆਪ ਸਤਿਗੁਰੂ ਜੀ ਨੂੰ ਨਾ ਜਾਣ ਦਾ ਤਰਲਾ ਕੇ ਰੋਕਣਾ ਚਾਹੁੰਦੇ ਸਨ। ਰਜ਼ਾ ਦੇ ਮਾਲਕ ਨਾ ਰੁਕੇ, ਅੰਤ ਕਾਲ ਦਰਸ਼ਨ ਦੇਣ ਇਕਰਾਰ ਕਰਕੇ ਵਾਪਸ ਨਹਿਰ ਤੇ ਪਹੁੰਚੇ। ਬਾਣਾ ਬਦਲਿਆ, ਸਵਾ ਪਹਿਰ ਦਾ ਕਾ ਹੋ ਚੁੱਕਾ ਸੀ ਆਪ ਨੇ ਭਾਈ ਵਜ਼ੀਰ ਸਿੰਘ ਨੂੰ ਜੰਗਲ ਮੈਦਾਨ ਜਾਣ ਵਾਸਤੇ ਜਗਾਇਆ।

ਆਪ ਨੇ ਸਵੇਰੇ ਦੁਰਾਹੇ ਤੋਂ ਰੇਲ ਗੱਡੀ ਫੜੀ ਅਤੇ ਹੁਸ਼ਿਆਰਪੁਰ ਪੁੱਜੇ। ਉੱਥੋਂ ਗੜਦੀਵਾਲੇ ਜਾ ਦਰਸ਼ਨ ਦਿੱਤੇ। ਏਥੇ ਆਪ ਨੇ ਬਰਸਾਤ ਦੀ ਰੁੱਤ ਦਾ ਸੀਹਾ ਕੀਤਾ। ਸੰਤ ਆਲਾ ਸਿੰਘ ਦਾ ਜਥਾ ਵੀ ਉੱਥੇ ਹੀ ਸੀ। ਹੋਰ ਵੀ ਤੰਦਰੁਸਤ, ਵੇਂ-ਨਰੋਏ ਸਰੀਰਾਂ ਵਾਲੇ ਸਿੱਖ ਉੱਥੇ ਪਹੁੰਚ ਗਏ ਸਨ। ਉਹਨਾਂ ਨਾਲ, ਦਿਨ ੇ, ਆਪ ਗੋਲਾ ਸੁੱਟਦੇ, ਛੜੱਪੇ, ਛਾਲਾਂ, ਦੌੜਾਂ, ਕੁਸ਼ਤੀਆਂ ਵਿੱਚ ਹਿੱਸਾ ਲੈਂਦੇ। ਆਪ ੀਰ ਅਤੇ ਆਤਮਾ ਨੂੰ ਬਲਵਾਨ ਕਰੀ ਰੱਖਣ ਲਈ ਸਮੇਂ ਦਾ ਸਦਉਪਯੋਗ ਦੇ ਸਨ।

ਇੱਕ ਦਿਨ ਗੁਰੂ ਸਰ ਤੋਂ ਇਕ ਪਹਿਲਵਾਨ ਆ ਗਿਆ। ਉਸ ਨੂੰ ਆਪਣੇ ਾਏ ਹੋਏ ਸਰੀਰ ਅਤੇ ਘੋਲ ਦੇ ਦਾਵਾਂ ਤੇ ਬੜਾ ਮਾਣ ਸੀ। ਉਸ ਨੇ ਵੰਗਾਰਿਆ ਕੋਈ ਉਸ ਨਾਲ ਘੁਲੇ। ਸਿੱਖਾਂ ਨੇ ਗਤਕੇ ਦੇ ਉਸਤਾਦ ਹਰਨਾਮ ਸਿੰਘ ਨਥਾਣੀਏਂ



Namdhari Elibrary NamdhariElibrary@gmail.com

ਅਗੇ ਕਰ ਦਿੱਤਾ। ਉਸ ਨੇ ਐਸਾ ਕਾਬੂ ਕੀਤਾ ਕਿ ਪਹਿਲਵਾਨ ਦਾ ਸਾਹ ਹੀ ਘੁੱਟਿਆ ਗਿਆ। ਸੱਚੇ ਪਾਤਿਸ਼ਾਹ ਨੇ ਕਾਹਲੇ ਕਦਮੀ ਆ ਕੇ, "ਆਪਣਾ ਹੀ ਹੈ, ਛੱਡ ਦਿਓ ਹੁਣ" ਕਹਿ ਕੇ ਛੁਡਾ ਦਿੱਤਾ। ਇੱਕ ਹੋਰ ਦਿਨ ਉਸੇ ਡੇਰੇ ਵਿੱਚ 80-90 ਮਣ ਭਾਰੀ ਟਾਹਲੀ ਡੇਗਦਿਆਂ ਸੰਤ ਬਘੇਲ ਸਿੰਘ ਮੁਗਲ ਚੱਕ, ਅੰਮ੍ਰਿਤਸਰ ਦਾ ਉਸ ਦੇ ਥੱਲੇ ਆ ਗਿਆ। ਉਸ ਦੀ ਧੌਣ ਲਮਕ ਗਈ, ਜ਼ਬਾਨ ਬਾਹਰ ਨਿਕਲ ਆਈ। ਸਿੱਖਾਂ ਟਾਹਲੀ ਚੁੱਕਣੀ ਚਾਹੀ ਪਰ ਨਾ ਚੁੱਕ ਸਕੇ। ਸਤਿਗੁਰੂ ਜੀ ਨੇ ਇਕੱਲੇ ਸੰਤ ਬਹਾਦਰ ਸਿੰਘ ਜੀ ਨੂੰ ਟਾਹਲੀ ਚੁੱਕਣ ਦਾ ਹੁਕਮ ਕੀਤਾ। ਉਸ ਨੇ ਸਤਿਗੁਰੂ ਦਾ ਆਸਰਾ ਲੈ ਕੇ ਹੰਭਲਾ ਮਾਰਿਆ ਤੇ ਟਾਹਲੀ ਚੁੱਕੀ। ਆਪ ਨੇ ਬਘੇਲ ਸਿੰਘ ਨੂੰ ਬਾਹਰ ਖਿੱਚਿਆ ਤੇ ਵੇਖ ਕੇ ਬਚਨ ਕੀਤਾ, "ਬਚ ਗਿਆ ਹੈ, ਹੁਣ ਨਹੀਂ ਮਰਦਾ।" ਆਪ ਜੀ ਦੀ ਆਗਿਆ ਨਾਲ ਉਸ ਨੂੰ, ਮਿੱਠਾ ਤੇਲ ਤੇ ਘਿਓ ਪਿਆਇਆ ਗਿਆ ਜਿਸ ਨਾਲ ਉਸ ਨੂੰ ਖ਼ੂਨ ਦੀ ਕੈਅ ਆ ਗਈ। ਅੰਦਰ ਜੰਮੀ ਰੱਤ ਨਿਕਲ ਗਈ। ਉਹ ਸਮਾਂ ਪਾ ਕੇ ਨੌ ਬਰ ਨੌ ਹੋ ਗਿਆ।

ਗੜ੍ਹਦੀਵਾਲੇ ਦੇ ਇਲਾਕੇ ਦੀ ਸੰਗਤ ਤਾਂ, ਸਤਿਗੁਰੂ ਦੇ ਸਵਾ ਮਹੀਨਾ ਉੱਥੇ ਰਹਿਣ ਕਰਕੇ, ਉਹਨਾਂ ਦੇ ਦਰਸ਼ਨ ਕਰਕੇ ਲੋਕ ਪਰਲੋਕ ਸੁਆਰ ਰਹੀ ਸੀ। ਸ੍ਰੀ ਭੈਣੀ ਸਾਹਿਬ ਤੋਂ ਤਾਂ ਸਾਹਿਬਾਂ ਨੇ ਆਪ ਕਿਨਾਰਾ ਕੀਤਾ ਸੀ ਇਸ ਕਰਕੇ ਉੱਥੇ ਖ਼ੁਸ਼ੀਆਂ ਗੁਆਚੀਆਂ ਹੋਈਆਂ ਸਨ। ਮਾਤਾ ਭੁਪਿੰਦਰ ਕੌਰ ਜੀ ਦੀ ਦੇਹ ਹੋਰ ਨਿਰਬਲ ਹੋ ਰਹੀ ਸੀ।

ਸਤਿਗੁਰੂ ਰਾਮ ਸਿੰਘ ਜੀ ਦੇ ਜਨਮ ਸਥਾਨ ਵਾਲੀ ਜਗ੍ਹਾ ਦੇ ਡੇਰੇਦਾਰ ਮਹੰਤ ਦਾ ਗੁਰੂ ਘਰ ਨਾਲ ਮੁਕੱਦਮਾ ਚੱਲ ਰਿਹਾ ਸੀ। ਇਹ ਮੁਕੱਦਮਾ, ਨਾਮਧਾਰੀਆਂ ਕੋਲੋਂ ਜਿੱਤਿਆ ਨਹੀਂ ਸੀ ਜਾ ਸੱਕਿਆ। ਸ੍ਰੀ ਭੈਣੀ ਸਾਹਿਬ ਡੇਰੇ ਦੇ ਕਾਰ ਮੁਖ਼ਤਿਆਰ ਮਾਤਾ ਜੀਵਨ ਕੌਰ ਸਨ। ਉਹਨਾਂ ਜਾਤਾ ਕਿ ਸਤਿਗੁਰੂ ਜੀ ਨੇ ਉਹਨਾਂ ਕਰਕੇ ਹੀ ਸ੍ਰੀ ਭੈਣੀ ਸਾਹਿਬ ਤਿਆਗ ਦਿੱਤਾ ਸੀ। ਉਹਨਾਂ ਕੁਝ ਸਾਧੂਆਂ ਨੂੰ ਨਾਲ ਲਿਆ, ਗੜ੍ਹਦੀਵਾਲੇ ਪਹੁੰਚੇ। ਉਹਨਾਂ ਨੇ ਆਪ ਨੂੰ ਵਾਪਸ ਆ ਕੇ, ਡੇਰੇ ਦੀ ਸੰਭਾਲ ਕਰਨ ਅਤੇ ਮੁਕੱਦਮਾ ਹਾਰਨ ਕਰਕੇ ਘਟਦੀ ਸ਼ੋਭਾ ਨੂੰ ਫਿਰ ਕਾਇਮ ਕਰਨ ਲਈ ਬੇਨਤੀ ਕੀਤੀ। ਸਭ ਨੇ ਆਪ ਦੇ ਹੁਕਮ ਵਿੱਚ ਚੱਲਣ ਦਾ ਵੀ ਪ੍ਰਣ ਕੀਤਾ। ਸੱਚੇ ਪਾਤਸ਼ਾਹ ਜੀ ਦੇ ਵਾਪਸ ਮੁੜਨਾ ਮੰਨ ਜਾਣ ਉੱਤੇ ਸਭ ਪ੍ਰਸੰਨ ਹੋ ਗਏ ਸਨ। ਮਾਤਾ ਜੀਵਨ ਕੌਰ ਜੀ ਤੇ ਕੁਝ ਸਿੱਖ ਸ੍ਰੀ ਭੈਣੀ ਸਾਹਿਬ ਆ ਗਏ ਸਨ।

ਮਾਤਾ ਜੀ ਨੂੰ ਲੱਗਾ ਕਿ ਮਾਤਾ ਭੁਪਿੰਦਰ ਕੌਰ ਜੀ ਦਾ ਸ਼ਰੀਰ ਐਨਾ ਨਿਰਬਲ ਹੋ ਚੁੱਕਾ ਸੀ ਕਿ ਪਤਾ ਨਹੀਂ ਕਦੋਂ ਉਹਨਾਂ ਦੇ ਪ੍ਰਾਣ ਪੰਖੇਰੂ ਹੋ ਜਾਣ। ਆਪ ਨੇ ਸਿੱਖ ਭੇਜ ਕੇ ਸਤਿਗੁਰੂ ਜੀ ਨੂੰ ਸੱਦਿਆ। ਆਪ ਆਏ ਤਾਂ ਮਾਤਾ ਜੀ ਮੂੰਹ ਤੇ ਪੱਲਾ ਦੇ ਕੇ ਪਏ ਹੋਏ ਸਨ। ਅੰਬੋ ਜੀ ਨੇ ਉਹਨਾਂ ਦੇ ਮੂੰਹ ਤੋਂ ਪੱਲਾ ਲਾਹ ਕੇ ਕਿਹਾ "ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰ ਲਉ।" ਮਾਤਾ ਜੀ ਨੇ ਮੁੰਦੇ ਨੇਤਰ ਖੋਲ੍ਹੇ ਉਹਨਾਂ ਵਿਚੋਂ ਨਿਕਲੇ ਮੋਤੀਆਂ ਨੇ ਆਪ ਦੇ ਚਰਨ ਸਪਰਸ਼ ਕੀਤੇ। ਉਹ ਇੱਕ ਟੱਕ ਆਪ ਨੂੰ ਨਿਹਾਰਦੇ ਰਹੇ। ਸਤਿਗੁਰੂ ਜੀ ਨੇ ਪਲ ਦੀ ਪਲ ਸਾਹਮਣੇ ਹੋ ਕੇ, ਮੱਥੇ ਨੂੰ ਸਪਰਸ਼



Namdhari Elibrary NamdhariElibrary@gmail.com

ਕੇ, ਨੀਵੀਂ ਪਾ ਲਈ ਅਤੇ ਲਾਂਭੇ ਹੋ ਗਏ ਤਾਂਕਿ ਆਖ਼ਰੀ ਸਮੇਂ ਉਹਨਾਂ ਦੀ ਸੁਰਤ ਪ ਨਾਲ ਨਾ ਜੁੜੀ ਰਹੇ ਤੇ ਉਹ ਸੌਖੇ ਇਸ ਨਾਸ਼ਵਾਨ ਸੰਸਾਰ ਨੂੰ ਛੱਡ ਸੱਕਣ ।

ਸਤੰਬਰ 1924 ਈ: (29 ਭਾਦਰੋਂ 1981 ਬਿ:) ਨੂੰ ਮਾਤਾ ਜੀ ਜੋਤੀ ਜੋਤਿ ਾ ਗਏ :

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ।
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ।

ਮਾਤਾ ਜੀ ਦੀ ਦੇਹ ਦਾ ਸਸਕਾਰ ਕਰਕੇ ਤੀਸਰੇ ਦਿਨ ਬਿਭੂਤੀ ਤੇ ਅਸਤੀਆਂ ਨੀਲੋ ਨਹਿਰ ਵਿਚ ਜਲ ਪ੍ਰਵਾਹ ਕੀਤਾ ਗਿਆ ।

ਰਾਈਆਂ ਦੇ ਡੇਰੇ ਦਾ ਮਹੰਤ ਮੋਤੀ ਦਾਸ ਗੁਜਰ ਚੁੱਕਾ ਸੀ । ਉਸ ਦੀ ਥਾਂ ਤੇ ਤ ਗੁਪਾਲ ਦਾਸ ਬੜਾ ਖੁਸ਼ ਸੀ ਕਿ ਉਸ ਨੇ ਮੁਕੱਦਮੇ ਨੂੰ ਜਿੱਤ ਕੇ ਗੁਰੂ ਘਰ ਨੂੰ ਾ ਦਿੱਤਾ ਸੀ ਪਰ ਮੁਕੱਦਮੇ ਦੇ ਖਰਚੇ ਨੇ ਉਸ ਨੂੰ ਵੀ ਭੰਨ ਕੇ ਰੱਖ ਦਿੱਤਾ ਸੀ । ਤਗੁਰੂ ਜੀ ਨੇ ਉਸ ਨੂੰ ਅਹਿਸਾਸ ਕਰਾਉਣ ਵਾਸਤੇ ਕਿ ਸਰਕਾਰ ਕਬਜ਼ਾ ਤਾਂ ਦੁਆ ਦੀ ਹੈ ਪਰ ਉਹ ਬੰਦਿਆਂ ਬਿਨਾਂ ਕਾਇਮ ਨਹੀਂ ਰੱਖਿਆ ਜਾ ਸਕਦਾ, ਉਸ ਨੂੰ ਦਿਆਂ ਦੀ ਇੱਕ ਝਲਕ ਵਿਖਾਈ । ਸ: ਗੁਰਮੁਖ ਸਿੰਘ ਝੱਬਰ ਤੇ ਹੋਰ ਬਲਵਾਨ ਤੇ ਨੇਰ ਸਿੱਖ ਮਹੰਤ ਕੋਲੋਂ ਸਰਕਾਰੀ ਕਬਜ਼ਾ ਤੁੜਵਾਉਣ ਗਏ ਸਨ । ਵਰ੍ਹਦੀ ਡਾਂਗ ਹਮਣੇ ਕੋਈ ਅੱਗੇ ਨਾ ਆਇਆ । ਮਾਂਗਵੀਂ ਧਾੜ ਸਾਰੀ ਭੱਜ ਗਈ ਸੀ । ਮਹੰਤ ਡਰਦਾ ਮਾਰਾ ਡੇਰਾ ਛੱਡ ਕੇ ਕਿਤੇ ਲੁਕ ਗਿਆ ਸੀ । ਉਹ ਹਿੰਮਤ ਕਰਕੇ, ਰੂ ਲੋਕਾਂ ਦੇ ਸਮਝਾਉਣ ਉੱਤੇ ਸਿਆਣੇ ਬੰਦਿਆਂ ਨੂੰ ਨਾਲ ਲੈ ਕੇ ਸਤਿਗੁਰੂ ਜੀ ਦੀ ਨੀਂ ਆ ਲੱਗਾ, ਕੁੰਜੀਆਂ ਮੱਥਾ ਟੇਕ ਦਿੱਤੀਆਂ ਅਤੇ ਬਖਸ਼ਸ਼ ਮੰਗੀ ।

ਆਪ ਨੇ ਉਸ ਦੇ ਡੇਰੇ ਤੇ ਕਬਜ਼ਾ ਥੋੜ੍ਹਾ ਕਰਨਾ ਸੀ, ਉਸ ਦਾ ਹੰਕਾਰ ਤੋੜਨਾ ਸੀ; ਾ ਨੂੰ ਕੁੰਜੀਆਂ ਮੋੜ ਦਿੱਤੀਆਂ । ਉਸ ਨੇ ਫਿਰ ਕਿਹਾ, "ਗ਼ਰੀਬ-ਨਿਵਾਜ਼ ਮੇਰੇ ਡੇਰੇ ਡੰਗ ਦਾ ਆਟਾ ਵੀ ਨਹੀਂ", ਆਪ ਨੇ ਸੇਵਕਾਂ ਨੂੰ ਇੱਕ ਗੱਡਾ ਅੰਨ, ਘਿਉ, ਮਿੱਠੇ ਥਰ ਕੇ, ਉਸ ਦੇ ਡੇਰੇ ਪਹੁੰਚਾਉਣ ਲਈ ਕਹਿ ਕੇ, ਮਹੰਤ ਨੂੰ ਮੂਰਖ ਮਿੱਤਰਾਂ ਦੇ ਖੇ ਲੱਗ ਕੇ ਕਿਸੇ ਨਾਲ ਵੀ ਆਢਾ ਨਾ ਲਾਉਣ ਦਾ ਵਾਇਦਾ ਲੈ ਕੇ ਭੇਜ ਦਿੱਤਾ । 'ਵਾਨ ਲੋਕਾਂ ਨੂੰ ਸਮਝ ਆ ਰਿਹਾ ਸੀ ਕਿ ਜਿਨ੍ਹਾਂ ਨਾਲ ਮਹੰਤ ਨੇ ਲੜਾਈ ਕਰਕੇ, 'ਦਮੇਬਾਜ਼ੀ ਵਿਚ ਪੈ ਕੇ ਮੱਥਾ ਲਾਈ ਰਖਿਆ ਸੀ ਉਹਨਾਂ ਲਈ ਕੋਈ ਵੈਰੀ ਨਹੀਂ ਕੋਈ ਬੇਗਾਨਾ ਨਹੀਂ ਸੀ । ਗੁਰੂ ਤਾਂ,

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ
ਇਹੁ ਬਿਰਦੁ ਸੁਆਮੀ ਸੰਦਾ ।

ਸਤਿਗੁਰੂ ਜੀ ਨੇ ਲੜਾਈ ਬਾਰੇ ਸਾਧ ਸੰਗਤ ਨੂੰ ਸਮਝਾਇਆ ਕਿ ਉਸ ਦੇ ਢਾਈ ਹੁੰਦੇ ਹਨ । ਪਹਿਲਾ—ਕਿਸੇ ਮਸਲੇ ਨੂੰ ਦਲੀਲ ਨਾਲ ਨਜਿੱਠਿਆ ਜਾਣਾ ਹੀਦਾ ਹੈ । ਦੂਜਾ — ਜੇ ਕੋਈ ਦਲੀਲ ਨਾ ਮੰਨੇ ਤਾਂ ਉਸ ਦਾ ਮੁਕਾਬਲਾ ਨਾ ਬਣਦਾ ਹੈ । ਤੀਜਾ, ਅੱਧਾ — ਜੇ ਫਿਰ ਗੱਲ ਮੁਕਾਉਣੀ ਹੀ ਹੋਵੇ ਤਾਂ ਸੋਚਾਂ ਚ ਨਾ ਪਿਆ ਜਾਵੇ ਬੱਸ ਤਤ-ਫੱਟ, ਝੱਟ-ਪੱਟ ਕੀਤਾ ਜਾਵੇ ਆਰ ਜਾਂ ਪਾਰ ।



Namdhari Elibrary NamdhariElibrary@gmail.com

ਦੁਬਿਧਾ ਦੂਰ ਕਰਨ ਲਈ ਇਸ ਤੋਂ ਵੀ ਜ਼ਰੂਰੀ ਆਪ ਨੇ ਉਦਾਰਤਾ ਆਖੀ ਜਿਸ ਤੋਂ ਬਿਨਾ ਗੱਲ ਨਹੀਂ ਮੁੱਕਦੀ ।

ਮਾਤਾ ਭੁਪਿੰਦਰ ਕੌਰ ਜੀ ਦੇ ਭੋਗ ਤੇ ਇੱਕ ਆਖੰਡ ਪਾਠ ਕੀਤਾ ਗਿਆ ਤੇ ਕੁਝ ਸਾਧਾਰਨ ਪਾਠਾਂ ਦੇ ਭੋਗ ਪਾਏ ਗਏ । 12 ਬਿਹੰਗਮ ਸਾਧੂਆਂ ਨੂੰ ਬਸਤਰ, ਸੰਜੇ, ਗੜਵੇ, ਡੋਰੀਆਂ, ਮਾਲਾ, ਪਊਏ, ਕੰਘੇ ਤੇ ਕੜੇ ਪ੍ਰਦਾਨ ਕੀਤੇ ਗਏ । ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਸੱਦ ਇਕੋ ਵਾਰ ਹੀ ਪੜ੍ਹਨੇ ਹੁੰਦੇ ਹਨ ਉਹ ਵੀ ਚੜ੍ਹੇ, ਪ੍ਰਾਣੀ ਬਾਰੇ ਭੋਗ ਪਾਉਣ ਵੇਲੇ ।

ਰਿਆਸਤ ਨਾਭਾ, ਮਹਾਰਾਜੇ ਦੀ ਬਦਤਰਫ਼ੀ ਕਾਰਨ, ਸਿੱਖਾਂ ਦਾ ਧਿਆਨ ਖਿੱਚ ਚੁੱਕਾ ਸੀ । ਮਹਾਰਾਜੇ ਨੂੰ ਬਹਾਲ ਕਰਨ ਲਈ, ਅਕਾਲੀਆਂ ਵੱਲੋਂ, ਫ਼ਰਵਰੀ 1924 ਤੋਂ, ਗੰਗਸਰ ਜੈਤੋ ਵਿੱਚ, ਸੱਤਿਆਗ੍ਰਹਿ ਚੱਲ ਰਿਹਾ ਸੀ, ਜੇਲ੍ਹਾਂ ਭਰੀਆਂ ਜਾ ਰਹੀਆਂ ਸਨ, ਡਾਂਗਾਂ ਤੇ ਗੋਲੀਆਂ ਨਿਹੱਥੇ ਸਿੱਖਾਂ ਨੂੰ ਲਹੂ ਲੁਹਾਨ ਤੇ ਸ਼ਹੀਦ ਕਰ ਰਹੀਆਂ ਸਨ । ਨਾਭਾ ਰਿਆਸਤ ਦੇ ਅੰਗਰੇਜ਼ ਹਾਕਮ ਅਜੇ ਵੀ ਕੂਕਿਆਂ ਦੀਆਂ ਕਰਨੀਆਂ ਕਰਕੇ ਉਹਨਾਂ ਨੂੰ ਆਪਣਾ ਦੁਸ਼ਮਨ ਸਮਝਦੇ ਸਨ । ਉਹਨਾਂ ਦਾ ਕਿਆਫ਼ਾ ਸੀ ਕਿ ਮੰਡਾਰੜੂ ਬੀੜ ਨੂੰ ਕੇਵਲ ਚਰਾਂਦ ਲਈ ਵਰਤਨ ਦੀ ਥਾਂ ਉੱਥੇ ਵਸੋਂ ਕਰਨਾ ਕੂਕਿਆਂ ਦੀ ਬਰਤਾਨਵੀ ਰਾਜ ਦੀ ਹੱਦ ਤੋਂ ਬਾਹਰ ਆਪਣਾ ਟਿਕਾਣਾ ਬਣਾਉਣ ਦੀ ਇੱਕ ਚਾਲ ਸੀ । ਇਸ ਚਾਲ ਤੋਂ ਸਾਵਧਾਨ ਰਹਿਣ ਲਈ, ਨਾਭਾ ਰਾਜ ਦੇ ਪ੍ਰਬੰਧਕ (ਐਡਮਿਨਿਸਟ੍ਰੇਟਰ) ਨੇ ਭਾਰਤ ਦੇ ਗਵਰਨਰ ਜਨਰਲ ਦੇ ਏਜੰਟ ਨੂੰ, 8 ਦਸੰਬਰ 1924 ਨੂੰ, ਇੱਕ ਚਿੱਠੀ ਲਿਖੀ ਗਈ ਜਿਸ ਦਾ ਅਨੁਵਾਦ ਏਥੇ ਦਿੱਤਾ ਜਾ ਰਿਹਾ ਹੈ,

"ਟਿੱਕਾ ਸਾਹਿਬ ਦੀ ਮਾਤਾ ਛੋਟੀ ਮਹਾਰਾਣੀ ਕੂਕਾ (ਕੂਕਣ) ਹੈ । ਟਿੱਕਾ ਸਾਹਿਬ ਨੂੰ ਕੂਕਿਆਂ ਵੱਲੋਂ ਉਹਨਾਂ ਦੇ ਗਿਆਰਵੇਂ ਗੁਰੂ ਦਾ ਅਵਤਾਰ ਮੰਨਿਆ ਜਾਂਦਾ ਹੈ । ਬਹੁਤ ਸਾਲਾਂ ਤੋਂ ਸੰਭਾਵੀ ਤੌਰ ਉੱਤੇ, ਕੂਕੇ ਸਰਕਾਰ ਵਿਰੋਧੀ ਅਤੇ ਸਦਾ ਬਦਨਾਮ, ਬੇਵਫ਼ਾ ਜਮਾਤ ਰਹਿ ਚੁੱਕੇ ਹਨ । ਅੱਜ ਤੱਕ ਉਹਨਾਂ ਦਾ ਮੁੱਖ ਕੇਂਦਰ, ਜ਼ਿਲ੍ਹਾ ਲੁਧਿਆਣਾ ਵਿੱਚ ਭੈਣੀ (ਸਾਹਿਬ) ਰਿਹਾ ਹੈ, ਮੰਡਾਰੜੂ ਬੀੜ ਭੈਣੀ (ਸਾਹਿਬ) ਤੋਂ ਬਹੁਤ ਦੂਰ ਨਹੀਂ ਹੈ । ਆਪਣੀ ਯਾਦਦਾਸ਼ਤ ਉੱਤੇ ਜ਼ੋਰ ਦੇ ਕੇ ਮੈਂ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਦੋਵੇਂ ਥਾਵਾਂ 15 ਮੀਲ ਦੀ ਵਿੱਥ ਤੇ ਹਨ । ਮੈਨੂੰ ਲਗਦਾ ਹੈ ਕਿ ਇਹ ਕੂਕਿਆਂ ਦੀ ਬਰਤਾਨਵੀ ਭਾਰਤ ਤੋਂ ਬਾਹਰ, ਜਾਣ ਕੇ ਆਪਣਾ ਕੋਈ ਪੱਕਾ ਟਿਕਾਣਾ ਬਣਾਉਣ ਦੀ, ਉਚੇਚੀ ਕੀਤੀ ਕੋਸ਼ਸ਼ ਹੈ।

ਅਜੇ ਉਹ ਭੈਣੀ (ਸਾਹਿਬ) ਵਿੱਚ ਉਚੇਚੀ ਨਿਗਰਾਨੀ ਹੇਠ ਹਨ । ਜਿੱਥੋਂ ਤੱਕ ਮੇਰਾ ਭਰੋਸਾ ਹੈ ਕਿ ਮੈਂ ਠੀਕ ਹੀ ਕਹਿ ਰਿਹਾ ਹਾਂ ਕਿ ਉੱਥੇ ਉਹਨਾਂ ਦੀ ਉਚੇਚੀ ਨਿਗਰਾਨੀ ਰੱਖਣ ਲਈ ਇਕ ਪੁਲਿਸ ਚੌਕੀ ਵੀ ਹੈ । ਫਿਰ ਵੀ ਅਜੇ ਹੁਣ ਤੱਕ ਤਾਂ ਸੀ। ਮੈਨੂੰ ਲਗਦਾ ਹੈ ਕਿ ਜਿੱਥੇ ਬਰਤਾਨਵੀ ਸਰਕਾਰ, ਉਹਨਾਂ ਦਾ ਧਿਆਨ ਨਹੀਂ ਰੱਖ ਸਕਦੀ ਉੱਥੇ ਉਹਨਾਂ ਨੂੰ ਵੱਸਣ ਦੀ ਇਜਾਜ਼ਤ ਦੇਣਾ, ਬਿਲਕੁਲ ਸਿਆਣਪ ਨਹੀਂ ਹੋਵੇਗੀ । ਇਸ ਦੇ ਨਾਲ ਹੀ ਜਿਵੇਂ ਮੈਂ ਮਹਾਰਾਣੀ ਤੇ ਟਿੱਕਾ ਸਾਹਿਬ ਬਾਰੇ ਕਿਹਾ ਹੈ, ਮੈਂ ਸਮਝਦਾ ਹਾਂ ਕਿ ਨਾਮਧਾਰੀਆਂ ਨੂੰ ਨਾਭਾ ਰਾਜ



Namdhari Elibrary NamdhariElibrary@gmail.com

ਵਿੱਚ ਆਪਣਾ ਟਿਕਾਣਾ ਬਣਾਉਣ ਦੀ ਇਜਾਜ਼ਤ ਦੇਣਾ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਵੀ ਬਹੁਤ ਵੱਡੀ ਬੇਵਕੂਫ਼ੀ ਹੋਵੇਗੀ। ਜਿਵੇਂ ਕਿ ਮੈਂ ਪਹਿਲੀ ਚਿੱਠੀ ਵਿੱਚ ਵਰਨਣ ਕੀਤਾ ਸੀ ਕਿ ਕੂਕਿਆਂ ਨੂੰ ਬੀੜ ਚਰਾਂਦ ਦੇ ਰੂਪ ਵਿੱਚ ਵਰਤਨ ਲਈ ਦਿੱਤੀ ਗਈ ਸੀ। ਉਹਨਾਂ ਨੇ ਸਾਡੇ ਵਾਰ ਵਾਰ ਕਹਿਣ, ਹੁਕਮ ਦੇਣ ਦੇ ਬਾਵਜੂਦ ਪੈਲੀ ਬੀਜੀ, ਖੂਹ ਪੁੱਟੇ, ਕੋਠੇ ਛੱਤੇ ਅਤੇ ਰੁੱਖ ਕੱਟੇ ਅਤੇ ਇਹ ਵੀ ਬਿਲਕੁਲ ਸਹੀ ਹੈ ਕਿ ਜੇ ਉਹਨਾਂ ਨੂੰ ਰੋਕਿਆ ਨਾ ਗਿਆ ਤਾਂ ਬੀੜ ਵਿੱਚ ਕੂਕਾ ਵੱਸੋਂ ਹੋ ਜਾਵੇਗੀ।

ਇਹਨਾਂ ਨੇ ਆਲੇ ਦੁਆਲੇ ਦੇ ਪਿੰਡਾਂ ਦੀ ਵੱਸੋਂ ਵਿੱਚ ਆਪਣੇ ਆਪ ਨੂੰ ਬਹੁਤ ਇਤਰਾਜ਼ ਕਰਨ ਯੋਗ ਬਣਾਇਆ ਹੈ ਮੈਂ ਇਹ ਪੱਕੀ ਰਾਇ ਰੱਖਦਾ ਹਾਂ ਕਿ ਮਹਾਰਾਜੇ ਦੇ ਜ਼ਬਾਨੀ ਸਮਝੌਤੇ ਦੇ ਉਲਟ ਕੀਤੀਆਂ ਜਾ ਰਹੀਆਂ ਉਹਨਾਂ ਦੀਆਂ ਕਾਰਵਾਈਆਂ, ਨੂੰ ਰੋਕਣ ਲਈ ਫ਼ੌਰੀ ਕਦਮ ਚੁੱਕੇ ਜਾਣੇ ਚਾਹੀਦੇ ਹਨ। ਮੇਰਾ ਵਿਸ਼ਵਾਸ ਹੈ ਕਿ ਜੇ ਸਮਝੌਤਾ ਪੱਕੇ ਤੌਰ ਉੱਤੇ ਲਾਗੂ ਕੀਤਾ ਗਿਆ ਤਾਂ ਕੂਕੇ ਆਪ ਹੀ ਮਡਾਰਤੂ ਬੀੜ ਖ਼ਾਲੀ ਕਰ ਜਾਣਗੇ। ਮੇਰਾ ਵਿਚਾਰ ਹੈ ਕਿ ਇਹ ਹੁਣ ਤਾਂ ਮਹਾਰਾਣੀ ਦੀ ਮਦਦ ਤੇ ਨਿਰਭਰ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਟਿੱਕਾ ਸਾਹਿਬ ਤੋਂ ਇਹ ਸਹਾਇਤਾ ਲੈਣਗੇ ਅਤੇ ਜੇ ਵਰਤਮਾਨ ਸਮਝੌਤੇ ਨੂੰ ਹਰ ਸਾਲ ਨਾ ਲਾਗੂ ਕੀਤਾ ਗਿਆ ਤਾਂ ਉਹਨਾਂ ਨੂੰ ਆਉਣ ਵਾਲੇ ਲੰਮੇ ਸਮੇਂ ਵਿੱਚ ਕੱਢਣਾ ਹੋਰ ਵੀ ਔਖਾ ਹੋਵੇਗਾ।"

ਇਸ ਚਿੱਠੀ ਵਿੱਚੋਂ ਉਸਦੇ ਮਨ ਵਿੱਚ ਕੂਕਿਆਂ ਬਾਰੇ ਕੜਵਾਹਟ ਵੀ ਲਭਦੀ ਹੈ ਤੇ ਬਰਤਾਨਵੀ ਹਕੂਮਤ ਦੀ ਵਫ਼ਾਦਾਰੀ ਵੀ। ਪਰ ਨਾਲ ਹੀ ਉਸਦੀ ਅਗਿਆਨਤਾ ਵੀ ਛੁਪੀ ਨਹੀਂ ਰਹੀ। ਉਹ ਟਿੱਕਾ ਸਾਹਿਬ ਨੂੰ ਕੂਕਿਆਂ ਦੇ ਗਿਆਰਵੇਂ ਗੁਰੂ ਦਾ ਅਵਤਾਰ ਸਮਝਣ ਦਾ ਭੁਲੇਖਾ ਪਾਲੀ ਬੈਠਾ ਹੈ ਜਦੋਂ ਕਿ ਗਿਆਰਵੇਂ ਗੁਰੂ ਦਾ ਅਵਤਾਰ, 12ਵਾਂ ਗੁਰੂ ਹੀ ਹੋ ਸਕਦਾ ਹੈ ਜੋ ਸਤਿਗੁਰੂ ਰਾਮ ਸਿੰਘ ਜੀ ਸਨ। ਟਿੱਕਾ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਦੇ ਵਰਦਾਨ ਦੀ ਬਖ਼ਸ਼ਸ਼ ਸਮਝੀ ਜਾਂਦੀ ਸੀ।

ਦੂਜੀ ਗੱਲ, ਉਸਨੂੰ ਡੇਢ ਸਾਲ ਤੱਕ ਇਹ ਹੀ ਨਹੀਂ ਪਤਾ ਲੱਗਾ ਚੌਕੀ ਤਾਂ ਸਰਕਾਰ ਨੂੰ ਮਜਬੂਰ ਹੋ ਕੇ, 23 ਜੂਨ 1923 ਈ. ਨੂੰ ਹੀ ਚੁੱਕਣੀ ਪਈ ਸੀ। 3 ਦਸੰਬਰ 1924, ਦੀ ਚਿੱਠੀ ਵਿੱਚ ਗਵਰਨਰ ਜਨਰਲ ਦੇ ਦਫਤਰ ਨੂੰ ਕਿਹਾ ਜਾ ਰਿਹਾ ਹੈ ਕਿ ਚੌਕੀ ਅਜੇ ਹੈ। ਉਸਦੇ ਤੌਖਲੇ ਨੇ ਉਸਨੂੰ ਸਰਕਾਰੀ ਤੱਥ ਵੀ ਨਹੀਂ ਵੇਖਣ ਦਿੱਤੇ। ਇਹਨਾਂ ਦੋ ਦਲੀਲਾਂ ਤੇ ਤੀਜਾ ਆਂਢ ਗੁਆਂਢ ਦੇ ਪਿੰਡਾਂ ਦਾ ਨਰਾਜ਼ ਹੋਣਾ ਮੰਨ ਕੇ ਕੂਕਿਆਂ ਨੂੰ ਤੰਗ ਕਰਨ ਦੀ ਯੋਜਨਾ, ਵਿਉਂਤੀ ਗਈ ਸੀ। ਪਰ ਮਸਲ ਕਾਰਨ ਤਾਂ ਕੂਕਿਆਂ ਦਾ ਸਰਕਾਰ ਦਾ ਵਿਰੋਧ ਜ਼ਾਰੀ ਰੱਖਣਾ ਤੇ ਹਰ ਦੇਸ਼-ਭਗਤ ਲਹਿਰ ਨਾਲ ਸਾਂਝ ਰੱਖਣਾ ਸੀ।

ਵਿਆਹ ਤੋਂ ਪਹਿਲਾਂ ਮੰਗਣਾ ਨਾਮਧਾਰੀਆਂ ਸਿੱਖਾਂ ਵਿੱਚ, ਸਤਿਗੁਰੂ ਦੇ ਹੁਕਮ ਨਾਲ ਬੰਦ ਸੀ। ਜੋੜੀ ਰਲਦੀ ਵੇਖ ਕੇ ਸਿੱਧਾ ਵਿਆਹ ਹੀ ਕੀਤਾ ਜਾਂਦਾ ਸੀ। ਸੰਤ ਇੰਦਰ ਸਿੰਘ ਚਕਰਵਰਤੀ ਦਾ ਵਿਆਹ ਵੀ ਆਪ ਨੇ ਏਸੇ ਤਰ੍ਹਾਂ ਕਰ ਦਿੱਤਾ ਸੀ, ਕੋਈ ਖਿਲਾਰਾ ਨਹੀਂ ਸੀ।

ਇਕ ਵਾਰ ਸਿੱਖਾਂ ਨੇ ਆਪਣੇ ਬਚਾਅ ਲਈ ਮਾਤਾ ਫ਼ਤਿਹ ਕੌਰ ਨੂੰ ਵਿੱਚ



Namdhari Elibrary NamdhariElibrary@gmail.com

ਖਲ੍ਹਾਰ ਕੇ ਮੰਗਣੇ ਦਾ ਅਰਦਾਸਾ ਕਰਨ ਦੀ ਮਨਮਤ ਕੀਤੀ । ਉਹਨਾਂ ਮਾਤਾ ਜੀ ਨੂੰ ਵੀ ਡੰਨ ਲੁਆ ਦਿੱਤਾ ਸੀ । ਸਤਿਗੁਰੂ ਜੀ ਨੇ ਪਤਾ ਲੱਗਣ ਉੱਤੇ ਮਾਤਾ ਜੀ ਨੂੰ ਦੀਵਾਨ ਵਿੱਚ ਖੜ੍ਹਾ ਕੀਤਾ ਸੀ । ਉਹਨਾਂ ਨੂੰ ਆਪਣੀ ਭੁੱਲ ਮੰਨਣੀ ਪਈ ਸੀ ।

ਸਤਿਗੁਰੂ ਜੀ ਨੇ, ਫੁਰਤੀ ਨਾਲ, ਲੋੜੀਂਦਾ ਕਦਮ ਚੁੱਕ ਕੇ, ਕਈ ਵਾਰ ਸਾਹਮਣੇ ਵਾਲੇ ਦੀ ਜਾਨ ਤੱਕ ਬਚਾ ਲੈਂਦੇ ਸਨ । ਨਹਿਰ ਵਿੱਚ ਡੁੱਬਦਿਆਂ ਨੂੰ, ਟਾਹਲੀ ਥਲੇ ਆਏ ਨੂੰ ਤਾਂ ਉਹਨਾਂ ਨੇ ਬਚਾਇਆ ਹੀ ਸੀ । ਆਪ ਦਾ ਡ੍ਰਾਈਵਰ ਸੰਤ ਲਾਲ ਸਿੰਘ ਇੱਕ ਵਾਰ ਆਪ ਦੇ ਘੋੜੇ ਨੂੰ ਸਾਹਨੇ ਵਾਲ ਗੱਡੀ ਤੇ ਚੜ੍ਹਾ ਰਿਹਾ ਸੀ । ਉਹ ਧੱਕ ਕੇ ਉਸਨੂੰ ਡੱਬੇ ਵਿੱਚ ਵਾੜਨ ਲੱਗਾ ਤਾਂ ਘੋੜੇ ਨੇ ਉਸਦੀ ਹਿੱਕ ਵਿੱਚ ਪਿਛਲੀਆਂ ਦੋਵੇਂ ਲੱਤਾਂ ਮਾਰੀਆਂ ਉਹ ਬੇਸੁਧ ਹੋ ਕੇ ਡਿੱਗਣ ਲਗਾ ਤਾਂ ਆਪ ਨੇ ਭੱਜ ਕੇ ਉਸਨੂੰ ਜੱਫੀ ਵਿੱਚ ਲੈ ਲਿਆ ਘੁੱਟਿਆ ਤੇ ਹੋਸ਼ ਵਿੱਚ ਆਂਦਾ । ਆਪ ਨੇ ਬਚਨ ਵੀ ਕੀਤਾ ਕਿ, ਇਹ ਕੋਈ ਕਰਾਮਾਤ ਨਹੀਂ ਸਿਆਣਪ ਤੇ ਚੁਸਤੀ ਸੀ । ਘੁੱਟਿਆਂ ਰੁਕਦਾ ਖ਼ੂਨ ਚਲਣ ਲਗ ਪੈਂਦਾ ਹੈ ।

1925 ਦੇ ਦੂਜੇ ਅੱਧ ਵਿੱਚ ਆਪ ਨੇ, ਵੱਡੇ ਸਾਹਿਬਜ਼ਾਦੇ ਬੇਅੰਤ ਜੀ ਨੂੰ, ਸਵਾ ਰੁਪਈਆ ਤੇ ਗੁੜ ਦਾ ਪਰਸ਼ਾਦ ਭੇਟਾ ਧਰ ਕੇ, ਮਾਸਟਰ ਬਲਵੰਤ ਸਿੰਘ ਕੋਲ ਪੜ੍ਹਨੇ ਪਾਇਆ । ਫਿਰ ਸੰਗਤ ਦੀ ਮੰਗ ਤੇ ਵਿਦਿਆਲਾ ਸ਼ੁਰੂ ਕੀਤਾ । ਜਦੋਂ ਬੱਚਿਆਂ ਦੀ ਗਿਣਤੀ 60-65 ਤੋਂ ਵੱਧ ਗਈ ਤਾਂ ਪੱਕਾ ਸਕੂਲ ਪਾ ਕੇ ਨਾਲ ਵਰਕਸ਼ਾਪ ਵੀ ਲਾ ਦਿੱਤੀ ਤਾਂਕਿ ਸਾਰੇ ਹੱਥ ਵੀ ਸਿੱਧੇ ਕਰ ਲੈਣ ।

1925 ਈ. ਵਿਚ ਕਾਂਗਰਸ ਨੇ ਅੰਗਰੇਜ਼ ਸਰਕਾਰ ਦੇ ਖ਼ਿਲਾਫ਼, ਬ੍ਰੈਡਲਾ ਹਾਲ ਲਾਹੌਰ, ਨੂੰ, ਕੇਂਦਰ ਮਿਥ ਕੇ ਮੋਰਚਾ ਲਾਇਆ । ਗ੍ਰਿਫ਼ਤਾਰੀਆਂ ਦੇਣ ਵਾਲਿਆਂ ਵਿੱਚ ਨਾਮਧਾਰੀ ਪੰਥ ਦੇ ਆਗੂ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਪੰਡਤ ਮਨਸ਼ਾ ਸਿੰਘ ਕੌਮੀ, ਸੰਤ ਨਿਧਾਨ ਸਿੰਘ ਆਲਮ, ਆਦਿ ਵੀ ਸਨ । ਇਸ ਸਾਲ ਹੋਏ ਕਲਕੱਤੇ ਕਾਂਗਰਸ ਇਜਲਾਸ ਵਿਚ ਮਹਾਰਾਜਾ ਗੁਰਦਿਆਲ ਸਿੰਘ ਜੀ ਆਪ ਸ਼ਾਮਲ ਹੋਏ ਸਨ । ਉਹਨਾਂ ਸਾਰੇ ਦੇਸ਼ ਦੇ ਆਗੂਆਂ ਨੂੰ ਨਾਮਧਾਰੀ ਲਹਿਰ ਦੀਆਂ ਅਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਸੀ ।

13 ਅਪਰੈਲ 1926 ਈ. ਦੀ ਵਸਾਖੀ ਦਾ ਮੇਲਾ ਵੀ ਅੰਮ੍ਰਿਤਸਰ ਸੀ । ਸਤਿਗੁਰੂ ਜੀ ਨੇ ਨਾਮਧਾਰੀ ਸਿੱਖਾਂ ਦੀ ਮਰਯਾਦਾ ਨੂੰ ਰਲਗਡ ਹੋਣੋਂ ਰੋਕਣ ਲਈ ਇੱਕ ਕਦਮ ਹੋਰ ਅੱਗੇ ਵਧਾਇਆ । ਆਪ ਨੇ ਨਾਮਧਾਰੀ ਸਿੱਖਾਂ ਨੂੰ ਕੇਵਲ ਆਪਸ ਵਿੱਚ ਹੀ ਅਨੰਦ ਕਾਰਜ ਕਰਨ ਦਾ ਐਲਾਨ ਕੀਤਾ ਤੇ ਕਿਹਾ ਕਿ ਜੋ ਕੋਈ ਕੁਸੰਗੀ ਨੂੰ ਧੀ ਦੇਵੇਗਾ ਉਸਨੂੰ ਡੰਨ ਲਗੇਗਾ ਕਿਉਂਕਿ ਇਸ ਨਾਲ ਮਾਸ ਖਾਣ, ਸ਼ਰਾਬ ਪੀਣ ਵਾਲੇ ਘਰੀਂ ਜਾ ਕੇ ਕੁੜੀਆਂ ਔਖੀਆਂ ਹੁੰਦੀਆਂ ਹਨ ।

13 ਜੂਨ 1926 ਈ. ਦੇ ਨਿਮਾਣੀ ਦੇ ਮੇਲੇ ਉੱਤੇ ਸਤਿਗੁਰੂ ਜੀ ਨੂੰ ਜਾਣਕਾਰੀ ਮਿਲੀ ਕਿ ਬਚਨ ਸਿੰਘ ਚੜਿਕ, ਜੈਮਲ ਸਿੰਘ ਬੁਰਜ, ਗੁਰਦਿਆਲ ਸਿੰਘ ਬਾਜ਼ੇ ਖਾਨੇ ਨੇ ਨਾਮਧਾਰੀ ਮਰਯਾਦਾ ਦੀ ਉਲੰਘਣਾ ਕੀਤੀ ਸੀ । ਇਹਨਾਂ ਨੂੰ ਕਰਮਵਾਰ 25,25 ਤੇ 50 ਰੁਪਏ ਡੰਨ ਲਾਇਆ ਗਿਆ ।



Namdhari Elibrary NamdhariElibrary@gmail.com

ਸਤਿਗੁਰੂ ਜੀ ਗੁਣਾਂ ਦੇ ਗਾਹਕ ਸਨ। ਆਪ ਕਿਸੇ ਦੇ ਕਿਸੇ ਖ਼ਾਸ ਗੁਣ ਦਾ ਅਨੰਦ ਲੈਣ ਵੇਲੇ ਬਾਕੀ ਗੱਲਾਂ ਨੂੰ ਨਾ ਗੌਲਦੇ।

ਦਿਲੀ ਵਧੀਆ ਵਜਾਉਣ ਵਾਲਾ ਇੱਕ ਵਜੰਤਰੀ ਰਹਿੰਦਾ ਸੀ। ਸਤਿਗੁਰੂ ਜੀ ਕੁਝ ਸਿੱਖਾਂ ਅਤੇ ਇੱਕ ਦੋ ਅਫਸਰਾਂ ਨੂੰ ਨਾਲ ਲੈ ਕੇ ਉਸਦੀ ਕਲਾ ਦਾ ਅਨੰਦ ਮਾਨਣ ਗਏ। ਪਰ ਉਹ ਘੁੱਟ ਲਾਏ ਬਿਨਾ ਪੂਰਾ ਸੁਆਦ ਨਾ ਬਣਾ ਸਕਿਆ ਜਦੋਂ ਉਸਨੇ ਪਾਸੇ ਹੋ ਕੇ ਪੀ ਲਈ ਤਾਂ ਝੂਮ ਝੂਮ ਕੇ ਸਾਜ਼ ਵਜਾਉਂਦਾ ਰਿਹਾ। ਐਸਾ ਰੰਗ ਬਝਾ ਕਿ ਸਤਿਗੁਰੂ ਜੀ ਵੀ ਮੰਤਰ ਮੁਗਧ ਹੋਏ ਤਲੀ ਨਾਲ ਤਾਲ ਦੇਂਦੇ ਰਹੇ।

ਸਿੱਖਾਂ ਦੇ ਮਨ ਵਿੱਚ ਐਸੇ ਵਾਤਾਵਰਣ ਵਿੱਚ ਸਤਿਗੁਰੂ ਜੀ ਦੇ ਬਹਿਣ ਬਾਰੇ ਸ਼ੰਕਾ ਉਪਜਿਆ ਤਾਂ ਆਪ ਨੇ ਡੇਰੇ ਆ ਕੇ ਬਚਨ ਕੀਤਾ ਕਿ ਆਪ ਜੀ ਨੇ ਕਲਾ ਦਾ ਸੁਖ ਸੁਆਦ ਮਾਣਿਆਂ ਸੀ ਪਰ ਵਿਚਾਰਾ ਸਾਜ਼ ਦਾ ਵਜ਼ੰਤਰੀ ਅਜੇ ਝੂਠੇ ਨਸ਼ਿਆਂ ਵਿੱਚ ਪਿਆ ਹੋਇਆ ਸੀ।

ਆਪ ਦੀਵਾਨਾਂ ਸਮੇਂ ਚੌਕੜਾ ਲਾ ਕੇ ਬੈਠਦੇ ਸਨ। ਧਿਆਨ ਨਾਲ ਸੁਣਦੇ ਸਨ ਪਰ ਜੇ ਜੋੜੀ ਵਾਲਾ ਵੀ ਭੁਲ ਜਾਂਦਾ ਤਾਂ ਉਸਨੂੰ ਵੀ ਦੀਵਾਨ ਤੋਂ ਬਾਅਦ ਦੱਸਦੇ ਸਨ ਤਾਂ ਕਿ ਉਹ ਅੱਗੋਂ ਲਈ ਸੁੱਚੇਤ ਵੀ ਰਹੇ ਤੇ ਆਪਣੀ ਨਿਰਾਦਰੀ ਵੀ ਨਾ ਸਮਝੇ।

ਆਪ ਰੇਸਾਂ ਵਿੱਚ ਵੀ ਜਾਂਦੇ ਸਨ। ਉਦੋਂ ਆਪ ਬੜਾ ਸੁੰਦਰ ਤਿਲੇਦਾਰ ਅੰਗ ਰੱਖਾ ਪਹਿਨਦੇ ਸਨ। ਉੱਥੇ ਆਪ ਨੂੰ ਗੋਰੇ ਤੇ ਖੁਲ੍ਹੇ ਸਿੱਖ ਬਾਬਾ ਜੀ ਕਹਿ ਕੇ, ਹਿੰਦੂ ਮੁਸਲਮਾਨ ਗੁਰੂ ਕਹਿ ਕੇ ਅਤੇ ਨਾਮਧਾਰੀ ਸਿੱਖ ਸਤਿਗੁਰੂ ਕਹਿ ਕੇ, ਮਨੋਂ ਸਤਿਕਾਰ ਕਰਦੇ ਸਨ।

ਆਪ ਘੋੜੇ, ਗਊਆਂ, ਮੱਝਾਂ ਦੀ ਸੰਭਾਲ ਵੀ ਤੇ ਪਰਖ ਵੀ ਬਹੁਤ ਸੋਹਣੀ ਕਰਦੇ ਸਨ। ਆਪ ਨੂੰ ਉਹਨਾਂ ਦੇ ਰੋਗਾਂ ਦਾ ਤੇ ਉਹਨਾਂ ਰੋਗਾਂ ਦੇ ਇਲਾਜ ਲਈ ਦੁਆਵਾਂ ਦਾ ਵੀ ਪਤਾ ਸੀ। ਆਪ ਇਸ ਕਾਰਜ ਬਾਰੇ, ਵਿਚਾਰ ਵਟਾਂਦਰੇ ਲਈ ਲੱਧੇ ਵਾਲੇ (ਗੁਜਰਾਂਵਾਲਾ) ਦੇ ਸਿਆਣੇ ਅੱਲਾ ਬਖ਼ਸ਼ ਨੂੰ ਸੱਦ ਕੇ, ਕਈ ਵਾਰ ਆਪਣੇ ਕੋਲ ਰੱਖਦੇ ਸਨ।

ਇੱਕ ਸਮੇਂ ਸਮਰਾਲੇ ਕੋਲ ਪਸ਼ੂਆਂ ਦੀ ਨੁਮਾਇਸ਼ ਸੀ। ਆਪ ਚੰਗੀਆਂ ਨਸਲਾਂ ਦੇ ਪਸ਼ੂ ਦੇਖਣ ਤੇ ਲੈਣ ਲਈ ਉੱਥੇ ਗਏ ਸਨ। ਇਕ ਹੋਰ ਪਸ਼ੂਆਂ ਦੀ ਮੰਡੀ ਵਿਚ ਜਾਣ ਸਮੇਂ ਉੱਥੇ ਚਿਕੜ ਸੀ, ਗੰਦ ਸੀ, ਭੀੜ ਸੀ। ਆਪ ਨੇ ਮੁੱਖ ਉੱਤੇ, ਦਾਹੜੇ ਤੇ ਨੱਕ ਨੂੰ ਕੱਜਦੀ, ਰੁਮਾਲੀ ਬੰਨ੍ਹੀ ਅਤੇ, ਲਿਫ਼ਦੇ ਲਿਫ਼ਦੇ ਟੱਪ ਕੇ ਸਾਰੀ ਮੰਡੀ ਦੇਖੀ ਤੇ ਬਾਹਰ ਆ ਕੇ ਭਾਈ ਜੀ ਤੋਂ ਜਲ ਲੈ ਕੇ ਪੰਜ ਇਸ਼ਨਾਨ ਕਰਕੇ ਜਲ ਛੱਕਿਆ।

ਆਪ ਬੱਚਿਆਂ ਨੂੰ ਬੜਾ ਪਿਆਰ ਕਰਦੇ ਸਨ। ਜਦੋਂ ਵੀ ਆਪ ਸ੍ਰੀ ਭੈਣੀ ਸਾਹਿਬ ਆਉਂਦੇ ਨਾਲ ਦਾ ਸਿੱਖ ਝੋਲੀ ਵਿਚ ਬਦਾਮ ਪਾ ਲੈਂਦਾ ਤੇ ਆਪ ਬੱਚਿਆਂ ਨੂੰ ਵਰਤਾਈ ਜਾਂਦੇ ਸਨ। ਆਪ ਬੱਚਿਆਂ ਨਾਲ ਹੌਲੀ ਹੌਲੀ ਕਦਮ ਪੁੱਟਦੇ, ਖੁਸ਼ ਹੁੰਦੇ, ਹੱਸਦੇ ਰਹਿੰਦੇ ਸਨ। ਇਕ ਸਮੇਂ ਇੱਕ ਓਪਰਾ ਬੱਚਾ ਜਿਸ ਨੇ ਆਪ ਦੇ ਦਰਸ਼ਨ ਨਹੀਂ ਸਨ ਕੀਤੇ ਵੀ ਬਦਾਮ ਲੈਣ ਵਾਸਤੇ ਬੁੱਕ ਕਰ ਕੇ ਖੜ੍ਹਾ ਸੀ। ਮੁੰਡਿਆਂ ਦੇ



Namdhari Elibrary NamdhariElibrary@gmail.com

ਝੁਰਮੁੱਟ ਵਿੱਚ ਉਸ ਨੂੰ ਬਦਾਮ ਨਾ ਮਿਲੇ। ਉਸਨੇ ਫਿਰ ਬੁੱਕ ਕਰਕੇ, ਬਦਾਮ ਮੰਗੇ, ਆਪ ਦੇ ਨਾਲ ਜਾ ਰਹੇ ਸਿੱਖ ਨੇ, "ਤੂੰ ਲੈ ਲੈ ਹਨ", ਕਹਿ ਕੇ ਝਿੜਕ ਦਿੱਤਾ। ਉਹ ਫੇਰ ਅੱਗੇ ਹੋਇਆ ਤਾਂ ਸਤਿਗੁਰੂ ਜੀ ਨੂੰ ਵੀ ਸਿੱਖ ਦਾ ਬਚਨ ਹੀ ਦੁਹਰਾ ਦਿੱਤਾ। ਬਾਲਕ ਚਿੜ੍ਹ ਗਿਆ ਤੇ ਉਸਨੇ, ਕਿਹਾ, "ਬਾਬਾ ਤੂੰ ਝੂਠ ਬੋਲਦਾ ਏਂ, ਮੈਂ ਬਿਲਕੁਲ ਬਦਾਮ ਨਹੀਂ ਲਏ।" ਸਿੱਖ ਉਸ ਦੀ ਇਹ ਗੱਲ ਸੁਣ ਔਖਾ ਹੋ ਗਿਆ ਤੇ ਗੁੱਸੇ ਨਾਲ ਬਾਹੋਂ ਫੜ ਕੇ ਪਰ੍ਹੇ ਕਰਨ ਲੱਗਾ ਤਾਂ ਡੌਰ ਭੌਰ ਹੋਇਆ ਬੱਚਾ ਫਿਰ ਬੋਲਿਆ, "ਬਦਾਮ ਭਾਵੇਂ ਨਾ ਦਿਓ, ਪਰ ਮੈਂ ਪਹਿਲਾਂ ਨਹੀਂ ਲਏ।"

ਸਤਿਗੁਰੂ ਜੀ ਨੇ ਉਸ ਬੱਚੇ ਨੂੰ ਸਿੱਖ ਤੋਂ ਫੜ ਲਿਆ; ਸਿਰ ਤੇ ਪਿਆਰ ਨਾਲ ਹੱਥ ਫੇਰਿਆ ਅਤੇ ਬਦਾਮਾਂ ਦੀ ਕ੍ਰਿਪਾ ਕੀਤੀ। ਆਪ ਨੇ ਬਚਨ ਵੀ ਕੀਤਾ, "ਆਪਣੇ ਹੱਕ ਸੱਚ ਉੱਤੇ ਹਰਇੱਕ ਨੂੰ ਅੜਨ ਦਾ ਹੱਕ ਹੈ। ਮੁੰਡਾ ਸੱਚਾ ਜਾਪਦਾ ਹੈ।"

ਆਪ ਦੇ ਵੱਡੇ ਸਾਹਿਬਜ਼ਾਦੇ ਇਕੱਲੇ ਹੋਣ ਕਰਕੇ ਕੁਝ ਉਦਾਸ ਸਨ ਸੋ ਆਪ ਨੇ ਰਾਮਸਰੋਂ ਛੋਟਿਆਂ ਨੂੰ ਸ੍ਰੀ ਭੈਣੀ ਸਾਹਿਬ ਲਿਆਉਣ ਲਈ ਸਿੱਖ ਭੇਜਿਆ। ਉਹ ਖੇਡ ਰਹੇ ਸਨ, ਨਾ ਆਏ, ਤਾਂ ਸਤਿਗੁਰੂ ਜੀ ਦੇ ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿੱਚ ਉਸ ਸਮੇਂ ਦੇ ਬਚਨ ਹਨ, "ਹੱਛਾ ਸਾਡੇ ਲਈ ਇਹ ਜਗਜੀਤ ਸਿੰਘ ਬਹੁਤ ਏ। ਉਹ ਰਹੇ ਓਧਰੇ ਗ੍ਰਿਹਸਥੀਆਂ ਵਾਂਗੂੰ ਵਿਹਾਰ ਜੋਗਾ ਹੀ।" ਇਹ ਸੁਣ ਸਿੱਖਾਂ ਦੇ ਚਿੱਤ ਵਿਚ ਆਈ ਕਿ ਸਿੱਖੀ ਜੋਗ ਜਗਜੀਤ ਸਿੰਘ ਜੀ, ਵਿਹਾਰ ਜੋਗ ਬੀਰ ਸਿੰਘ ਜੀ ਨੂੰ ਕੀਤਾ ਨੇ।"

—ਜੱਸ-ਜੀਵਨ ਭਾਗ ਦੂਜਾ

ਸਰਕਾਰ ਮਲੇਰ ਕੋਟਲੇ ਦੇ ਸ਼ਹੀਦਾਂ ਦੀ ਯਾਦ ਉਸ ਧਰਤੀ ਤੇ ਤਾਂ ਮਨਾਉਣ ਨਹੀਂ ਸੀ ਦੇਂਦੀ। ਸੱਚੇ ਪਾਤਸ਼ਾਹ ਉਹ ਮੇਲਾ ਸੱਜੇ ਖੱਬੇ ਕਰ ਲੈਂਦੇ ਸਨ। 1927 ਈ: ਦੀ ਸ਼ਹੀਦਾਂ ਦੀ ਯਾਦ ਵਿਚ ਆਪ ਨੇ ਮੁੱਠਡੇ (ਜਲੰਧਰ) ਸਮਾਗਮ ਕੀਤਾ ਜਿੱਥੇ ਨਾਮਧਾਰੀ ਸੰਗਤ ਤੋਂ ਬਿਨਾ ਰਾਜਸੀ ਪਾਰਟੀਆਂ ਦੇ ਆਗੂ ਵੀ ਆਏ। ਇਹ ਸ਼ਹੀਦੀ ਸਮਾਗਮ ਅਸਲ ਵਿੱਚ ਸੁਤੰਤਰਤਾ ਸੰਗਰਾਮੀ ਸਮਾਗਮ ਬਣ ਗਿਆ ਸੀ ਜਿੱਥੇ ਰਾਜਸੀ ਆਗੂ ਸਰਕਾਰ ਦੀਆਂ ਕੂਟ ਨੀਤੀਆਂ ਤੇ ਬਦ ਨੀਤੀਆਂ ਖਿਲਾਫ਼ ਬੋਲੇ ਸਨ। ਮਹਾਰਾਜ ਗੁਰਦਿਆਲ ਸਿੰਘ ਨੇ ਨਾਮਧਾਰੀ ਇਤਿਹਾਸ ਤੇ ਵਿਸਥਾਰ ਨਾਲ ਚਾਨਣਾ ਪਾਇਆ ਸੀ।

ਸਤਿਗੁਰੂ ਜੀ ਸੂਰਮਿਆਂ ਦੀ ਵੀ ਦਿਲ ਵਧੀ ਕਰੀ ਰੱਖਦੇ ਸਨ। 1927 ਈ: ਵਿੱਚ ਆਪ ਨੇ ਜਥੇਦਾਰ ਗੁਰਮੁਖ ਸਿੰਘ ਝੱਬਰ ਨੂੰ ਸੁਹਣਾ ਸੂਰਮਾ ਜਾਣ ਕੇ, ਸ੍ਰੀ ਭੈਣੀ ਸਾਹਿਬ ਦਾ ਮੁਖਤਿਆਰੇ ਆਮ ਬਣਾ ਦਿੱਤਾ। ਇਹ ਦੇਸ਼-ਭਗਤ ਸੂਰਮਿਆਂ ਨਾਲ ਵੀ ਸਾਂਝ ਰੱਖਦਾ ਸੀ; ਗੁਰੂ ਦੋਖੀਆਂ ਦਾ ਲਿਹਾਜ ਨਹੀਂ ਸੀ ਕਰਦਾ। ਦੁਸੰਧੀ ਜਿਹੜਾ ਮਾਤਾ ਜੀ ਦੀ ਉਦਾਰਤਾ ਦਾ ਨਜਾਇਜ਼ ਫਾਇਦਾ ਉਠਾ ਕੇ ਗੁਰੂ ਘਰੋਂ ਪਦਾਰਥ ਛਕਦਾ ਸੀ ਤੇ ਬਾਹਰ ਜਾ ਕੇ ਗੁਰੂ ਘਰ ਦੀ ਨਿਖੇਧੀ ਕਰਦਾ ਸੀ; ਮਾਤਾ ਜੀ ਤਾਂ ਉਸਨੂੰ ਕੁਝ ਨਹੀਂ ਸੀ ਕਹਿੰਦੇ ਪਰ ਝੱਬਰ ਨੇ, ਇੱਕ ਵਾਰ ਧੱਕੇ ਮਾਰ ਕੇ ਕੱਢ ਦਿੱਤਾ। ਸਤਿਗੁਰੂ ਜੀ ਪਾਸ ਸ਼ਿਕਾਇਤ ਗਈ ਤਾਂ ਉਹਨਾਂ ਝੱਬਰ ਦੇ ਆਖੇ ਤੁਰਨ ਲਈ ਕਿਹਾ, ਪਰ ਝਬੱਰ ਨੂੰ ਵੀ, ਸਦਾ ਸੰਭਲ ਕੇ, ਬੋਲਣ ਚਾਲਣ ਦੀ ਸੁਮੱਤ ਬਖਸ਼ੀ।



Namdhari Elibrary NamdhariElibrary@gmail.com

ਭੱਬਰ ਆਪਣਾ ਲੰਗਰ ਵੱਖਰਾ ਤੇ ਰਾਮਸਰ ਕੋਠੀ ਕੋਲ ਕਰਦਾ ਸੀ। ਇਸ ਨਾਲ
ਕ ਤਾਂ ਸਤਿਗੁਰੂ ਜੀ ਨੂੰ ਮਿਲਣ ਵਾਲੇ ਓਪਰੇ ਲੋਕ—ਸਰਕਾਰੀ ਅਫਸਰ ਤੇ
ਤਦਾਰ—ਡੇਰੇ ਤੋਂ ਲਾਂਭੇ ਰਹਿੰਦੇ ਸਨ। ਦੂਜੇ ਦੇਸ਼ ਭਗਤਾਂ ਦੀ ਵੀ ਪਾਸੇ ਪਾਸੇ ਹੀ
ਵਾ ਹੋ ਸਕਦੀ ਸੀ ਕਿਸੇ ਨੂੰ ਪਤਾ ਵੀ ਨਹੀਂ ਸੀ ਲਗਦਾ।

ਬੱਬਰ ਅਕਾਲੀ ਇਹਨਾਂ ਦਿਨਾਂ ਵਿੱਚ ਸਿਰਲੱਥ ਸੂਰਿਆਂ ਦੀ ਜਮਾਤ ਸੀ ਜਿਨ੍ਹਾਂ
ਰਕਾਰੀ ਟਾਊਟਾਂ ਨੂੰ ਮਾਰ ਕੇ ਭੈ ਦਾ ਵਾਤਾਵਰਨ ਪੈਦਾ ਕਰ ਰਖਿਆ ਸੀ। ਸਰਕਾਰ
ਹਨਾਂ ਦੇ ਪਰਛਾਂਵੇ ਦੀ ਵੀ ਵੈਰੀ ਸੀ। ਉਹਨਾਂ ਨੂੰ ਪਨਾਹ ਦੇਣ ਵਾਲਾ ਵੀ ਘੱਟ
ਨਾਹਗਾਰ ਨਹੀਂ ਸੀ ਸਮਝਿਆ ਜਾਂਦਾ। ਰਤਨ ਸਿੰਘ ਅਤੇ ਕਿਸ਼ਨ ਸਿੰਘ ਆਦਿ
ਬਰ ਕਈ ਵਾਰ ਸ੍ਰੀ ਭੈਣੀ ਸਾਹਿਬ ਵੇਲੇ ਕੁਵੇਲੇ ਆਉਂਦੇ, ਜਲ ਪਰਸ਼ਾਦ ਛੱਕ ਕੇ,
ਤੰਤਰਤਾ ਸੰਗਰਾਮੀ ਦੀ ਮਹਿਕ ਖਿੰਡਾਉਂਦੀ ਧਰਤੀ ਨੂੰ ਨਮਸਕਾਰ ਕਰਕੇ ਕਿਨਾਰਾ
ਜ ਜਾਂਦੇ ਸਨ। ਗਦਰੀ ਬਾਬੇ ਵੀ ਕਈ ਵਾਰ ਆ ਕੇ ਪਰਸ਼ਾਦ ਛਕ ਜਾਂਦੇ ਸਨ।
ਵਾਲਦਾਰ ਨੂੰ ਸੂਹ ਮਿਲੀ। ਉਸ ਸਤਿਗੁਰੂ ਜੀ ਨੂੰ, ਸੋਚ ਕੇ ਪਛਾਣ ਕੇ
ਗਰ ਪਾਣੀ ਛਕਾਉਣ ਲਈ ਕਿਹਾ। ਪਰ ਸਤਿਗੁਰੂ ਜੀ ਦਾ ਕਹਿਣਾ
ਕਿ ਸਤਿਗੁਰੂ ਰਾਮ ਸਿੰਘ ਦੇ ਦਰ ਤੋਂ ਹਰ ਕੋਈ ਬਿਨਾ ਵਿਤਕਰੇ ਦੇ ਜਲ
ਸ਼ਾਦ ਛਕ ਸਕਦਾ ਸੀ, ਉਸਦੇ, ਬੱਬਰ, ਗਦਰੀ ਜਾਂ ਏਥੋਂ ਤੱਕ ਗਊ ਘਾਤੀ ਤੇ
ਰੂ ਘਰ ਦੇ ਦੋਖੀ ਹੋਣ ਨਾਲ ਵੀ ਕੋਈ ਫ਼ਰਕ ਨਹੀਂ ਸੀ ਪੈਂਦਾ। ਹਵਾਲਦਾਰ ਜਦ
। ਰੋਬ, ਪਾ ਕੇ, ਪਹਿਲਾਂ ਵਰਗੀ ਸਖ਼ਤੀ ਕੀਤੇ ਜਾਣ ਦੀ ਧਮਕੀ ਦੇਣ ਲਗਾ, ਤਾਂ
ਪ ਨੇ ਰੋਹ ਵਿੱਚ ਆ ਕੇ ਕਿਹਾ, "ਤੇਰੇ ਵਿੱਚ ਹਿੰਮਤ ਹੈ ਤਾਂ ਪਹਿਲਾਂ ਮੈਨੂੰ ਹੁਣੇ
ਲੀ ਮਾਰ। ਲੰਗਰੋਂ ਪਰਸ਼ਾਦ ਛਕਣ ਦੀ ਕਿਸੇ ਨੂੰ ਮਨਾਹੀ ਨਹੀਂ ਹੋਵੇਗੀ।" ਕੋਲ
ੀ ਗੁਰਮੁਖ ਸਿੰਘ ਝੱਬਰ ਦੇ ਹਵਾਲਦਾਰ ਨੂੰ, ਕੌੜੀ ਨਜ਼ਰ ਨਾਲ ਦੇਖਦਿਆਂ, ਸਤਿਗੁਰੂ
ਨੇ ਤਾੜ ਲਿਆ ਅਤੇ ਆਪ ਨੇ ਉਸਨੂੰ ਸ਼ਾਂਤ ਕੀਤਾ। ਹਵਾਲਦਾਰ ਕੰਨ ਵਲ੍ਹੇਟ
ਤੁਰਦਾ ਹੋਇਆ।

ਸਿੱਖ ਸਾਧ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਦੇ ਤਪ ਅਸਥਾਨ ਦੇ
ਸ਼ਨਾ ਲਈ ਅਕਾਲ ਬੁੰਗੇ ਵਲ ਜਾਂਦੇ ਤਾਂ ਬੜੀ ਸ਼ਰਧਾ ਨਾਲ ਸਨ ਪਰ ਰਾਹ ਵਿੱਚ
ਜੇ ਤਮਾਕੂ ਕਰਕੇ ਮੁਸ਼ਕ ਤੋਂ ਤੰਗ ਹੋ ਜਾਂਦੇ ਸਨ। ਉਹਨਾਂ ਆਪਣੀ ਤਕਲੀਫ਼
ੇਦਾਰ ਝੱਬਰ ਨੂੰ ਦੱਸੀ। ਉਸਨੇ ਉਹਨਾਂ ਨੂੰ ਸੱਚੇ ਪਾਤਸ਼ਾਹ ਪਾਸੋਂ ਇਜਾਜ਼ਤ
ਦੇਣ ਲਈ ਕਿਹਾ। ਸਿੱਖਾਂ ਸੱਚੇ ਪਾਤਸ਼ਾਹ ਅੱਗੇ ਅਰਜ਼ ਕੀਤੀ ਤੇ ਉਹਨਾਂ ਦੀ ਵੀ
ਾਨਗੀ ਬਾਰੇ ਝੱਬਰ ਨੂੰ ਆ ਦੱਸਿਆ।

ਜਥੇਦਾਰ ਝੱਬਰ ਸਾਧਾਂ ਨੂੰ ਨਾਲ ਲੈ ਕੇ ਨਿਰੰਜਨੇ ਜ਼ਿਮੀਦਾਰਾਂ ਕੋਲ ਗਿਆ, ਅਤੇ
ੀ ਫਸਲ ਦੇ ਪੈਸੇ ਲੈਣ ਤੇ ਅੱਗੋਂ ਲਈ ਤਮਾਕੂ ਨਾ ਬੀਜਣ ਲਈ ਅਰਜ਼ ਕੀਤੀ ਪਰ
। ਲੋਹੇ ਦਾ ਥਣ ਬਣ ਗਿਆ। ਜਥੇਦਾਰ, 'ਜਿਵੇਂ ਤੁਹਾਡੀ ਮਰਜੀ', ਕਹਿ ਕੇ ਮੁੜ
ਇਆ।

ਜਥੇਦਾਰ ਦਾ ਮਾਲ ਘੋੜਾ ਸਾਂਭਣ ਵਾਲੇ ਤੇ ਗਤਕੇ ਬਾਜ਼ ਸੂਰਮੇ ਸਿੱਖਾਂ ਨਾਲ
ੜੀ ਮੇਲ ਮਿਲਾਪ ਸੀ। ਉਸਨੇ ਉਹਨਾਂ ਨਾਲ ਬੈਠ ਕੇ ਪ੍ਰਣ ਕੀਤਾ ਕਿ ਅਕਾਲ



Namdhari Elibrary NamdhariElibrary@gmail.com

ਬੁੰਗੇ ਦੇ ਰਾਹ ਤੇ ਤਮਾਕੂ ਨਹੀਂ ਰਹਿਣ ਦੇਣਾ। ਸਭ ਨੂੰ ਸਾਵਧਾਨ ਕਰਕੇ, ਗਾਤਰੇ, ਕਿਰਪਾਨ ਪਾ ਕੇ, ਉਸ ਨੇ ਨਿਰੰਜਨੇ ਜਿਮੀਂਦਾਰ ਦੇ ਤਮਾਕੂ ਦੇ ਖੇਤ ਵਿੱਚ ਹਲ ਜੋੜ ਦਿੱਤਾ ਸੀ। ਕਾਮਿਆਂ ਨੇ ਨਿਰੰਜਨੇ ਨੂੰ ਜਾ ਕੇ ਦੱਸਿਆ। ਉਹ ਸੀਰੀਆਂ ਕਾਮਿਆ ਨਾਲ ਡਾਂਗਾਂ ਫੜ ਕੇ ਆ ਗਏ ਤੇ ਲਲਕਾਰਿਆ। ਜਥੇਦਾਰ ਗੁਰਮੁਖ ਸਿੰਘ ਨੇ ਹਲ ਖਲ੍ਹਾਰ ਦਿੱਤਾ, ਤਲਵਾਰ ਸੂਤ ਲਈ, ਗਤਕੇ ਬਾਜ ਉਹ ਹੈ ਹੀ ਸੀ, ਉਹ ਪੈਂਤੜੇ ਕਢਦਾ ਕਹਿਣ ਲਗਾ, "ਆਓ ਅੱਗੇ, ਸਿਰ ਲਾਹ ਦਊਂ।" ਕੋਈ ਡਰਦਾ ਅੱਗੇ ਨਾ ਹੋਇਆ। ਉਧਰੋਂ ਦਸ ਬਾਰਾਂ ਸਿੰਘਾਂ ਨੇ ਲਲਕਾਰਾ ਮਾਰਿਆ, "ਤਗੜੇ ਹੋ ਜਾਓ, ਮਰੋ ਜਾਂ ਮਾਰੋ।" ਸਿੰਘ ਅੜੇ ਜ਼ਿਮੀਦਾਰ ਤੇ ਉਸ ਦੇ ਸੀਰੀ ਝੜੇ। ਜਥੇਦਾਰ ਨੇ ਹੋਰ ਹਲ ਜਵਾ ਕੇ, ਅਕਾਲ ਬੁੰਗੇ ਦੇ ਰਸਤੇ ਵਿੱਚ ਪੈਂਦੇ ਖੇਤਾਂ ਦਾ ਸਾਰਾ ਤਮਾਕੂ ਮਿੱਟੀ ਵਿੱਚ ਮਿਲਾ ਦਿੱਤਾ। ਕੋਈ ਕੁਸਕਿਆ ਨਾ।

ਤਮਾਕੂ ਵਾਲੇ ਖੇਤਾਂ ਦੇ ਜਿਮੀਂਦਾਰ ਪੰਚਾਇਤ ਬਣ ਕੇ, ਝੱਬਰ ਦੀ ਸ਼ਿਕਾਇਤ ਲੈ ਕੇ, ਸਤਿਗੁਰੂ ਪਰਤਾਪ ਸਿੰਘ ਜੀ ਪਾਸ ਪਹੁੰਚੇ। ਸਤਿਗੁਰੂ ਜੀ ਨੇ ਧੀਰਜ ਨਾਲ ਸਭ ਦੀਆਂ ਗੱਲਾਂ ਸੁਣੀਆਂ, ਪੱਕੀ ਫਸਲ ਦੇ ਪੈਸੇ ਦੇਣ ਦਾ ਇਕਰਾਰ ਕੀਤਾ ਤੇ ਅੱਗੋਂ ਲਈ ਤਮਾਕੂ ਬਿਨਾ ਹੋਰ ਕੋਈ ਫਸਲ ਬੀਜਣ ਦਾ ਵਾਇਦਾ ਲੈ ਕੇ ਠੰਢੇ ਕਰ ਕੇ ਤੋਰ ਦਿੱਤਾ।

ਰਾਤ ਦੇ ਦਿਵਾਨ ਵਿੱਚ ਸਤਿਗੁਰੂ ਜੀ ਨੇ ਝੱਬਰ ਦੀ ਇਸ ਕਰਨੀ ਦੀ ਵਡਿਆਈ ਦੇ ਬਚਨ ਕੀਤੇ। ਜਿਸ ਨੇ ਸਾਧਾਂ ਦੇ ਭਲੇ ਹਿੱਤ ਹਿੰਮਤ ਕੀਤੀ ਸੀ।

ਸਤਿਗੁਰੂ ਜੀ ਮਾਇਆ ਨਾਲੋਂ ਵੱਧ, ਸ਼ਰਧਾਲੂ ਸਿੱਖ ਨੂੰ ਮਹੱਤਤਾ ਦੇਂਦੇ ਸਨ। ਧਾਰਾ ਸਿੰਘ ਆਪਣੇ ਅਨੰਦ ਕਾਰਜ ਬਾਅਦ ਸਤਿਗੁਰੂ ਜੀ ਤੋਂ ਲਾਂਗਰੀ ਪੁਣੇ ਤੋਂ ਛੁੱਟੀ ਲੈ ਆਪਣੇ ਪਿੰਡ ਚਲਾ ਗਿਆ ਸੀ। ਉਸਨੇ ਸਤਿਗੁਰੂ ਜੀ ਦੇ ਚਰਨ ਪੁਆਏ ਤੇ ਪਿੰਡ ਮੇਲਾ ਕੀਤਾ। ਇੱਕ ਸਿੱਖ ਕਾਲਾ ਸਿੰਘ ਜੰਜਾਤੇ ਕੋਲ ਕੇਵਲ 19 ਪੈਸੇ ਸਨ। ਉਹ ਸੋਚੀਂ ਪੈ ਗਿਆ ਕਿ ਸਤਿਗੁਰੂ ਜੀ ਨੂੰ ਮਥਾ ਕਿਵੇਂ ਟੇਕੇ। ਪਰ ਫਿਰ ਉਹ ਕ੍ਰਿਸ਼ਨ ਸੁਦਾਮੇ ਦੀ ਵਾਰਤਾ ਚਿੱਤ ਵਿੱਚ ਧਾਰ ਕੇ, ਹੌਂਸਲਾ ਕਰਕੇ 19 ਪੈਸੇ ਅੱਗੇ ਰੱਖ ਕੇ, ਸੱਚੇ ਪਾਤਸ਼ਾਹ ਅੱਗੇ ਨੱਤ ਮਸਤਕ ਹੋਇਆ। ਸਤਿਗੁਰੂ ਜੀ ਨੇ ਪੈਸੇ ਆਪਣੇ ਹੱਥ ਵਿਚ ਲੈ ਲਏ ਤੇ ਉਸਨੂੰ ਕਿਹਾ ਕਿ ਝੂਰੇ ਨਾ ਅੱਗੇ ਪਈ ਮਾਇਆ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ, "ਸਭ ਤੇਰੀ ਹੈ।" ਸੰਤ ਜੀ ਸਤਿਗੁਰੂ ਦੇ ਬਚਨ ਸੁਣ ਕੇ ਮਸਤਾਨੇ ਹੋ ਗਏ। ਉਹਨਾਂ ਦੀ ਖੁਸ਼ੀ ਦਾ ਪਾਰਾਵਾਰ ਨਹੀਂ ਸੀ।

ਸਤਿਗੁਰੂ ਜੀ ਨਿਮਾਣੀ ਦੇ ਮੇਲੇ ਉੱਤੇ 19 ਜੂਨ 1927 ਈ: ਨੂੰ ਸ੍ਰੀ ਭੈਣੀ ਸਾਹਿਬ ਸਨ। ਮੇਲੇ ਪਿੱਛੋਂ ਆਪ ਤੇ ਕੁਝ ਭਜਨੀਕ ਸਿੱਖ ਰਾਮ ਸਰ ਕੰਢੇ ਪਾਈਆਂ ਝੁਗੀਆਂ ਵਿੱਚ ਰਹਿ ਰਹੇ ਸਨ, ਇਥੇ ਹੀ ਗਤਕੇ ਦਾ ਉਸਤਾਦ ਹਰਨਾਮ ਸਿੰਘ ਨਥਾਣੀਆਂ ਵੀ ਰਹਿੰਦਾ ਸੀ। ਇੱਕ ਦਿਨ ਸਤਿਗੁਰੂ ਜੀ ਨੇ ਉਸਨੂੰ ਪਕੌੜੇ ਕੱਢ ਕੇ ਖੁਆਉਣ ਲਈ ਕਿਹਾ। ਉਸਦੀਆਂ ਅੱਖਾਂ ਆਈਆਂ ਹੋਈਆਂ ਸਨ ਸੋ ਉਹ ਅੱਖਾਂ ਦੇ ਹੋਰ ਖ਼ਰਾਬ ਹੋਣ ਦੇ ਡਰ ਤੋਂ ਸਤਿਗੁਰਾਂ ਦਾ ਬਚਨ ਮੰਨਣੋ ਝਿਜਕਦਾ ਸੀ। ਪਰ ਆਪ ਨੇ ਜਦੋਂ ਬੜਾ ਜ਼ੋਰ ਦੇ ਕੇ ਕਿਹਾ ਤਾਂ ਉਸ ਲਈ 'ਸਤਿ ਬਚਨ' ਕਹਿ ਕੇ



Namdhari Elibrary NamdhariElibrary@gmail.com

ਨਣ ਬਿਨਾ ਕੋਈ ਚਾਰਾ ਨਹੀਂ ਸੀ ਰਿਹਾ। ਉਸਨੇ ਪਕੌੜੇ ਤਿਆਰ ਕੀਤੇ, ਛਕਾਏ ਰ ਤੇਲ ਦੇ ਮੜਨ ਦੀ ਹਵਾੜ ਨੇ ਉਸ ਦੀਆਂ ਅੱਖਾਂ ਦੀ ਰੜਕ, ਲਾਲੀ ਤੇ ਦਰਦ ਧਾ ਦਿੱਤੀ ਸੀ। ਸ੍ਰੀ ਭੈਣੀ ਸਾਹਿਬ ਓਹੜ-ਪੋਹੜ ਕਰਦੇ ਰਹੇ ਪਰ ਅੱਖਾਂ ਦੀ ਖ਼ਰਾਬੀ ਧਦੀ ਗਈ। ਸਤਿਗੁਰੂ ਜੀ ਨੂੰ ਪਤਾ ਲੱਗਾ ਤਾਂ ਆਪ ਨੇ ਨਥਾਣੀਏ ਨੂੰ ਕਟਾਣੀ ' ਕੇ ਕਿਸੇ ਸਿਆਣੇ ਵੈਦ ਹਕੀਮ ਜਾਂ ਡਾਕਟਰ ਨੂੰ ਵਿਖਾਉਣ ਲਈ ਕਿਹਾ। ਹ ਨੂੰ ਸਿਆਣਿਆਂ ਤੋਂ ਜਵਾਬ ਮਿਲਿਆ ਕਿ ਅੱਖਾਂ ਐਨੀਆਂ ਖ਼ਰਾਬ ਹੋ ਈਆਂ ਸਨ ਕਿ ਠੀਕ ਹੋ ਹੀ ਨਹੀਂ ਸਨ ਸੱਕਦੀਆਂ।

ਨਥਾਣੀਆਂ ਉਦਾਸ ਤੇ ਨਿਰਾਸ਼, ਸ੍ਰੀ ਭੈਣੀ ਸਾਹਿਬ ਮੁੜ ਆਇਆ। ਕਿਸੇ ਾਲ ਗੱਲ ਨਾ ਕਰੇ। ਪਰ ਉਸਨੂੰ ਆਪਣਾ ਭਵਿੱਖਤ ਹਨੇਰਾ ਹਨੇਰਾ ਲੱਗਦਾ ੀ ਕਿ ਜਿਸ ਪ੍ਰਭੂ ਨੇ ਨੇਤਰਾਂ ਵਿੱਚ ਜੋਤ ਧਰੀ ਸੀ, ਲੈ ਲੈਣੀ ਸੀ। ਅੱਖਾਂ ੱਚ ਰੜਕ ਪੈਂਦੀ ਸੀ ਤਾਂ ਉਹ ਸੌਂ ਨਹੀਂ ਸੀ ਸਕਦਾ। ਰਾਮ ਸਰ ਕੰਢੇ ਝੁਗੀ, ਹਰ ੱਕ ਸਾਧੂ ਦੀ, ਵੱਖਰੀ ਵੱਖਰੀ ਸੀ। ਨਥਾਣੀਆਂ ਵੀ ਉਹਨਾਂ ਝੁਗੀਆਂ ਵਿੱਚੋਂ ਇੱਕ ੱਚ ਰਹਿੰਦਾ ਸੀ। ਉਥੇ ਹੀ ਇੱਕ ਝੁਗੀ ਵਿੱਚ ਸਤਿਗੁਰੂ ਜੀ ਰਹਿੰਦੇ ਸਨ। ਸੋ ਸੇ ਨੂੰ ਉਸਦਾ ਪਤਾ ਵੀ ਨਾ ਲੱਗਦਾ ਕਿ ਉਹ ਕਿੰਨਾ ਔਖਾ ਸੀ।

ਇੱਕ ਦਿਨ ਅੱਧੀ ਰਾਤ ਅੱਗੇ ਅੱਧੀ ਪਿੱਛੇ, ਨਥਾਣੀਆਂ ਅੱਖਾਂ ਉੱਤੇ ਹੱਥ ਰੱਖੀ ੜਾਂ ਪਿੱਪਲਾਂ ਦੀ ਛਾਵੇਂ, ਤਾਰਿਆਂ ਭਰੀ ਰਾਤ ਵਿੱਚ, ਫਿਰ ਰਿਹਾ ਸੀ ਕਿ ਅਵਾਜ਼ ਾਈ, "ਕੌਣ ਏ ?" ਇਹ ਸਤਿਗੁਰੂ ਜੀ ਦੀ ਅਵਾਜ਼ ਸੀ। ਉਸਨੇ ਦੱਸਿਆ, ਜੀ ਮੈਂ ਹਰਨਾਮ ਸਿੰਘ ਨਥਾਣੀਆਂ।" ਅਤੇ ਤੁਰਨ ਦਾ ਕਾਰਨ ਅੱਖਾਂ ਵਿੱਚ ਪੈਂਦੀ ਸਹਿ ਰੜਕ ਦਾ ਸੌਣ ਨਾ ਦੇਣਾ ਦੱਸਿਆ। ਕਟਾਣੀ ਦੇ ਡਾਕਟਰਾਂ ਦੇ ਜਵਾਬ ਦੇਣ ੀ ਗੱਲ ਵੀ ਉਸ ਦੱਸ ਦਿੱਤੀ ਸੀ।

ਸੱਚੇ ਪਾਤਸ਼ਾਹ ਜੀ ਨੇੜੇ ਆਏ, ਉਸ ਦੇ ਨੇਤਰਾਂ ਨੂੰ ਆਪਣੇ ਪੋਟਿਆਂ ਨਾਲ ਛ਼ਾਹਿਆ ਅਤੇ ਬਚਨ ਕੀਤਾ, "ਡਾਕਟਰ ਕਹਿੰਦਾ ਹੈ ਅੱਖਾਂ ਠੀਕ ਨਹੀਂ ਹੋ ਸਕਦੀਆਂ, ਮੈਂ ਇਹਨਾਂ ਨੂੰ ਜਾਣ ਨਹੀਂ ਦੇਣਾ।" ਸੱਚੇ ਪਾਤਸ਼ਾਹ ਨੀਲੀ ਛੱਤ ਹੇਠਾਂ ਪੈਰਾਂ ਭਾਰ ਬੈਠ ਗਏ, ਉਸ ਨੂੰ ਉਹਨਾਂ ਆਪਣੇ ਪੱਟ ਉੱਤੇ ਬਿਠਾ ਲਿਆ। ਥਾਣੀਆਂ ਭਰਵੇਂ ਜੁੱਸੇ ਵਾਲਾ ਜਵਾਨ ਸੀ ਸੱਚੇ ਪਾਤਸ਼ਾਹ ਜੀ ਦੀ ਦੇਹ ਵੀ ਕਮਾਈ ੀ, ਭਾਰੀ ਸੀ। ਦੋਹਾਂ ਦਾ ਭਾਰ ਸਤਿਗੁਰੂ ਜੀ ਦੇ ਚਰਨਾਂ ਉੱਤੇ ਸੀ। ਸੱਚੇ ਪਾਤਸ਼ਾਹ ਉਸਦਾ ਸਿਰ ਆਪਣੇ ਮੋਢੇ ਨਾਲ ਲਾ ਕੇ ਅੱਖਾਂ ਨੂੰ ਆਪਣੇ ਕਰ ਕੰਵਲਾਂ ਨਾਲ ਖਦਾਇਕ ਸਪਰਸ਼ ਦੇਂਦਿਆਂ ਆਪਣਾ ਬਚਨ ਕਈ ਵਾਰ ਦੁਹਰਾਇਆ ਕਿ, ਡਾਕਟਰ ਕਹਿੰਦਾ ਹੈ ਕਿ ਅੱਖਾਂ ਠੀਕ ਨਹੀਂ ਹੋ ਸਕਦੀਆਂ, ਮੈਂ ਇਹਨਾਂ ਨੂੰ ਜਾਣ ਹੀਂ ਦੇਣਾ।" ਨਥਾਣੀਏ ਨੂੰ ਪਤਾ ਨਾ ਲੱਗਾ ਕਿ ਕਈ ਦਿਨਾਂ ਦੇ ਜਾਗਦੇ ਨੂੰ ਕਦੋਂ ੰਦਰ ਆ ਗਈ। ਗੁਰੂ ਜੀ ਉਸਨੂੰ ਪੱਟ ਤੇ ਲੈ ਕੇ ਉਦੋਂ ਤੱਕ ਬੈਠੇ ਰਹੇ, ਤੋਂ ਕਿਸੇ ਸਾਧ ਨੇ ਚੀਤਾ ਭਜਾਉਣ ਵਾਸਤੇ, ਉੱਠ ਕੇ ਝੁਗੀਓਂ ਬਾਹਰ ਆ ਕੇ ਦੋ ਛਾਵੇਂ ਜਿਹੇ ਤੱਕੇ ਤੇ ਕਿਹਾ, "ਕਿਹੜਾ ਏ ?" ਸੱਚੇ ਪਾਤਸ਼ਾਹ ਨੇ ਅਵਾਜ਼ ਮਾਰਨ ਲੇ ਨੂੰ ਕਿਹਾ, "ਮਾੜਾ ਕੀੜਾ ਈ, ਸਿੱਖ ਨੂੰ ਕਈ ਦਿਨ ਬਾਅਦ ਨੀਂਦ ਆਈ



Namdhari Elibrary NamdhariElibrary@gmail.com

ਸੀ।" ਸਭ ਆਪੋ ਆਪਣੀਆਂ ਝੁਗੀਆਂ ਵਿੱਚ ਜਾ ਕੇ ਲੇਟ ਗਏ।

ਸਹਿਜੇ ਸਹਿਜੇ ਨਥਾਣੀਏ ਦੀਆਂ ਅੱਖਾਂ ਦੀ ਲਾਲੀ ਘੱਟਦੀ ਗਈ, ਰੜਕ ਸਹਿਣ ਯੋਗ ਹੁੰਦੀ ਗਈ ਤੇ ਫਿਰ ਆਮ ਜਿਹਾ ਦੁਆ ਦਾਰੂ ਕਰਦਿਆਂ ਕਰਦਿਆਂ ਹੀ ਠੀਕ ਹੋ ਗਈਆਂ। ਪਰ ਸਤਿਗੁਰੂ ਜੀ ਦੀ ਵਡਿਆਈ ਤੇ ਕ੍ਰਿਪਾ ਸੀ ਕਿ ਉਹਨਾਂ ਸੇਵਕ ਨੂੰ ਆਸਰਾ ਦਿੱਤਾ, ਤੇ ਉਹ ਠੀਕ ਹੋ ਗਿਆ।

ਸਤਿਗੁਰੂ ਜੀ ਮਰਯਾਦਾ ਨੂੰ ਦ੍ਰਿੜਾਉਣ ਤੇ ਨਾਮਧਾਰੀ-ਪੁਣੇ ਨੂੰ ਪਹਿਲ ਦੇਣ ਦੇ ਬਚਨ ਹੀ ਕਰਦੇ ਰਹਿੰਦੇ ਸਨ। ਆਪ ਨੇ ਕਾਂਗਰਸ ਵਿੱਚ ਕੰਮ ਕਰਦੇ ਸਿੱਖਾਂ ਨੂੰ ਵੀ ਇਹ ਪਕਿਆਈ ਕੀਤੀ ਸੀ ਕਿ ਜਿੱਥੇ ਨਾਮਧਾਰੀਪੁਣੇ ਨੂੰ ਸੰਭਾਲਣਾ ਔਖਾ ਹੋਵੇ ਉਥੇ ਪਾਸਾ ਵੱਟ ਲਓ। ਭਾਵੇਂ ਆਪ ਖੁਦ ਮਦਨ ਮੋਹਨ ਮਾਲਵੀ, ਲੋਕ ਮਾਨ ਤਿਲਕ, ਮੋਤੀ ਲਾਲ ਨਹਿਰੂ, ਗੋਪਾਲ ਕ੍ਰਿਸ਼ਨ ਗੋਖਲੇ, ਮਹਾਤਮਾ ਗਾਂਧੀ, ਸਰਦਾਰ ਪਟੇਲ, ਮੌਲਾਨਾ ਅਬੁਲ ਕਲਾਮ ਆਜ਼ਾਦ, ਜਵਾਹਰ ਲਾਲ ਨਹਿਰੂ ਨੂੰ ਮਿਲਦੇ ਰਹਿੰਦੇ ਸਨ, ਸੁਤੰਤਰਤਾ ਸੰਗਰਾਮ ਦੀਆਂ ਵਿਚਾਰਾਂ ਸਾਂਝੀਆਂ ਕਰਦੇ ਸਨ। ਪਰ ਆਪ ਦੀ ਸੋਚ ਸੁਤੰਤਰ ਸੀ, ਆਪਣੇ ਤਰੀਕੇ ਨਾਲ ਕੰਮ ਕਰਨਾ।

ਸਤਿਗੁਰੂ ਜੀ ਨਾਲ ਮਤਾ ਮੇਲ ਕੇ, ਮਹਾਰਾਜ ਗੁਰਦਿਆਲ ਸਿੰਘ ਜੀ ਦੀ ਅਗਵਾਈ ਹੇਠ ਪੰਡਤ ਬਸੰਤ ਸਿੰਘ, ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚਕਰਵਰਤੀ, ਪੰਡਤ ਮਨਸ਼ਾ ਸਿੰਘ ਕੌਮੀ, ਅਣਖ ਸਿੰਘ ਦਾਤੇ ਵਾਲ, ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਮਾਸਟਰ ਗੁਰਬਖਸ਼ ਸਿੰਘ ਅਰੂਪ, ਰਤਨ ਸਿੰਘ ਕੂਕਾ, ਸੂਬਾ ਮੂਲਾ ਸਿੰਘ ਡਫਰਕੇ, ਰਾਗੀ ਹਰਨਾਮ ਸਿੰਘ ਚਵਿੰਡਾ ਆਦਿ ਦਾ ਜਥਾ ਕਾਂਗਰਸ ਵਿੱਚ ਬੜਾ ਸਰਗਰਮ ਸੀ। ਫਿਰ ਵੀ ਕਈ ਹੋਰ ਸਿੱਖ ਚਾਹੁੰਦੇ ਸਨ ਕਿ ਜੇ ਸੱਚੇ ਪਾਤਸ਼ਾਹ ਜੀ ਖੁਲ੍ਹੀ ਛੁੱਟੀ ਦੇ ਦੇਣ ਤਾਂ ਕਿ ਸਾਰਾ ਨਾਮਧਾਰੀ ਪੰਥ ਉਸ ਸੰਗਰਾਮ ਵਿੱਚ ਕਾਂਗਰਸ ਦੇ ਪਿੱਛੇ ਲਗ ਜਾਵੇ।

1928 ਈ. ਦੇ ਚਲੀਹੇ ਦੇ ਭੋਗ ਸਮੇਂ ਅਧ ਸਤੰਬਰ ਨੂੰ ਹਰੀਮੰਦਰ ਵਿੱਚ ਪਿਆ ਸਾਧ ਸੰਗਤ ਨੇ ਸਤਿਜੁਗੀ ਵਾਤਾਵਰਨ ਦਾ ਰਸ ਮਾਣਿਆਂ। ਭੋਗ ਵਾਲੇ ਦਿਨ ਇਸ ਮੇਲੇ ਵਿੱਚ ਮਹਾਰਾਜ ਗੁਰਦਿਆਲ ਸਿੰਘ ਜੀ ਨਾਲ ਵਿਚਾਰ ਕਰਕੇ ਕਾਂਗਰਸ ਵਿੱਚ, ਦੇਸ਼-ਸੇਵਾ ਲਈ ਕੰਮ ਕਰਨ ਵਾਲੇ, ਸਾਰੇ ਨਾਮਧਾਰੀ ਆਏ, ਉਹਨਾਂ ਦੇ ਨਾਲ ਕੌਮੀ ਪੱਧਰ ਦੇ ਕਾਂਗਰਸੀ ਆਗੂ ਸੋਹਨ ਸਿੰਘ ਭਕਨਾ, ਸਰਦੂਲ ਸਿੰਘ ਕਵੀਸ਼ਰ, ਸੋਯਦ ਹਬੀਬੁਲਾ, ਬਾਬੂ ਰਾਮ ਸਿੰਘ, ਚੌਧਰੀ ਰਾਮ ਭਜ ਦੱਤ, ਡਾਕਟਰ ਸੈਫੂਦੀਨ ਕਿਚਲੂ, ਡਾ. ਸਤਪਾਲ ਆਦਿ ਵੀ ਸਨ। 'ਸੱਚੇ ਪਾਤਸ਼ਾਹ ਅੱਗੇ ਲਿਖ ਕੇ ਮਹਾਰਾਜ ਜੀ ਨੇ ਅਰਦਾਸ ਧਰੀ ਕਿ ਕੂਕਿਆਂ ਨੂੰ ਕਾਂਗਰਸ ਨਾਲ ਮਿਲ ਕੇ ਆਪ ਜੀ ਦੀ ਅਗਵਾਈ ਹੇਠ ਕੰਮ ਕਰਨ ਦੀ ਪ੍ਰਵਾਨਗੀ ਮਿਲੇ।

ਸੱਚੇ ਪਾਤਸ਼ਾਹ ਜੀ ਨੇ ਅਰਦਾਸ ਪੜ੍ਹੀ ਤੇ ਮਹਾਰਾਜ ਜੀ ਨੂੰ ਸੰਬੋਧਨ ਕਰਕੇ ਬਚਨ ਕੀਤਾ ਕਿ ਉਹ, ਕਾਂਗਰਸ ਨਾਲ ਮਿਲ ਕੇ ਕੰਮ ਕਰਦੇ ਰਹਿਣ ਤੇ ਆਪ ਜੀ ਦੀ ਬਿਰਤੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਨ ਵੱਲ ਲੱਗੀ ਰਹਿਣ ਦੇਣ, ਲੋਹ ਲੰਗਰ ਦੀ ਸੇਵਾ ਕਰਦੇ ਰਹਿਣ ਦੇਣ। ਸਗੋਂ ਉਹ ਆਪ ਵੀ



Namdhari Elibrary NamdhariElibrary@gmail.com

ਮਲੂਕ, ਤੇ ਰੋਗੀ ਦੇਹ ਨੂੰ ਕੁਝ ਆਰਾਮ ਦੇਣ ।

ਸਤਿਗੁਰਾਂ ਨੇ ਕਾਂਗਰਸ ਨੂੰ ਯਥਾ ਸੰਭਵ ਮਦਦ ਦੇਣ ਦਾ ਵੀ ਬਚਨ ਕੀਤਾ ਤੇ ਕਿਹਾ ਕਿ, "ਜਦੋਂ ਵੀ ਮੌਕਾ ਬਣੇਗਾ ਲੋੜ ਤੋਂ ਵੱਧ ਕਾਂਗਰਸ ਦੀ ਮਦਦ ਕਰਾਂਗਾ ਪਰ ਜੁਗਤ ਆਪਣੀ ਹੀ ਵਰਤਾਂਗਾ।"

ਕੁਝ ਸਿੱਖ ਉਦਾਸ ਹੋਏ, ਕੁਝ ਆਪ ਦੀ ਰਜ਼ਾ ਵਿੱਚ ਰਾਜ਼ੀ ਰਹੇ ਅਤੇ ਸਭ ਉਠ ਕੇ ਨਮਸਕਾਰ ਕਰਕੇ ਚਲੇ ਗਏ ।

ਸਤਿਗੁਰੂ ਜੀ ਦੇ ਬਚਪਨ ਦੇ ਸਾਥੀ, ਖ਼ਾਸ ਸਨੇਹੀ, ਪੰਡਤ ਬਸੰਤ ਸਿੰਘ ਪਧਾਣਾ ਨੇ ਆਪਣੇ ਸ਼ੰਕਿਆਂ ਦੀ ਨਵਿਰਤੀ ਲਈ ਆਪ ਅੱਗੇ ਕੁਝ ਅਰਜ਼ਾਂ ਕੀਤੀਆਂ ।

ਪਹਿਲੀ : ਸਤਿਗੁਰੂ ਰਾਮ ਸਿੰਘ ਜੀ ਦਾ ਘਰ ਘਰ ਰਾਮ ਸਿੰਘ ਦਾ ਬਚਨ ਕਿਵੇਂ ਸੱਤ ਹੈ ।

ਦੂਜੀ : ਜੇ ਸਭ ਦੇ ਉਦਮ ਨਾਲ ਦੇਸ਼ ਅਜ਼ਾਦ ਹੋ ਗਿਆ ਤਾਂ ਆਪ ਦਾ ਅਡੋਲ ਰਹਿਣਾ, ਕਮੀ ਵਾਲਾ ਨਾ ਸਮਝਿਆ ਜਾਵੇਗਾ, ਕਿਉਂਕਿ ਮੁੱਢ ਇਸ ਘਰੋਂ ਬਝਾ ਹੈ ?

ਤੀਜੀ : ਸ਼ੁਰੂ ਕੀਤੇ ਅਜ਼ਾਦੀ ਦੇ ਕੰਮ ਨੂੰ ਛੱਡਣਾ ਹਾਰ ਨਹੀਂ ਸਮਝੀ ਜਾਵੇਗੀ ? ਸੱਚੇ ਪਾਤਸ਼ਾਹ ਨੇ ਉਸਨੂੰ ਵਧੀਆ ਹਾਜ਼ਮੇ, ਹੌਂਸਲੇ ਤੇ ਸੁਭਾ ਵਾਲੇ ਜਾਣ ਕੇ ਤਿੰਨਾਂ ਅਰਜ਼ਾਂ ਬਾਰੇ ਹੀ ਬਚਨ ਕੀਤੇ :

ਪਹਿਲਾ : ਇੱਕ ਤਾਂ ਕਈ ਲੋਕ ਸ਼ਬਦ ਸੁਣਦੇ ਤੇ ਭਜਨ ਪੜ੍ਹਦੇ ਮਸਤ ਹੋ ਜਾਂਦੇ ਦੂਜਾ ਸਾਰੇ ਦੇਸ ਦੇ ਹਿੰਦੂ, ਮੁਸਲਮ, ਸਿੱਖ; ਪੰਜਾਬ, ਯੂ. ਪੀ., ਬਿਹਾਰ ਆਦਿ ਸਭ ਮਜ਼ਹਬਾਂ ਤੇ ਸੂਬਿਆਂ ਦੇ ਲੋਕ ਅਜ਼ਾਦੀ ਤੇ ਨਾ ਮਿਲਵਰਤਨ ਲਈ ਕੂਕ ਉਠੇ ਹਨ ਇਹ ਹੀ ਘਰ ਘਰ ਰਾਮ ਸਿੰਘ ਸੀ ।

ਦੂਜਾ : ਕੰਮ ਕੀਤਾ ਜਾ ਰਿਹਾ ਹੈ, ਅਸੀਂ ਪਿੱਛੇ ਨਹੀਂ, ਵਿਖਾਲਾ ਘੱਟ ਹੈ, ਸੱਟ ਵਧੇਰੀ ਹੈ ।

ਤੀਜਾ : ਵਹਿਮੀ ਦੇ ਸ਼ਬਦਾਂ ਵਿਚ, "ਪੰਡਤ ਜੀ ਮੈਂ ਦੇਸ਼-ਭਗਤਾਂ ਨੂੰ ਮਿਲਦਾ ਹਾਂ, ਆਪਣੇ ਤੇ ਬੀਤੀ ਤੇ ਕੂਕਿਆਂ ਦਾ ਇਤਿਹਾਸ ਦੱਸਦਾ ਹਾਂ । ਅੰਗਰੇਜ਼ ਨਾਲ ਨਾ ਮਿਲਵਰਤਨ ਰੱਖਦਾ ਹਾਂ । ਭਲਾ ਜੇ ਮੈਂ ਰੋਕਾਂ ਤਾਂ ਕੋਈ ਕੂਕਾ ਕਾਂਗਰਸ ਨਾਲ ਮਿਲ ਕੇ ਕੰਮ ਕਰ ਸਕਦੈ ? ਤੁਹਾਨੂੰ ਮੈਂ ਕੀ ਦਸਾਂ, ਮੈਂ ਮਨਾਲੀਉ ਕੁਝ ਮੀਲ ਉਪਰ ਪਹਾੜ ਤੇ ਬਗ਼ੀਚੀ ਲਾ ਬੈਠੇ, ਜ਼ਾਰ ਰੂਸ ਵਾਲੇ ਦੇ ਜਵਾਈ ਰੋਰਿਕ ਨੂੰ ਮਿਲਣਾ ਚਾਹੁੰਦਾ ਹਾਂ । ਕਿਸੇ ਨੂੰ ਵੀ ਪਤਾ ਨਹੀਂ ਲੱਗਣ ਦੇਣਾ ਚਾਹੁੰਦਾ । ਮੈਂ ਜਾਚਿਆ ਹੈ, ਅਜੇ ਹਿੰਦ ਦੇਸ ਦੇ ਅਜ਼ਾਦ ਹੋਣ ਵਿਚ ਥੋੜ੍ਹੀ ਜਿਹੀ ਡੇਰ ਹੈ । ਤੁਸੀਂ ਵੇਖੋਗੇ ਮੈਂ ਨਾਮ ਬਾਣੀ ਵੱਲ ਪੰਥ ਨੂੰ ਲਾਈ ਰੱਖ ਤੇ ਮੌਕੇ ਸਿਰ ਕਾਂਗਰਸ ਨੂੰ ਵੀ ਮਦਦ ਦੇਂਦਾ ਹਾਂ ? ਕੰਮ ਭੀ ਕਰਾਂਗਾ ਡਰਾਂਗਾ ਭੀ ਨਹੀਂ ਤੇ ਵਿਖਾਲਾ ਭੀ ਘੱਟ ਕਰਾਂਗਾ ।"

—ਜੱਸ-ਜੀਵਨ ਦੂਜਾ ਭਾਗ

ਪੰਡਤ ਜੀ ਨੇ ਨਮਸਕਾਰ ਕਰਕੇ ਖਿਮਾ ਮੰਗ ਕੇ, ਸਤਿ, ਸਤਿ ਕਿਹਾ ।

ਪਿਛਲੇ ਸਫਿਆਂ ਵਿੱਚ ਲਿਖਿਆ ਜਾ ਚੁਕਾ ਹੈ ਕਿ ਸਤਿਗੁਰੂ ਜੀ ਬਿਨਾ ਕਿਸੇ ਨੂੰ ਦੱਸੇ ਕੁਝ ਕੁ ਸੇਵਕ ਨਾਲ ਲੈ ਕੇ, ਬਜੌਰੇ ਡਾਕੇ ਕਾਰਨ ਫੜ ਫੜਾਈ ਨੂੰ ਵਿਚਾਰ ਕੇ



Namdhari Elibrary NamdhariElibrary@gmail.com

ਸੁਕੇਤੋਂ ਵਾਪਸ ਪਰਤੇ ਸਨ। ਨਹੀਂ ਤਾਂ ਆਪ ਦਾ ਇਰਾਦਾ ਰੋਕਿਕ ਨੂੰ ਮਿਲ ਕੇ ਰੂਸ ਨਾਲ ਸੰਬੰਧ ਕਾਇਮ ਕਰਕੇ, ਕੋਈ ਅਲੌਕਿਕ ਕ੍ਰਿਸ਼ਮਾ ਕਰਨ ਦਾ ਸੀ।

ਆਪ ਨੇ ਸਦਾ ਵਾਂਗ ਟੁਕੜੀ ਦਾ ਮੇਲਾ ਨਨਕਾਣੇ ਕੀਤਾ। ਏਥੇ ਅਕਾਲੀਆਂ ਨੇ ਵੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਸ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਸਨ, ਦਿਵਾਨ ਕੀਤਾ ਸੀ। ਉਂਜ ਅਕਾਲੀਆਂ ਦੇ ਦੋ ਧੜੇ ਬਣ ਗਏ ਸਨ, ਮਾਸਟਰ ਜੀ ਦਾ ਧੜਾ ਕਾਂਗਰਸ ਨਾਲ ਮਿਲ ਕੇ ਕੰਮ ਕਰਨਾ ਚਾਹੁੰਦਾ ਸੀ, ਬੇਤਾਜ ਬਾਦਸਾਹ ਕਹੇ ਜਾਂਦੇ, ਬਾਬਾ ਖੜਗ ਸਿੰਘ ਦਾ ਧੜਾ ਵੱਖ ਰਹਿਣਾ ਚਾਹੁੰਦਾ ਸੀ। ਮਾਸਟਰ ਪੱਖੀਆਂ ਨੇ ਸਤਿਗੁਰੂ ਜੀ ਨੂੰ ਆਪ ਉਹਨਾਂ ਦੇ ਦਿਵਾਨ ਵਿਚ ਦਰਸ਼ਨ ਦੇਣ ਲਈ ਜਾਂ ਕਿਸੇ ਧੱੜਲੇਦਾਰ ਪਰਚਾਰਕ ਨੂੰ ਆਪਣੇ ਦਿਵਾਨ ਵਿਚ ਦਰਸ਼ਨ ਦੇ ਕੇ ਸੰਗਤ ਨੂੰ ਮੁਖ਼ਾਤਬ ਹੋਣ ਲਈ ਬਿਨੈ ਕੀਤੀ। ਸਤਿਗੁਰੂ ਜੀ ਨੇ ਆਲਮ ਹੁਰਾਂ ਨੂੰ ਭੇਜਿਆ। ਉਹਨਾਂ ਨਾਲ ਬਹੁਤ ਸਾਰੇ ਹੋਰ ਨਾਮਧਾਰੀ ਵੀ ਗਏ। ਆਪ ਨੇ ਨਾਮਧਾਰੀ ਇਤਿਹਾਸ ਦੇ ਨਾਮਿਲਵਰਤਨ ਤੇ ਕੁਰਬਾਨੀਆਂ ਬਾਰੇ, ਉਸ ਤੋਂ ਬਾਅਦ ਸਿੱਖਾਂ ਦੇ ਅੱਡੋ ਪਾਈ ਹੋਣ ਬਾਅਦ, ਇਕਮੁੱਠ ਹੋਣ ਬਾਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਭਾਸ਼ਨ ਦਿੱਤਾ।

ਸ਼ਾਮ ਦੇ ਦੀਵਾਨ ਵਿਚ ਮਾਸਟਰ ਜੀ ਆਏ। ਸਤਿਗੁਰੂ ਰਾਮ ਸਿੰਘ ਦੇ ਮਿਸ਼ਨ ਦੀ ਪ੍ਰਸੰਸਾ ਕਰਦਿਆਂ ਅੱਗੋਂ ਗੋਰੇ ਨੂੰ ਕੱਢਣ ਲਈ ਇਕੱਠੇ ਤੁਰਨ ਦੀ ਗੱਲ ਕੀਤੀ। ਨਾਲ ਹੀ ਜੋ ਕਿਹਾ, ਉਸ ਨੂੰ ਤਰਨ ਸਿੰਘ ਵਹਿਮੀ ਨੇ ਇੰਜ ਲਿਖਿਆ ਹੈ, "ਮੇਰਾ ਤੇ ਬਾਬੇ ਪਰਤਾਪ ਸਿੰਘ ਜੀ ਦਾ ਇਹ ਫਰਕ ਹੈ, ਮੈਂ ਬਦਲਿਆ ਜਾ ਸਕਦਾ ਹਾਂ ਕਿਉਂਕਿ ਮਨੁੱਖਾਂ ਦਾ ਥਾਪਿਆ ਹਾਂ। ਇਹ ਤਖ਼ਤ ਬਾਬੇ ਦਾ ਤਖ਼ਤ ਹੈ ਕਿਸੇ ਦਾ ਹਟਾਇਆ ਹਟ ਨਹੀਂ ਸਕਦਾ।" —ਜੱਸ-ਜੀਵਨ ਭਾਗ ਦੂਜਾ

ਨਾਮਧਾਰੀਆਂ ਦੀ ਸਭ ਤੋਂ ਕਮਜ਼ੋਰ ਰਗ ਅਜ ਵੀ ਚੀਨੀ ਵਾਲੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਹੈ। 1929 ਈ: ਵਿਚ ਤਾਂ ਉਹਨਾਂ ਦੇ ਵਰੋਸਾਏ ਹੋਏ ਸਿੱਖ ਸਾਧ ਵੀ ਅਜੇ ਜਿਉਂਦੇ ਸਨ। ਉਸ ਤੋਂ ਅਗਲੀ ਪੀੜ੍ਹੀ ਵੀ ਬਿਰਹਾ ਭੁਯੰਗਮ ਦੀ ਡੰਗੀ ਹਾਲੋਂ ਬੇਹਾਲ ਹੋ ਜਾਂਦਾ ਸੀ।

ਸਤਿਗੁਰੂ ਸੱਚੇ ਪਾਤਸ਼ਾਹ ਆਪ ਵੀ ਵੈਰਾਗਮਈ ਦਸ਼ਾ ਵਿਚ ਆ ਜਾਂਦੇ ਸਨ। ਮਸਤਾਨੇ ਹੋ ਜਾਂਦੇ ਸਨ ਤੇ ਸ਼ਬਦ ਬਾਣ ਦੇ ਵਿੰਨੇ ਉਧਰ ਹੀ ਜਾਂਦੇ ਸਨ :

ਸਿਆੜ ਤਾਂ ਸਤਿਗੁਰੂ ਰਾਮ ਸਿੰਘ ਦੇ ਸਮੇਂ ਦਾ ਇਤਿਹਾਸਿਕ ਨਗਰ ਸੀ। ਏਥੇ ਮਾਈਆਂ ਨੂੰ ਅੰਮ੍ਰਿਤ ਛਕਾ ਕੇ ਚੀਨੀ ਵਾਲੇ ਪਾਤਸ਼ਾਹ ਨੇ ਮਨੁੱਖ ਦੇ ਬਰਾਬਰ ਦਾ ਦਰਜਾ ਦਿਤਾ ਸੀ। 1929 ਈ: ਦਾ ਹੋਲਾ ਸਿਆੜ ਸੀ। ਸਤਿਗੁਰੂ ਜੀ ਕੁਝ ਦਿਨ ਪਹਿਲਾਂ ਹੀ ਹੋਲੇ ਵਾਲੀ ਥਾਂ ਤੇ ਪਹੁੰਚ ਗਏ ਜਥੇਦਾਰਾਂ ਤੇ ਰਾਗੀ ਵੀ ਜਥਿਆਂ ਸਮੇਤ ਦਰਸ਼ਨ ਦੇਣ ਲਗੇ। ਸੰਤ ਅਜੈਬ ਸਿੰਘ ਵਡਾਲੇ ਜੌਹਲਾਂ (ਅੰਮ੍ਰਿਤਸਰ) ਦਾ 20-25 ਰੰਗ ਰੱਤੇ ਸਰੀਰਾਂ ਦਾ ਜਥਾ ਵੀ ਪਹੁੰਚਿਆ। ਉਹ ਬੜੀਆਂ ਪ੍ਰੇਮ ਭਿਜੀਆਂ, ਰਸਮਈ, ਤਰਜ਼ਾ ਪੜ੍ਹ ਕੇ ਰੰਗ ਬੰਨ੍ਹ ਦੇਂਦੇ ਸਨ।

ਇਕ ਦਿਨ ਸਤਿਗੁਰੂ ਪਰਤਾਪ ਸਿੰਘ ਜੀ ਇਸ਼ਨਾਨ ਕਰ ਕੇ, ਆਸਣ ਤੇ ਬੈਠ ਕੇ ਪਰਸ਼ਾਦਾ ਛਕਣ ਹੀ ਲਗੇ ਸਨ ਕਿ ਉਹਨਾਂ ਦੇ ਕੰਨਾਂ ਨੇ ਮਿੱਠੀ ਧਾਰਨਾ ਸ੍ਰਵਣ ਕੀਤੀ।



Namdhari Elibrary NamdhariElibrary@gmail.com

"ਜੀ ਮੈਂ ਸੁਣ ਸੁਣ ਜ਼ੀਵਾਂ ਸੋ । ਜਿਹੜੇ ਰਹੇ ਰਾਮ ਦੇ ਹੋ ।"

ਇਹ ਤਰਜ਼ ਅਜੈਬ ਸਿੰਘ ਨੇ ਪੜ੍ਹੀ ਸੀ । ਸਤਿਗੁਰੂ ਜੀ ਨੇ ਲਾਂਗਰੀ ਕਿਰਪਾ ਸਿੰਘ ਨੂੰ ਇਹ ਕਹਿ ਕੇ ਕਿ, "ਇਹ ਨਹੀਂ ਪਰਸ਼ਾਦਾ ਛਕਣ ਦੇਂਦਾ", ਉੱਥੋਂ ਉੱਠ ਕੇ ਦਿਵਾਨ ਵਿਚ ਪਹੁੰਚ ਗਏ । ਆਪ ਨੇ ਇਸ਼ਾਰਾ ਕਰ ਕੇ, ਨਾ ਜੈਕਾਰਾ ਛੱਡਣ, ਨਾ ਖੜੇ ਹੋਣ ਦੀ ਇਜਾਜ਼ਤ ਦਿੱਤੀ ਤਾਂਕਿ ਰਸ ਬਣਿਆ ਰਹੇ । ਸੰਤ ਅਗੇ ਵੀ ਪੜ੍ਹਦੇ ਰਹੇ :

ਮੈਂ ਪੌਣ ਸਵਾਰ ਹੋ ਜਾਵਾਂ ।
ਕਦ ਦਰਸ ਉਹਨਾਂ ਦਾ ਪਾਵਾਂ ।
ਜੀ ਮੈਂ ਰਹਾਂ ਵੈਰਾਗੀ ਹੋ ।
ਜੀ ਮੈਂ ਸੁਣ ਸੁਣ......।

ਸੱਚੇ ਪਾਤਸ਼ਾਹ ਨੇ ਮਸਤ ਹੋ ਕੇ ਸਾਰਾ ਦਿਵਾਨ ਸੁਣਿਆ । ਕਦੀ ਉਹਨਾਂ ਨਾਲ ਹੀ ਢੋਲਕੀ ਵਜਾਈ ਤੇ ਸਾਧਾਂ ਵਿਚ ਹੀ ਬਰਾਜ ਗਏ । ਅੰਮ੍ਰਿਤ ਵੇਲੇ ਇਸ਼ਨਾਨ ਕੀਤਾ ਆਸਾ ਦੀ ਵਾਰ ਤੇ ਚੰਡੀ ਦੀ ਵਾਰ ਦੇ ਭੋਗ ਤੋਂ ਬਾਅਦ ਹੀ ਆਪ ਦੀ ਸੁਰਤ ਸੰਸਾਰੀ ਹੋਈ । ਸੱਚ ਹੈ, ਬਿਰਹਾ ਸੁਲਤਾਨ ਜੁ ਹੋਈ ।

ਮਹਾਰਾਜ ਗੁਰਦਿਆਲ ਸਿੰਘ ਜੀ ਦਾ ਸਰੀਰ ਤਾਂ ਢਿੱਲਾ ਚਲ ਹੀ ਰਿਹਾ ਸੀ । ਆਪ ਨੇ ਮਹਾਰਾਜ ਨਿਹਾਲ ਸਿੰਘ ਕੋਲੋਂ ਇਕਰਾਰ ਲਿਆ ਕਿ ਉਹ ਕਾਂਗਰਸ ਨਾਲ ਮਿਲਵਰਤਨ ਤੇ ਸਰਕਾਰ ਨਾਲ ਨਾਮਿਲਵਰਤਨ ਰਖਣਗੇ ਕਿਉਂਕਿ ਸਤਿਗੁਰੂ ਜੀ ਦੀ ਪਹਿਲ ਤਾਂ ਧਰਮ ਸੀ । ਆਪ 18 ਭਾਦਰੋਂ ਨੂੰ ਮਸਿਆ ਵਾਲੇ ਦਿਨ 1986 ਬਿ: ਨੂੰ ਦੇਹ ਦੇ ਕਸ਼ਟਾਂ ਤੋਂ ਸਦਾ ਲਈ ਛੁਟਕਾਰਾ ਪਾ ਕੇ, ਪਿਤਾ ਗੁਰੂ ਹਰੀ ਸਿੰਘ ਦੇ ਦਰਬਾਰ ਵਿਚ ਜਾ ਬਿਰਾਜੇ । ਪਰਿਵਾਰ, ਪੰਥ ਤੇ ਪਾਰਟੀ ਲਈ ਇਹ ਨਾ ਪੂਰਾ ਹੋਣ ਵਾਲਾ ਘਾਟਾ ਸੀ ।

ਨਾਮਧਾਰੀ ਦਰਬਾਰ ਦੀ ਇਕਤਰਤਾ ਵਿਚ ਮਹਾਰਾਜ ਨਿਹਾਲ ਸਿੰਘ ਨੂੰ ਦਰਬਾਰ ਦੇ ਪ੍ਰਧਾਨ ਹੋਣ ਦਾ ਐਲਾਨ ਕੀਤਾ ਗਿਆ ।

ਸਤਿਜੁਗ ਦਾ ਪ੍ਰੈਸ ਹੁਣ ਸ੍ਰੀ ਭੈਣੀ ਸਾਹਿਬ ਸ਼ੁਰੂ ਕੀਤਾ ਗਿਆ ਸੀ । ਪ੍ਰੈਸ ਪਹਿਲਾਂ ਹਰੀਮੰਦਰ, ਫਿਰ ਵਰਕਸ਼ਾਪ ਵਿਚ ਲਿਆਂਦਾ ਗਿਆ ਜਿਸ ਰਾਹੀਂ ਲਿਖਤੀ ਪਰਚਾਰ ਕਰਨ ਦਾ ਕੰਮ ਜ਼ੋਰ ਸ਼ੋਰ ਨਾਲ ਕੀਤਾ ਜਾਣ ਲੱਗਾ ।

31 ਦਿਸੰਬਰ 1929 ਨੂੰ ਰਾਵੀ ਕੰਢੇ ਲਾਹੌਰ ਦੇਸ਼-ਭਗਤਾਂ ਤੇ ਕਾਂਗਰਸੀਆਂ ਦਾ ਇਕ ਵੱਡਾ ਇਕੱਠ ਸੀ । ਜਿਸ ਵਿਚ ਕੌਮੀ ਪੱਧਰ ਦੇ ਕਾਂਗਰਸੀ ਆਗੂਆਂ ਨੇ ਆ ਕੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਅਗਲੇ ਪ੍ਰੋਗਰਾਮ ਦਾ ਮਸੌਦਾ, ਖਰੜਾ, ਪੇਸ਼ ਕਰਨਾ ਸੀ । ਪੂਰਨ ਅਜ਼ਾਦੀ ਦੀ ਮੰਗ ਕਰਨੀ ਸੀ ਪੰਜਾਬ ਵਿਚ ਕਿਸੇ ਪਰਚਾਰ ਦਾ ਸੰਘਰਸ਼ ਸਿੱਖਾਂ ਦੀ ਹੋਂਦ ਬਿਨਾਂ ਅਰਥ ਪੂਰਨ ਨਹੀਂ ਸੀ ਲਗਦਾ । ਪਰ ਸਿਖ ਪਾਟੇ ਹੋਏ ਸਨ ।

ਸਿੱਖਾਂ ਦਾ ਇੱਕ ਧੜਾ, ਜਿਸ ਵਿਚ ਗੁਰਮੁਖ ਸਿੰਘ ਚਮਕ, ਮਾਸਟਰ ਤਾਰਾ ਸਿੰਘ, ਸਰਦੂਲ ਸਿੰਘ ਕਵੀਸ਼ਰ, ਬਾਵਾ ਗੁਰਦਿੱਤ ਸਿੰਘ, ਮਹਾਰਾਜ ਨਿਹਾਲ ਸਿੰਘ ਆਦਿ ਸ਼ਮਲ ਸਨ ਕਾਂਗਰਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੇ ਸਨ । ਦੂਜਾ ਧੜਾ



Namdhari Elibrary NamdhariElibrary@gmail.com

ਬਾਬਾ ਖੜਕ ਸਿੰਘ ਦਾ ਸੀ ਉਹ ਕਾਂਗਰਸ ਤੋਂ ਵੱਖਰਾ ਹੀ ਆਪਣਾ ਪ੍ਰੋਗਰਾਮ ਉਲੀਕੀ ਬੈਠਾ ਸੀ । ਮਤਭੇਦ ਸੰਬੰਧੀ ਵੱਖ ਵੱਖ ਰਾਵਾਂ ਹੋਣ ਦਾ ਕਾਰਨ ਨਹਿਰੂ ਰਿਪੋਰਟ ਸੀ । ਪ੍ਰੋ. ਪਿਆਰਾ ਸਿੰਘ ਪਦਮ ਨੇ ਲਿਖਿਆ ਹੈ ਕਿ :

"ਇਸ ਸਮੇਂ ਸਿੱਖ ਨੇਤਾ ਤਿੰਨ ਭਾਗਾਂ ਵਿਚ ਵੰਡੇ ਗਏ ਸਨ । ਸ੍ਰ. ਮੰਗਲ ਸਿੰਘ ਨਹਿਰੂ ਰਿਪੋਰਟ ਦੇ ਹੱਕ ਵਿੱਚ ਸਨ, ਮਾਸਟਰ ਤਾਰਾ ਸਿੰਘ ਵਿਰੋਧ ਵਿੱਚ ਤੇ ਬਾਬਾ ਖੜਗ ਸਿੰਘ ਵਧੇਰੇ ਹੀ ਨਰਾਜ਼ ਸਨ ਤੇ ਉਹ ਕਾਂਗਰਸ ਦਾ ਹੀ ਬਾਈਕਾਟ ਕਰਨਾ ਚਾਹੁੰਦੇ ਸਨ । ਮਾਸਟਰ ਜੀ ਦੀ ਰਾਇ ਸੀ ਕਿ ਹਿੰਦ ਭਰ ਦੀ ਰਾਜਸੀ ਜਮਾਤ ਕਾਂਗਰਸ ਦਾ ਬਾਈਕਾਟ ਕਰਨਾ ਠੀਕ ਨਹੀਂ, ਨਹਿਰੂ ਰਿਪੋਰਟ ਦਾ ਵਿਰੋਧ ਜਰੂਰ ਕਰਨਾ ਚਾਹੀਦਾ ਹੈ । ਪਰੰਤੂ ਬਾਬਾ ਜੀ ਆਪਣੀ ਥਾਂ ਡਟੇ ਰਹੇ ਤੇ ਕੁਝ ਸਰਕਾਰੀ ਪੁਜਾਂ ਦੀ ਢਾਲ ਵਿਚ ਆ ਕੇ ਕਾਂਗਰਸ ਵਿਰੋਧੀ ਹੋ ਗਏ ।" ਸੰਖੇਪ ਸਿੱਖ ਇਤਿਹਾਸ

ਸੱਚੇ ਪਾਤਸ਼ਾਹ, ਮਹਾਰਾਜ ਜੀ ਤੇ ਮਾਤਾ ਜੀਵਨ ਕੌਰ ਜੀ ਨੇ ਸਲਾਹ ਕੀਤੀ ਅਤੇ ਲਾਹੌਰ ਆਏ ਦੇਸ਼ ਦਰਦੀਆਂ ਨੂੰ ਲੰਗਰ ਛਕਾਉਣ ਦੀ ਕਮਾਨ ਸੰਭਾਲ ਲਈ । ਲੰਗਰ ਲਈ ਆਟਾ ਬਾਬਾ ਧਿਆਨ ਸਿੰਘ, ਪੱਥਰਾਂ ਵਾਲਿਆਂ ਤੇ ਸ਼ਾਮਿਆਨੇ ਦਾ ਖਰਚ ਸ੍ਰ. ਆਤਮਾ ਸਿੰਘ ਨੇ ਕੀਤਾ ।

ਦੂਜੇ ਪਾਸੇ ਬਾਬਾ ਖੜਗ ਸਿੰਘ ਨੇ ਐਲਾਨ ਕਰ ਦਿੱਤਾ ਕਿ ਜਿਹੜਾ ਸਿੱਖ ਕਾਂਗਰਸ ਦੇ ਸਮਾਗਮ ਵਿੱਚ ਹਿੱਸਾ ਲਵੇਗਾ ਉਹ ਸਿੱਖ ਹੀ ਨਹੀਂ । ਪਿੰਡਾਂ ਵਿੱਚੋਂ 70-75 ਹਜ਼ਾਰ ਆਏ ਸਿੱਖ ਲਾਹੌਰ ਕਿਲ੍ਹੇ ਦੇ ਆਸੇ ਪਾਸੇ ਲੁੱਕ ਕੇ ਵਕਤ ਕੱਟ ਰਹੇ ਸਨ ਉਹਨਾਂ ਨੂੰ ਕੁਝ ਨਹੀਂ ਸੀ ਸੁਝ ਰਿਹਾ । ਇਸ ਸਮੇਂ ਬਾਰੇ ਦਵਿੰਦਰ ਸਿੰਘ ਗਿਲ ਦੇ ਕਹੇ ਅਨੁਸਾਰ ਬਾਬਾ ਗੁਰੁਦਿੱਤ ਸਿੰਘ ਕੌਮਾ ਗਾਟਾ ਮਾਰੂ ਵਾਲਿਆਂ ਨੇ ਲਿਖਿਆ ਹੈ ਕਿ,

"ਅਸਾਂ ਅਕਾਲੀ ਜਥਿਆਂ ਵਿਚ ਹੋਕਾ ਦੇਣਾ ਸੁਰੂ ਕਰ ਦਿਤਾ ਕਿ ਜਿਹੜਾ ਕਾਂਗਰਸ ਵਿੱਚ ਜਾਊ, ਉਹ ਸਿੱਖ ਨਹੀਂ । ਇਹ ਹੋਕਾ ਸੁਣ ਕੇ ਹਜ਼ਾਰਾਂ ਅਕਾਲੀ ਕਾਂਗਰਸ ਦੇ ਪੰਡਾਲ ਵੱਲ ਤੁਰ ਪਏ । ਸਾਨੂੰ ਫਿਕਰ ਪਿਆ ਇਹਨਾਂ ਦੀ ਖ਼ੁਰਾਕ ਦਾ ਕੀ ਪ੍ਰਬੰਧ ਕਰੀਏ । ਜਦ ਨਾਮਧਾਰੀਆਂ ਦਾ ਅਤੁੱਟ ਲੰਗਰ ਰਾਵੀ ਦੇ ਲਾਗੇ ਕਾਂਗਰਸ ਦੇ ਹਾਤੇ ਅੰਦਰ ਦੇਖਿਆ ਮੈਂ ਕਿਹਾ ਕਿ ਅਸੀਂ ਰਾਸ਼ਨ ਲੈ ਆਉਂਦੇ ਹਾਂ ਉਹ ਸਾਡੇ ਕਈ ਹਜ਼ਾਰ ਅਕਾਲੀਆਂ ਲਈ ਰੋਟੀ ਪਕਾ ਦੇਣ ਦੀ ਕ੍ਰਿਪਾਲਤਾ ਕਰਨ । ਉਹਨਾਂ ਕਿਹਾ ਰਾਸ਼ਨ ਦੀ ਲੋੜ ਨਹੀਂ, ਤੁਸੀਂ ਇਕ ਲੱਖ ਅਕਾਲੀ ਲੈ ਆਓ, ਪਰਸ਼ਾਦਾ ਤਿਆਰ ਮਿਲ ਜਾਵੇਗਾ, ਮੈਨੂੰ ਉਹਨਾਂ ਦੀ ਉਦਾਰਤਾ ਅੱਗੇ ਝੁਕਣਾ ਪਿਆ ਕਿਉਂਕਿ ਜੇਕਰ ਨਾਮਧਾਰੀਆਂ ਦਾ ਸ਼ਾਨਦਾਰ ਕੰਮ ਤੇ ਲੰਗਰ ਨਾ ਹੁੰਦਾ ਤਾਂ ਬੇਤਾਜ ਬਾਦਸ਼ਾਹ ਦੇ ਹੁਕਮ ਉੱਥੇ ਕਿਸੇ ਸਿੱਖ ਦੀ ਸ਼ਕਲ ਨਹੀਂ ਦਿਸਣੀ ਸੀ ਤੇ ਤਮਾਮ ਹਿੰਦੁਸਤਾਨ ਦੇ ਨੁਮਾਇੰਦੇ ਸਿੱਖਾਂ ਬਾਰੇ ਇਹੀ ਖ਼ਿਆਲ ਲੈ ਕੇ ਜਾਂਦੇ ਕਿ ਪੰਜਾਬ ਵਿੱਚ ਸਿੱਖ ਹੈ ਹੀ ਨਹੀਂ, ਜੋ ਕੋਈ ਹੈ ਵੀ ਤਾਂ ਉਹ ਰਾਜਨੀਤੀ ਦੇ ਮੈਦਾਨ ਵਿਚ ਸਰਕਾਰ ਤੋਂ ਡਰਦੇ ਨਹੀਂ ਆਏ । ਲੇਕਿਨ ਆਫਰੀਨ ਹੈ ਨਾਮਧਾਰੀ ਸੰਪਰਦਾ ਦੇ ਆਗੂ ਸ੍ਰੀ ਮਾਨ ਬਾਬਾ ਪਰਤਾਪ ਸਿੰਘ ਜੀ ਮਹਾਰਾਜ ਦੀ ਸੁਚੱਜੀ ਅਗਵਾਈ ਦੇ ਜਿਨ੍ਹਾਂ ਨੇ ਸਿੱਖਾਂ ਉਤੇ



Namdhari Elibrary NamdhariElibrary@gmail.com

ਗ਼ਣ ਵਾਲੇ ਕਾਲੇ ਧੱਬੇ ਤੋਂ ਸਾਨੂੰ ਬਚਾ ਲਿਆ ਸੀ।"

—ਪਰਤਾਪ ਸਦਾ ਗੁਰ ਕਾ ਘਟਿ ਘਟਿ

ਇਸ ਕਾਂਗਰਸ ਸਮਾਗਮ ਬਾਰੇ ਅਵਤਾਰ ਸਿੰਘ ਆਜ਼ਾਦ ਦਾ ਕਹਿਣਾ ਹੈ ਕਿ,

"1929 ਈ: ਵਿਚ ਕਾਂਗਰਸ ਦਾ ਰਾਵੀ ਦੇ ਕਿਨਾਰੇ ਸ੍ਰੀ ਜਵਾਹਰ ਲਾਲ ਨਹਿਰੂ ਦੀ ਪ੍ਰਧਾਨਗੀ ਵਿਚ ਇਤਿਹਾਸਕ ਸੈਸ਼ਨ ਹੋਇਆ ਤਾਂ ਪ੍ਰਧਾਨ ਦੇ ਜਲੂਸ ਦਾ ਅਕਾਲੀ ਆਗੂਆਂ ਨੇ ਨਹਿਰੂ ਰਿਪੋਰਟ ਦੀ ਵਿਰੋਧਤਾ ਦੇ ਕਾਰਨ ਬਾਈਕਾਟ ਕੀਤਾ ਸੀ। ਉਹਨਾਂ ਮਿੰਟੋ ਪਾਰਕ ਵਿਚ ਸ੍ਰ. ਖੜਗ ਸਿੰਘ ਦੀ ਪ੍ਰਧਾਨਗੀ ਵਿਚ ਆਪਣੀ ਵੱਖਰੀ ਅਕਾਲੀ ਕਾਨਫਰੰਸ ਪ੍ਰਧਾਨ ਦੇ ਜਲੂਸ ਦੇ ਮੁਕਾਬਲੇ ਵਿਚ, ਆਪਣੇ ਪ੍ਰਧਾਨ ਦਾ, ਹਾਥੀ ਉੱਤੇ ਜਲੂਸ ਕੱਢਿਆ ਸੀ। ਪ੍ਰਧਾਨ ਕਾਂਗਰਸ ਦੇ ਜਲੂਸ ਨੂੰ ਪੂਰੀ ਤਰ੍ਹਾਂ ਕਾਮਯਾਬ ਕਰਨ ਲਈ ਸਵਰਗੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਸਿੱਖਾਂ ਨੇ ਮਹਾਰਾਜ ਨਿਹਾਲ ਸਿੰਘ ਜੀ ਤੇ ਸੰਤ ਮੰਗਲ ਸਿੰਘ ਦੀ ਅਗਵਾਈ ਹੇਠ ਬੜਾ ਵੱਡਾ ਹਿੱਸਾ ਪਾਇਆ। ਸਫੈਦ ਖੱਦਰਧਾਰੀ ਨਾਮਧਾਰੀਆਂ ਸਿੰਘਾਂ ਦੀ ਉਹ ਸ਼ਾਨ ਵੇਖਣ ਵਾਲੀ ਸੀ।"—ਬਡ ਪਰਤਾਪੁ ਸੁਨਿਓ ਪ੍ਰਭੁ ਤੁਮਰੋ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਸ੍ਰ. ਆਤਮਾ ਸਿੰਘ ਤੇ ਸ੍ਰ. ਦਇਆ ਸਿੰਘ ਕੱਕੜ ਦੀ ਅਗਵਾਈ ਹੇਠ ਸੂਬਿਆਂ ਤੇ ਜਥੇਦਾਰਾਂ ਨੂੰ ਪਹਿਲਾਂ ਹੀ ਹੁਕਮ ਸੁਣਾ ਦਿੱਤਾ ਸੀ ਕਿ ਉਹਨਾਂ ਵੱਧ ਤੋਂ ਵੱਧ ਗਿਣਤੀ ਵਿਚ ਅਤੇ ਵੱਧ ਤੋਂ ਵੱਧ ਘੋੜੇ ਲੈ ਕੇ ਇਸ ਜਲੂਸ ਵਿੱਚ ਸ਼ਾਮਲ ਹੋਣਾ ਸੀ। ਸਭ ਦਾ ਨਾਮਧਾਰੀ ਬਾਣੇ ਵਿੱਚ ਹੋਣਾ ਹੋਰ ਵੀ ਜ਼ਰੂਰੀ ਸੀ। ਸੱਚੇ ਪਾਤਸ਼ਾਹ ਦੀ ਉਸ ਦਿਨ ਲਾਹੌਰ ਹੀ ਕੀਤੇ ਦਿਵਾਨ ਵਿੱਚ ਹਾਜ਼ਰ ਰਹਿ ਕੇ ਨਿਗਰਾਨੀ ਕਰਨ ਅਤੇ ਨਿਰਦੇਸ਼ ਦਿੰਦੇ ਰਹਿਣ ਦੀ ਵਿਉਂਤ ਸੀ।

ਇਤਿਹਾਸਕ ਤੇ ਮਿਥਿਹਾਸਕ ਪਰਪੇਖ ਵਿੱਚ ਵੇਖਿਆਂ ਵੀ ਪਤਾ ਲਗਦਾ ਹੈ ਕਿ : ਗੁਰੂ, ਪੀਰ, ਅਵਤਾਰ ਲਈ ਸਥਿਤੀ ਦਾ ਅਵਲੋਕਨ ਕਰਦੇ ਰਹਿਣੋ ਬਹੁਤ ਜ਼ਰੂਰੀ ਰਿਹਾ ਹੈ। ਲੜਾਈ ਵਿੱਚ ਆਪ ਕੁੱਦ ਪੈਣਾ ਤਾਂ ਖ਼ਾਸ ਹਾਲਤਾਂ ਵਿਚ ਲੋੜੀਂਦਾ ਸਮਝਿਆ ਜਾਂਦਾ ਸੀ। ਭਗਵਾਨ ਰਾਮ, ਸ੍ਰੀ ਕ੍ਰਿਸ਼ਨ, ਗੁਰੂ ਗੋਬਿੰਦ ਸਿੰਘ ਤੇ ਸਤਿਗੁਰੂ ਰਾਮ ਸਿੰਘ ਨੇ ਆਪਣੀ ਪ੍ਰਬੰਧਕੀ ਵਿਉਂਤਬੰਦੀ ਨਾਲ ਹੀ ਸਭ ਨੂੰ ਵਿਵਸਥਿਤ ਸੰਗਠਿਤ ਤੇ ਕਾਰਜਸ਼ੀਲ ਰਖਿਆ, ਤਹੱਮਲ ਨਾਲ ਸੋਚਿਆ ਅਤੇ ਸਥਾਪਤ ਸ਼ਕਤਨਤਾਂ ਦੇ ਖ਼ਿਲਾਫ਼ ਝੰਡਾ ਬੁਲੰਦ ਕੀਤਾ। ਲੜਾਈ ਭਾਵੇਂ ਅਹਿੰਸਕ ਢੰਗ ਦੀ ਸੀ ਭਾਵੇਂ ਹਿੰਸਕ, ਅਗਵਾਈ ਕਰਨ ਵਾਲੇ ਰਹਿਨੁਮਾ ਨੇ ਸਦਾ ਆਪਣਾ ਮਹੱਤਵਪੂਰਨ ਰੋਲ ਨਿਭਾਇਆ।

ਜਦੋਂ ਪੰਡਤ ਜਵਾਹਰ ਲਾਲ ਨਹਿਰੂ ਜੀ ਲਾਹੌਰ ਆਏ ਤਾਂ ਘੋੜਿਆਂ ਤੇ ਉਹਨਾਂ ਦੀ ਅਗਵਾਈ ਮਹਾਰਾਜ ਨਿਹਾਲ ਸਿੰਘ ਤੇ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤੇ ਨੇ ਕੀਤੀ। ਜਲੂਸ ਅਤੇ ਜਲਸੇ ਵਿੱਚ ਸਭ ਪਾਸੇ ਹੰਸਾਂ ਵਰਗੇ ਬਾਣੇ ਵਿਚ ਨਾਮਧਾਰੀ ਸਿੱਖਾਂ ਦਾ ਠਾਠਾਂ ਮਾਰਦਾ ਸਮੁੰਦਰ ਦਿਖਾਈ ਦੇਂਦਾ ਸੀ। ਸਭ ਸਮੇਂ ਸਮੇਂ ਜੈਕਾਰੇ ਗਜਾਉਂਦੇ ਸਨ। ਪੰਡਤ ਨਹਿਰੂ ਜੀ ਨੇ ਤਿਰੰਗੇ ਦੀ ਸਲਾਮੀ ਲਈ। 1 ਜਨਵਰੀ 1930 ਨੂੰ ਸਮਾਪਤ ਹੋਏ ਇਸ ਸਮਾਗਮ ਵਿੱਚ ਪੂਰੇ ਨਾਮਿਲਵਰਤਨ ਅਤੇ ਪੂਰਨ



Namdhari Elibrary NamdhariElibrary@gmail.com

ਸੁਤੰਤਰਤਾ ਦੇ ਮਤੇ ਨੂੰ ਸਰਬ ਸੰਮਤੀ ਨਾਲ ਪਰਵਾਨ ਕੀਤਾ ਗਿਆ ।

ਇਸ ਸਮਾਗਮ ਵਿਚ ਬਹੁਤ ਸਾਰੇ ਨਾਮਧਾਰੀ ਆਗੂਆਂ, ਸਿੱਖਾਂ ਸੇਵਕਾਂ ਨੇ ਸਤਿਗੁਰੂ ਜੀ ਦੇ ਹੁਕਮ ਅਤੇ ਮਹਾਰਾਜ ਜੀ ਦੀ ਅਗਵਾਈ ਹੇਠ ਸ਼ਾਮਲ ਹੋ ਕੇ ਇਸ ਨੂੰ ਸਫਲ ਇਤਿਹਾਸਕ ਸਮਾਗਮ ਬਣਾਇਆ । ਸ੍ਰ. ਜਸਵਿੰਦਰ ਸਿੰਘ ਐਮ. ਏ. ਦੇ ਸ਼ਬਦਾਂ ਵਿੱਚ :

"1929 ਈ: ਵਿਚ ਲਾਹੌਰ ਕਾਂਗਰਸ ਦੇ ਸੈਸ਼ਨ ਨੂੰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਵੱਡੀ ਗਿਣਤੀ ਵਿੱਚ ਨਾਮਧਾਰੀਆਂ ਨੂੰ ਭੇਜ ਕੇ, ਅਤੇ ਜਵਾਹਰ ਲਾਲ ਨਹਿਰੂ ਦੇ ਜਲੂਸ ਲਈ, 100 ਘੋੜੇ ਭੇਜ ਕੇ, ਅਸਫਲ ਹੋਣ ਤੋਂ ਬਚਾਇਆ ਕਿਉਂਕਿ ਸਿੱਖਾਂ ਦੇ ਇੱਕ ਵਰਗ ਨੇ ਲਾਹੌਰ ਦੇ ਕਾਂਗਰਸ ਸੰਮੇਲਨ ਦਾ ਬਾਈਕਾਟ ਕਰ ਦਿੱਤਾ ਹੋਇਆ ਸੀ । ਏਹੀ ਨਹੀਂ ਸਾਰੇ ਸੰਮੇਲਨ ਦੇ ਲੰਗਰ ਦਾ ਪ੍ਰਬੰਧ ਵੀ ਮਾਤਾ ਜੀਵਨ ਕੌਰ ਜੀ ਨੇ ਆਪ ਜਾ ਕੇ ਨਿਰਵਿਘਨ ਚਾਲੂ ਰਖਿਆ ।"

—ਵਡ ਪਰਤਾਪੁ ਅਚਰਜ ਰੂਪ

ਸਤਿਗੁਰੂ ਪਰਤਾਪ ਸਿੰਘ ਜੀ ਆਪਣੀ ਸੋਚ ਤਾਂ ਸੁਤੰਤਰ ਰਖਦੇ ਸਨ ਪਰ ਆਪ ਦੇਸ਼ ਦੀ ਅਜ਼ਾਦੀ ਲਈ ਜੂਝਦੇ ਕਿਸੇ ਵਿਅਕਤੀ ਜਾਂ ਸੰਸਥਾ ਦੀ ਕਦੀ ਕੰਡ ਨਹੀਂ ਸ਼ਨ ਲਗਣ ਦੇਂਦੇ । ਉਹ ਆਪਣੇ ਵਿਲੱਖਣ ਤਰੀਕੇ ਨਾਲ ਉਹਨਾਂ ਦੀ ਹਰ ਲੋੜੀਂਦੀ ਮਦਦ ਕਰਦੇ ਰਹਿੰਦੇ ਸਨ ।



Namdhari Elibrary NamdhariElibrary@gmail.com

# ਹੋਇ ਇਕਤ੍ਰ

ਸਤਿਗੁਰੂ ਰਾਮ ਸਿੰਘ ਦਾ ਹੁਕਮ, ਹਰ ਵਿਅਕਤੀ ਲਈ, ਗੁਰਮੁਖੀ ਪੜ੍ਹਨ ਦਾ
। ਸਤਿਗੁਰੂ ਪਰਤਾਪ ਸਿੰਘ ਜੀ ਵੀ ਗੁਰਮੁਖੀ ਨੂੰ ਹੀ ਪ੍ਰਾਥਮਿਕਤਾ ਦੇਂਦੇ ਸਨ।
ਣੀ ਭਾਸ਼ਾ ਨਾਲ ਪਿਆਰ ਕਰਨ ਦੀ ਭਾਵਨਾ ਉਜਾਗਰ ਕਰਨ ਲਈ, ਆਪਣੀ
ਾ ਨੂੰ ਗੰਵਾਰੂ ਭਾਸ਼ਾ ਕਹਿ, ਸੁਣ ਕੇ ਉਪਜੀ ਹੀਨ ਭਾਵਨਾ ਖ਼ਤਮ ਕਰਨ ਲਈ
ਨੇ ਸਿੱਖਾਂ ਨੂੰ ਗੁਰਮੁਖੀ ਅੱਖਰਾਂ ਵਿਚ ਪੰਜਾਬੀ ਪੜ੍ਹਨ ਦੀ ਪ੍ਰੇਰਨਾ ਦਿੱਤੀ। ਇਸ
ਹੋਰ ਦ੍ਰਿੜ ਕਰਨ ਲਈ ਆਪ ਨੇ, 11 ਪੋਹ 1986 ਬਿ: ਦਸੰਬਰ 1929 ਈ. ਦੇ
ਜੁਗ ਰਾਹੀਂ ਨਾਮਧਾਰੀ ਦਰਬਾਰ ਵਲੋਂ ਐਲਾਨ ਕਰਵਾਇਆ ਕਿ ਜਿਹੜੀ ਚਿੱਠੀ
ਮੁਖੀ ਵਿਚ ਆਵੇਗੀ ਉਸਦਾ ਹੀ ਉੱਤਰ ਦਿੱਤਾ ਜਾਵੇਗਾ।

ਬ੍ਰੈਡਲਾ ਹਾਲ (ਲਾਹੌਰ), ਕਾਂਗਰਸ ਦੀਆਂ, ਪੰਜਾਬ ਵਿਚ, ਕਾਰਵਾਈਆਂ ਦਾ
ਰ ਸੀ। ਇੱਥੋਂ ਹੀ ਅਗਵਾਈ ਲੈ ਕੇ ਜਥੇ ਸਤਿਆਗ੍ਰਹਿ ਕਰਨ ਤੇ ਸਜ਼ਾਵਾਂ
ਤਨ ਲਈ, ਕੁਰਬਾਨੀਆਂ ਦੇਣ ਲਈ ਜਾਂਦੇ ਰਹੇ ਸਨ। ਲਾਹੌਰ ਸਮਾਗਮ ਤੋਂ
ਦ, ਅੰਗ੍ਰੇਜ਼ ਦੇ ਖ਼ਿਲਾਫ਼, ਸੰਘਰਸ਼ ਤੇਜ਼ ਹੋ ਗਿਆ। ਬਰਤਾਨਵੀ ਹਾਕਮਾਂ ਨੇ, ਹਰ
ਨਾਂ ਦੇ ਖ਼ਿਲਾਫ਼ ਬੋਲਣ ਵਾਲੇ ਵਿਅਕਤੀ ਨੂੰ ਸੀਖਾਂ ਪਿੱਛੇ ਬੰਦ ਕਰ ਦਿੱਤਾ।
ਮੰਗਲ ਸਿੰਘ ਜੀ ਨੇ, ਏਸੇ ਜੁਰਮ ਬਦਲੇ ਦੋ ਸਾਲ, ਅਟਕ ਜੇਲ੍ਹ ਵਿੱਚ, ਕੈਦ
। ਮਹਾਰਾਜ ਨਿਹਾਲ ਸਿੰਘ ਨੇ ਕਾਨੂੰਨ ਦੇ ਖ਼ਿਲਾਫ਼ ਕਾਂਗਰਸ ਦੇ ਕਹਿਣ ਤੇ
ਬ ਦੀਆਂ ਦੁਕਾਨਾਂ ਅੱਗੇ ਧਰਨਾ ਦਿੱਤਾ। ਲੋਕਾਂ ਨੂੰ ਸ਼ਰਾਬ ਨਾ ਪੀਣ ਬਾਰੇ
ਝਾਇਆ, ਸਰਕਾਰ ਨੇ 6 ਮਹੀਨਿਆਂ ਲਈ ਅੰਦਰ ਕਰ ਦਿੱਤਾ 9 ਜੁਲਾਈ 1930
ਗੁਜਰਾਤ ਜੇਲ੍ਹ ਵਿੱਚ। ਸਤਿਗੁਰੂ ਜੀ ਉਹਨਾਂ ਦੀ ਮੁਲਾਕਾਤ ਕਰਨ ਲਈ ਗਏ।
ਨਾਲ ਕੂਕਿਆਂ ਵਿੱਚ ਰੋਹ ਜਾਗ ਪਿਆ। ਪੰਡਤ ਮਨਸ਼ਾ ਸਿੰਘ ਕੌਮੀ ਦਾ,
ਰਾਂਵਾਲਿਓਂ ਲਿਆਂਦਾ ਨਥਾ ਸਿੰਘ ਪਤੰਗ ਦਾ ਜਥਾ ਜਲੂਸ ਕਢਦਾ ਲਾਹੌਰ ਦੇ
ੀਆਂ ਬਜ਼ਾਰਾਂ ਵਿੱਚ ਢੋਲਕੀ ਛੈਣਿਆਂ ਨਾਲ ਪੜ੍ਹਦਾ ਫਿਰ ਰਿਹਾ ਸੀ,

ਹੁਣ ਚੁਕ ਕੇ ਫ਼ਰੰਗੀਆ ਡੇਰਾ,
ਤੂੰ ਕਰ ਲਿਆ ਰਾਜ ਬਥੇਰਾ।



Namdhari Elibrary NamdhariElibrary@gmail.com

ਇਹ ਜਲੂਸ ਮੋਤੀ ਬਜ਼ਾਰੋਂ, ਡੱਬੀ ਬਜ਼ਾਰ ਤੋਂ ਅਨਾਰਕਲੀ ਵਿਚੋਂ ਲੰਘਦਾ ਫੜਿਆ ਗਿਆ ਸੀ।

ਕਾਂਗਰਸ ਦੇ ਆਗੂ ਤੇ ਕੁਝ ਨਾਮਧਾਰੀ ਮੁੱਖੀ ਵੀ ਕੈਦ ਕੀਤੇ ਜਾ ਚੁਕੇ ਸਨ ਜਾਂ ਰੂਹ ਪੋਸ਼ ਹੋ ਗਏ ਸਨ। ਇਸ ਸਮੇਂ ਬ੍ਰੈਡਲਾ ਹਾਲ ਦਾ ਪ੍ਰਬੰਧ ਨਿਧਾਨ ਸਿੰਘ ਆਲਮ ਨੇ ਸੰਭਾਲਿਆ। ਜੰਗ ਜ਼ਾਰੀ ਰਹੀ। ਲੋਕ ਜੇਲ੍ਹੀਂ ਦਿੱਤੇ ਜਾਂਦੇ ਰਹੇ। ਊਧਮ ਸਿੰਘ ਮੱਖੀ, ਅਣਖਾ ਸਿੰਘ ਦਾਤੇਵਾਲ, ਮੂਲਾ ਸਿੰਘ ਡਫਰਕੇ, ਲਾਲ ਸਿੰਘ ਭਾਈ ਕੋਟ ਆਦਿ ਕਿਸੇ ਨੇ ਵੀ ਆਪਣੇ ਕੰਮ ਦੀ, ਸੁੱਖਾਂ ਦੀ ਪ੍ਰਵਾਹ ਨਾ ਕੀਤੀ ਤੇ ਜੇਲ੍ਹੀਂ ਗਏ। ਪੰਡਤ ਮਨਸ਼ਾ ਸਿੰਘ ਕੌਮੀ ਨੇ ਤਾਂ ਦਸ ਸਾਲ ਜੇਲ੍ਹ ਕੱਟੀ। ਭੰਬਿਆ ਦੇ ਨਾਰਾਇਣ ਸਿੰਘ ਨੇ ਮਹਾਤਮਾ ਗਾਂਧੀ ਨਾਲ ਨਮਕ ਕਾਨੂੰਨ ਤੋੜਣ ਸਮੇਂ ਜੇਲ੍ਹ ਕਟੀ ਸੀ। ਇਹਨਾਂ ਦਾ ਭਰਾ ਭਾਨ ਸਿੰਘ ਵੀ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਕਾਂਗਰਸ ਵਿਚ ਸਰਗਰਮ ਸੀ, ਉਸ ਦਾ ਲਾਹੌਰ ਵਾਲਾ ਘਰ ਨਿਲਾਮ ਕਰ ਦਿਤਾ ਗਿਆ। 1928 ਈ: ਵਿਚ ਸਾਈਮਨ ਨੂੰ ਕਾਲੀਆਂ ਝੰਡੀਆਂ ਵਿਖਾਉਣ ਕਰ ਕੇ ਉਸ ਨੂੰ ਵੀ ਡਾਂਗਾਂ ਦੀ ਮਾਰ ਸਹਿਣੀ ਪਈ ਸੀ।

ਸਤਿਗੁਰੂ ਜੀ ਸਿੱਖਾਂ ਦਾ ਮਨੋਬਲ ਉੱਚਾ ਰੱਖਣ ਲਈ, ਆਤਮਕ ਸ਼ਕਤੀ ਵਧਾਉਣ ਲਈ ਨਾਮ ਬਾਣੀ ਵਲ ਲਾਈ ਰਖਦੇ। ਨਾਲ ਨਾਲ ਆਪ ਸਮਾਜਕ ਤੌਰ ਤੇ ਰਹਿਣੀ ਬਹਿਣੀ ਲਈ ਸੇਧਾਂ ਦਿੰਦੇ ਰਹਿੰਦੇ ਸਨ।

ਸਿੱਖਾਂ ਨੂੰ ਆਪ ਨੇ ਪੂਰਾ ਗੁਰਮੁਖੀ ਬਾਣਾ, ਉਹ ਵੀ ਸਾਦਾ ਤੇ ਖੱਦਰ ਦਾ ਪਹਿਨਣ ਦਾ ਹੁਕਮ ਕਰ ਰਖਿਆ ਸੀ। ਮਾਈਆਂ ਬੀਬੀਆਂ ਵੀ ਮਾਤਾ ਜੀ ਤੋਂ ਰਹਿਨੁਮਾਈ ਲੈ ਕੇ ਖੱਦਰ ਤਾਂ ਪਾਉਂਦੀਆਂ ਸਨ ਪਰ ਅਜੇ ਖੁੱਲ੍ਹੇ ਪਹੁੰਚਿਆਂ ਵਾਲੀਆਂ ਸਲਵਾਰਾਂ ਦਾ ਖਾੜ੍ਹਾ ਨਹੀਂ ਸਨ ਛੱਡਦੀਆਂ। ਸੁੱਥਣਾਂ ਉਹਨਾਂ ਨੂੰ ਨਹੀਂ ਸਨ ਭਾਉਂਦੀਆਂ।

1929 ਈ: ਦੇ ਚਲੀਹੇ ਦੇ ਨੇਮ ਦਾ ਆਰੰਭ ਸੀ। ਸ੍ਰੀ ਭੈਣੀ ਸਾਹਿਬ ਗੁਰਦੁਆਰੇ, ਡੇਰੇ ਦੇ ਦਰਵਾਜ਼ੇ ਕੋਲ ਬੋਹੜਾਂ, ਪਿੱਪਲਾਂ ਦੀ ਛੱਤ ਥਲੇ ਆਸਾ ਦੀ ਵਾਰ ਦਾ ਕੀਰਤਨ ਚਲ ਰਿਹਾ ਸੀ। ਸਤਿਗੁਰੂ ਰਾਮ ਸਿੰਘ ਨੇ ਬੋਹੜ ਪਿੱਪਲ ਲਾਏ ਹੀ ਭਵਿੱਖਤ ਵਿੱਚ ਸੰਗਤਾਂ ਦੇ ਸੁਖ ਲਈ ਸਨ। ਨਾਲੇ ਇਹੀ ਤਾਂ ਰੁੱਖ ਹਨ ਜਿਹੜੇ, ਮਨੁੱਖ ਦੇ ਸਾਹ ਲਈ ਜ਼ਰੂਰੀ, ਆਕਸੀਜ਼ਨ ਗੈਸ ਦਿਨ ਰਾਤ ਛੱਡਦੇ ਹਨ। ਦਿਨ ਦੇ ਚੜ੍ਹਾਅ ਨਾਲ, ਇਕ ਨਾਮਧਾਰਨ ਬੀਬੀ ਡਿਉੜ੍ਹੀ ਵਿੱਚ ਦੇ ਖੂਹ ਤੋਂ ਘਰ ਨੂੰ ਪਾਣੀ ਲੈ ਕੇ ਜਾਂਦੀ ਡਿੱਗ ਪਈ। ਅਸਲ ਵਿਚ ਉਸਦਾ ਪੈਰ, ਉਸੇ ਦੀ ਸਲਵਾਰ ਦੇ ਪਹੁੰਚੇ ਵਿਚ ਅੜ ਗਿਆ ਸੀ। ਉਸ ਦੇ ਸਿਰ ਤੋਂ ਪਾਣੀ ਦਾ ਭਰਿਆ ਘੜਾ ਵੀ ਡਿੱਗਾ, ਟੁੱਟਾ, ਖੜਾਕ ਹੋਇਆ, ਲੋਕਾਂ ਸਾਧਾਂ ਰਾਹੀਆਂ, ਹਾਲੀਆਂ, ਆਪਣੀ-ਆਪਣੀ ਨਜ਼ਰ ਨਾਲ ਵੇਖਿਆ ਤੇ ਉਹ ਮੂੰਹ ਨੀਵਾਂ ਕਰ ਕੇ ਘਰ ਚਲੀ ਗਈ। ਘਰ ਸੱਸ ਨੇ ਬੁਰਾ ਭਲਾ ਕਿਹਾ ਤੇ ਨਾਲ ਹੀ ਕਿਹਾ ਕਿ ਅੰਤਰਜਾਮੀ ਸਤਿਗੁਰੂ ਮੇਰੀ ਸੁਣੇ, ਤੁਹਾਡਾ ਫੈਸ਼ਨ ਬੰਦ ਕਰੇ ਤੇ ਸਭ ਨੂੰ ਸੁੱਥਣ ਪੌਣ ਦਾ ਹੁਕਮ ਦੇਵੇ।

ਪਿਛਲੇ ਪਹਿਲ ਦਾ ਦੀਵਾਨ ਵੀ ਉਥੇ ਹੀ ਸੀ। ਕੁਝ ਔਰਤਾਂ ਸਲਵਾਰਾਂ ਦੇ ਪਹੁੰਚੇ ਉੱਤੇ ਕਰ ਖੁਰਕ ਰਹੀਆਂ ਸਨ। ਸੰਤਾ ਆਲਾ ਸਿੰਘ ਜੀ ਨੇ ਵੇਖਿਆ ਸਵੇਰ ਦਾ



Namdhari Elibrary NamdhariElibrary@gmail.com

ਸਮਾਂ ਵੀ ਉਹਨਾਂ ਦੇ ਧਿਆਨ ਵਿਚ ਸੀ, ਉਹਨਾਂ ਸਤਿਗੁਰੂ ਜੀ ਨੂੰ ਮਾਈਆਂ ਨੂੰ ਗੁਰਮੁਖੀ ਬਾਣਾ ਬਖਸ਼ਣ ਦੀ ਕ੍ਰਿਪਾ ਕਰਨ ਲਈ ਅਰਜ਼ ਕੀਤੀ।

ਸਤਿਗੁਰੂ ਜੀ ਨੇ ਇਹ ਗੱਲ ਨੂੰ ਮਹੱਤਤਾ ਦੇਂਦੇ ਹੋਏ, ਹੁਕਮ ਕੀਤਾ ਕਿ ਅਗਲੇ ਦਿਨ ਸਭ ਬੀਬੀਆਂ ਮਾਤਾ ਜੀਵਨ ਕੌਰ ਜੀ ਵਾਂਗ ਚੂੜੀਦਾਰ ਸੁੱਥਣਾਂ ਪਾ ਕੇ ਹੀ ਦਿਵਾਨ ਵਿਚ ਆਉਣ ਨਹੀਂ ਤਾਂ ਦੂਰ ਹੀ ਰਹਿਣ। ਹੁਕਮ ਤਾਂ ਹੁਕਮ ਸੀ ਸਿੱਖ ਲਈ ਤਾਂ ਉਂਜ ਵੀ ਸਭ ਤੋਂ ਵਡੀ ਖੁਸ਼ੀ ਸਤਿਗੁਰੂ ਦਾ ਬਚਨ ਮੰਨਣ ਵਿਚ ਹੀ ਹੁੰਦੀ ਹੈ। ਰਾਤੋ ਰਾਤ ਸਭ ਮਾਈਆਂ ਬੀਬੀਆਂ ਨੇ ਸਲਵਾਰਾਂ ਨੂੰ ਸੁੱਥਣਾਂ ਵਿਚ ਬਦਲ ਲਿਆ ਪਰ ਦਿਵਾਨ ਵਿਚ ਆ ਕੇ ਸਤਿਗੁਰੂ ਦੇ ਦਰਸ਼ਨ ਕਰ ਕੇ, ਸ਼ਬਦ ਕੀਰਤਨ ਸੁਣ ਕੇ, ਨਾਮ ਜਪ ਕੇ ਆਪਣਾ ਲੋਕ ਪ੍ਰਲੋਕ ਜ਼ਰੂਰ ਸਵਾਰਿਆ।

ਇਸ ਚਲੀਹੇ ਦੇ ਭੋਗ ਵਾਲੇ ਦਿਨ ਸੁੱਥਣਾਂ ਨੂੰ ਪਹਿਰਾਵੇ ਦਾ ਜ਼ਰੂਰੀ ਹਿੱਸਾ ਬਨਾਉਣ ਦੀ ਸਤਿਗੁਰੂ ਜੀ ਦੀ ਰਜ਼ਾ ਨੂੰ ਫੇਰ ਦੁਹਰਾਇਆ ਗਿਆ।

1930 ਈ: ਦਾ ਹੋਲਾ 12, 13, 14, 15 ਮਾਰਚ ਦਾ ਸੰਧਵੀਂ ਜ਼ਿਲ੍ਹਾ ਜਲੰਧਰ ਵਿਚ ਸੀ। ਅਕਾਲੀਆਂ ਦਾ ਇਤਰਾਜ਼ ਸੀ ਕਿ ਕੂਕੇ ਉਹਨਾਂ ਦੇ ਦਰਵਾਜ਼ਿਆਂ ਅਗੇ ਨਾ ਨੱਚਣ, ਨਾ ਨੰਗੇ ਗਿਰੀ ਲੰਘਣ, ਨਾ ਸਤਿਗੁਰੂ ਰਾਮ ਸਿੰਘ ਕਹਿਣ। ਸੰਤ ਬੰਤਾ ਸਿੰਘ ਬੂੜੇਡੱਲੀਆ ਆਪਣੇ ਨਾਲ ਸੁਥਰੇ ਨੌਜਵਾਨਾਂ ਦਾ ਜਥਾ ਲੈ ਕੇ ਆਇਆ ਉਸ ਦਾ ਇਰਾਦਾ ਡਟਣ ਦਾ ਸੀ ਤੇ ਜੇ ਕੋਈ ਰੋਕੇ, ਨਾ ਸਮਝੇ, ਨਾ ਹਟੇ, ਲੜੇ ਤਾਂ ਉਸ ਦੇ ਹੱਡ ਤੋੜਨੋਂ ਵੀ ਬਾਜ਼ ਨਾ ਆਉਣਾ ਦਾ ਸੀ। ਸਤਿਗੁਰੂ ਜੀ ਨੂੰ ਪਤਾ ਲੱਗਾ। ਉਹਨਾ ਸੰਤਾਂ ਨੂੰ ਸ਼ਾਂਤ ਰਹਿਣ ਦੀ ਆਗਿਆ ਕੀਤੀ। ਅਕਾਲੀਆਂ ਨੂੰ ਪਤਾ ਲੱਗਾ ਉਹ ਵੀ ਠੰਢੇ ਹੋਏ ਰਹੇ।

15 ਮਾਰਚ ਨੂੰ ਭੋਗ ਵਾਲੇ ਦਿਨ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਕੁਝ ਕੂਕੇ ਮਸਤਾਨੇ ਹੋਏ ਹੋਏ ਸਨ। ਵੈਰਾਗ ਮਈ ਰਸ ਭਿੰਨੇ ਕੀਰਤਨ ਦੇ ਨਾਲ ਨਾਲ ਹਵਨ ਵੀ ਹੋ ਰਿਹਾ ਸੀ। ਹਵਨ ਦੁਆਲੇ ਪਹਿਰਾ ਸੀ ਤਾਂ ਕਿ ਕੋਈ ਮਸਤਾਨਾ ਅੱਗ ਵਿੱਚ ਨਾ ਆ ਪਵੇ। ਪਰ ਅਣਹੋਣੀ ਹੋ ਗਈ। ਪਤਾ ਹੀ ਨਾ ਲੱਗਾ ਕਿ ਸੰਤ ਮੋਹਨ ਸਿੰਘ ਜੀ ਕਦੋਂ ਹਵਨ ਕੁੰਡ ਵਿਚ ਜਾ ਪਏ। ਸਾਧਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹਨਾਂ ਛੇਤੀ ਛੇਤੀ ਖਿੱਚ ਕੇ ਉਹਨਾਂ ਨੂੰ ਬਾਹਰ ਕੱਢਿਆ ਪਰ ਸਾਰੇ ਮੂੰਹ ਵਿੱਚ ਉਂਗਲਾਂ ਪਾ ਰਹੇ ਸਨ ਕਿਉਂਕਿ ਸੰਤਾਂ ਦੇ ਕਿਸੇ ਰੋਮ ਜਾਂ ਬਸਤਰ ਨੂੰ ਅੱਗ ਦਾ ਸੇਕ ਨਹੀਂ ਸੀ ਲੱਗਾ। ਪਤਾ ਨਹੀਂ ਕਿਸ ਅਲੌਕਿਕ ਸ਼ਕਤੀ ਨੇ ਸੰਤਾਂ ਦੀ ਰਾਖੀ ਕੀਤੀ ? ਸੰਤ ਹੋਕਾ ਦੇ ਰਹੇ ਸਨ ਮੈਨੂੰ ਰੱਬ ਦਾ ਦਰਸ਼ਨ ਹੋਇਆ। ਸੋਧ ਰਖੋ ਰੱਬ ਨੂੰ ਮਿਲੋ। ਉਦੋਂ ਕਈਆਂ ਨੇ ਸੋਧ ਰੱਖੀ ਸੀ।

ਸਤਿਗੁਰੂ ਜੀ ਨੇ ਅਰਜ਼ਾਂ ਸੁਣੀਆਂ, ਮੁਕੱਦਮਿਆਂ ਦੇ ਫੈਸਲੇ ਕੀਤੇ, ਜਿਸ ਨੇ ਵੀ ਵੀ ਗ਼ੈਰ ਨਾਮਧਾਰੀ ਵਲ ਲੜਕੀ ਵਿਆਹੁਣ, ਦੂਸਰੀ ਥਾਂ ਉਤੇ ਲੜਕੀ ਮੰਗਣ, ਵੱਟਾ ਕਰਨ, ਕਰਜ਼ਾ ਲੈ ਕੇ ਨਾ ਮੋੜਣ, ਮਾਸ ਸ਼ਰਾਬ ਵਰਤਣ, ਵਹਿੜਦਾ ਖੱਸੀ ਕਰਾਉਣ, ਬੁਢਾ ਪਸ਼ੂ ਕਸਾਈ ਨੂੰ ਵੇਚਣ ਤੇ ਜਥੇਦਾਰਾਂ ਦੇ ਮਰਯਾਦਾ ਵਿਚ ਨਾ ਰਹਿਣ ਦੀ ਮਨਮਤ ਵਰਤੀ ਸੀ, ਸਤਿਗੁਰੂ ਜੀ ਨੇ ਸਭ ਨੂੰ ਤਨਖਾਹ ਲਾਈ ਤੇ ਸੰਗਤ ਵਿਚ ਵੀ



Namdhari Elibrary NamdhariElibrary@gmail.com

ਸੁਣਾ ਦਿੱਤਾ ਗਿਆ।

1931 ਈ: ਗੁਰੂ ਗ੍ਰੀਬ ਨਿਵਾਜ਼ ਨੇ ਅੰਮ੍ਰਿਤਸਰ ਸੂਬਿਆਂ ਤੋਂ ਪਾਠਾਂ ਬਾਰੇ ਪੁੱਛਿਆ ਕਿਉਂਕਿ ਸਤਿਗੁਰੂ ਜੀ ਪਾਠ ਕਰਦੇ ਰਹਿਣ ਦਾ ਸਦਾ ਹੀ ਹੁਕਮ ਦੇਂਦੇ ਸਨ। ਆਪ ਦਾ ਬਚਨ ਸੀ ਕਿ ਅਵੱਲ ਤਾਂ ਹਰ ਸਿੱਖ ਪਾਠ ਕਰਾਵੇ ਪਰ ਜੇ ਕੋਈ ਇੱਕਲਾ ਨਾ ਕਰਾ ਸਕੇ ਤਾਂ ਦੋ ਰਲ ਜਾਣ। ਜੇ ਪਾਠ ਦੇ ਭੋਗ ਸਮੇਂ ਕੜਾਹ ਪਰਸ਼ਾਦ ਦੀ ਮਾਇਆ 5/–ਰੁਪਏ ਜਾਂ ਘਟੋ ਘੱਟ ਸਵਾ ਰੁਪਈਆ ਦੇਣ ਦੀ ਸਮਰਥਾ ਨਾ ਹੋਵੇ ਤਾਂ ਉਹ ਵੀ ਗੁਰੂ ਕੇ ਖਜ਼ਾਨੇ ਵਿਚੋਂ ਕੀਤਾ ਜਾਵੇਗਾ। ਹਰ ਜ਼ਿਲ੍ਹੇ ਨੂੰ ਸਾਂਝੇ ਤੌਰ ਤੇ 101 ਪਾਠ ਕਰਵਾਉਣ ਦਾ ਹੁਕਮ ਸੀ। ਵਸਾਖੀ ਤੇ 288 ਪਾਠ ਕਰਨ ਵਾਲਿਆਂ ਦੇ ਨਾਵਾਂ ਦੀ ਲਿਸਟ ਸਤਿਗੁਰੂ ਜੀ ਨੂੰ ਮੱਥਾ ਟੇਕੀ ਗਈ ਸੱਚੇ ਪਾਤਸ਼ਾਹ ਨੇ ਉਹਨਾਂ ਨੂੰ ਖੁਸ਼ੀਆਂ ਬਖ਼ਸ਼ੀਆਂ।

ਚਕਰਵਰਤੀ ਜੀ ਸਤਿਜੁਗ ਵਿੱਚ, ਸਤਿਗੁਰੂ ਜੀ ਦੇ ਦੌਰਿਆਂ, ਉਥੋਂ ਦੀਆਂ ਮੁੱਖ ਕਾਰਵਾਈਆਂ ਅਤੇ ਭਾਵ ਪੂਰਤ ਲੇਖਾਂ ਨੂੰ, ਛਾਪਦੇ ਰਹਿੰਦੇ ਸਨ।

ਲਛਮਣ ਦਾਸ ਮਨੀਰੀ ਵਾਲੀਆਂ ਨੂੰ, ਆਦਿ ਸ੍ਰੀ ਗ੍ਰੰਥ ਸਾਹਿਬ ਦੀ ਤਾਬਿਆ ਬੈਠਿਆਂ ਨੂੰ ਅਕਾਲੀਆਂ ਮਾਰ ਦਿੱਤਾ ਤੇ ਧੁਮਾ ਦਿੱਤਾ ਉਹ ਗ੍ਰੰਥ ਸਾਹਿਬ ਦੇ ਉੱਤੇ ਬੈਠਾ ਸੀ। ਪਰ ਅਸਲ ਕਾਰਨ ਇਹ ਸੀ ਕਿ ਉਹ ਅਰਦਾਸੇ ਵਿੱਚ ਬਾਬੇ ਸੰਗਤੇ ਸਤਿਗੁਰੂ ਬਾਲਕ ਸਿੰਘ ਤੇ ਸਤਿਗੁਰੂ ਰਾਮ ਸਿੰਘ ਦਾ ਨਾਂ ਲੈਂਦਾ ਸੀ, ਜਿਸ ਤੋਂ ਅਕਾਲੀ ਚਿੜ੍ਹਦੇ ਤੇ ਰੋਕਦੇ ਸਨ। ਉਸ ਦੇ ਦੋ ਸਾਥੀ ਵੀ ਜ਼ਖ਼ਮੀ ਕਰ ਦਿੱਤੇ ਗਏ ਸਨ। ਚਕਰਵਤੀ ਨੇ ਗੁਰੂ ਗ੍ਰੰਥ ਦੀ ਹਜ਼ੂਰੀ ਵਿੱਚ ਸਿੱਖ ਨੂੰ ਮਾਰਨ ਵਾਲੇ ਅਕਾਲੀਆਂ ਨੂੰ ਆਪਣੀ ਕਲਮ ਨਾਲ ਨਿੰਦਿਆਂ ਤੇ ਭੰਡਿਆ।

ਤੇਜਾ ਸਿੰਘ ਭਸੌੜੀਆ ਆਪਣੀ ਮਨਮਤ ਨੂੰ ਹੀ ਗੁਰਮਤ ਸਮਝਦਾ ਸੀ। ਉਸ ਨੇ ਪੰਚ ਖੰਡ ਦੀਵਾਨ ਬਣਾਇਆ, ਰਾਗ ਮਾਲਾ ਤੋਂ ਬਿਨਾਂ ਆਦਿ ਸ੍ਰੀ ਗ੍ਰੰਥ ਸਾਹਿਬ ਛਾਪਿਆ, ਬੀਬੀ ਨੰਦਾ ਦੇ ਪੁੱਤਰ ਸੂਰਤ ਸਿੰਘ ਨੂੰ ਮੇਲ ਕੇ, ਗੁਰੂ ਹਰੀ ਸਿੰਘ ਖਿਲਾਫ਼ ਲਿਖ ਕੇ, ਹੁਕਮਨਾਮੇ ਵਿਗਾੜੇ ਤਾਂ ਤਖਤਾਂ ਵਲੋਂ ਸਿੱਖ ਪੰਥ ਵਿਚੋਂ ਵੀ ਖ਼ਾਰਜ ਕੀਤੇ ਗਏ। ਇਹ ਸਭ ਕੁਛ ਉਸ ਨੇ ਅੰਗਰੇਜ਼ ਸ਼ਾਸਕਾਂ ਪ੍ਰਤੀ ਵਫਾਦਾਰੀ ਦਾ ਸਬੂਤ ਦੇਣ ਵਾਲਿਆਂ ਵਿੱਚ ਆਪਣੀ ਲਕੀਰ ਲੰਮੀ ਖਿੱਚਣ ਲਈ ਕੀਤਾ ਸੀ।

ਸਤਿਗੁਰੂ ਜੀ 1932 ਈ: ਤੱਕ, ਸਾਧ ਸੰਗਤ ਤੋਂ ਪਾਠ ਕਰਵਾ ਕੇ, 2600 ਪਾਠਾਂ ਦੇ, ਭੋਗ ਇੱਕ ਸਾਲ ਵਿੱਚ ਪੁਆ ਚੁੱਕੇ ਸਨ। ਸੰਗਤ ਨੂੰ ਭਜਨ ਬੰਦਗੀ ਵੱਲ ਲਾਉਣ ਲਈ ਅਤੇ ਪਾਠ ਨਾ ਕਰਨ ਦੀ ਸਮਰੱਥਾ ਰੱਖਣ ਵਾਲਿਆਂ ਤੋਂ ਨਾਮ ਜਪਾਉਣ ਲਈ ਸਤਿਗੁਰੂ ਜੀ ਨੇ ਵਰਨੀਆਂ ਕਰਨ ਦੀ ਆਗਿਆ ਕੀਤੀ। ਸਾਧ ਸਗਤ ਦੇ ਪੁੱਛਣ ਤੇ ਬਦੋ-ਮੱਲੀ ਵਰਨੀਆਂ ਕਰਨ ਬਾਰੇ ਆਪ ਨੇ ਦੱਸਿਆ ਕਿ ਅੰਮ੍ਰਿਤ ਵੇਲੇ ਜਾਗ ਕੇ, ਇਸ਼ਨਾਨ ਪਾਣੀ ਕਰਕੇ, ਉਚੇਚੇ ਧੋਤੇ ਸਫੈਦ ਬਸਤਰ ਪਹਿਨ ਕੇ, ਜਿਨ੍ਹਾਂ ਵਿੱਚ ਨੀਲੇ-ਕਾਲੇ ਰੰਗਾਂ ਦੀ ਤੰਦ ਵੀ ਨਾ ਹੋਵੇ, ਬੈਠਣਾ ਹੈ। ਪਹਿਲਾਂ ਸੇਰੋਂ ਵਧ ਕਣਕ ਦੇ ਦਾਣੇ ਰੱਖਣੇ, ਉਪਰ ਕੋਰਾ ਸੁੱਚੇ ਜਲ ਦਾ ਭਾਂਡਾ, ਉਸ ਉੱਤੇ ਨਾਰੀਅਲ ਧਰਨਾ, ਘਿਉ ਦੀ ਮੋਟੀ ਵੱਟੀ ਦੀ ਜੋਤ ਕੌਲੀ ਵਿਚ ਜਗਾਉਣੀ। ਕੋਲੇ ਮਘਾ ਕੇ



Namdhari Elibrary NamdhariElibrary@gmail.com

ਉਪਰ ਧੂਪ ਪਾਈ ਜਾਣੀ ਤਾਂਕਿ ਧੁਖਦੀ ਰਹੇ । ਸਵਾ ਰੁਪਈਆ ਗੁਰੂ ਕੀ ਗੋਲਕ ਲਈ ਰਖਣਾ । ਅਰਦਾਸਾ ਕਰਨਾ ਤੇ 25 ਮਾਲਾ ਭਜਨ ਦੀਆਂ ਕਰਨੀਆਂ ਦੋ ਲੱਖ ਇਕਾਨਵੇਂ ਹਜ਼ਾਰ ਛੇ ਸੌ ਵਾਰ ਭਜਨ ਕਰਨਾ ਵਰਨੀ ਦੇ ਅੰਤ ਤੇ ਸੀਤ ਗਰਮ ਕੜਾਹ ਪਰਸ਼ਾਦ ਵਰਤਾਉਣਾ ਪਹਿਲਾਂ ਗੁਰ ਦਰਿਆ, ਫੇਰ ਪੰਜ ਪਿਆਰੇ ਤੇ ਫੇਰ ਸੰਗਤ ਨੂੰ, ਸਭ ਨੇ ਸੁੱਚ ਦਾ ਖਿਆਲ ਰਖਣਾ ਲਾਂਗਰੀ ਤੇ ਪਹਿਰੂ ਗਿਣਤੀ ਵਿੱਚ ਨਹੀਂ ਗਿਣਨੇ ।

ਸਤਿਗੁਰੂ ਜੀ ਸੋਧ ਰੱਖਣ ਦੀ ਪ੍ਰੇਰਨਾ ਵੀ ਦੇਂਦੇ ਰਹਿੰਦੇ ਸਨ । ਆਪ ਇੱਕ ਸਾਧੂ ਦੀਆਂ ਦੋ ਤੁਕਾਂ ਸੁਣਾਉਂਦੇ ਕਿ,

ਸੋਧ ਮਾਹਿ ਹਨ ਚਾਰ ਗੁਣ, ਉੱਦਮ ਇਕ ਹਮੇਸ਼ਾ ।
ਉੱਜਲ ਵਸਤਰ, ਭੈ ਗੁਰੂ, ਲਗੇ ਨਾ ਕੋਈ ਲੇਸ ।

ਸੰਤ ਨਿਧਾਨ ਸਿੰਘ ਆਲਮ ਜੀ ਦੇ ਲੇਖ, ਅਤਿਅੰਤ ਲੋੜੀਂਦਾ ਨਿਰਨਾ, ਸਤਿਜੁਗ ਦੇ 1932 ਈ: ਨੇ ਬਸੰਤ ਅੰਕ ਵਿੱਚ ਛਪਿਆ । ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਸਤਿਗੁਰੂ ਬਾਲਕ ਸਿੰਘ ਜੀ ਨੂੰ ਗੁਰ ਗੱਦੀ ਦੇਣ ਬਾਰੇ ਬਾ-ਦਲੀਲ ਤੇ ਵਿਸਤਾਰ ਨਾਲ ਲਿਖਿਆ ਸੀ । ਖਾਲਸਾ ਸਮਾਚਾਰ ਦੇ ਭਾਈ ਵੀਰ ਸਿੰਘ ਤੇ ਭਾਈ ਸੇਵਾ ਸਿੰਘ ਨੇ ਇਸ ਦਾ ਜਵਾਬ ਲਿਖਿਆ ਫਿਰ ਉਸ ਦਾ ਜਵਾਬ ਆਲਮ ਜੀ ਨੇ ਦਿੱਤਾ ਦੁਬਾਰਾ ਫਿਰ ਲਿਖਤ ਦਾ ਉੱਤਰ ਆਲਮ ਨੇ ਦਿੱਤਾ ਕਿ ਗੁਰੂ ਨਾਨਕ ਦੀ ਗੱਦੀ ਚਲਦੀ ਹੈ ਤੇ ਗੁਰੂ ਦੇਹਧਾਰੀ ਹੀ ਹੈ । ਇਹ ਪੁਸਤਕਾਂ, ਗੁਰੂ ਪਦ ਨਿਰਣੇ ਭਾਈ ਸੇਵਾ ਸਿੰਘ ਵਲੋਂ ਤੇ ਗੁਰੂ ਪਦ ਪ੍ਰਕਾਸ਼ ਸੰਤ ਨਿਧਾਨ ਸਿੰਘ ਆਲਮ ਦੇ ਪ੍ਰਸ਼ਨਾਂ ਉੱਤਰਾਂ ਦੀਆਂ, ਛਪੀਆਂ । ਜਿਸ ਨਾਲ ਆਮ ਸਿੱਖ ਦੇ ਗਿਆਨ ਵਿੱਚ ਤਾਂ ਵਾਧਾ ਹੋਇਆ ।

ਸਤਿਗੁਰੂ ਜੀ ਨੇ ਸੰਗਤ ਦੀ ਅਰਜ਼ ਮੰਨ ਹਜ਼ਰੋਂ ਕੈਮਲ ਪੁਰ ਬਸੰਤ ਦਾ ਮੇਲਾ ਕੀਤਾ । ਬਾਬਾ ਸੰਗਤਾਂ ਤੇ ਸਤਿਗੁਰੂ ਬਾਲਕ ਸਿੰਘ ਦੀ ਸੰਗਤ ਨੂੰ ਨਿਹਾਲ ਕਰਕੇ ਭੇਟਾ ਕਬੂਲ ਕਰਕੇ ਰਾਵਲ ਪਿੰਡੀ ਪਹੁੰਚੇ ਉਥੋਂ ਗੁਜਰਾਂਵਾਲੇ ਤੇ ਫਿਰ ਭੈਣੀ ਸਾਹਿਬ ਆ ਗਏ ।

ਆਪ ਨੇ ਸਤਿਜੁਗ ਵਿੱਚ ਛਪਵਾਇਆ ਕਿ ਹੋਲੇ ਤੇ ਸੰਗਤ ਹੁੰਮਹੁੰਮਾਂ ਕੇ ਦਰਸ਼ਨ ਦੇਵੇ । ਦੂਰੋਂ ਨੇੜਿਓਂ ਜਥੇਦਾਰ ਵੱਜਦੇ ਆਉਣ ਪੈਦਲ, ਰਾਹ ਵਿੱਚ ਪ੍ਰਚਾਰ ਹੁੰਦਾ ਰਹੇ, ਜਿਹੜਾ ਭਜਨ ਪੁੱਛੇ ਉਸ ਦਾ ਹੀ ਅੰਨ ਜਲ ਛਕਿਆ ਜਾਵੇ, ਦੇਹਧਾਰੀ ਗੁਰੂ ਦਾ ਪਰਚਾਰ ਕੀਤਾ ਜਾਵੇ । ਕਿਸੇ ਭੇਸ ਦੀ ਵੀ ਨਿੰਦਿਆ ਨਾ ਕੀਤੀ ਜਾਵੇ, ਦੁਰਬਚਨ ਕਰਕੇ ਜਾਂ ਭੈੜਾ ਵਰਤਾ ਕਰਕੇ ਕਿਸੇ ਦਾ ਹਿਰਦਾ ਨਾ ਦੁਖਾਇਆ ਜਾਵੇ, ਨਾਮਧਾਰੀ ਪਹਿਰਾਵਾ ਰੱਖਿਆ ਜਾਵੇ, ਬਰਤਾਨਵੀ ਗੱਡੀਆਂ ਉੱਤੇ ਕਰਾਏ ਭਾੜੇ ਲਈ ਖਰਚਣ ਦਾ ਪੈਸਾ ਬਚਾਇਆ ਜਾਵੇ । ਆਪਣੇ ਘਰ ਪ੍ਰਤੀ ਇੱਕ ਰੁਪਈਆ ਉਗਰਾਈ ਲੈ ਕੇ ਆਉਣ ਦਾ ਵੀ ਹੁਕਮ ਲਾਇਆ ਗਿਆ ।

ਇਸ ਹੋਲੇ ਤੇ ਬੜੀ ਦੂਰੋਂ-ਦੂਰੋਂ ਸੰਗਤ ਆਈ । ਸਭ ਉੱਘੇ ਪਰਚਾਰਕ ਵੀ ਆਏ । ਹਜ਼ਰੋ ਤੋਂ ਸਤਿਗੁਰੂ ਬਾਲਕ ਸਿੰਘ ਦੇ ਇਲਾਕੇ ਦੀ ਕਾਰ ਸੰਭਾਲਣ ਵਾਲੇ ਬਾਬਾ ਭਗਵਾਨ ਦਾਸ ਜੀ ਨੇ ਉਚੇਚੇ ਸੰਗਤ ਨਾਲ ਦਰਸ਼ਨ ਕਰਕੇ, ਸਤਿਗੁਰੂ ਜੀ ਨੂੰ, 101 ਰੁਪਈਏ ਤੇ ਪਸ਼ਮੀਨੇ ਦੀ ਚਾਦਰ ਭੇਟ ਕੀਤੀ । ਮਹਾਰਾਜ ਨਿਹਾਲ ਸਿੰਘ ਤੇ



Namdhari Elibrary NamdhariElibrary@gmail.com

ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ ਵੀ ਰਿਹਾ ਹੋ ਕੇ ਆ ਗਏ ਸਨ । ਸੰਤਾਂ ਪਰਚਾਰ ਕੀਤਾ ਕਿ ਅੰਗਰੇਜ਼ ਦਾ ਜਾਣ ਦਾ ਸਮਾਂ ਨੇੜੇ ਹੈ, ਤੁਸੀਂ ਭਜਨ ਕਰੋ ਤੇ ਅੰਗਰੇਜ ਦਾ ਨਾ ਮਿਲਵਰਤਣ ਜ਼ਾਰੀ ਰੱਖੋ ।

ਨਾਮਧਾਰੀ ਦਰਬਾਰ ਦੀਆਂ ਨਿਯੁਕਤੀਆਂ ਸਮੇਂ ਸ੍ਰ. ਲਛਮਣ ਸਿੰਘ ਪ੍ਰਧਾਨ, ਦਇਆ ਸਿੰਘ ਕਕੜ ਮੀਤ ਪ੍ਰਧਾਨ ਤੇ ਸੰਤ ਇੰਦਰ ਸਿੰਘ ਚਕਰਵਰਤੀ, ਸਕੱਤਰ ਬਣਾਏ ਗਏ । ਏਥੇ ਇਨਾਮੀ ਕਵੀ ਦਰਬਾਰ ਵੀ ਕੀਤਾ ਗਿਆ ।

1933 ਈ: ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਨੇ ਲਖਨਊ ਦੀ ਸੰਗਤ ਨੂੰ ਦਰਸ਼ਨ ਦਿੱਤੇ । ਸਟੇਸ਼ਨ ਤੇ ਹੀ ਅਕਾਲੀਆਂ ਅਤੇ ਹੋਰ ਸਿੱਖ ਸੰਗਤਾਂ ਆਪ ਜੀ ਦਾ ਸੁਆਗਤ ਕੀਤਾ । ਆਪ ਦੋ ਦਿਨ ਉੱਥੇ ਰਹੇ ਫਿਰ ਆਪ ਝਾਂਸੀ ਦੀ ਸੰਗਤ ਨੂੰ, ਰਾਤ ਸਿੰਘ ਸਭਾ ਦੇ ਗੁਰਦੁਆਰੇ ਦੀਵਾਨ ਲਾ, ਦਰਸ਼ਨ ਦੇ ਮਨਮਾੜ ਗਏ । ਮਨਮਾੜ ਉਹ ਇਤਿਹਾਸ ਥਾਂ ਹੈ ਜਿਥੇ, ਪੂਨੇ ਸਿਤਾਰੇ ਦੇ ਕਿਲ੍ਹੇ ਵਿਚੋਂ, 1708 ਈ: ਦੇ ਨਰ ਨਾਟਕ ਤੋਂ ਬਾਅਦ, ਬਾਲਾ ਰਾਉ ਤੇ ਰੁਸਤਮ ਰਾਉ ਨੂੰ ਕੱਢ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਛੱਡਿਆ ਸੀ ਤੇ ਸੰਗਤਾਂ ਨੂੰ ਨੰਦੇੜ ਜਾ ਕੇ ਧਰਵਾਸ ਦੇਣ ਦਾ ਹੁਕਮ ਕੀਤਾ ਸੀ ।

ਏਥੋਂ ਸੱਚੇ ਪਾਤਸ਼ਾਹ ਜੀ ਹਜ਼ੂਰ ਸਾਹਿਬ ਪਹੁੰਚੇ । ਆਪ ਜੀ ਦੇ ਸੁਆਗਤ ਲਈ, ਬਾਬਾ ਨਿਧਾਨ ਸਿੰਘ ਵੱਲੋਂ ਉਹਨਾਂ ਦੇ ਸੇਵਕ ਸੰਤ ਹਰਨਾਮ ਸਿੰਘ ਜੀ ਲਾਰੀ ਟਾਂਗੇ ਲੈ ਕੇ ਸਟੇਸ਼ਨ ਪਹੁੰਚੇ । ਤਖ਼ਤ ਵੱਲੋਂ ਸਤਿਗੁਰੂ ਜੀ ਨੂੰ ਸਰੋਪਾ ਭੇਟ ਕੀਤਾ ਗਿਆ । ਸਿੰਘਾਂ ਮਾਣ ਸਤਿਕਾਰ ਕੀਤਾ । ਚਕਰਵਰਤੀ ਨੇ ਸੰਗਤਾਂ ਦਾ ਧੰਨਵਾਦ ਕੀਤਾ ਤੇ ਏਥੋਂ ਵਾਲੀ ਰਹਿਤ ਰੱਖਣ ਦੀ ਸਭ ਨੂੰ ਤਾਕੀਦ ਕੀਤੀ ।

ਸ੍ਰੀ ਭੈਣੀ ਸਾਹਿਬ ਆ ਕੇ ਹਰ ਸਾਲ ਦੀ ਤਰ੍ਹਾਂ ਚਲੀਹਾ ਸ਼ੁਰੂ ਕੀਤਾ । ਇਸ ਚਲੀਹੇ ਸਮੇਂ 8-9 ਅਸੂ ਨੂੰ ਸੰਗੀਤ ਸੰਮੇਲਨ ਕਰਨ ਦਾ ਪਰੋਗਰਾਮ ਸਤਿਜੁਗ ਵਿੱਚ ਛਪਵਾਇਆ ਗਿਆ । ਰਾਗੀਆਂ ਨੂੰ ਉਚੇਚੇ ਸਦੇ ਪੱਤਰ ਵੀ ਭੇਜੇ ਗਏ ਸਨ ! ਸ੍ਰੀ ਭੈਣੀ ਸਾਹਿਬ ਪਹੁੰਚਣ ਦਾ ਰਾਹ ਪਤਾ ਵੀ ਛਾਪਿਆ ਗਿਆ । ਹੋਰ ਅਖਬਾਰਾਂ ਵਿੱਚ ਵੀ ਇਹ ਸਦਾ ਪੱਤਰ ਛਪੇ । ਤਰਨ ਸਿੰਘ ਵਹਿਮੀ ਅਨੁਸਾਰ ਸੰਗੀਤ ਸੰਮੇਲਨ ਦਾ ਪ੍ਰੋਗਰਾਮ ਇੰਜ ਉਲੀਕਿਆ ਗਿਆ ।

"ਇਹ ਸੰਗੀਤ ਸੰਮੇਲਨ ਸਤਿਗੁਰੂ ਜੀ ਸਤਾਰ, ਰਬਾਬ, ਸਾਰੰਦਾ, ਤਾਊਸ, ਵੀਣਾ, ਸਰੋਦ ਆਦਿ ਪੁਰਾਤਨ ਸਾਜ, ਰਾਗ ਜੋਗ ਗੁੰਮ ਹੁੰਦੇ ਜਾਣ, ਸੁਰਜੀਤ ਰੱਖਣ ਲਈ ਕਰਨਾ ਚਾਹਿਆ, ਤੇ ਉਸਦੇ ਨੇਮ ਰਾਗੀਆਂ ਜੋਗ ਇਹ ਰੱਖੇ ।

1. ਜੋ ਸ਼ਬਦ ਜਿਸ ਰਾਗ ਵਿਚ ਗ੍ਰੰਥ ਸਾਹਿਬ ਵਿੱਚ ਹੈ ਉਸੇ ਵਿੱਚ ਗਾਵਿਆ ਜਾਵੇ ।

2. ਵਾਜਾ ਸਾਰੰਗੀ ਨਹੀਂ ਵਜੇਗਾ । ਉਪਰ ਲਿਖੇ ਸਾਜ ਵਿੱਚੋਂ ਕੋਈ ਹੋਵੇ ਤੇ ਗੁਰਬਾਣੀ ਸ਼ੁਧ ਪੜ੍ਹੀ ਜਾਵੇ ।

3. ਤਿੰਨ ਇਨਾਮ ਹੋਣਗੇ ਘੋੜਾ, ਮੱਝ, ਗਊ ।

4. ਰਾਗੀ ਸੱਦੇ ਦਿੱਤੇ ਵਾਲੇ ਹੀ ਆਉਣ । ਕਿਰਾਇਆ ਦਿੱਤਾ ਜਾਵੇਗਾ, ਜੋੜੀ



Namdhari Elibrary NamdhariElibrary@gmail.com

ਲ, ਦੋ ਤੋਂ ਵੱਧ ਨਾ ਹੋਣ।

5. ਸੱਦਾ ਪੱਤਰ ਸਾਥ ਲਈ ਆਉਣ ਤੇ ਕਿਰਾਇਆ ਮਿਲੇਗਾ।

6. ਜੋ-ਜੋ ਰਾਗੀ ਇਸ ਸੰਮੇਲਨ ਤੇ ਪੁੱਜਣਾ ਚਾਹੁਣ 20 ਭਾਦਰੋਂ ਤੱਕ ਆਪਣਾ ਤਾ ਭੈਣੀ ਸਾਹਿਬ ਐਡੀਟਰ ਸਤਿਜੁਗ ਨੂੰ ਦੇਣ।

7. ਇਨਾਮਾਂ ਦਾ ਫ਼ੈਸਲਾ ਜਜਾਂ ਰਾਹੀਂ ਹੋਵੇਗਾ ਜੋ ਸੰਗੀਤ ਦੇ ਮਾਹਿਰ ਤੇ ਰਪੱਖ ਹੋਣਗੇ।" —ਜੱਸ ਜੀਵਨ-ਦੂਜਾ ਭਾਗ

ਸਤਿਗੁਰੂ ਜੀ ਆਪ ਵੀ ਸੰਗੀਤ ਵਿੱਦਿਆ ਦੇ ਮਾਹਿਰ ਸਨ। ਭਾਵੇਂ ਆਪ ਨੂੰ ਹੂ ਵਿੱਚ ਹੀ ਸਾਧ ਸੰਗਤ ਵਿਚ ਕੀਰਤਨ ਸੁਣਨ ਨਾਲ, ਤੀਖਣ ਬੁੱਧੀ ਹੋਣ ਕਰਕੇ, ਸੰਗੀਤ ਦੀ ਸੋਝੀ ਸੀ। ਆਪ ਨੇ ਸੰਗੀਤ ਵਿੱਚ ਨਿਪੁੰਣਤਾ ਹਾਸਲ ਕਰਨ ਲਈ ਟਿਆਲੇ ਦੇ ਸੰਗੀਤ ਅਚਾਰਿਆ ਭਾਈ ਮਸਤਾਨ ਸਿੰਘ ਕੋਲੋਂ ਦਿਲਰੁਬਾ ਨੂੰ ਵਜਦ 'ਚ ਲਿਆਉਣਾ ਸਿੱਖਿਆ। ਭਾਈ ਕਾਲੂ ਜੀ ਵੀ ਆਪ ਨੂੰ ਸੰਗੀਤ ਵਿੱਦਿਆ ਦੇਣ ਲੇ ਸਨ। ਆਪ ਦਰਵੇਸ਼ ਤੇ ਉਸਤਾਦ ਕਲਾਕਾਰਾਂ ਨੂੰ ਬੁਲਾ ਕੇ ਉਹਨਾਂ ਕੋਲੋਂ ਗੀਤ ਸੁਣ ਕੇ ਉਹਨਾਂ ਦੀ ਤੇ ਆਪਣੀ ਸੰਤੁਸ਼ਟੀ ਕਰਦੇ ਸਨ। ਆਪ ਖ਼ੁਦ ਵੀ ਤੰਤੂ ਜ਼ ਤੇ ਪਖਾਵਜ਼ ਵਾਦਨ ਵਿਚ ਕੁਸ਼ਲ ਸਨ। ਆਪ ਕਠਿਨ ਵਿਲੰਭਤ ਲੈਅ ਨੂੰ ਬੜਾ ਜ਼ਾ ਲੈ ਬਧ ਕਰਕੇ ਵਜਾ ਲੈਂਦੇ ਸਨ। ਧਮਾਰ, ਤੀਨ ਤਾਲ ਤੇ ਪੰਜਾਬੀ ਠੇਕਾ ਆਪ ਮਨ ਭਾਉਂਦੇ ਤਾਲ ਸਨ।

ਸੰਗੀਤ ਨੂੰ ਅਮੁੱਲੀ ਦਾਤ ਮੰਨ ਕੇ ਹੀ ਆਪ ਨੇ ਸ੍ਰੀ ਭੈਣੀ ਸਾਹਿਬ ਦੇ ਵਿਦਿਆਲੇ ਵਿਦਿਆਰਥੀਆਂ ਨੂੰ ਇਹ ਅਮੁੱਲੀ ਵਿੱਦਿਆ ਸਿਖਾਉਣ ਲਈ, ਪ੍ਰਬੀਨ ਸੰਗੀਤਕਾਰ ਈ ਹਰਨਾਮ ਸਿੰਘ ਚਵਿੰਡੇ ਵਾਲਿਆਂ ਤੇ ਉਸਤਾਦ ਉਦੋ ਖਾਂ ਨੂੰ ਰੱਖਿਆ। ਤਾਦ ਜੀ ਦੇ ਪੁੱਤਰ ਰਹੀਮ ਬਖ਼ਸ਼, ਭਾਈ ਤਾਬੂੰ, ਭਾਈ ਨਸੀਰ ਬੱਚਿਆਂ ਦੇ ੜੇ ਸੁਰ ਕਰਦੇ ਹੁੰਦੇ ਹਨ।

ਆਪ ਖ਼ੁਦ ਬੱਚਿਆਂ ਦੀ ਪ੍ਰੀਖਿਆ ਲਿਆ ਕਰਦੇ ਸਨ। ਇਸ ਪ੍ਰੀਖਿਆ ਲਈ ਪ ਸੁਰ, ਤਾਲ, ਸ਼ਬਦ ਤੇ ਲੈ—ਚੋਹਾਂ ਨੇਮਾਂ ਅਨੁਸਾਰ ਉਹਨਾਂ ਦੀ ਪਰਖ ਕਰਦੇ, ਬਰ ਲਾਉਂਦੇ ਤੇ ਨਤੀਜੇ ਕੱਢਦੇ ਸਨ।

ਇਸ ਸੰਮੇਲਨ ਦੀ ਵੱਡੀ ਮਹਾਨਤਾ ਇਹ ਸੀ ਕਿ ਗੁਰਬਾਣੀ ਦੇ ਗਾਇਨ ਨੂੰ ਤੁਕ ਰ ਤੇ ਨੇਮ ਬਧ ਕਰਨ ਲਈ ਆਪ ਨੇ ਪਹਿਲ ਕੀਤੀ। ਸੰਗੀਤ ਸੰਮੇਲਨ ਵੀ ਆਪ ' ਉੱਤਮ ਕਲਾਕਾਰਾਂ ਨੂੰ ਨਿਵਾਜਣ ਤੇ ਕਲਾ ਪ੍ਰੇਮੀਆਂ ਨੂੰ ਇਕੱਠੇ ਕਰਕੇ ਬਿਠਾਉਣ ' ਇਕ ਵਸੀਲਾ ਸੀ।

ਇਹਨੀਂ ਦਿਨੀਂ ਹੀ ਪੰਜਾਬ ਦੇ ਵਜ਼ੀਰ ਸਰ ਜੁਗਿੰਦਰ ਸਿੰਘ ਤੇ ਗੋਪੀਚੰਦ ਰੰਗ ਆਪਣੇ ਕੁਝ ਅਫ਼ਸਰਾਂ ਨਾਲ ਦਰਸ਼ਨ ਕਰਨ ਆਏ। ਉਹਨਾਂ ਗਊ ਸ਼ਾਲਾ, ਅਸਤਬਲ ਦੇਖਿਆ, ਸੰਗੀਤਕਾਰ ਬੱਚਿਆਂ ਦੇ ਦੋ ਸ਼ਬਦ ਸੁਣੇ ਤੇ ਜਲ, ਫਲ, ਦਿਰ ਛਕਿਆ। ਸਤਿਗੁਰੂ ਜੀ ਨੇ ਉਹਨਾਂ ਨੂੰ ਸਤਿਜੁਗ ਦਾ ਬਸੰਤ ਨੰਬਰ ਅਤੇ ਟਕੇ ਦੇਣ ਦੀ ਕ੍ਰਿਪਾ ਕੀਤੀ। ਉਹਨਾਂ ਸੇਵਾ ਕਰਦੇ ਬੱਚਿਆਂ ਨੂੰ ਤੱਕਿਆ ਤੇ ਗੀਤ ਸੰਮੇਲਨ ਤੇ ਦੁਬਾਰਾ ਆਉਣ ਦਾ ਇਕਰਾਰ ਕਰਕੇ ਨਮਸਕਾਰ ਕਰਕੇ



Namdhari Elibrary NamdhariElibrary@gmail.com

ਵਿਦਿਆ ਹੋਏ ।

ਸਤਿਗੁਰੂ ਜੀ ਨੇ ਚਲੀਹੇ, ਨੇਮ ਦਾ ਭੋਗ, ਹਵਨ ਕਰਕੇ ਪਾਠਾਂ ਦਾ ਭੋਗ ਪਾ ਕੇ, ਕੜਾਹ ਪਰਸਾਦ ਵਰਤਾ ਕੇ ਪਹਿਲਾਂ ਹੀ ਭੋਗ ਪਾ ਲਿਆ ਤਾਂਕਿ ਪੂਰਾ ਸਮਾਂ ਸੰਗੀਤ ਸੰਮੇਲਨ ਨੂੰ ਦਿੱਤਾ ਜਾ ਸੱਕੇ ।

ਇਸ ਸੰਮੇਲਨ ਨੂੰ ਵੇਖਣ ਸੁਣਨ ਲਈ ਬਹੁਤ ਸਾਰੇ ਮਹਤਵਪੂਰਨ ਵਿਅਕਤੀ ਸ੍ਰੀ ਭੈਣੀ ਸਾਹਿਬ ਪਧਾਰੇ ਜਿਨ੍ਹਾਂ ਵਿੱਚੋਂ ਕੁਝ ਸਨ, ਭਾਈ ਕਾਨ੍ਹ ਸਿੰਘ ਨਾਭਾ, ਸਰਦਾਰ ਮੁਕੰਦ ਸਿੰਘ ਰਈਸ ਸ਼ਿਮਲਾ, ਸੰਤ ਹੀਰਾ ਸਿੰਘ ਲਲਿਆਣੀ, ਬਾਬਾ ਦਿਆਲ ਸਿੰਘ ਪਟਿਆਲਾ, ਭਾਈ ਅਰਜਨ ਸਿੰਘ ਬਾਗੜੀਆਂ, ਮਾਸਟਰ ਤਾਰਾ ਸਿੰਘ, ਗਿਆਨੀ ਸੇਰ ਸਿੰਘ, ਪ੍ਰਿੰ. ਗੰਗਾ ਸਿੰਘ, ਹੀਰਾ ਸਿੰਘ ਦਰਦ, ਅਵਤਾਰ ਸਿੰਘ ਅਜ਼ਾਦ, ਚਰਨ ਸਿੰਘ ਸਹੀਦ, ਗੁਪਾਲ ਸਿੰਘ ਕੌਮੀ, ਧਨੀ ਰਾਮ ਚਾਤ੍ਰਿਕ, ਵਿਧਾਤਾ ਸਿੰਘ ਤੀਰ, ਸਿੰਗਾਰਾ ਸਿੰਘ ਮਿਉਂਨਿਸਪਲ ਕਮਿਸ਼ਨਰ ਲਖਨਊ, ਅਮਰ ਸਿੰਘ ਓਵਰਸੀਅਰ, ਅਰੂੜ ਸਿੰਘ ਐਸ. ਡੀ. ਓ., ਸਰ ਜੁਗਿੰਦਰ ਸਿੰਘ, ਗੋਕਲ ਚੰਦ ਨਾਰੰਗ । ਬਾਬਾ ਸਾਵਣ ਸਿੰਘ ਜੀ ਰਾਧਾ ਸੁਆਮੀ ਬਿਆਸ ਸ੍ਰੀ ਸਾਹਿਬ ਮਹਾਰਾਜ ਜੀ ਦਿਆਲ ਬਾਗ, ਆਗਰਾ, ਰਾਗੀ ਭਾਈ ਲਾਲ ਤੇ ਸੁੰਦਰ ਜੀ । ਇਹਨਾਂ ਵਿੱਚੋਂ ਪਹਿਲੇ ਚਹੁੰ ਨੂੰ ਜੱਜ ਬਣਾਇਆ ਗਿਆ । ਭਾਈ ਮਲੰਗ ਤੇ ਭਾਈ ਨਸੀਰ ਇਸ ਸੰਮੇਲਨ ਦੇ ਪਖਾਵਜ ਸਨ ।

ਦੋ ਦਿਨ ਸੰਗੀਤ ਮੁਕਾਬਲੇ ਵਿਚ ਰਾਗੀ ਆਪਣੀ ਕਲਾ ਦੇ ਜੌਹਰ ਵਿਖਾਉਂਦੇ ਰਹੇ । ਹਰ ਇੱਕ ਨੂੰ ਪਹਿਲਾਂ ਗਾਏ ਜਾਣ ਵਾਲਾ ਸ਼ਬਦ ਸਹੀ ਉਚਾਰਣ ਨਾਲ ਪੜ੍ਹਨਾ ਹੁੰਦਾ ਸੀ । ਉਸ ਤੋਂ ਬਾਅਦ ਗਾ ਕੇ ਸੁਣਾਉਣਾ ਸੀ ।

ਇਸ ਸੰਮੇਲਨ ਵਿੱਚ ਪਹਿਲਾ ਇਨਾਮ ਭਾਈ ਹਰਨਾਮ ਸਿੰਘ ਠੱਟਾ ਰਿਆਸਤ ਕਪੂਰਥਲਾ, ਦੂਜਾ ਭਾਈ ਲਾਲ ਜੀ ਰਬਾਬੀ ਅੰਮ੍ਰਿਤਸਰ ਤੇ ਤੀਜਾ ਭਾਈ ਸਮੁੰਦ ਸਿੰਘ ਜੀ ਰਾਗੀ ਨਨਕਾਣਾ ਸਾਹਿਬ ਨੂੰ ਦਿੱਤਾ ਗਿਆ ।

ਸਾਰੇ ਸੰਮੇਲਨ ਵਿਚ ਹਿੱਸਾ ਲੈਣ ਆਏ, ਹਰ ਇੱਕ ਰਾਗੀ ਜੋੜੀ ਨੂੰ ਸਤਿਗੁਰਾਂ ਨੇ ਤੋਰਨ ਲਗਿਆਂ ਹੋਰ ਵੀ ਉਦਾਰਤਾ ਵਿਖਾਈ ਜਦੋਂ ਕਿ ਉਹਨਾਂ ਨੂੰ ਇੱਕ ਇੱਕ ਗਾਂ ਦਿੱਤੀ ।

ਇਹ ਸੰਮੇਲਨ ਕਰਨ ਦਾ ਕਾਰਨ ਭਾਈ ਗੁਰਚਰਨ ਸਿੰਘ ਕੰਵਲ, ਹਜ਼ੂਰੀ ਰਾਗੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਤਰ੍ਹਾਂ ਲਿਖਿਆ ਹੈ,

"ਇਸ ਸਮਾਗਮ ਦੇ ਕਰਨ ਦਾ ਵੀ ਮਹਾਰਾਜ ਜੀ ਨੂੰ ਏਸੇ ਲਈ ਖਿਆਲ ਆਇਆ ਸੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿੱਚ ਸਤਿਗੁਰੂ ਸਾਹਿਬਾਨ ਦੇ ਵਕਤ ਤੋਂ ਗੁਰਮਤਿ ਕੀਰਤਨ ਦੀ ਚੱਲੀ ਆ ਰਹੀ ਮਰਯਾਦਾ ਨੂੰ ਜੀਵਤ ਰੱਖਣਾ ਚਾਹੁੰਦੇ ਸਨ । ਇਸੇ ਮੰਤਵ ਲਈ ਉਹ ਸਦਾ ਹੀ ਵਿਦਵਾਨ ਰਾਗੀ ਸਿੰਘਾਂ ਦੀ ਹੌਸਲਾ ਅਫਜਾਈ ਕਰਦੇ ਰਹਿੰਦੇ ਸਨ । ਉਸ ਸਮਾਗਮ ਵਿੱਚ ਕੀਰਤਨੀਆਂ ਨੂੰ ਵਿਦਵਾਨ ਬਣਨ ਦੀ ਪ੍ਰੇਰਨਾ ਦਾ ਹੀ ਸੰਕਲਪ ਸੀ ।"

—ਵਡ ਪਰਤਾਪੁ ਅਚਰਜ ਰੂਪ

ਇਸ ਸੰਮੇਲਨ ਦੀ ਕਾਮਯਾਬੀ ਦਾ ਡੰਕਾ ਸਾਰੇ ਗੁਰਮਤ ਸੰਗੀਤਕਾਰਾਂ ਵਿੱਚ ਵੱਜਾ ।



Namdhari Elibrary NamdhariElibrary@gmail.com

# ਖਾਰੇ ਸਮੁੰਦਰੋਂ ਪਾਰ–ਸਿਆਮ

ਸਤਿਗੁਰੂ ਪਰਤਾਪ ਸਿੰਘ ਜੀ ਦੇ ਸ਼ਰਧਾਵਾਨ ਸਿੱਖ, ਸੇਠ ਲਧਾ ਸਿੰਘ, ਫਿਲੌਕੇ, ਗੁਜਰਾਂਵਾਲਾ, ਸਿਆਮ ਚਲੇ ਗਏ ਸਨ। ਉੱਥੇ ਉਹਨਾਂ ਮਿਹਨਤ ਕਰਕੇ ਆਪਣਾ ਵਧੀਆ ਕਾਰੋਬਾਰ ਸਥਾਪਤ ਕਰ ਲਿਆ ਸੀ। ਉਹਨਾਂ ਦੀ ਬੇਨਤੀ ਪ੍ਰਵਾਨ ਕਰਕੇ ਆਪ ਨੇ ਨਵੰਬਰ 1933 ਈ: ਵਿੱਚ ਸ੍ਰੀ ਭੈਣੀ ਸਾਹਿਬ ਤੋਂ ਸਿਆਮ ਲਈ, ਕਮਰ ਕੱਸੇ ਕੀਤੇ। ਆਪ ਜੀ ਦੇ ਜਥੇ ਵਿੱਚ ਮਾਤਾ ਜੀਵਨ ਕੌਰ ਸਣੇ 22 ਸਰੀਰ ਸਨ; ਜਿਨ੍ਹਾਂ ਵਿੱਚ ਜਥੇਦਾਰ, ਪਰਚਾਰਕ, ਕੀਰਤਨੀਏ, ਭਜਨੀਕ ਤੇ ਹੋਰ ਸਿੱਖ ਸੇਵਕ ਸ਼ਾਮਲ ਸਨ। ਆਪ ਅਲਾਹਾਬਾਦ ਤੋਂ ਅੱਗੇ ਕਾਂਸੀ ਦੇ ਪੰਡਤ ਸੰਤ ਸਿੰਘ ਦੀ ਪਾਠਸ਼ਾਲਾ ਵਿੱਚ ਦਰਸ਼ਨ ਦੇ ਕੇ ਪਟਨੇ ਪਹੁੰਚੇ। ਉੱਥੇ ਮੈਂ ਵੀ, ਸੰਗਤ ਅਤੇ ਗਊ ਘਾਟ ਦੇ ਗੁਰਦੁਆਰਿਆਂ ਵਿੱਚ ਆਪ ਦਾ ਭਰਪੂਰ ਆਦਰ ਮਾਣ ਹੋਇਆ। ਆਪ ਜਗਨਨਾਥ ਪੁਰੀ ਤੋਂ ਹੋ ਕੇ ਕਲਕਤੇ ਪਹੁੰਚੇ ਜਿੱਥੇ ਸ: ਨਿਰੰਜਨ ਸਿੰਘ ਤਾਲਬ ਅਤੇ ਹੋਰ ਸਿੱਖਾਂ ਨੇ ਆਪ ਨੂੰ, ਜੀ ਆਇਆਂ ਨੂੰ, ਕਿਹਾ।

ਆਪ ਨੂੰ ਪਤਾ ਲੱਗਾ ਕਿ ਕਲਕਤੇ ਦੇ ਸਿੱਖ ਧੜੇਬੰਦੀ ਦਾ ਸ਼ਿਕਾਰ ਹਨ। ਇਹ ਵਖਰੀ ਗੱਲ ਸੀ ਕਿ ਆਪ ਜੀ ਦੇ ਬਚਨ ਅਤੇ ਨਾਮਧਾਰੀ ਦਿਵਾਨ ਸਾਰੇ ਹੀ ਇਕਾਗਰ ਚਿੱਤ ਹੋ ਕੇ ਸੁਣਦੇ ਸਨ। ਕੁਝ ਸਿੱਖਾਂ ਆਪ ਜੀ ਦੀ ਮਰਯਾਦਾ ਤੋਂ ਪ੍ਰਭਾਵਤ ਹੋ ਕੇ ਭਜਨ ਵੀ ਪੁੱਛਿਆ ਸੀ। ਸਤਿਗੁਰੂ ਜੀ ਨੇ ਦਿਵਾਨ ਤੋਂ ਬਾਅਦ ਦੋਹਾਂ ਧਿਰਾਂ ਨੂੰ ਇਕੱਠਿਆਂ ਬਿਠਾਇਆ, ਉਹਨਾਂ ਨੇ ਇੱਕ ਦੂਜੇ ਨੂੰ ਚੁੱਕ ਚੁੱਕ ਦੇ ਕੁਰਸੀਆਂ ਮਾਰਨ ਵਾਲਿਆਂ ਨੂੰ ਸਮਝਾਇਆ, ਉਹਨਾਂ ਦੇ ਮੱਤ ਭੇਦ ਦੂਰ ਕੀਤੇ ਅਤੇ ਸੁਲ੍ਹਾ ਕਰਵਾਈ। ਦੋਹਾਂ ਧਿਰਾਂ ਨੇ ਆਪ ਜੀ ਦੇ ਇਸ ਪਰਉਪਕਾਰ ਕਰਕੇ ਆਪ ਦਾ ਕੋਟਾਨ ਕੋਟ ਧੰਨਵਾਦ ਕੀਤਾ।

ਉਸ ਤੋਂ ਅਗਲਾ ਸਫਰ ਸਮੁੰਦਰੀ ਜਹਾਜ਼ ਦਾ ਸੀ। ਆਪ ਤਿੰਨ ਦਿਨ ਸਮੁੰਦਰੀ ਜਹਾਜ਼ ਵਿੱਚ ਸਫ਼ਰ ਕਰਕੇ, ਖਾਰੇ ਪਾਣੀ ਨੂੰ ਲਤਾੜਦੇ ਹੋਏ; ਆਪਣੀ ਸੁੱਚ ਸੋਧ, ਇਸ਼ਨਾਨ ਪਾਣੀ ਦੀ ਮਰਿਆਦਾ ਕਾਇਮ ਰਖਦੇ ਹੋਏ ਰੰਗੂਨ ਪਹੁੰਚੇ। ਸੰਤ ਖੜਗ ਸਿੰਘ ਜੀ ਸੇਖਵਾਂ ਅਤੇ ਹੋਰ ਸੱਜਣ ਆਪ ਜੀ ਦੇ ਸੁਆਗਤ ਲਈ ਉੱਥੇ ਪਹਿਲਾਂ ਹੀ ਪਹੁੰਚੇ



Namdhari Elibrary NamdhariElibrary@gmail.com

ਹੋਏ ਸਨ। ਉਹ ਆਪ ਨੂੰ ਨਮਸਕਾਰ ਕਰਕੇ, ਸਭ ਨੂੰ ਕਾਰਾਂ ਵਿਚ ਬਿਠਾ ਕੇ, ਗੁਰਦੁਆਰੇ ਲੈ ਗਏ।

ਰੰਗੂਨ ਹੀ ਸਤਿਗੁਰੂ ਰਾਮ ਸਿੰਘ ਜੀ ਨਜ਼ਰਬੰਦ ਰਹੇ ਸਨ। ਉਹਨਾਂ ਦੀ ਨਜ਼ਰਬੰਦੀ ਸਮੇਂ ਰਿਹਾਇਸ਼ ਵਾਲੇ ਬੰਗਲੇ ਦੇ ਦਰਸ਼ਨ ਕਰਨ ਲਈ ਸਭ ਉਤਾਵਲੇ ਸਨ। ਉਸ ਬੰਗਲੇ ਨੂੰ ਭਾਲਣ ਲਈ ਦੋ ਤਿੰਨ ਦਿਨ, ਨਸ-ਭੱਜ ਤੇ ਪੁੱਛ-ਗਿੱਛ ਕੀਤੀ ਜਾਂਦੀ ਰਹੀ। ਸੱਚੇ ਪਾਤਸ਼ਾਹ ਬੇਚੈਨ ਰਹੇ। ਉਸ ਬੰਗਲੇ ਨੂੰ ਭਾਲ ਕੇ, ਉਸ ਦੇ ਦਰਸਨ ਕਰਕੇ, ਸਾਰੀ ਸੰਗਤ ਵੈਰਾਗੀ ਹੋ ਗਈ ਸੀ। ਸਤਿਗੁਰੂ ਜੀ ਸਮੇਤ ਸਭ ਦੇ ਨੈਣਾਂ ਵਿੱਚੋਂ ਗੰਗਾ ਜਮਨਾ ਛੱਲਾਂ ਵਿਚ ਵਹਿ ਤੁਰੀਆਂ। ਆਪ ਨੂੰ, ਪੁੱਛਣ ਨਾਲ ਪਤਾ ਲੱਗਾ ਕਿ ਚੀਨੀ ਵਾਲੇ ਪਾਤਸ਼ਾਹ ਉੱਥੇ ਸ਼ਾਹੀ ਕੈਦੀ ਰਹੇ ਸਨ। ਉਹਨਾਂ ਨੂੰ ਖਾਣ ਪਾਣ ਦੀਆਂ ਸਾਰੀਆ ਸਹੂਲਤਾਂ ਦਿੱਤੀਆਂ ਗਈਆਂ ਸਨ। ਸੋਧ ਦੀ ਮਰਯਾਦਾ ਨੂੰ ਮੁੱਖ ਰੱਖ ਕੇ ਇੱਕ ਖੂਹੀ ਵੀ ਲੁਆ ਕੇ ਦਿੱਤੀ ਗਈ ਸੀ। ਉੱਥੇ ਹੀ ਇੱਕ ਪਿੱਪਲ ਅਤੇ ਬੜ੍ਹਾ ਸੀ ਜਿਸ ਨੂੰ ਬਰੂਮੀ ਲੋਗ, 'ਪੰਜਾਬ ਦੇ ਰਾਜੇ ਰਾਮ ਸਿੰਘ ਦਾ ਬੜ੍ਹਾ' ਕਹਿ ਕੇ ਨਮਸਕਾਰ ਕਰਦੇ ਸਨ।

ਰੰਗੂਨ ਤੋਂ ਸਿਆਮ ਜਾਣ ਲਗਿਆਂ ਰਸਤੇ ਵਿੱਚ ਟਾਂਗੋ ਨਦੀ ਆਈ। ਨਦੀ ਉਤਲਾ ਪੁਲ ਭੀੜਾ ਤੇ ਜਰਜਰਾ ਸੀ। ਸਤਿਗੁਰੂ ਜੀ ਨੂੰ ਉਸ ਦੀ ਮੁਹਲਤ ਪੁੱਜ ਗਈ ਲਗੀ। ਆਪ ਨੇ ਟਾਂਗੋ ਦੇ ਉਰਾਰ ਹੀ ਸਭ ਨੂੰ ਬੱਸ ਤੋਂ ਉਤਾਰ ਕੇ ਪੈਦਲ ਹੀ ਪਾਰ ਭੇਜਿਆ। ਆਪ ਵੀ ਪਾਰ ਪਹੁੰਚੇ। ਆਖ਼ਰੀ ਖਾਲੀ ਬੱਸ ਅਜੇ ਪਾਰ ਹੀ ਪਹੁੰਚੀ ਸੀ ਤਾਂ ਪੁਲ ਟੁੱਟ ਕੇ ਨਦੀ ਵਿੱਚ ਜਾ ਪਿਆ। ਸਾਰੇ ਆਪ ਜੀ ਦੀ ਅੰਤਰਯਾਤਮਾ ਉੱਤੇ ਬਲਿਹਾਰ ਜਾਂਦੇ ਸਨ, ਜਿਨ੍ਹਾਂ ਨੇ, ਉਹਨਾਂ ਨੂੰ ਇਸ ਭਿਆਨਕ ਹਾਦਸੇ ਵਿਚੋਂ ਬਚਾਅ ਲਿਆ ਸੀ। ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਉਹ ਕਰਾਮਾਤ ਤਾਂ ਸੁਚੇਤ ਰਹਿ ਕੇ, ਸਹੀ ਸਮੇਂ, ਸਹੀ ਅਨੁਮਾਨ ਲਾਉਣ ਦੀ ਸੀ।

ਚੰਗਮਈ ਪਹੁੰਚਣ ਉੱਤੇ ਉੱਥੋਂ ਦੇ ਹਿੰਦੂ-ਮੁਸਲਮਾਨਾਂ ਨੇ ਵੀ ਆਪ ਨੂੰ ਖ਼ੁਸ਼ ਆਮਦੀਦ ਕਿਹਾ। ਆਪ ਜੀ ਦੇ ਦਰਸ਼ਨਾਂ ਦਾ ਮੁਤਲਾਸ਼ੀ, ਆਲਮ ਜੀ ਦੇ ਦਿਵਾਨ ਦਾ ਕਦਰਦਾਨ, ਇੱਕ ਅਰਬੀ ਫਕੀਰ, ਰੋਜ਼ ਆਉਂਦਾ ਸੀ। ਇੱਕ ਦਿਨ ਉਸ ਦੇ ਅੰਦਰ, ਗੁਰੂ ਨਾਨਕ ਦੇ ਤਖ਼ਤ ਦੇ ਮਾਲਕ, ਨੂੰ ਜੱਫੀ ਪਾ ਕੇ ਮਿਲਣ ਦੀ ਸਿੱਕ ਪੈਦਾ ਹੋਈ। ਸਤਿਗੁਰੂ ਜੀ ਨੇ ਉਸ ਦੀ ਭਾਵਨਾ ਨੂੰ ਪਛਾਣ ਲਿਆ ਕਿਉਂਕਿ ਉਹ ਹਾਲ ਤੋਂ ਬਾਹਰ ਬੈਠਾ ਵੀ ਵਾਰ ਵਾਰ ਆਪ ਜੀ ਵੱਲ ਹੀ ਵੇਖਣ ਦਾ ਜਤਨ ਕਰ ਰਿਹਾ ਸੀ। ਸਤਿਗੁਰੂ ਜੀ ਦਿਵਾਨ ਵਿਚੋਂ ਬਾਹਰ ਆਏ, ਉਸ ਨੂੰ ਸੰਬੋਧਨ ਕਰਕੇ ਕਿਹਾ, 'ਆਓ ! ਮੈਨੂੰ ਜੱਫੀ ਪਾਓ, ਆਪਣੀ ਖੁਸ਼ੀ ਕਰ ਲਉ।" ਉਹ ਆਪਣੇ ਮਨ ਦੀ ਮੁਰਾਦ ਪੂਰੀ ਕਰਕੇ ਖਿੜ ਗਿਆ।

ਚੰਗਮਈ ਤੋਂ ਆਪ ਨੇ ਗੱਡੀ ਰਾਹੀਂ, ਸਿਆਮ ਦੀ ਰਾਜਧਾਨੀ, ਨਾਮਧਾਰੀ ਸਿੱਖਾ ਦੇ ਗੜ੍ਹ ਰੌਣਕੀਲੇ ਸ਼ਹਿਰ, ਬੈਂਕੋਕ ਦਰਸ਼ਨ ਦਿੱਤੇ। ਏਥੇ ਨਾਮਧਾਰੀਆਂ ਤੋਂ ਬਿਨਾਂ, ਸ੍ਰੀ ਗੁਰੂ ਸਿੰਘ ਸਭਾ, ਹਿੰਦੂ ਮਹਾਂ ਸਭਾ, ਸਨਾਤਨ ਧਰਮ, ਆਰੀਆ ਸਮਾਜ, ਜਮਾਤ-ਉਲ-ਇਸਲਾਮ, ਇੰਡੀਅਨ ਚੈਂਬਰ ਆਫ਼ ਕਾਮਰਸ ਨੇ ਵੀ ਆਪ ਜੀ ਦਾ ਖ਼ੈਰ ਮਕਦਮ



Namdhari Elibrary NamdhariElibrary@gmail.com

ਤਾ। ਆਪ ਨੂੰ ਇੱਕ ਸੌ ਕਾਰਾਂ, ਟਰੱਕਾਂ ਦੇ ਕਾਫ਼ਲੇ ਨਾਲ, ਬੈਂਡ ਵਾਜੇ ਵਜਾ ਕੇ, ਾਰਾਂ ਥੀਂ ਜਲੂਸ ਕੱਢ ਕੇ, ਨਾਮਧਾਰੀ ਧਰਮਸ਼ਾਲਾ ਲਿਆਂਦਾ ਗਿਆ। ਆਪ ਜੀ ਜੀਸ ਉੱਤੇ ਸਾਰੇ ਰਾਹ ਸੁਨਹਿਰੀ ਛਤਰ ਝੁਲਾਇਆ ਗਿਆ। ਨਗਰ ਨਿਵਾਸੀਆਂ ਇਸ ਅਦੁੱਤੀ ਸ਼ਖ਼ਸੀਅਤ ਦੇ, ਖੁਲ੍ਹੇ ਦੀਦਾਰੇ ਕਰਨ ਦਾ, ਸੁਭਾਗ ਪ੍ਰਾਪਤ ਹੋਇਆ।

ਨਾਮਧਾਰੀ ਧਰਮਸ਼ਾਲਾ ਵਿੱਚ ਦੋ ਵੇਲੇ ਦਿਵਾਨ ਲਗਦਾ ਸੀ। ਇਸ ਵਿੱਚ ੀਰਤਨ ਹੁੰਦਾ ਸੀ ਅਤੇ ਵਖਿਆਨ ਦਿੱਤੇ ਜਾਂਦੇ ਸਨ। ਸੱਚੇ ਪਾਤਸ਼ਾਹ ਜੀ ਵੀ ਯਾ ਕਰਦੇ ਸਨ। ਆਪ ਪ੍ਰਤੀ ਸਨਮਾਨ ਪ੍ਰਗਟ ਕਰਦਿਆਂ ਹਿੰਦੂ ਮਹਾਂ ਸਭਾ, ਆਰੀਆ ਾਜ, ਇੰਡੀਅਨ ਐਸੋਸੀਏਸ਼ਨ, ਹਿੰਦੂ ਸਨਾਤਨ ਧਰਮ ਸਭਾ ਵਾਲੇ ਆਪਣੀਆਂ ਪਣੀਆਂ ਧਾਰਮਕ ਥਾਵਾਂ ਉੱਤੇ, ਅਰਜ਼ਾਂ ਕਰ ਕੇ, ਲੈ ਕੇ ਗਏ। ਉੱਥੇ ਵੀ ਨਾਮਧਾਰੀ ਚਾਰਕ ਅਤੇ ਕੀਰਤਨੀਏ ਸੰਗਤ ਨੂੰ ਮੰਤਰ ਮੁਗਧ ਕਰਦੇ ਰਹੇ। ਹਿੰਦੂ ਮਹਾਂ ਸਭਾ ਮੰਦਰ ਵਿੱਚ, ਉੱਥੋਂ ਦੇ ਪ੍ਰਧਾਨ, ਐੱਮ. ਡੀ. ਰਾਮਚੰਦਰ ਨੇ ਸਿੰਘਾਸਨ ਉੱਤੇ ਬਿਠਾ ਆਪ ਜੀ ਦੀ ਆਰਤੀ ਉਤਾਰੀ ਅਤੇ ਆਪਣੇ ਧੰਨਭਾਗ ਸਮਝੇ। ਪੰਡਤ ਸਤਿ ਰਾਇਣ ਨੇ ਆਪ ਨੂੰ ਸਨਮਾਨ ਪੱਤਰ ਭੇਟ ਕੀਤਾ।

ਬੈਂਕੋਕ ਦੇ ਗ਼ੈਰ ਨਾਮਧਾਰੀ ਸਿੱਖ ਆਪ ਜੀ ਦਾ ਆਦਰ ਕਰਨ ਬਾਰੇ ਦੋ ੜਆਂ ਵਿਚ ਵੰਡੇ ਹੋਏ ਸਨ। ਕੁਝ ਆਪ ਨੂੰ ਪੂਰਾ ਮਾਣ ਸਤਿਕਾਰ ਦੇਣਾ ਚਾਹੁੰਦੇ । ਕੁਝ ਆਪ ਨੂੰ ਗੁਰਦੁਆਰੇ ਸੱਦਣ ਦੇ ਹੀ ਖ਼ਿਲਾਫ਼ ਸਨ। ਆਪ ਨੂੰ ਦੋਹਾਂ ਦੀਆਂ ਵਨਾਵਾਂ ਦਾ ਪਤਾ ਲਗ ਗਿਆ ਸੀ। ਆਪ ਮਾਘੀ ਵਾਲੇ ਦਿਨ ਨਾਮਧਾਰੀ ਮਸ਼ਾਲਾ ਵਿੱਚ ਸਵੇਰ ਦਾ ਕੀਰਤਨ ਸੁਣ ਕੇ, ਆਪੇ ਹੀ ਸਿੱਖਾਂ ਸਮੇਤ, ਸਿੰਘ ਸਭਾ ਰਦੁਆਰੇ ਚਲੇ ਗਏ। ਉੱਥੇ ਸੰਗਤ ਨੇ ਆਪ ਦਾ ਆਦਰ ਸਤਿਕਾਰ ਕੀਤਾ। ਆਪ ਝ ਚਿਰ ਠਹਿਰ ਕੇ ਵਾਪਸ ਪਰਤ ਆਏ। ਇਸ ਨੇ ਵਿਰੋਧੀ ਭਾਵਨਾ ਰੱਖਣ ਵਾਲਿਆਂ । ਕੁੜੱਤਣ ਨੂੰ ਘਟਾਉਣ ਵਿੱਚ ਮਦਦ ਮਿਲੀ।

ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹੋਣ ਕਰਕੇ ਬਸੰਤ ਪੰਚਮੀ ਉਹਨਾਂ ਸਿੱਟਾਂ ਲਈ ਪਾਵਨ ਦਿਨ ਹੈ। ਸਤਿਗੁਰੂ ਪਰਤਾਪ ਸਿੰਘ ਜੀ ਨੇ **1934** ਈ: ਦੀ ੰਤ ਪੰਚਮੀ ਬੈਂਕੋਕ ਵਿੱਚ ਹੀ ਮਨਾਈ। ਉਸ ਸਮੇਂ ਕੀਤੇ ਅਖੰਡ ਪਾਠ ਦੀ ਇੱਕ ਠ ਵੀ ਆਪ ਨੇ ਖ਼ੁਦ ਲਾਈ। ਆਪ ਦੇ ਪਾਠ ਕਰਨ ਸਮੇਂ ਇੱਕ ਬੰਗਾਲੀ ਸਾਧੂ ਆਮੀ ਸੱਤਿਆਨੰਦ ਪੁਰੀ ਨੇ ਨਮਸਕਾਰ ਕੀਤੀ। ਉਹ ਬਾਣੀ ਸੁਣਨ ਲਈ ਬੈਠ ਗਿਆ। ਉਹ ਸੰਗੀਤ ਦੀ ਵੀ ਸਮਝ ਰੱਖਦਾ ਸੀ। ਸਤਿਗੁਰੂ ਜੀ ਦਾ ਸਵੱਈਆਂ । ਪਾਠ ਉਸ ਨੂੰ, ਰਸ, ਰੰਗ ਅਤੇ ਲੈ ਵਿਚ ਹੋਣ ਕਰਕੇ ਅਦੁੱਤੀ ਅਨੰਦ ਦੇ ਹਾ ਸੀ।

ਕੀਰਤਨ ਸਮੇਂ ਵੀ ਸਤਿਗੁਰੂ ਜੀ ਨੇ ਤਾਊਸ ਵਜਾ ਕੇ ਅਲੌਕਿਕ ਰਸ ਪੈਦਾ ੀਤਾ। ਕੀਰਤਨ ਸੁਣ ਰਹੇ ਮਸਤਾਨੇ ਹਾਲੋਂ ਬੇਹਾਲ ਹੋਏ ਪਏ ਸਨ।

ਸਤਿਗੁਰੂ ਜੀ ਦੀ ਸਿਆਮ ਫੇਰੀ ਸਮੇਂ ਸਰੀਰਕ ਤੇ ਮਾਨਸਕ ਰੋਗ ਦੇ ਗ੍ਰੱਸੇ ਹੋਏ ਖਾਂ ਨੇ ਆਪ ਅੱਗੇ ਅਰਜ਼ਾਂ ਕੀਤੀਆਂ। ਉਹਨਾਂ ਨੂੰ ਆਪ ਦਾ ਬਚਨ ਮੰਨਣ ਨਾਲ



Namdhari Elibrary NamdhariElibrary@gmail.com

ਸੁਖ ਪ੍ਰਾਪਤ ਹੋਇਆ।

ਆਪ ਜੀ ਦੇ ਸਿਆਮ ਦੇ ਦੌਰੇ ਤੋਂ ਪਹਿਲਾਂ, ਸਿਆਮ ਵਾਸੀ ਭਾਰਤੀਆਂ ਅਤੇ ਖ਼ਾਸ ਕਰਕੇ ਸਿੱਖਾਂ ਵਿੱਚ ਆਪ ਬਾਰੇ ਬੜੇ ਭੁਲੇਖੇ ਸਨ। ਇਹ ਭੁਲੇਖੇ, ਪੰਜਾਬ ਤੋਂ ਛਪਦੀਆਂ, ਘਟੀਆ ਤੇ ਫੁੱਟ ਵਧਾਊ ਅਖਬਾਰਾਂ ਨੇ ਪਾਏ ਹੋਏ ਸਨ। ਪੜ੍ਹੇ ਪੜ੍ਹਾਏ ਦੇ ਸਿਰ ਤੇ ਕਈਆਂ ਦੇ ਮਨਾਂ ਵਿਚ ਦਵੈਤ ਭਾਵਨਾ ਸੀ। ਸਤਿਗੁਰੂ ਜੀ ਦੇ ਦੌਰੇ ਦੇ ਦਿਨਾਂ ਵਿੱਚ ਸੰਤ ਨਿਧਾਨ ਸਿੰਘ ਆਲਮ ਤੇ ਸੰਤ ਇੰਦਰ ਸਿੰਘ ਚਕਰਵਰਤੀ ਦੇ ਵਖਿਆਨਾ, ਸੰਤ ਫੌਜਾ ਸਿੰਘ ਦੇ ਦਿਵਾਨਾਂ, ਸੰਤ ਹਜ਼ੂਰਾ ਸਿੰਘ ਭੂਰੀ ਵਾਲਿਆਂ ਦੀ ਕਥਾ ਸਤਿਗੁਰੂ ਜੀ ਦੇ ਅਲੌਕਿਕ ਦਿਦਾਰਿਆਂ, ਪ੍ਰਭਾਵਸ਼ਾਲੀ ਬਚਨਾਂ ਸਦਵਿਹਾਰ ਸੁਚੱਜੀ ਰਹਿਣੀ ਬਹਿਣੀ ਨੇ ਸਭ ਦੇ ਕਪਾਟ ਖੋਲ੍ਹ ਦਿੱਤੇ। ਸਤਿਗੁਰੂ ਜੀ ਨੇ ਸਾਰੇ ਸਿੱਖਾ ਨੂੰ ਹੋਲੇ ਤੇ ਪਹੁੰਚਣ ਦੀ ਆਗਿਆ ਕੀਤੀ। ਸੱਚੀ ਰਹਿਣੀ-ਬਹਿਣੀ, ਸੱਚਾ-ਸੁੱਚਾ ਵਿਹਾਰ, ਗੁਰਮੁਖੀ ਬਾਣਾ ਰੱਖਣ ਦਾ ਉਪਦੇਸ਼ ਦੇ ਕੇ ਜਦੋਂ ਉਸ ਦੇਸ਼ ਨੂੰ ਅਲਵਿਦਾ ਕਹਿ ਰਹੇ ਸਨ ਤਾਂ ਸਿੱਖਾਂ ਦੇ ਸਜਲ ਨੇਤਰ ਆਪਣੀ ਹੰਝੂਆਂ ਭਰੀ ਵਿਦਾਇਗੀ ਵਿੱਚ ਪ੍ਰੇਮ ਪ੍ਰਗਟਾ ਰਹੇ ਸਨ।

ਸ੍ਰੀ ਭੈਣੀ ਸਾਹਿਬ ਮਾਤਾ ਫ਼ਤਿਹ ਕੌਰ ਜੀ ਨੇ ਵਿਦਿਆਲੇ ਦੇ ਬੱਚਿਆਂ ਵਿੱਚ ਵੰਡਣ ਲਈ ਪੋਲੇ ਪੋਲੇ ਲਡੂ ਬਣਵਾ ਕੇ, ਸੰਭਾਲ ਕੇ. ਰੱਖੇ ਹੋਏ ਸਨ। ਸਤਿਗੁਰੂ ਜੀ ਸਿਆਮ ਤੋਂ ਆਉਣ ਨਾਲ, ਆਪ ਜੀ ਦੇ ਹੁਕਮ ਨਾਲ, ਬੱਚਿਆਂ ਵਿੱਚ, ਉਹ ਲਡੂ ਵਰਤਾ ਕੇ, ਮਾਤਾ ਜੀ ਨੂੰ ਖੁਸ਼ੀਆਂ ਪ੍ਰਦਾਨ ਕੀਤੀਆਂ ਗਈਆਂ।

ਸਤਿਗੁਰੂ ਜੀ ਨੇ ਸਿਆਮ ਦੇ ਦੌਰੇ ਵਿਚ ਮਹਿਸੂਸ ਕੀਤਾ ਕਿ ਭਾਰਤ ਦੀ ਦੁਬਿਧਾ ਬਾਹਰ ਵੀ ਫੈਲੀ ਹੋਈ ਸੀ। ਵਿਦੇਸਾਂ ਵਿੱਚ ਵਸਦੇ ਭਾਰਤੀ ਵੀ ਇੱਕ ਦੂਜੇ ਨੂੰ ਧਰਮ ਦੇ ਨਾਂ ਉੱਤੇ ਜਾਂ ਆਪਣੀ ਵੱਖਰੀ ਮਾਣ ਮਰਯਾਦਾ ਦੇ ਨਾਂ ਉੱਤੇ ਨਫ਼ਰਤ ਕਰਦੇ ਸਨ। ਆਪ ਨੇ ਉਹਨਾਂ ਵਿੱਚ ਪ੍ਰੇਮ ਪਿਆਰ ਨਾਲ ਰਹਿਤ ਦੀ ਭਾਵਨਾ ਪੈਦਾ ਕਰਨ ਲਈ, ਭਾਰਤੀਆਂ ਦਾ ਇਕੱਠੇ ਬੈਠਣਾ ਜ਼ਰੂਰੀ ਸਮਝਿਆ। ਆਪ ਨੇ ਇੱਕ ਦੂਜੇ ਨੂੰ ਆਪਣ ਵਿੱਚ ਨੇੜੇ ਕਰਨ ਲਈ ਸੰਮੇਲਨ ਕਰਨ ਦੇ ਪ੍ਰੋਗਰਾਮ ਤਿਆਰ ਕੀਤੇ।



Namdhari Elibrary NamdhariElibrary@gmail.com

# ਮਿਲਬੇ ਕੀ ਮਹਿਮਾ

ਸਤਿਗੁਰੂ ਪਰਤਾਪ ਸਿੰਘ ਜੀ ਨੇ ਸਭ ਸੰਪਰਦਾਵਾਂ ਦੇ ਪੈਰੋਕਾਰਾਂ ਨੂੰ ਇੱਕ ਝੰਡੇ ; ਲਿਆਉਣ ਲਈ, ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ ਕਰਨ ਦਾ ਨਿਰਨਾ ਆ ਹੋਇਆ ਸੀ ਇਹ ਕਾਨਫਰੰਸ ਸ੍ਰੀ ਭੈਣੀ ਸਾਹਿਬ ਹੋਣੀ ਸੀ। ਦੀਨਾਬੰਧੂ ਨੇ ਰਵਰਤੀ ਹੱਥੀਂ ਸਾਰੀਆਂ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਨੂੰ ਇਸ ਕਾਨਫਰੰਸ 'ਚ ਸ਼ਾਮਲ ਹੋਣ ਲਈ ਸੱਦਿਆ। ਇਸ ਕਾਨਫਰੰਸ ਲਈ 14,15 ਅਕਤੂਬਰ 34 ਈ: (29, 30 ਅੱਸੂ 1991 ਬਿ:) ਦਾ ਸਮਾਂ ਮਿਥਿਆ ਗਿਆ। ਸਾਰੇ ਪਤਵੰਤੇ ਜਣਾਂ ਨੂੰ ਚਿੱਠੀਆਂ ਭੇਜੀਆਂ ਗਈਆਂ।

ਸਤਿਗੁਰੂ ਸੱਚੇ ਪਾਤਸ਼ਾਹ, ਜੀ ਨੇ ਮਾਲਾ ਬਨਾਉਣ ਵਾਲਿਆਂ ਨੂੰ ਹੁਕਮ ਕੀਤਾ ਉਹ ਕਾਨਫਰੰਸ ਵਿੱਚ ਸੁਹਣੀਆਂ ਸਫੈਦ ਮਾਲਾਵਾਂ ਬਣਾ ਕੇ ਲਿਆਉਣ। ਨਫਰੰਸ ਵਿੱਚ ਆਉਣ ਵਾਲੇ ਪਤਵੰਤੇ ਸੱਜਣਾਂ ਦਾ ਸੁਆਗਤ ਲੁਧਿਆਣੇ ਤੋਂ ਹੀ ਹੋ ਜਾਂਦਾ. ਜਦੋਂ ਕਿ ਗੱਡੀ ਤੋਂ ਉੱਤਰਦਿਆਂ ਦਾ ਹੀ, ਨਾਮਧਾਰੀ ਸਮਾਨ ਚੁੱਕ ਕੇ ਾਂ ਵਿੱਚ ਚੜ੍ਹਾ ਦੇਂਦੇ। ਸ੍ਰੀ ਭੈਣੀ ਸਾਹਿਬ ਦਾਖ਼ਲ ਹੋਣ ਤੇ ਉਹਨਾਂ ਦਾ ਸੁਆਗਤ ਕੀਤਾ ਦਾ। ਭਾਈ ਅਰਜਨ ਸਿੰਘ ਬਾਗੜੀਆਂ ਨੂੰ ਕਾਨਫਰੰਸ ਦਾ ਪ੍ਰਧਾਨ ਥਾਪਿਆ ਗਿਆ । ਉਹ ਤੇ ਭਾਈ ਕਾਨ੍ਹ ਸਿੰਘ ਨਾਭਾ, ਮੋਹਨ ਸਿੰਘ ਵੈਦ, ਸੁੰਦਰ ਸਿੰਘ ਮਜੀਠਾ, ਪ੍ਰਿੰ. ਧ ਸਿੰਘ ਤੇ ਟਿੱਕਾ ਆਰਦਮਨ ਸਿੰਘ, ਜਦ ਕਾਰ ਤੇ ਆਏ ਤਾਂ ਸੰਗਤਾਂ ਨੇ ਜੈਕਾਰੇ ਡ਼ਾ ਕੇ ਉਹਨਾਂ ਦਾ ਸੁਆਗਤ ਕੀਤਾ।

ਇਸ ਕਾਨਫਰੰਸ ਵਿੱਚ ਆਏ ਅਕਾਲੀ, ਨਿਹੰਗ—ਬੁੱਢਾ ਦਲ, ਤਰਨਾ ਦਲ ਫ ਖ਼ਾਲਸਾ ਦਿਵਾਨ, ਸ੍ਰੀ ਗੁਰੂ ਸਿੰਘ ਸਭਾ, ਨਿਰਮਲ ਮਹਾਂ ਮੰਡਲ, ਉਦਾਸੀਨ ਹਾਂ ਮੰਡਲ, ਅਡਨਸ਼ਾਹੀ, ਸੇਵਾ ਪੰਥੀ, ਨਿਰੰਕਾਰੀ, ਸਹਿਜਧਾਰੀ, ਸ਼੍ਰੋਮਣੀ ਕਮੇਟੀ ਕਾਲ ਤਖ਼ਤ, ਪਟਨਾ ਸਾਹਿਬ, ਅਨੰਦਪੁਰ ਸਾਹਿਬ ਤੇ ਹਜ਼ੂਰ ਸਾਹਿਬ—ਨਾਮਧਾਰੀ ਥ, ਸਭ ਦੇ ਪਤਵੰਤੇ ਸੱਜਣ, ਦਿਵਾਨ ਅਸਥਾਨ ਵਿੱਚ ਹਾਜ਼ਰ, ਸੰਤ ਅਤਰ ਸਿੰਘ ' ਖੜਤਾਲਾਂ ਵਜਾ ਕੇ ਲਾਇਆ ਹੱਲੇ ਦਾ ਦਿਵਾਨ ਸੁਣ ਰਹੇ ਸਨ।

ਗ਼ੈਰ ਨਾਮਧਾਰੀ ਸਿੱਖ ਦੀ ਮੰਗ ਸੀ ਕਿ ਜੇ ਦਸਾਂ ਪਾਤਸ਼ਾਹੀਆਂ ਦਾ ਅਰਦਾਸਾ



Namdhari Elibrary NamdhariElibrary@gmail.com

ਹੋਵੇਗਾ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇਗਾ ਤਾਂ ਹੀ ਉਹ ਕਾਨਫਰੰਸ ਵਿੱਚ ਹਿੱਸਾ ਲੈਣਗੇ, ਸਤਿਗੁਰੂ ਜੀ ਨੇ ਉਹਨਾਂ ਦੀ ਇਹ ਮੰਗ ਖੁਸ਼ੀ ਖੁਸ਼ੀ ਪਰਵਾਨ ਕਰ ਲਈ ਕਿਉਂਕਿ ਆਪ ਏਕਤਾ ਕਰਨਾ ਚਾਹੁੰਦੇ ਸਨ, ਮਤਭੇਦ ਖ਼ਤਮ ਕਰਨਾ ਚਾਹੁੰਦੇ ਸਨ। ਇਸ ਬਾਰੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਨ ਹਨ :—

"ਉਸ ਵਿੱਚ ਕਈ ਸੱਜਣ ਐਸੇ ਆਏ ਜੋ ਕਹਿੰਦੇ ਸੀ ਜੇ ਉੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੋਣਾ, ਦਸਾਂ ਪਾਤਸ਼ਾਹੀਆਂ ਦਾ ਅਰਦਾਸਾ ਨਹੀਂ ਹੋਣਾ ਤਾਂ ਅਸਾਂ ਨਹੀਂ ਜਾਣਾ। ਸਤਿਗੁਰੂ ਪਰਤਾਪ ਸਿੰਘ ਜੀ ਦਾ ਬਹੁਤ ਵੱਡਾ ਹਿਰਦਾ ਸੀ। ਉਹਨਾਂ ਆਖਿਆ, "ਆ ਕੇ ਤੁਸੀਂ ਜਿਵੇਂ ਚਾਹੁੰਦੇ ਹੋ, ਉਸੇ ਤਰ੍ਹਾਂ ਹੀ ਕਰੋ ਪਰ ਆਉ ਇਕੱਠੇ ਹੋ ਕੇ।" ਉਹ ਇਕੱਠੇ ਹੋਏ ਤੇ ਇਕੱਠੇ ਹੋ ਕੇ ਹੀ ਸਾਰੇ ਮਤੇ ਪਾਸ ਕੀਤੇ। ਸ਼ਾਮ ਦਾ ਦਿਵਾਨ ਕੀਤਾ ਜਾਂਦਾ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। ਦਸਾਂ ਪਾਤਸ਼ਾਹੀਆਂ ਦਾ ਅਰਦਾਸਾ ਕੀਤਾ ਜਾਂਦਾ ਸੀ। ਸਤਿਗੁਰੂ ਪਰਤਾਪ ਸਿੰਘ ਜੀ ਦਾ ਬੜਾ ਸਖ਼ਤ ਹੁਕਮ ਸੀ ਕਿ ਉਹਨਾਂ ਨੂੰ ਕੋਈ ਚੋਰੀ ਨਾ ਕਰੇ, ਨਾ ਉਹਨਾਂ ਬਾਰੇ ਦਿਵਾਨ ਵਿੱਚ ਉੱਠ ਕੇ ਕੋਈ ਗੱਲ ਕਰੇ। ਸਵੇਰ ਦੀ ਆਸਾ ਦੀ ਵਾਰ ਨਾਮਧਾਰੀ ਤਰੀਕੇ ਮੁਤਾਬਕ ਲਗਦੀ ਸੀ।"

—ਵਡ ਪਰਤਾਪੁ ਅਚਰਜ ਰੂਪ

ਪਹਿਲੇ ਦਿਨ ਕੁਝ ਮੰਨੇ ਪਰਮੰਨੇ ਵਿਅਕਤੀਆਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਇਸ ਕਾਨਫਰੰਸ ਦਾ ਮੰਤਵ ਗੁਰੂ ਨਾਨਕ ਨਾਮ ਲੇਵਾ ਸੰਪਰਦਾਵਾਂ ਵਿੱਚੋਂ ਵਿੱਥਾਂ ਮੇਟਣੀਆਂ ਅਤੇ ਮਿਲਵਰਤਣ ਵਧਾਉਣਾ ਸੀ। ਭਵਿੱਖ ਵਿਚ ਸਤਿਗੁਰੂ ਰਾਮ ਸਿੰਘ ਨੂੰ ਕੋਈ ਉਹਨਾਂ ਦਾ ਅਣਸ਼ਰਧਾਲੂ ਸਿੱਖ ਵੀ ਬਾਬਾ ਜੀ ਹੀ ਪੁਕਾਰੇ ਜਾਂ ਲਿਖੇ, ਆਦਿ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਹੀ ਕਿਹਾ ਜਾਵੇ; ਨਿਰਮਲਿਆਂ ਤੇ ਉਦਾਸੀਆਂ ਨੇ ਆਪੋ ਵਿੱਚ ਡੇਰਿਆਂ ਦੇ ਮੁਕਦਮੇ ਵਾਪਸ ਲਏ ਜਾਣ; ਕੋਈ ਧਿਰ ਪ੍ਰਚਾਰ ਕਰਦੇ ਹੋਏ ਦੂਜੇ ਧਰਮ ਦੀ ਨਿੰਦਿਆ ਨਾ ਕਰੇ। ਉਸ ਤੋਂ ਬਾਅਦ ਪ੍ਰਧਾਨ ਜੀ ਭਾਈ ਅਰਜਨ ਸਿੰਘ ਬਾਗੜੀਆਂ ਨੇ ਆਪ ਅਰਦਾਸਾ ਕੀਤਾ, ਦਸਾਂ ਪਾਤਸ਼ਾਹੀਆਂ ਦਾ, ਸਭ ਸ਼ਰਧਾ ਨਾਲ ਉਸ ਵਿੱਚ ਸ਼ਾਮਲ ਹੋਏ ਤੇ ਪ੍ਰਸੰਨ ਹੋਏ। ਦੂਜੇ ਦਿਨ ਬਾਬਾ ਸਾਉਣ ਸਿੰਘ ਜੀ ਰਾਧਾ ਸੁਆਮੀ, ਬਿਆਸ ਵਾਲਿਆਂ ਵੀ ਕਾਨਫਰੰਸ ਦੀ ਸ਼ੋਭਾ ਵਧਾਈ ਅਤੇ ਸਤਿਗੁਰੂ ਜੀ ਨਾਲ ਬਚਨ ਕੀਤਾ ਕਿ ਭਾਵੇਂ ਉਹ ਗੁਰੂ ਨਾਨਕ-ਪੰਥੀ ਨਹੀਂ ਹਨ ਫਿਰ ਵੀ ਸੱਦੇ ਪੱਤਰ ਦਾ ਮਾਣ ਰੱਖਦੇ ਹੋਏ ਪਧਾਰੇ ਸਨ।

ਇਸ ਕਾਨਫਰੰਸ ਵਿੱਚ ਪੰਜ ਮਤੇ ਪੇਸ਼ ਕੀਤੇ ਗਏ ਜੋ ਪ੍ਰੋੜਤਾ ਹੋਣ ਉਤੇ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਏ ਗਏ।

**ਪਹਿਲਾ ਮਤਾ** :—ਸਤਿਗੁਰੂ ਨਾਨਕ ਨਾਮ ਲੇਵਾ ਆਪੋ ਆਪਣੇ ਜਥਿਆਂ, ਗੁਰਦੁਆਰਿਆਂ ਵਿੱਚ ਕਥਾ ਕੀਰਤਨ ਦੁਆਰਾ, ਮੁੱਖ ਤੌਰ ਤੇ ਗੁਰਬਾਣੀ ਦਾ ਹੀ ਪਰਚਾਰ ਕਰਨ। ਪ੍ਰਿੰ. ਜੋਧ ਸਿੰਘ ਦੇ ਪੇਸ਼ ਕੀਤੇ ਮਤੇ ਦੀ ਪ੍ਰੋੜਤਾ ਮਹੰਤ ਕਿਸ਼ਨ ਸਿੰਘ ਐਡੀਟਰ ਨਿਰਮਲ ਸਮਾਚਾਰ ਨੇ ਕੀਤੀ।

**ਦੂਜਾ ਮਤਾ** :—ਸਤਿਗੁਰੂ ਨਾਨਕ ਪੰਥੀ ਰਾਗੀਆਂ, ਪਰਚਾਰਕਾਂ ਤੇ ਲੇਖਕਾਂ ਨੂੰ



Namdhari Elibrary NamdhariElibrary@gmail.com

ਪਣੇ ਮੱਤ ਦਾ ਪ੍ਰਚਾਰ ਮੰਡਲ ਰੂਪ ਵਿੱਚ ਕਰਨ ਦੀ, ਨਾ ਕਿ, ਦੂਸਰੇ ਮੱਤ ਦਾ ਨ ਰੂਪ ਵਿੱਚ ਕਰਨ ਦੀ, ਇਜਾਜ਼ਤ ਦਿੱਤੀ ਗਈ। ਇਹ ਮਤਾ ਸੰਤ ਇੰਦਰ ਸਿੰਘ ਰਵਰਤੀ ਨੇ ਪੇਸ਼ ਕੀਤਾ ਜਿਸ ਦੀ ਪ੍ਰੋੜਤਾ ਗਿਆਨੀ ਹਰਚਰਨ ਸਿੰਘ ਬਾਬਾ ਾਲਾ ਤੇ ਸੰਤ ਮਾਨ ਸਿੰਘ ਦਮਦਮੀ ਨੇ ਕੀਤੀ।

**ਤੀਸਰਾ ਮਤਾ** :—ਇਸ ਮਤੇ ਨੂੰ ਪੇਸ਼ ਕਰਦਿਆਂ ਹੋਇਆਂ ਮਾਸਟਰ ਤਾਰਾ ਘ ਨੇ ਕਿਹਾ ਕਿ ਸਭ ਗੁਰਦੁਆਰਾ ਕਮੇਟੀਆਂ, ਗੁਰਦੁਆਰਿਆਂ ਦੇ ਰਾਗੀ, ਗ੍ਰੰਥੀ ਜਰ, ਸੇਵਕ ਆਦਿ ਮੁਕਰਰ ਕਰਨ ਸਮੇਂ ਜੋਗ ਅਧਿਕਾਰੀ ਨੂੰ ਉਸੇ ਸੰਪਰਦਾਇ ਤ ਨਿਯੁਕਤ ਕਰਨ ਜਿਸ ਸੰਪਰਦਾਇ ਪਾਸ ਪਹਿਲਾਂ ਉਥੋਂ ਦਾ ਪ੍ਰਬੰਧ ਹੋਵੇ। ਇਸ ਦੀ ਪ੍ਰੋੜਤਾ ਪ੍ਰਿੰ. ਤੇਜਾ ਸਿੰਘ ਨੇ ਕੀਤੀ।

**ਚੌਥਾ ਮਤਾ** :—ਇਹ ਮਤਾ ਸ੍ਰ. ਦਲੀਪ ਸਿੰਘ ਦੁਆਬੀਏ ਨੇ ਪੇਸ਼ ਕੀਤਾ ਤੇ ਾ ਗੁਰਦੁਆਰਾ ਬੈਂਕੋਕ ਕਮੇਟੀ ਵੱਲੋਂ ਸਭ ਸੱਜਣਾਂ, ਜੱਥੇਦਾਰਾਂ ਦਸਤਖ਼ਤ ਕਰਨ ਲਿਆਂ ਨੂੰ ਏਕਤਾ ਵਧਾਉਣ ਲਈ ਇਤਿਹਾਸਕ ਗੁਰਦੁਆਰਿਆਂ ਤੋਂ ਬਿਨਾ ਬਾਕੀ 7 ਦੇ ਗੁਰਦੁਆਰਾ ਐਕਟ ਅਧੀਨ ਚਲਦੇ ਝਗੜੇ ਤਿਆਗ ਦਿੱਤੇ ਜਾਣ। ਇਸ ਦੀ ਪੁਸ਼ਟੀ ਭਾਈ ਮੋਹਨ ਸਿੰਘ ਵੈਦ ਨੇ ਕੀਤੀ।

**ਪੰਜਵਾਂ ਮਤਾ** : ਇਸ ਮਤੇ ਨੂੰ ਪ੍ਰਧਾਨ ਭਾਈ ਅਰਜਨ ਸਿੰਘ ਬਾਗੜੀਆਂ ਨੇ ਕਰਦੇ ਹੋਏ, ਕਾਨਫ਼ਰੰਸ ਦੇ ਆਪਣੇ ਛੋਹੇ ਕਾਰਜਾਂ ਨੂੰ ਤੋੜ ਚੜ੍ਹਾਉਣ ਲਈ ਤੇ ਦੇ ਮੁਕੱਦਮਿਆਂ ਦਾ ਨਿਪਟਾਰਾ ਕਰਾਉਣ ਲਈ ਹੇਠ ਲਿਖੀ ਕਾਰਜਕਾਰਨੀ ਦਾ ਾਨ ਕੀਤਾ :—

ਭਾਈ ਅਰਜਨ ਸਿੰਘ ਬਾਗੜੀਆਂ, ਨਿਰਮਲੇ ਮਾਨ ਸਿੰਘ ਸ਼ਾਸਤਰੀ, ਮਹੰਤ ਨ ਸਿੰਘ ਐਡੀਟਰ ਨਿਰਮਲ ਸਮਾਚਾਰ, ਉਦਾਸੀ ਮਹੰਤ ਹਰੀ ਦਾਸ ਬਿਲਗਾ, ਮੀ ਰਾਮ ਕੁਮਾਰ ਤੀਰਥ ਮਹੰਤ, ਸੇਵਾ ਪੰਥੀ ਗੁਰਬਖ਼ਸ਼ ਸਿੰਘ, ਪੰਡਤ ਨਿਹਚਲ ਘ ਮੰਡੀ ਬਹਾਉਦੀਨ, ਸ੍ਰ. ਆਤਮਾ ਸਿੰਘ, ਸੰਤ ਨਿਧਾਨ ਸਿੰਘ ਆਲਮ, ਸਰ ਰ ਸਿੰਘ ਮਜੀਠਾ, ਚੀਫ਼ ਖਾਲਸਾ ਦਿਵਾਨ ਪ੍ਰੋ. ਜੋਧ ਸਿੰਘ ਸ਼੍ਰੋਮਣੀ ਕਮੇਟੀ, ਪ੍ਰਿੰ. ਾ ਸਿੰਘ, ਭਾਈ ਮੋਹਨ ਸਿੰਘ ਵੈਦ, ਗਿਆਨੀ ਸ਼ੇਰ ਸਿੰਘ ਤੇ ਗੁਰਮੁਖ ਸਿੰਘ ਮੁਸਾਫ਼ਿਰ।

ਇਸ ਕਾਰਜਕਾਰਨੀ ਦੇ ਕਨਵੀਨਰ ਗੁਰਮੁਖ ਸਿੰਘ ਮੁਸਾਫਰ ਥਾਪੇ ਗਏ।

ਆਖ਼ਰੀ ਦਿਨ 30 ਅੱਸੂ 1991 ਬਿ: ਮੁਤਾਬਕ 15 ਅਕਤੂਬਰ 1934 ਈ: ਨੂੰ ਸ੍ਰੀ ਦ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਵਿਦਿਆਲੇ ਦੇ ਦਿਆਰਥੀ ਨੇ, ਨਾਮਧਾਰੀ ਬਾਣੇ ਵਿੱਚ ਬੈਠ ਕੇ ਰਾਗ ਕੀਤਾ ਤੇ ਸ਼ਬਦ ਸੁਣਾਇਆ 5 ਸਧਾਰਨ ਪਾਠਾਂ ਦੇ ਭੋਗ ਪਾਏ ਗਏ। 150 ਪਤਵੰਤੇ ਸੱਜਣਾਂ ਨੂੰ ਸਰੋਪਿਆਂ ਦੀ ਸ਼ਸ਼ ਕੀਤੀ ਗਈ। ਸਣੇ ਭਾਈ ਅਰਜਨ ਸਿੰਘ ਬਾਗੜੀਆਂ ਸਭ ਨੇ ਸਰੋਪੇ ਮਿਲਣ ਤੇ ਧੰਨ ਭਾਗ ਸਮਝੇ ਪਰ ਉਹਨਾਂ ਸਰੋਪਿਆਂ ਨਾਲ ਪ੍ਰਾਪਤ ਮਾਇਆ ਨਿਮਰਤਾ ਤ, ਗੁਰੂ ਦੇ ਲੰਗਰ ਵਿੱਚ ਪਾਉਣ ਲਈ ਵਾਪਸ ਕਰ ਦਿੱਤੀ। ਸੱਚੇ ਪਾਤਸ਼ਾਹ ਨੇ ਇਆ ਰੱਖਣ ਲਈ ਕਹਿੰਦਿਆਂ ਫ਼ੁਰਮਾਇਆ ਕਿ ਪਰਉਪਕਾਰ ਤੇ ਪੰਥਕ ਭਲਾਈ ਤ ਖਰਚੀ ਮਾਇਆ ਵੀ ਲੇਖੇ ਹੀ ਲਗਦੀ ਹੈ। ਪਰ ਸਭ ਨੇ ਹੱਥ ਜੋੜ ਖਿਮਾ ਮੰਗ,



Namdhari Elibrary NamdhariElibrary@gmail.com

ਮਾਇਆ ਸਵੀਕਾਰ ਨਾ ਕੀਤੀ ।

ਆਲਮ, ਮਜੀਠਾ, ਬਾਗੜੀਆਂ ਤੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ, ਨਾਭਾ ਦੇ ਵਖਿਆਨ ਹੋਏ । ਚਕਰਵਰਤੀ ਜੀ ਨੇ ਸਭ ਦੇ ਸ਼ੁਕਰਾਨੇ ਵੱਜੋਂ ਕੁਝ ਸ਼ਬਦ ਕਹੇ । ਸੱਚੇ ਪਾਤਸ਼ਾਹ ਦਾ ਉਪਦੇਸ਼ ਸੀ ਕਿ ਸਾਰੇ ਹੀ ਸੰਪਰਦਾਇ ਗੁਰੂ ਨਾਨਕ ਮੂਲ ਮੁੱਢ ਦੇ ਟਾਹਣ ਸਨ ਤੇ ਇੱਕ ਦੂਜੇ ਪ੍ਰਤੀ ਸਦਭਾਵਨਾ ਰੱਖਣ ਵਿੱਚ ਹੀ ਸੁਖ ਸੀ।

ਸੱਚੇ ਪਾਤਸ਼ਾਹ ਜੀ ਦੀ ਆਗਿਆ ਦਾ ਪਾਲਨ ਕਰਦੇ ਹੋਏ ਸੰਤ ਨਿਧਾਨ ਸਿੰਘ ਜੀ ਆਲਮ ਨੇ, ਪਾਤਸ਼ਾਹੀ ਬਾਰ੍ਹਵੀਂ ਕਹਿ ਗੁਰੂ ਹਰੀ ਸਿੰਘ ਤੱਕ ਦਾ ਨਾਂ ਲੈ ਕੇ, ਅਰਦਾਸਾ ਕੀਤਾ । ਕੜਾਹ ਪਰਸ਼ਾਦ ਵਰਤਾਇਆ ਗਿਆ ਤੇ ਸਭ ਖੁਸ਼ੀ ਖੁਸ਼ੀ ਵਿਦਿਆ ਹੋਏ ।

ਇਹ ਇਤਿਹਾਸਕ ਸਮਾਗਮ ਤਾਂ ਸਭ ਨਾਨਕ ਪੰਥੀਆਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਣ ਲਈ ਕੀਤਾ ਸੀ । ਪਰ ਭਾਈ ਵਜ਼ੀਰ ਸਿੰਘ, ਪ੍ਰੋ. ਗੰਡਾ ਸਿੰਘ ਨੇ ਇਸ ਵਿੱਚ ਆਉਣਾ ਉਚਿੱਤ ਨਾ ਜਾਤਾ । ਸ੍ਰ. ਕਰਤਾਰ ਸਿੰਘ ਝੱਬਰ, ਸੁਚਾ ਸਿੰਘ ਜੌਤਕੀ ਤੇ ਤੇਜਾ ਸਿੰਘ ਚੂਹੜਕਾਣਾ ਨੇ ਵੀ ਇਸ ਸਮਾਗਮ ਤੋਂ ਕਿਨਾਰਾ ਹੀ ਕਰੀ ਰੱਖਿਆ । ਇਸ ਇਤਿਹਾਸਕ ਕਾਨਫਰੰਸ ਦੀ ਹਾਜ਼ਰੀ 50-60 ਹਜ਼ਾਰ ਸੀ ।

ਇਹਨਾਂ ਦਿਨਾਂ ਵਿੱਚ ਹੀ ਇੱਕ ਨਿਹੰਗ ਨੇ ਸਤਿਗੁਰੂ ਜੀ ਨੂੰ ਮੱਥਾ ਟੇਕਿਆ । ਉਹ ਅਨੰਦਪੁਰ ਤੋਂ ਆਇਆ ਸੀ । ਉਸਨੇ ਹੱਥਾਂ ਪੈਰਾਂ ਤੇ ਪੱਟੀਆਂ ਬੰਨ੍ਹੀਆਂ ਹੋਈਆਂ ਸਨ । ਕੋੜ੍ਹ ਹੋਇਆ ਸੀ । ਉਹ ਸਮਝਦਾ ਸੀ ਕਿ ਅਨੰਦਪੁਰ ਸਾਹਿਬ ਦੇ ਹੋਲੇ ਸਮੇਂ ਸਤਿਗੁਰੂ ਜੀ ਪ੍ਰਤੀ ਬੇਅਦਬੀ ਭਰੇ ਸ਼ਬਦ ਵਰਤਣ, ਉਹਨਾਂ ਵੱਲ ਤਲਵਾਰ ਚੁੱਕਣ ਕਾਰਨ ਉਸ ਦਾ ਸਰੀਰ ਰੋਗ ਗ੍ਰਸਤ ਹੋ ਗਿਆ ਸੀ । ਉਸ ਨੇ ਅਧੀਰ ਹੋ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਉਸ ਨੂੰ ਬਖ਼ਸਿਆ ਜਾਵੇ ਕਿਉਂ ਕਿ ਜਿੱਥੋਂ ਦਾ ਲੇਖਾ ਹੋਵੇ ਉੱਥੇ ਹੀ ਦੇ ਕੇ ਛੁੱਟੀ ਦਾ ਹੈ । ਸਤਿਗੁਰੂ ਜੀ ਨੇ 'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ' ਅਨੁਸਾਰ ਮਿਹਰ ਦੀ ਨਿਗਾਹ ਕਰ ਕੇ, ਨਜ਼ਰ ਭਰ ਕੇ ਤੱਕਿਆ, ਵਿਗਸੇ, ਉਸਨੂੰ ਭਜਨ ਪੁੱਛ ਕੇ ਗੁਰੂ ਘਰ ਝਾੜੂ ਦੇਣ, ਭਾਂਡੇ ਮਾਂਜਣ, ਜੋੜੇ ਝਾੜਨ ਦੀ ਸੇਵਾ ਕਰਨ ਦਾ ਹੁਕਮ ਦਿੱਤਾ । ਦੁਆ ਦਾਰੂ ਤਾਂ ਪਹਿਲਾਂ ਚੱਲ ਰਿਹਾ ਸੀ । ਉਸ ਨੂੰ ਬਖਸ਼ਸ਼ ਦਾ ਖ਼ੈਰ ਪਿਆ । ਉਹ ਕੁਝ ਦਿਨ ਸ੍ਰੀ ਭੈਣੀ ਸਾਹਿਬ ਰਹਿ, ਅਰੋਗ ਹੋ ਕੇ ਦੁੜੰਗੇ ਮਾਰਦਾ ਚਲਾ ਗਿਆ ।

ਸੱਚੇ ਪਾਤਸ਼ਾਹ ਜੀ ਸਦਾ ਵਾਂਗ ਗੁਰੂ ਨਾਨਕ ਗੁਰਪੁਰਬ ਤੇ ਮੇਲਾ ਮਨਾਉਣ ਲਈ ਨਨਕਾਣੇ ਸਾਹਿਬ ਦਰਸ਼ਨ ਦੇ ਰਹੇ ਸਨ । ਗਿਆਨੀ ਸਤਿਨਾਮ ਸਿੰਘ ਐਡੀਟਰ ਸਤਿਗੁਰੂ ਨਾਨਕ ਦਰਸ਼ਨ, ਨੇ ਆਪ ਨੂੰ ਸਰਦਾਰ ਬਹਾਦਰ ਮਹਿਤਾਬ ਸਿੰਘ, ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਨਨਕਾਣਾ ਸਾਹਿਬ ਦਾ ਸੱਦਾ ਪੱਤਰ ਦਿੱਤਾ ਕਿ ਆਪ ਗੁਰਦੁਆਰਾ ਜਨਮ ਅਸਥਾਨ ਵਿਖੇ ਦਰਸ਼ਨ ਦੇਣ । ਆਪ ਨੇ ਵਿੱਥ ਵਧਨ ਕਾਰਨ ਗੁਰੂ ਘਰ ਤੋਂ ਦੂਰ ਜਾਂਦੇ ਨਿਰਮਲੇ ਤੇ ਉਦਾਸੀ ਆਗੂਆਂ ਨੂੰ ਬੁਲਾਉਣ ਉੱਤੇ ਵੀ ਜ਼ੋਰ ਦਿੱਤਾ ਤਾਂ ਕਿ ਨੇੜ ਵਧੇ । ਉਹਨਾਂ ਦਾ ਬਚਨ ਮੰਨ ਲਿਆ ਗਿਆ ।

ਸਰਦਾਰ ਮਹਿਤਾਬ ਸਿੰਘ ਜੀ ਅਗਲੇ ਦਿਨ ਆਪ ਆਏ ਤੇ ਗੁਰਦੁਆਰੇ ਕੀਤੀ



Namdhari Elibrary NamdhariElibrary@gmail.com

ਤਹੀ ਗੁਰੂ ਨਾਨਕ ਸਰਬ ਸੰਪਰਦਾ ਕਾਨਫਰੰਸ ਵਿੱਚ ਦਰਸ਼ਨ ਦੇਣ ਲਈ ਬੇਨਤੀ ਸੀ । ਆਪ ਨੇ ਸਾਧ ਸੰਗਤ ਅਤੇ ਜਥੇਦਾਰਾਂ ਸਹਿਤ ਦਰਸ਼ਨ ਦਿੱਤੇ, ਬੈਂਡ ਵਾਜੇ ਨ ਆਪ ਦਾ ਸੁਆਗਤ ਕੀਤਾ ਗਿਆ । ਆਪ ਦੇ ਪਹੁੰਚਣ ਤੋਂ ਪਹਿਲਾਂ ਹੀ ਦਿਵਾਨ ਤ, ਸ੍ਰ. ਟਹਿਲ ਸਿੰਘ ਨਿਰਮਲਾ, ਪੰਡਤ ਸੰਪੂਰਨ ਸਿੰਘ, ਸਵਾਮੀ ਬਿਸ਼ਨ ਦਾਸ ਬਾਣ ਚਿਮਟੇ ਵਾਲੇ, ਭਾਈ ਸਾਹਿਬ ਸਿੰਘ ਜੀ ਬੁੱਢਾ ਦਲ ਵਹੀਰ, ਸੇਵਾ ਪੰਥੀ ਤਮਾ, ਸਹਿਜਧਾਰੀ ਸਿੱਖ, ਸ੍ਰ. ਈਸ਼ਰ ਸਿੰਘ ਮਝੈਲ ਜਨਰਲ ਸਕੱਤਰ ਸ਼੍ਰੋਮਣੀ ਾਲੀ ਦਲ, ਸ੍ਰ. ਗੋਪਾਲ ਸਿੰਘ ਕੌਮੀ, ਸ੍ਰ. ਕਰਤਾਰ ਸਿੰਘ ਜਨਰਲ ਸਕੱਤਰ, ਸ੍ਰੀ ਸਿੰਘ ਸਭਾ ਅੰਮ੍ਰਿਤਸਰ ਆਦਿ ਗੁਰੂ ਨਾਨਕ ਫੁਲਵਾੜੀ ਦੇ ਮਹਿਕਾਂ ਵੰਡਦੇ ਫੁਲ ੇ ਹੋਏ ਸਨ । ਏਥੇ ਏਕਤਾ, ਮਿਲਵਰਤਨ, ਧਰਮ ਤੇ ਮਰਯਾਦਾ ਦੇ ਵਿਚਾਰ ਨੂੰ ਲੀ ਰੂਪ ਦੇਣ ਲਈ ਫਿਰ ਜ਼ੋਰ ਦਿੱਤਾ ਗਿਆ । ਅੰਗਰੇਜ਼ਾਂ ਦੀ ਫੁੱਟ ਪਾਈ ਰੱਖਣ ਨੀਤ ਨੂੰ ਸਮਝ ਕੇ ਉਸ ਤੋਂ ਬਚਣ ਦੀ ਤਾਕੀਦ ਕੀਤੀ ਗਈ ।

ਕਾਨਫਰੰਸ ਦਾ ਅਗਲਾ ਇਜਲਾਸ 19,20,21,22 ਅਪ੍ਰੈਲ 1935 ਨੂੰ ਰਾਂਵਾਲੇ ਰੱਖਿਆ ਗਿਆ । ਇਸ ਦਾ ਉਦਮ ਸ੍ਰ. ਆਤਮਾ ਸਿੰਘ, ਸੰਤ ਨਿਧਾਨ ਪ ਆਲਮ, ਸ੍ਰ. ਲਛਮਣ ਸਿੰਘ, ਸ੍ਰ. ਸੁੰਦਰ ਸਿੰਘ ਮਜੀਠਾ, ਭਾਈ ਮੋਹਨ ਸਿੰਘ ਵੈਦ ੇਦ ਨੇ ਕੀਤਾ । ਪ੍ਰਧਾਨਗੀ ਸ੍ਰ. ਕਰਤਾਰ ਸਿੰਘ ਵਕੀਲ ਨੇ ਕੀਤੀ ਸੀ । ਇਸ ਾਗਮ ਸਮੇਂ ਨਿਕਲੇ ਜਲੂਸ ਵਿੱਚ ਸਭ ਸੰਪਰਦਾਵਾਂ ਦੇ ਲੋਕ ਸ਼ਾਮਲ ਸਨ । ਹੱਥਾਂ ਫੜੇ ਸਫੈਦ ਝੰਡੇ ਤੇ ਲਿਖਿਆ ਹੋਇਆ ਸੀ :—

ਜੁਗ ਜੁਗ ਝੰਡਾ ਝੂਲੇ, ਸਤਿਗੁਰੂ ਨਾਨਕ ਦਾ ।
ਸਭ ਜਗ ਧਰਮ ਕਬੂਲੇ ਸਤਿਗੁਰੂ ਨਾਨਕ ਦਾ ।

ਸਤਿਗੁਰੂ ਜੀ ਨੇ ਇੱਕ ਪਾਸੇ ਏਕਤਾ, ਇਤਫ਼ਾਕ ਲਈ ਸਮਾਗਮ ਕਰਨ ਤੇ ਉਹਨਾਂ ਤ ਸ਼ਾਮਲ ਹੋਣਾ ਆਪਣਾ ਨਿਜ ਦਾ ਆਦਰਸ਼ ਵਾਲਾ ਕਾਰਜ ਸਮਝਦੇ ਸਨ । ਪਾਸੇ ਨਾਮ ਜਪ ਕੇ ਮਨ ਨੂੰ ਟਿਕਾਈ ਰੱਖਣ ਦੀ ਪ੍ਰੇਰਨਾ ਵੀ ਦੇਂਦੇ ਸਨ ।

ਅਨੰਦ ਕਾਰਜਾਂ ਤੇ ਅਜੇ ਵੀ ਲੋਕਾਂ ਦਾ ਜਥਿਆਂ ਨੂੰ ਸੱਦਣ, ਜਾਵੀਂਆਂ, ਮਾਵੀਂਆਂ ਸੇਵਾ ਕਰਨ ਦਾ ਕਾਫ਼ੀ ਖ਼ਰਚ ਹੋ ਜਾਂਦਾ ਸੀ । ਭਾਵੇਂ ਮਠਿਆਈਆਂ ਆਦਿ ਦੀ ਤੋਂ ਬੰਦ ਸੀ, ਫਿਰ ਵੀ ਲੰਗਰ ਉੱਤੇ ਵੱਧ ਖ਼ਰਚ ਕਰ ਕੇ ਹੀ ਕਈ ਘਰ ਕਰਜ਼ਾ ਲੈਂਦੇ ਸਨ । ਸਤਿਗੁਰੂ ਜੀ ਨੇ ਇਸ ਸਮੱਸਿਆ ਨੂੰ ਕੁਝ ਗੰਭੀਰ ਸਾਧਾਂ ੇ ਜਥੇਦਾਰਾਂ ਨਾਲ ਸਾਂਝਾ ਕੀਤਾ । ਸਿੱਖਾਂ ਨੂੰ ਵਿਆਹ ਸ਼ਾਦੀ ਦੇ ਖ਼ਰਚਿਆਂ ਤੋਂ ਕੁਲ ਮੁਕਤ ਕਰਨ ਲਈ ਆਪ ਨੇ ਇਹ ਖ਼ਰਚ ਸਾਧ ਸੰਗਤ ਵੱਲੋਂ ਕਰਨ ਦਾ ਲਾ ਕੀਤਾ । ਇਹ ਖ਼ਰਚਾ ਸਾਧ ਸੰਗਤ ਵੱਲੋਂ ਤਾਂ ਹੀ ਹੋ ਸਕਦਾ ਸੀ ਜੇ ਅਨੰਦ ਜ ਸਾਧ ਸੰਗਤ ਵਿੱਚ ਮੇਲਿਆਂ ਵਿਖੇ ਹੋਵੇ । ਦੋਹਾਂ ਘਰਾਂ ਦੇ ਗੁਰਸਿੱਖ ਲੰਗਰ ਤੋਂ ਪਰਸ਼ਾਦ ਛਕਣ ।

ਆਪ ਨੇ ਚਲੀਹੇ ਦੇ ਨੇਮ ਸਮੇਂ 1935 ਈ: ਵਿੱਚ ਸ੍ਰੀ ਭੈਣੀ ਸਾਹਿਬ ਵਿੱਚ ਾਨ ਕੀਤਾ ਕਿ ਭਵਿੱਖਤ ਵਿੱਚ ਕੋਈ ਨਾਮਧਾਰੀ ਆਪਣੇ ਬੱਚੇ ਬੱਚੀ ਦਾ ਅਨੰਦ ਕਾਰਜ ਨਾ ਕਰੇ । ਅਨੰਦ ਕਾਰਜ ਕੇਵਲ ਮੇਲਿਆਂ ਵਿੱਚ ਹੀ ਹੋਵੇਗਾ । ਉਸ ਤੋਂ ਬਾਅਦ



Namdhari Elibrary NamdhariElibrary@gmail.com

ਘਰ ਜਾ ਕੇ ਵੀ ਕੋਈ ਫ਼ਜ਼ੂਲ ਖ਼ਰਚੀ ਨਹੀਂ ਕੀਤੀ ਜਾਵੇਗੀ। ਆਪ ਨੇ ਪਾਠੀਆਂ ਨੂੰ ਸ੍ਰੀ ਭੈਣੀ ਸਾਹਿਬ ਆ ਕੇ ਅਖੰਡ ਪਾਠਾਂ ਵਿੱਚ ਹਿੱਸਾ ਲੈਣ ਲਈ ਕਰਜ਼ ਲੈ ਕੇ ਕਿਰਾਇਆ ਭਰ ਕੇ ਵੀ ਆਉਣ ਲਈ ਕਿਹਾ। ਇਹ ਕਿਰਾਇਆ ਵਾਪਸ ਜਾਣ ਵੇਲੇ ਗੁਰੂ ਘਰ ਵੱਲੋਂ ਮਿਲ ਜਾਣਾ ਸੀ।

ਨੇਮ ਦੇ ਭੋਗ ਸਮੇਂ 117 ਅਖੰਡ ਪਾਠਾਂ ਦੇ ਭੋਗ ਪਾਏ ਗਏ। ਵੇਦੀ ਗੱਡ ਕੇ ਗੁਰ ਮਰਯਾਦਾ ਅਨੁਸਾਰ, ਅਨੰਦ ਕਾਰਜ ਕੀਤੇ ਗਏ। ਵਿਆਹ ਦੀ ਰਸਮ ਦੇ ਸੁਧਾਰ ਵਿੱਚ ਇਹ ਇਕ ਹੋਰ ਪੁਖਤਾ ਕਦਮ ਪੁਟਿਆ ਗਿਆ ਸੀ; ਸਿੱਖਾਂ ਨੂੰ ਵਿਆਹ ਸਮੇਂ ਹੋਣ ਵਾਲੀ ਬਰਬਾਦੀ ਤੋਂ ਬਚਾਇਆ ਗਿਆ ਸੀ।

1936 ਈ: ਦਾ ਸਤਿਜੁਗ ਦਾ ਬਸੰਤ ਅੰਕ ਸਿੱਧੇ ਤਰੀਕੇ ਨਾਲ ਅੰਗਰੇਜ਼ਾਂ ਦੇ ਖਿਲਾਫ਼ ਨਫ਼ਰਤ ਪੈਦਾ ਕਰਨ ਦਾ ਇੱਕ ਵੱਡਾ ਸਾਧਨ ਸੀ। ਇਸ ਵਿੱਚ ਸੰਤ ਇੰਦਰ ਸਿੰਘ ਚਕਰਵਰਤੀ ਦਾ ਨਾਮਧਾਰੀ ਇਤਿਹਾਸ ਸੰਬੰਧੀ ਲੇਖ ਅਪੂਰਵ ਬਲੀਦਾਨ ਛੱਪਿਆ ਸੀ। ਇਸ ਵਿੱਚ ਤਸਵੀਰਾ ਛੱਪੀਆਂ ਸਨ ਜਿਨ੍ਹਾਂ ਵਿੱਚ ਕਾਲੀ ਕੰਬਲੀ ਪਹਿਨੀ ਚੀਨੀ ਵਾਲੇ ਪਾਤਸ਼ਾਹ ਗੱਡੇ ਤੇ ਬੈਠੇ, ਕੂਕਿਆਂ ਨੂੰ ਰੋਂਦਿਆਂ ਛੱਡ, ਧਨਵਾਸ ਦੇਂਦੇ ਹੋਏ, ਪੁਲਿਸ ਦਸਤੇ ਦੀ ਨਿਗਰਾਨੀ ਹੇਠ ਲੁਧਿਆਣੇ ਜਾ ਰਹੇ ਸਨ ਜਿੱਥੋਂ ਆਪ ਅੱਜ ਤੱਕ ਵਾਪਸ ਨਹੀਂ ਆਏ। ਨਾਮਧਾਰੀ ਸ਼ਹੀਦ ਮਲੇਰ ਕੋਟਲੇ ਦੇ ਮੈਦਾਨ ਵਿੱਚ ਤੋਪਾਂ ਨਾਲ ਉੱਡ ਰਹੇ ਸਨ। ਸਤਿਗੁਰੂ ਜੀ ਦੀ ਕਲਕਤਿਓਂ ਜਹਾਜ਼ ਤੇ ਚੜ੍ਹਨ ਦਾ ਵੀ ਨਜ਼ਾਰਾ ਮੂਰਤੀਮਾਨ ਕੀਤਾ ਗਿਆ ਸੀ। ਹੋਰ ਵੀ ਤਸਵੀਰਾਂ ਸਨ ਜੋ ਨਾਮਧਾਰੀ ਇਤਿਹਾਸ ਨੂੰ ਉਜਾਗਰ ਕਰਦੀਆਂ ਸਨ ਅਤੇ ਹਰ ਵੇਖਣ ਵਾਲੇ ਨੂੰ ਜ਼ਾਲਮ ਹਕੂਮਤ ਦੇ ਖਿਲਾਫ਼ ਸੋਚਣ ਲਈ ਤਿਆਰ ਕਰਦੀਆਂ ਸਨ। ਹਰਨਾਮ ਸਿੰਘ ਬੂਗਲੀ ਵਾਲਿਆਂ ਸੰਤ ਖਾਲਸਾ ਨਾਂ ਦੀ ਨਾਮਧਾਰੀ ਇਤਿਹਾਸ ਦੀ ਕਾਵਿ ਰਚਨਾ ਵੀ ਛਪਵਾਈ ਸੀ। ਇਹ ਬਸੰਤ ਅੰਕ ਸ਼ੇਖੂਪੁਰੇ ਹੋ ਰਹੇ ਬਸੰਤ ਤੇ ਮੇਲੇ ਤੇ ਆਮ ਵਿਕਿਆ।

ਇਹ ਅੰਕ ਸਿੰਘ ਸਭਾ ਲਹਿਰ ਦੇ ਸਰਕਾਰ ਭਗਤ ਕਾਰਕੁਨਾਂ ਦੇ ਹੱਥੀਂ ਵੀ ਲੱਗ ਗਿਆ। ਉਹਨਾਂ ਨੂੰ ਆਪਣੇ ਨੰਬਰ ਵਧਾਉਣ ਦਾ ਹੋਰ ਮੌਕਾ ਮਿਲਿਆ। ਨਾਮਧਾਰੀਆਂ ਤੋਂ ਤਾਂ ਉਹ ਖ਼ਾਰ ਖਾਂਦੇ ਹੀ ਸਨ ਕਿਉਂਕਿ ਮਿੱਤਰ ਦਾ ਦੁਸ਼ਮਨ, ਦੁਸ਼ਮਨ ਹੁੰਦਾ ਹੈ। ਨਾਮਧਾਰੀ ਬਰਤਾਨਵੀ ਸਾਮਰਾਜ ਦੇ ਕੱਟੜ ਵੈਰੀ ਸਨ। ਸਰਕਾਰ ਭਗਤਾਂ ਨੇ ਅੰਗਰੇਜ਼ੀ ਹਾਕਮਾਂ ਨੂੰ ਜਾ ਕੇ ਬਸੰਤ ਅੰਕ ਤੇ ਸੰਤ ਖਾਲਸਾ ਵਿਖਾਏ, ਉਹਨਾਂ ਦੇ ਕੰਨ ਭਰੇ ਤੇ ਉਹਨਾਂ ਨੇ ਉਨ੍ਹਾਂ ਚਿਰ ਚੈਨ ਨਹੀਂ ਲਿਆ ਜਿਨ੍ਹਾਂ ਚਿਰ ਦੋਵੇਂ ਲਿਖਤਾਂ ਜਬਤ ਨਹੀਂ ਕਰਵਾ ਦਿੱਤੀਆਂ।

ਕਾਂਗਰਸ ਪਾਰਟੀ ਦੀ ਜਦੋਜ਼ਹਿਦ ਨਾਲ ਸਰਕਾਰ ਨੂੰ ਮਜ਼ਬੂਰ ਹੋ ਕੇ ਸਭ ਬਾਲਗਾਂ ਨੂੰ ਵੋਟਾਂ ਪਾਉਣ ਦਾ ਹੱਕ ਦੇਣਾ ਪਿਆ ਸੀ। ਨਹੀਂ ਤਾਂ ਪਹਿਲਾਂ ਇਹ ਹੱਕ ਕੇਵਲ ਭੂਈਨਈਂ ਦੇ ਸਾਈਆਂ ਨੂੰ ਹੀ ਸੀ। ਉਹ ਸਰਕਾਰ ਪੱਖੀ ਹੀ ਸਨ।

ਹੁਣ ਆਪਣੀ ਵੋਟ ਦੀ ਤਾਕਤ ਦੀ ਸਹੀ ਵਰਤੋਂ ਕਰਨ ਲਈ ਸਤਿਗੁਰ ਜੀ ਨੇ 1936 ਈ: ਦੇ ਹੋਲੇ ਉਤੇ ਵਿਚਕਾਰਲੇ ਦਿਨ ਨਾਮਧਾਰੀ ਪੰਥ ਦੇ ਮੁੱਖੀਆਂ ਤੇ ਨਾਮਧਾਰੀ



Namdhari Elibrary NamdhariElibrary@gmail.com

ਦਰਬਾਰ ਦੇ ਮੈਂਬਰਾਂ ਨੇ ਇਕੱਠਾ ਕਰਕੇ ਪੰਥਕ ਬੋਰਡ ਥਾਪ ਦਿੱਤਾ ਤਾਂ ਕਿ ਉਹ ਆਪਣੀ ਵੋਟ ਦੀ ਸ਼ਕਤੀ ਨੂੰ ਪਹਿਚਾਨ ਕੇ ਉਸ ਦੀ ਸਹੀ ਵਰਤੋਂ ਕਰਨ ਬਾਰੇ ਗੰਭੀਰਤਾ ਨਾਲ ਸੋਚਨ ਤੇ ਆਪ ਨੇ ਸਿੱਖਾਂ ਨੂੰ ਵੀ ਦੱਸਿਆ ਆਪ, ਜਿਸ ਨੂੰ ਯੋਗ ਸਮਝਣਗੇ, ਉਸ ਨੂੰ ਜਾਂ ਸ਼ਰਨ ਆਏ ਨੂੰ ਹੀ ਵੋਟਾਂ ਪਾਉਣ ਬਾਰੇ, ਬੋਰਡ ਰਾਹੀਂ, ਫ਼ੈਸਲਾ ਸੰਗਤ, ਤੱਕ ਪਹੁੰਚਾਉਣਗੇ, ਜਿਸ ਦੀ ਪਾਲਣਾ ਸੰਗਤ ਨੇ ਕਰਨੀ ਸੀ। ਇਸ ਬੋਰਡ ਦੇ ਪ੍ਰਧਾਨ ਸ੍ਰ. ਲਛਮਣ ਸਿੰਘ ਤੇ ਸਕੱਤਰ ਸੰਤ ਇੰਦਰ ਸਿੰਘ ਚਕਰਵਰਤੀ ਨੂੰ ਬਣਾਇਆ ਗਿਆ। ਦੂਜੇ ਸਕੱਤਰ ਸੰਤ ਮੰਗਲ ਸਿੰਘ ਅਰਸੀ ਫ਼ਰਿਸ਼ਤਾ ਜੀ ਬਣਾਏ ਗਏ।

ਸਤਿਗੁਰੂ ਜੀ ਨੇ ਮਈ ਜੂਨ 1936 ਵਿੱਚ ਸਿੰਧ ਮੁਲਤਾਨ ਤੇ ਪੰਜਨਦ ਦਾ ਦੌਰਾ ਕੀਤਾ। ਆਪ ਇੱਕ ਪਾਸੇ ਤਾਂ ਉਸ ਧਰਤੀ ਦੀਆਂ ਸੰਗਤਾਂ ਨੂੰ ਤਾਰ ਰਹੇ ਸਨ ਜਿਥੇ ਕਦੀ ਸਤਿਗੁਰੂ ਨਾਨਕ ਦੇਵ ਜੀ ਨੇ ਆ ਕੇ ਸਯਦ ਜਲਾਲ ਨਾਲ ਗੋਸ਼ਟ ਕੀਤੀ ਸੀ। ਦੂਜੇ ਪਾਸੇ ਆਪਣੀ ਪਾਰਖੂ ਨਜ਼ਰ ਨਾਲ ਉੱਤਮ ਘੋੜੇ ਤੇ ਘੋੜੀਆਂ ਦੀ ਪਛਾਣ ਤੇ ਚੋਣ ਕਰਦੇ ਸਨ।

ਆਪ ਨੇ ਪੰਚਨਦ ਤੋਂ ਰਾਜਨਪੁਰ ਪਹੁੰਚ ਕੇ ਉਥੋਂ ਦੇ ਛੋਟੇ ਥਾਣੇਦਾਰ ਮਨਜ਼ੂਰ ਹੁਸੈਨ ਸ਼ਾਹ, ਜੋ ਘੋੜਿਆਂ ਦਾ ਪਾਰਖੂ ਵੀ ਸੀ ਨੂੰ ਆਪਣੀ ਘੋੜੇ ਵੇਖਣ ਦੀ ਇੱਛਾ ਤੋਂ ਜਾਣੂ ਕਰਾਇਆ। ਉਸ ਅਦਬ ਨਾਲ ਆਪ ਨੂੰ ਬਿਠਾ ਕੇ ਕੁਝ ਘੋੜੇ, ਘੋੜੀਆਂ ਵਿਖਾਏ। ਉਸ ਇਹ ਵੀ ਦੱਸਿਆ ਕਿ ਬਹੁਤ ਵਧੀਆ ਘੋੜੇ, ਘੋੜੀਆਂ ਭਾਗ ਬਸੰਤੀ ਦੇ ਸਰਦਾਰ ਖ਼ਾਨ ਬਹਾਦਰ ਕੋਲ ਸਨ।

ਖਾਨ ਬਹਾਦਰ ਸਤਿਗੁਰੂ ਜੀ ਦਾ ਰੇਸਾਂ ਵਿੱਚ ਜਾਣ ਕਰ ਕੇ ਜਾਣੂ ਸੀ। ਉਹ ਉੱਥੇ ਵੀ ਆਪ ਦਾ ਆਦਰ ਸਤਿਕਾਰ ਕਰਦਾ ਹੁੰਦਾ ਸੀ। ਉਸਦੀ ਅੰਦਰ ਦੀ ਮੰਗ ਸੀ ਕਿ ਆਪ ਕਦੀ ਉਸ ਦੇ ਗ੍ਰਿਹਿ ਨੂੰ ਪਵਿੱਤਰ ਕਰਨ।

ਮਨਜ਼ੂਰ ਹੁਸੈਨ ਦੇ ਦਸਣ ਤੇ ਆਪ ਨੇ ਕਿਹਾ ਕਿ "ਅਸੀਂ ਉਸ ਨੂੰ ਜਾਣਦੇ ਹਾਂ। ਆਪ ਕਾਰ ਉੱਤੇ ਸਵਾਰ ਹੋ ਕੇ ਉਸ ਦੇ ਦਰਵਾਜ਼ੇ ਅੱਗੇ, ਭਾਗ ਬਸੰਤੀ, ਹੀ ਜਾ ਕੇ ਰੁਕੇ। ਅੰਦਰ ਕਿਸੇ ਖ਼ਾਨ ਨੂੰ ਖ਼ਬਰ ਦਿੱਤੀ। ਉਹ ਬਾਹਰ ਆਇਆ। ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਉਸ ਨੂੰ ਚਾਅ ਚੜ੍ਹ ਗਿਆ। ਉਹ ਦਰਸ਼ਨ ਕਰਨ ਦੀ ਆਪਣੀ ਮੰਗ ਪੂਰੀ ਹੋਈ ਜਾਣ ਕੇ ਆਕਲ ਬਿਕਲ ਹੋ ਗਿਆ। ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿਚ ਉਸ ਦੀ ਇਸ ਤਰ੍ਹਾਂ ਦੀ ਅਵਸਥਾ ਹੋ ਗਈ:

"ਖਾਨ ਬਹਾਦਰ ਦਰਸ਼ਨ ਕਰਦਿਆਂ ਬਾਹਵਾਂ ਖਲਾਰ ਕੇ, "ਮੇਰੇ ਪੀਰਾਨ ਸਿਰ ਪੀਰ ਆਏ। ਮੇਰੇ ਗੁਰੂ ਨਾਨਕ ਆਏ। ਮੇਰੀਆਂ ਅੱਖੀਆਂ ਦੇ ਚਾਨਣ ਆਏ", ਆਂਹਦੇ ਪ੍ਰੇਮ ਵਿੱਚ ਮਸਤ ਹੋਏ ਸਤਿਗੁਰੂ ਜੀ ਨੂੰ ਆ ਜੱਫ਼ੀ ਵਿੱਚ ਲਿਆ ਤੇ ਵੈਰਾਗੀ ਹੋਏ ਨੇਤਰਾਂ ਵਿੱਚੋਂ ਮੋਤੀ ਕਿਰਦੇ। ਜਿਸ ਜਿਸ ਡਿੱਠਾ ਸੋ ਭੀ ਮਸਤ ਹੋ ਖੜਾ ਬੜਾ ਅਸਚਰਜ ਹੋ ਰਿਹਾ...। ਖਾਨ ਬਹਾਦਰ ਸਤਿਗੁਰੂ ਜੀ ਦੇ ਚਰਨਾਂ ਤੇ ਹੱਥ ਲਾ ਲਾ ਚੁੰਮਦੇ ਤੇ ਆਪਣੇ ਮੁੱਖ ਮਸਤਕ ਪਿੰਡੇ ਤੇ ਹੱਥ ਫੇਰਦੇ। ਕਦੇ ਮੁੱਖ ਸਤਿਗੁਰੂ ਜੀ ਦੇ ਵਲ ਤੱਕਦੇ ਕਦੇ ਸਾਹਮਣੇ ਖੜੋ ਸਤਿਗੁਰੂ ਜੀ ਦੇ ਮੁੱਖ ਵਲ ਤੱਕ ਕਹਿੰਦੇ,



Namdhari Elibrary NamdhariElibrary@gmail.com

'ਸੁਭਾਨ ਅਲਾ ! ਸੁਭਾਨ ਅਲਾ ! ਅੱਜ ਮੇਰੇ ਘਰ-ਮੰਦਰ ਅਰਸ਼ਾਂ ਤੋਂ ਭੀ ਉੱਚੇ ਹੋ ਗਏ ਹਨ । ਅਜ ਮੈਂ ਆਪਣੇ ਮਹਿਬੂਬ ਦੇ ਦਰਸ਼ਨ ਆਪਣੇ ਘਰ ਕਰ ਰਿਹਾ ਹਾਂ । ਮੇਰੇ ਜਿਹਾ ਕੌਣ ਵੱਡ ਭਾਗਾ ਹੈ ਅੱਜ ਮੈਂ ਹੋਜ਼ ਕੌਸਰ ਤੋਂ ਆਬੇ-ਹਯਾਤ ਪੀ ਰਿਹਾ ਹਾਂ ।"

—ਜੱਸ-ਜੀਵਨ ਭਾਗ ਦੂਜਾ

ਬੰਬਈ ਦੇ ਦੌਰੇ ਸਮੇਂ ਆਪ ਝਾਂਸੀ ਦੇ ਦਿਵਾਨ ਤੋਂ ਬਾਅਦ ਚਿਰ ਗਾਉਂ ਗਏ । ਏਥੇ ਆਪ ਹਿੰਦੀ ਦੇ ਰਾਸ਼ਟਰੀ ਕਵੀ ਮੈਥਲੀ ਸ਼ਰਨ ਗੁਪਤਾ ਨੂੰ ਮਿਲੇ । ਸਾਰੇ ਪਰਵਾਰ ਨੇ ਆਪਣੇ ਦਰਸ਼ਨ ਕਰ ਕੇ ਖੁਸ਼ੀ ਮਨਾਈ । ਸਤਿਗੁਰਾਂ ਉਸ ਦੀ ਸਿੱਖ ਗੁਰੂਆਂ ਬਾਰੇ ਪੁਸਤਕ ਲਿਖਣ ਦੀ ਪ੍ਰਸੰਸਾ ਕੀਤੀ । ਪਰ ਉਸ ਦਾ ਮਨ ਭਰ ਆਇਆ, ਵੈਰਾਗ ਵਿੱਚ ਆ ਗਿਆ ਕਿ ਕਿਸੇ ਨੇ ਉਸ ਦੀ ਕਦਰ ਨਹੀਂ ਕੀਤੀ । ਉਸ ਦੇ ਨੇਤਰ ਛਲਕ ਪਏ । ਸਤਿਗੁਰੂ ਜੀ ਨੇ ਦਿਲਬਰੀ ਦਿੱਤੀ । ਉਸ ਨੇ ਆਪ ਨੂੰ ਆਪਣੀਆਂ ਪੁਸਤਕਾਂ ਗੁਰੂ ਕੁਲ ਤੇ ਸਾਕੇਤ ਭੇਟ ਕੀਤੀਆਂ । ਆਪ ਤੋਂ ਨਾਮਧਾਰੀ ਇਤਿਹਾਸ ਸੁਣਿਆ । ਸਤਿਗੁਰੂ ਜੀ ਨੇ ਚਕਰਵਰਤੀ ਹੱਥੀਂ ਮਾਇਆ ਤੇ ਬਸਤਰਾਂ ਦੀ ਬਖ਼ਸ਼ਸ਼ ਕਰ ਕੇ ਗੁਪਤਾ ਜੀ ਦੇ ਗੁਣਾਂ ਉੱਤੇ ਆਪਣੀ ਪਛਾਣ ਦੀ ਮੁਹਰ ਲਾ ਦਿੱਤੀ ।



Namdhari Elibrary NamdhariElibrary@gmail.com

# ਮਰਯਾਦਾ ਦੀ ਦ੍ਰਿੜ੍ਹਤਾ

ਜ਼ਿੰਦਗੀ ਦੀ ਮਰਯਾਦਾ ਦਾ ਆਰੰਭ ਤਾਂ ਮਨੁੱਖ ਅਤੇ ਪ੍ਰਕਿਰਤੀ ਦੀ ਸਿਰਜਣਾ ! ਨਾਲ ਹੀ ਸਿਰਜਣਹਾਰੇ ਨੇ ਕਰ ਦਿੱਤਾ ਸੀ। ਮਾਨ ਮਰਯਾਦਾ ਸਮੇਂ ਸਮੇਂ ਸਾਡੇ 'ਰਮਿਕ ਆਗੂ ਤਹਿ ਕਰਦੇ ਰਹੇ ਸਨ। ਸਤਿਗੁਰੂ ਸਹਿਬਾਨ ਨੇ ਰਹਿਤ ਮਰਯਾਦਾ ੜੱਤੀ ਜੋ ਸਿੱਖਾਂ ਲਈ ਗੁਰਮਰਯਾਦਾ ਹੈ। ਆਦਿ ਕਾਲ ਤੋਂ ਚਲੀ ਆ ਰਹੀ ਇਸ 'ਰਯਾਦਾ ਨੂੰ ਗੁਰੂ, ਅਵਤਾਰ, ਪੀਰ, ਪੈਗੰਬਰ ਵੇਲੇ ਦੀ ਲੋੜ ਨੂੰ ਮੁੱਖ ਰੱਖ ਕੇ ਰਚਾਰਦੇ, ਪਰਸਾਰਦੇ, ਸੁਧਾਰਦੇ ਜਾਂ ਬਦਲਦੇ ਰਹੇ ਹਨ। ਆਪਣੀ ਮਰਯਾਦਾ ਨੂੰ 'ਲਣ ਕਰਨਾ ਉਹਨਾਂ ਦੇ ਹਰ ਅਨੁਯਾਈ ਲਈ ਜ਼ਰੂਰੀ ਹੈ। ਉਸ ਨੂੰ ਦ੍ਰਿੜ੍ਹਾਉਣ ਲਈ ਰਹਿਨੁਮਾ ਆਪਣਾ ਮਹੱਤਵ-ਪੂਰਨ ਕਾਰਜ ਕਰਦੇ ਰਹੇ ਹਨ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਮਹਿਸੂਸ ਕੀਤਾ ਕਿ ਸਿੱਖ ਆਪਣੀ ਮਰਜ਼ੀ ਨਾਲ ਈ ਵਾਰ ਖੁਲ੍ਹ ਲੈ ਜਾਂਦੇ ਸਨ। ਬੰਬਈ ਦੇ ਦੌਰੇ ਸਮੇਂ ਹੀ ਆਪ ਦਾ ਦ੍ਰਿੜ੍ਹ ਨਿਸ਼ਚਾ ੀ ਕਿ ਨਾਮਧਾਰੀ ਸਿੱਖਾਂ ਨੂੰ ਅਨੁਸ਼ਾਸਨ ਦੀ ਢਿੱਲ ਬਿਲਕੁਲ ਨਹੀਂ ਦੇਣੀ। ਉਹਨਾਂ ' ਇੱਟ੍ਹ ਮੁੱਠ ਰੱਖਣਾ ਸੀ ਅਤੇ ਆਪਣੀ ਤਾਕਤ ਦਾ ਅਹਿਸਾਸ ਕਰਵਾਉਣਾ ਸੀ।

ਵਿਆਹ ਸੁਧਾਰਾਂ ਦੀ ਪਰੰਪਰਾ ਨੂੰ ਆਪ ਮੇਲਿਆਂ ਵਿੱਚ ਵਿਆਹ ਕਰਨ ਤੱਕ ਦਾ ਫ਼ਰ ਕਰਵਾ ਚੁੱਕੇ ਸਨ। ਉਸ ਨੂੰ ਵੀ ਸਖ਼ਤੀ ਨਾਲ ਲਾਗੂ ਕੀਤੇ ਜਾਣ ਦਾ ਹੁਕਮ ਾਪ ਨੇ ਹੋਲੇ ਤੋਂ ਪਹਿਲਾਂ 1937 ਈ: ਵਿੱਚ ਸ੍ਰੀ ਭੈਣੀ ਸਾਹਿਬ ਕੀਤੇ ਇੱਕ ਮੇਲੇ ਵਿੱਚ 'ਰਵਾਇਆ। ਚਕਰਵਰਤੀ ਜੀ ਨੇ ਐਲਾਨ ਕੀਤਾ ਕਿ ਅਨੰਦ ਕਾਰਜ ਸੱਚੇ ਾਤਸ਼ਾਹ ਦੀ ਮਨਜ਼ੂਰੀ ਨਾਲ ਹੀ ਮੇਲਿਆਂ ਵਿੱਚ ਕੀਤੇ ਜਾਇਆ ਕਰਨਗੇ। ਬੱਚਿਆਂ ' ਹਾਣ ਪਰਵਾਰ ਤੇ ਇੱਕ ਦੂਜੇ ਦੇ ਯੋਗ ਹੋਣ ਬਾਰੇ ਵੀ ਆਪ ਜੀ ਕੋਲੋਂ ਪ੍ਰਵਾਨਗੀ ੇਣੀ ਜ਼ਰੂਰੀ ਹੋਵੇਗੀ।

ਘੁੰਡ ਦੀ ਬਿਲਕੁਲ ਮਨਾਹੀ ਕਰ ਦਿੱਤੀ ਗਈ ਸੀ। ਉਹਨਾਂ ਨਸੀਹਤ ਦਿੱਤੀ ਕ ਜੇ ਕਰ ਸਹੁਰਾ ਪਿਤਾ ਸਮਾਨ ਹੈ ਅਤੇ ਦਿਉਰ ਜੇਠ ਭਰਾ ਦੀ ਥਾਂ ਹਨ ਤਾਂ ਉਹਨਾਂ ' ਘੁੰਡ ਕੈਸਾ ? ਬੀਬੀਆਂ ਸਰਲ ਸੁਭਾ, ਨੀਵੀਂ ਨਜ਼ਰ ਅਤੇ ਉੱਚੀ ਬਿਰਤੀ ਦੀਆਂ 'ਰਨੀ ਹੋਣ। ਕਿਸੇ ਦੇ ਸਹੁਰੇ ਵੀ ਬੀਬੀ ਨੂੰ ਘੁੰਡ ਕੱਢਣ ਲਈ ਮਜ਼ਬੂਰ ਨਾ ਕਰਨ।

Namdhari Elibrary NamdhariElibrary@gmail.com

ਟੂਬਾਂ ਉੱਤੇ ਉਜਾੜਾ ਹੀ ਹੁੰਦਾ ਸੀ। ਸੱਚੇ ਪਾਤਸ਼ਾਹ ਦਾ ਹੁਕਮ ਸੀ ਕਿ ਟੂਬਾਂ ਨਾ ਪਾਈਆਂ ਜਾਣ। ਬੀਬੀਆਂ ਵੀ ਟੂਬਾਂ ਦੀ ਮੰਗ ਬਿਲਕੁਲ ਨਾ ਕਰਨ। ਇਹ ਵੀ ਕਰਜ਼ਾਈ ਕਰਦੀਆਂ ਸਨ, ਵਾਧੂ ਸੰਭਾਲ ਮੰਗਦੀਆਂ ਸਨ ਜਾਂ ਪੈਸੇ ਨੂੰ ਕਾਠ ਮਾਰ ਕੇ ਰੱਖਣ ਵਾਲੀ ਗੱਲ ਸੀ। ਵਿਆਹਾਂ ਦੇ ਦਾਜ ਵਰੀ ਦੇ ਖਿਲਾਰਿਆਂ ਤੇ ਵੀ ਰੋਕ ਲਾਈ ਗਈ।

ਵਕਤੀ ਤੌਰ ਉੱਤੇ ਚੋਣਾਂ ਵਿੱਚ ਵੋਟ ਪਾਉਣ ਬਾਰੇ ਬੜਾ ਸੋਚ ਕੇ ਨਿਰਨਾ ਲੈਣ ਦੀ ਲੋੜ ਸੀ। ਸਤਿਗੁਰੂ ਜੀ ਨੇ ਸੰਗਤ ਨੂੰ ਹੁਕਮ ਕੀਤਾ ਕਿ ਕੋਈ ਵੀ ਸਿੱਖ ਕਿਸੇ ਉਮੀਦਵਾਰ ਜਾਂ ਪਾਰਟੀ ਨੂੰ ਵੋਟਾਂ ਦੇਣ ਦਾ ਵਾਇਦਾ ਨਾ ਕਰੇ। ਜਿਹੜੇ ਲੋਕ ਕੂਕਿਆਂ ਨੂੰ ਵੇਖਣਾ ਪਸੰਦ ਨਹੀਂ ਕਰਦੇ ਉਹ ਵੀ ਵੋਟਾਂ ਵੇਲੇ ਮਿੱਠੇ ਬਣ ਸਕਦੇ ਸਨ। ਬਾਅਦ ਵਿੱਚ ਉਹਨਾਂ ਦਾ ਹਾਲ, ਕੋਠਾ ਉਸਰਿਆ ਤਰਖਾਣ ਵਿਸਰਿਆ ਵਾਲਾ ਹੋਣਾ ਸੀ।

ਸਤਿਗੁਰੂ ਜੀ ਦਾ ਥਾਪਿਆ ਪ੍ਰਤਿਨਿਧ ਬੋਰਡ ਚੋਣਾਂ ਲੜ ਰਹੇ ਉਮੀਦਵਾਰਾਂ ਦੇ ਕਿਰਦਾਰ ਬਾਰੇ ਨਜ਼ਰ ਰੱਖ ਰਿਹਾ ਸੀ। ਉਸ ਨੇ ਇੱਕ ਵਿਚਾਰ ਜ਼ਰੂਰ ਬਣਾਈ ਸੀ ਕਿ ਆਪਣਾ ਕੋਈ ਉਮੀਦਵਾਰ ਨਾ ਖੜ੍ਹਾ ਕੀਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਹਮਦਰਦਾਂ ਨੇ ਜ਼ੋਰ ਦਿੱਤਾ ਕਿ ਨਾਮਧਾਰੀ ਸਿੱਖਾਂ ਦੇ ਪ੍ਰਤਿਨਿਧ ਨੂੰ ਵੀ ਚੋਣ ਲੜਨੀ ਚਾਹੀਦੀ ਸੀ। ਉਹਨਾਂ ਸਰਦਾਰ ਆਤਮਾ ਸਿੰਘ ਦੇ ਚੋਣ-ਉਮੀਦਵਾਰ ਬਣਨ ਉੱਤੇ ਜ਼ੋਰ ਪਾਇਆ ਜੋ ਮੰਨਣਾ ਪਿਆ। ਸਤਿਗੁਰੂ ਜੀ ਕੋਲੋਂ ਵੀ ਇਸ ਦੀ ਪ੍ਰਵਾਨਗੀ ਲੈ ਲਈ ਗਈ।

ਜਿਨ੍ਹਾਂ ਉਮੀਦਵਾਰਾਂ ਨੂੰ ਵੱਖ ਵੱਖ ਚੋਣ ਹਲਕਿਆਂ ਵਿੱਚ ਨਾਮਧਾਰੀ ਵੋਟਾਂ ਪੈਣੀਆਂ ਸਨ ਉਹਨਾਂ ਦੀ ਸੂਚੀ ਸਤਿਜੁਗ ਵਿੱਚ ਛਾਪੀ ਗਈ। ਸਾਰੀ ਸੰਗਤ ਨੂੰ ਤਾਕੀਦ ਕੀਤੀ ਗਈ ਕਿ ਇੱਕ ਵੀ ਵੋਟਰ ਹੁਕਮ ਦੀ ਉਲੰਘਣਾ ਨਾ ਕਰੇ ਨਹੀਂ ਤਾਂ ਉਸ ਨੂੰ ਭਾਰੀ ਡੰਨ ਲੱਗ ਸਕਦਾ ਸੀ। ਸਿੱਖਾਂ ਨੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਘਰੋਂ ਪਰਸ਼ਾਦਾ ਛਕ ਕੇ, ਕਿਸੇ ਦੀ ਸਵਾਰੀ ਉੱਤੇ ਚੜ੍ਹਨ ਦੀ ਥਾਂ ਉੱਤੇ ਪੈਦਲ ਜਾ ਕੇ ਵੋਟਾਂ ਪਾਈਆਂ ਸਨ।

1937 ਈ: ਦੇ ਸ਼ੇਖੂਪੁਰ ਬੇਦਾਦ ਦੇ ਹੋਲੇ ਵਿੱਚ, ਸਤਿਗੁਰੂ ਜੀ ਦੀ ਹਜ਼ੂਰੀ ਵਿੱਚ, ਨਾਮਧਾਰੀ ਦਰਬਾਰ ਦੀਆਂ ਇਕੱਤਰਤਾਵਾਂ ਹੋਈਆਂ। ਇਹਨਾਂ ਇਕੱਤਰਤਾਵਾਂ ਵਿੱਚ, ਵੋਟਾਂ ਪੈਣ ਅਤੇ ਨਿਕਲੇ ਨਤੀਜਿਆਂ ਦਾ ਵਿਸਲੇਸ਼ਣ ਕੀਤਾ ਗਿਆ। ਇਹਨਾਂ ਇਕੱਤਰਤਾਵਾਂ ਵਿਚ ਪ੍ਰਵਾਨ ਹੋਏ ਚਹੁੰ ਮਤਿਆਂ ਨੂੰ ਸਾਧ ਸੰਗਤ ਨੂੰ ਸੁਣਾ ਦਿੱਤਾ ਗਿਆ।

ਪਹਿਲਾ :—ਸਾਰੇ ਸੂਬੇ ਆਪਣੇ ਆਪਣੇ ਇਲਾਕੇ ਵਿਚੋਂ ਨਾਮਧਾਰੀਆਂ ਦੁਆਰਾ ਪਾਈਆਂ ਗਈਆਂ ਵੋਟਾਂ ਦਾ ਵੇਰਵਾ ਅਪਰੈਲ 1937 ਈ: ਤੱਕ ਸ੍ਰੀ ਭੈਣੀ ਸਾਹਿਬ ਪਹੁੰਚਾ ਦੇਣ। ਇਸ ਨਾਲ ਉਹਨਾਂ ਨਾਮਧਾਰੀਆਂ ਦਾ ਪਤਾ ਲਗਾਇਆ ਜਾਣਾ ਸੀ ਜਿਨ੍ਹਾਂ ਬੋਰਡ ਦੇ ਫੈਸਲੇ ਦੀ ਉਲੰਘਣਾ ਕਰਕੇ ਮਨਮਰਜ਼ੀ ਕੀਤੀ ਸੀ।

ਦੂਜਾ :—ਨਾਮਧਾਰੀ ਪੰਥ, ਚੋਣਾਂ ਜਿੱਤਣ ਤੋਂ ਬਾਅਦ ਪੈਦਾ ਹੋਈ, ਨਵੀਂ ਸਥਿਤੀ



Namdhari Elibrary NamdhariElibrary@gmail.com

ਤ, ਕਾਂਗਰਸ ਦਾ ਹੀ ਸਾਥ ਦੇਂਦਾ ਰਹੇਗਾ ।

ਤੀਜਾ :—ਨਾਮਧਾਰੀ ਦਸਤਕਾਰੀ ਆਸ਼ਰਮ ਖੋਲ੍ਹਣ ਦਾ ਨਿਰਨਾ ਲਿਆ ਗਿਆ । ਾ ਦੀ ਸਕੀਮ ਤਿਆਰ ਕਰਨ ਦੀ ਜ਼ੁੰਮੇਂਵਾਰੀ, ਸਰਵ ਸ੍ਰੀ ਮਹਾਰਾਜ ਨਿਹਾਲ ਸਿੰਘ, ਮਣ ਸਿੰਘ, ਸੇਠ ਗੁਰਮੁਖ ਸਿੰਘ, ਗੁਰਬਖਸ ਸਿੰਘ ਬਰੇਲੀ, ਦਇਆ ਸਿੰਘ, ਤਮਾ ਸਿੰਘ, ਜੈਮਲ ਸਿੰਘ, ਗੁਰਮੁਖ ਸਿੰਘ ਝੱਬਰ, ਮਾਸਟਰ ਬਲਵੰਤ ਸਿੰਘ, ਆਸਾ ਪ, ਸਿੰਗਾਰਾ ਸਿੰਘ ਆਦਿ ਦੀ ਲਾਈ ਗਈ ।

ਚੌਥਾ : ਨਾਮਧਾਰੀ ਪਰਚਾਰਕ ਤਿਆਰ ਕਰਨ ਵਾਸਤੇ ਜਮਾਤਾਂ ਲਾਉਣ ਦਾ ਨਾ ਲਿਆ ਗਿਆ । ਇਸ ਦਾ ਵੇਰਵਾ ਤਿਆਰ ਕਰਨ ਅਤੇ ਸਿੱਖਿਆਰਥੀਆਂ ਖਿਆ ਦੇਣ ਦਾ ਕਾਰਜ, ਸਰਵ ਸ੍ਰੀ ਨਿਧਾਨ ਸਿੰਘ ਆਲਮ, ਇੰਦਰ ਸਿੰਘ ਚਕਰਵਰਤੀ ਲ ਸਿੰਘ ਅਰਸ਼ੀ ਫ਼ਰਿਸ਼ਤਾ, ਹਜ਼ੂਰ ਸਿੰਘ ਭੂਰੀ ਵਾਲੇ, ਮਨਸ਼ਾ ਸਿੰਘ ਕੌਮੀ, ਆਤਮਾ । ਅਤੇ ਸਰਦਾਰਨੀ ਲੀਲਾਵੰਤੀ ਨੇ ਕਰਨਾ ਸੀ ।

ਸਿੱਖਾਂ ਵਿੱਚ ਅੰਮ੍ਰਿਤਸਰ, ਦਰਬਾਰ ਸਾਹਿਬ ਦੀ ਪਰਕਰਮਾ ਕਰਨ ਬਾਰੇ ਭੇਦ ਸਨ । ਕੋਈ ਸੱਜੇ ਤੋਂ ਖੱਬੇ ਪਰਕਰਮਾ ਕਰਕੇ ਆਪਣੀ ਸ਼ਰਧਾ ਨਾ ਪ੍ਰਗਟ ਕਰਦਾ ਸੀ ਕੋਈ ਖੱਬਿਓਂ ਸੱਜੇ ਪਰਕਰਮਾ ਨੂੰ ਸਹੀ ਮੰਨਦਾ ਸੀ । ਗ ਸਦਾ ਸੱਜੇ ਤੋਂ ਖੱਬੇ ਪਰਕਰਮਾ ਕਰਦੇ ਸਨ ਪਰ ਸਿੰਘ ਸਭੀਏ ਅਤੇ ਉਹਨਾਂ ਵੇਖਾ ਵੇਖੀ ਅਕਾਲੀ ਖੱਬਿਓਂ ਸੱਜੇ । ਦੋਵੇਂ ਆਪਣੇ ਆਪ ਨੂੰ ਸਹੀ ਸਮਝਦੇ । ਭਾਈ ਅਰਜਨ ਸਿੰਘ ਬਾਗੜੀਆਂ ਜਿਹੜੇ ਸਿੱਖਾਂ ਵਿੱਚ ਰਹਿਤ ਮਰਯਾਦਾ ਦਾ ਪੂਰ ਗਿਆਨ ਰੱਖਣ ਵਾਲੇ ਸਮਝੇ ਜਾਂਦੇ ਸਨ, ਦਾ ਮੱਤ ਸੀ ਕਿ ਪਰਕਰਮਾ ਹਮੇਸ਼ਾਂ ਜੇ ਪਾਸਿਓਂ ਸ਼ੁਰੂ ਕਰਨੀ ਚਾਹੀਦੀ ਸੀ । ਉਹਨਾਂ ਦੀਆਂ ਦਲੀਲਾਂ ਨੂੰ 22 ਜੂਨ, 37 ਦੇ ਸਤਿਜੁਗ ਵਿੱਚ ਵੀ ਛਾਪ ਦਿੱਤਾ ਗਿਆ ਜੋ ਇਸ ਪ੍ਰਕਾਰ ਹਨ :

(ੳ) ਧਰੂ-ਤਾਰੇ ਵੱਲ ਮੂੰਹ ਕਰਕੇ ਖੜੇ ਹੋਈਏ ਤਾਂ ਆਕਾਸ਼ ਚੱਕਰ ਸੱਜੇ ਪਾਸੇ ਦਾ ਦਿੱਸੇਗਾ । ਇਸੇ ਕਰਕੇ ਲਹਿੰਦੇ ਵੱਲ ਸੂਰਜ, ਚੰਨ, ਤਾਰੇ ਆਦਿ ਡੁੱਬਦੇ ਸੂਸ ਹੁੰਦੇ ਹਨ ।

(ਅ) ਸੱਜੇ ਹੱਥ ਵਿੱਚ ਉੱਦਮ, ਚੁਸਤੀ ਅਤੇ ਹਿੰਮਤ ਹੈ । ਦਸਤਾਰ ਜੇ ਕੋਈ ਜੇ ਪਾਸਿਓਂ ਨਾ ਸਜਾਉਣੀ ਸ਼ੁਰੂ ਕਰੇ ਤਾਂ ਉਸ ਨੂੰ ਖੱਬੂ ਕਹਿੰਦੇ ਹਨ । ਵਿਆਹ ਂ ਲਾੜਾ ਵੀ ਸੱਜੇ ਤੁਰਨ ਨਾਲ ਹੀ ਅੱਗੇ ਤੁਰ ਸਕਦਾ ਹੈ ।

(ੲ) ਖੇਤਾਂ ਵਿੱਚ ਕੰਮ ਕਰਨ ਵੇਲੇ, ਸੱਜਾ ਬਲਦ ਹੀ ਵੱਧ ਤਾਕਤਵਰ ਤੇ ਚੁਸਤ ਾ ਹੈ । ਖੂਹ, ਖਰਾਸ, ਕੋਹਲੂ ਸਭ ਦੀ ਸੱਜੇ ਪਾਸੇ ਚਲਣ ਦੀ ਪਰਕਰਮਾ ਹੀ ਸਿੱਧੀ ੀ ਜਾਂਦੀ ਹੈ ।

(ਸ) ਘੰਟਾ-ਘਰ ਤੋਂ ਸੱਜੇ ਪਾਸੇ ਤੁਰਿਆਂ ਹੀ ਦਰਬਾਰ ਸਾਹਿਬ ਨੇੜੇ ਪੈਂਦਾ ਹੈ । ਾਂ ਦੇ ਵਿਚਕਾਰ ਖੜੇ ਹੋਇਆਂ ਅਕਾਲ ਤਖਤ ਸੱਜੇ ਹੱਥ ਪੈਂਦਾ ਹੈ ।

(ਹ) ਅੰਗਰੇਜ਼ ਇਸਤਰੀਆਂ ਨੂੰ ਸੱਜੇ ਹੱਥ ਬਿਠਾਉਂਦੇ ਅਤੇ ਖਲ੍ਹਾਰਦੇ ਹਨ । ਨੂੰ ਉਹਨਾਂ ਮਗਰ ਨਹੀਂ ਲਗਣਾ ਚਾਹੀਦਾ । ਜਿਵੇਂ ਪੁਰਾਤਨ ਸਿੱਖ, ਸਿੰਘ ਸਭੀਏ ਦੇ ਹਨ ਤੁਸੀਂ ਨਾ ਕਰੋ । ਸਿੰਘ ਸਭੀ ਅੰਗਰੇਜ਼ ਚਾਲੇ ਲੱਗ ਕੇ ਉਲਟ ਚਾਲੇ ਤੁਰ



Namdhari Elibrary NamdhariElibrary@gmail.com

ਪਏ ਹਨ ਤੇ ਅਕਾਲੀ ਵੀ ਉਹਨਾਂ ਦੇ ਹੀ ਮਗਰ ਲੱਗ ਤੁਰੇ ਹਨ। ਪਰ ਨਿਹੰਗ ਸੱਜੇ ਤੋਂ ਖੱਬੇ ਤੁਰਦੇ ਹਨ ਤੇ ਕਹਿੰਦੇ ਹਨ,

'ਖਾਲਸਾ ਆਪਣੀ ਅਸਲੀ ਚਾਲ ਨਹੀਂ ਛੱਡੇਗਾ।'

ਪੰਜਾਬੀਆਂ ਦੀ ਦੁਖਦੀ ਰਗ ਉੱਤੇ ਹੱਥ ਰੱਖਣ ਲਈ, ਸਰਕਾਰ ਬਰਤਾਨੀਆ ਕੋਲ ਪੰਜਾਬ ਦੇ ਕੁਝ ਕਾਰਕੁਨਾਂ ਵਲੋਂ ਅਗਸਤ 1937 ਈ: ਵਿੱਚ ਸਿਫਾਰਸ਼ ਕੀਤੀ ਗਈ ਕਿ ਲਾਹੌਰ ਇੱਕ ਬੁੱਚੜਖ਼ਾਨਾ ਖੁਲ੍ਹਣਾ ਚਾਹੀਦਾ ਸੀ। ਇਸ ਬੁੱਚੜਖ਼ਾਨੇ ਵਿੱਚ ਮਸ਼ੀਨੀ ਤਰੀਕੇ ਨਾਲ ਰੋਜ਼ਾਨਾ 1000 ਪਸ਼ੂ—ਗਊਆਂ ਜਾਂ ਕੋਈ ਹੋਰ—ਜ਼ਿਬ੍ਹਾ ਕੀਤੇ ਜਾਣੇ ਸਨ। ਇਸ ਗੰਭੀਰ ਸਮੱਸਿਆ ਦਾ ਆਭਾਸ ਤਾਂ ਬਹੁਤਿਆਂ ਨੂੰ ਸੀ ਪਰ ਅਹਿਸਾਸ ਤੇ ਮਹਿਸੂਸ ਸਤਿਗੁਰੂ ਜੀ ਅਤੇ ਨਾਮਧਾਰੀ ਸਿੱਖਾਂ ਨੇ ਕੀਤਾ।

ਸਤਿਗੁਰੂ ਜੀ ਨੇ ਅਸੁਰੀ ਸ਼ਕਤੀਆਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਦੈਵੀ ਸ਼ਕਤੀਆਂ ਦਾ ਆਵਾਹਣ ਕੀਤਾ। ਆਪ ਨੇ ਆਪਣੀ ਸਨਾਤਨ ਪ੍ਰੰਪਰਾ, ਹਵਨ ਯਗ ਦਾ ਆਰੰਭ ਕੀਤਾ। ਇਹ ਯਗ, 9 ਸਤੰਬਰ 1937 ਈ: ਨੂੰ ਸ਼ੁਰੂ ਕੀਤਾ ਗਿਆ। ਸ੍ਰੀ ਭੈਣੀ ਸਾਹਿਬ ਵਿਕ ਰਾਮ ਸਰ ਕੰਢੇ ਇੱਕ ਵੱਡਾ ਹਵਨ ਕੁੰਡ ਬਣਵਾਇਆ ਗਿਆ, ਜਿਸ ਦੇ ਉੱਚੇ ਥੜ੍ਹੇ ਦੁਆਲੇ ਜੰਗਲਾ ਸੀ। ਹਵਨ ਵਿੱਚ ਦੂਰੋਂ ਹੀ ਘਿਉ ਦੀ ਅਹੂਤੀ ਪਾਉਣ, ਜਲ ਦਾ ਛੱਟਾ ਦੇਣ ਅਤੇ ਲਕੜਾਂ ਪਾਉਣ ਦਾ ਪ੍ਰਬੰਧ ਕੀਤਾ ਗਿਆ। 96 ਪਾਠੀਆਂ ਨੂੰ ਅੰਮ੍ਰਿਤ ਛਕਾ ਕੇ, ਸੋਧ ਰਖਾ ਕੇ, ਹਵਨ ਵਿੱਚ ਹਿੱਸਾ ਲੈਣ ਲਈ ਤਿਆਰ ਕੀਤਾ ਗਿਆ। ਉਹ ਚੰਡੀ ਦੀ ਵਾਰ ਦਾ ਪਾਠ ਕਰਦੇ ਰਹਿੰਦੇ ਸਨ। ਹਰ ਪਾਠੀ ਆਪਣੀ ਰੌਲ ਵੇਲੇ ਅਕਾਲ ਪੁਰਖ ਅਗੇ, ਮਹਾਂ ਮਲੇਸ਼ ਦੇ ਨਾਸ ਅਤੇ ਗਊ ਗ਼ਰੀਬ ਦੀ ਰੱਖਿਆ ਲਈ, ਬੈਠਣ ਤੋਂ ਪਹਿਲਾਂ ਅਤੇ ਉਠਣ ਵੇਲੇ, ਅਰਦਾਸਾ ਕਰਦਾ ਸੀ। ਸੱਚੇ ਪਾਤਸ਼ਾਹ ਵੀ ਇਸ ਹਵਨ ਸਮੇਂ ਰੌਲ ਲੈਂਦੇ ਰਹੇ। ਸਦਾ ਜਗਦੀ ਰੱਖਣ ਵਾਲੀ ਜੋਤ ਦਾ ਧਿਆਨ ਰੱਖਣ ਅਤੇ ਹੋਰ ਮਦਦ ਲਈ ਪਹਿਰੇਦਾਰ ਰੱਖੇ ਹੋਏ ਸਨ।

ਇਸ ਹਵਨ ਬਾਰੇ ਡਾ: ਕਰਮ ਸਿੰਘ ਕਪੂਰ ਨੇ ਆਪਣੀ ਪੁਸਤਕ, ਸਤਿਗੁਰੂ ਪਰਤਾਪ ਸਿੰਘ ਇੱਕ ਮਹਾਨ ਸਤਿਗੁਰੂ, ਵਿੱਚ ਇਸ ਤਰ੍ਹਾਂ ਲਿਖਿਆ ਹੈ :

"ਇੱਕ ਵਾਰ 1937 ਵਿੱਚ ਜਦੋਂ ਅੰਗਰੇਜ਼ਾਂ ਨੇ ਲਾਹੌਰ ਵਿੱਚ ਮਾਡਰਨ ਮਸ਼ੀਨਰੀ ਨਾਲ ਲੈਸ, ਇੱਕ ਬੁੱਚੜਖ਼ਾਨਾ ਖੋਲ੍ਹਣ ਦਾ ਫ਼ੈਸਲਾ ਕੀਤਾ, ਤਾਂ ਇਸ ਰਾਜ-ਰਿਸ਼ੀ ਨੇ ਬਲੀਦਾਨ ਦੇਣ ਦੀ ਥਾਂ ਹਵਨ ਯਗ ਰਾਹੀਂ ਦਰਗਾਹੀ ਸ਼ਕਤੀ ਦਾ ਆਵਾਹਨ ਕੀਤਾ। ਇਸ ਯਗ ਵਿੱਚ ਰਿਸ਼ੀ ਰੂਪ 500 ਸਿੱਖ ਹਵਨ ਦੁਆਲੇ ਬੈਠੇ ਸਾਹਿਬ ਦਸਮ ਪਾਤਸ਼ਾਹ ਦੀ ਮਹਾਬਲੀ ਬਾਣੀ, ਚੰਡੀ ਦੀ ਵਾਰ ਦਾ ਪਾਠ ਕਰਦੇ ਰਹੇ। ਦੱਸਿਆ ਜਾਂਦਾ ਹੈ ਕਿ ਇਹ ਚੌਦਾਂ ਦਿਨ ਲਗਾਤਾਰ ਜਾਰੀ ਰਿਹਾ। ਇਸ ਹਵਨ ਵਿੱਚ ਪੂਰਣ ਅਹੂਤੀ ਵਾਲੇ ਦਿਨ 20 ਸੇਰ ਪ੍ਰਤੀ ਘੰਟਾ ਦੇਸੀ ਘੀ ਪਾਇਆ ਗਿਆ ਅਤੇ ਇਸ ਤਰ੍ਹਾਂ 1,25,000 ਪਾਠ ਹੋ ਜਾਣ ਤੇ ਜਦੋਂ ਯਗ ਵਿੱਚ ਸੰਪੂਰਨ ਅਹੂਤੀ ਪਈ, ਜ਼ਾਲਮ ਅੰਗਰੇਜ਼ ਦੀਆਂ ਨੀਹਾਂ ਹਿੱਲੀਆਂ ਅਤੇ ਉਸ ਬੁੱਚੜਖ਼ਾਨੇ ਨੂੰ ਨਾ ਖੋਲ੍ਹਣ ਦਾ ਐਲਾਨ ਕਰ ਦਿੱਤਾ। ਇਹ ਸੀ ਉਸ ਸ਼ਕਤੀ ਵਾਲੇ ਦੀ ਪਰਤੱਖ ਸ਼ਕਤੀ ਦਾ ਪਰਤੱਖ ਪ੍ਰਮਾਣ।"

18 ਸਤੰਬਰ ਨੂੰ ਇਹ ਮਹਾਨ ਯਗ ਦਾ ਭੋਗ ਪਾਇਆ ਗਿਆ। ਚੰਡੀ ਦੀ ਵਾਰ



Namdhari Elibrary NamdhariElibrary@gmail.com

ਪਾਠਾਂ ਦੀ ਗਿਣਤੀ ਕੀਤੀ ਗਈ। ਕੁੱਲ 1 ਲੱਖ 27 ਹਜ਼ਾਰ ਪਾਠ ਹੋਏ ਨ । ਸਾਰੇ ਦੇਸ਼ ਭਗਤ ਅਤੇ ਗਊ ਭਗਤਾਂ, ਸ਼ਾਕਾਹਾਰੀਆਂ ਨੂੰ, ਸਰਕਾਰ ੀ, ਹੇਠੋਂ ਤੁਰੀ, ਬੁੱਚੜਖ਼ਾਨਾ ਖੋਲ੍ਹਣ ਦੀ ਤਜਵੀਜ਼ ਖੂੰਡੇ ਲਾਈਨ ਲੱਗ ਜਾਣ ਦੀ ਸ਼ੀ ਸੀ।

ਬੰਦਗੀ ਵਾਲੇ ਸਾਧਾਂ ਨੇ ਕਮਾਈ ਕੀਤੀ ਹੁੰਦੀ ਹੈ। ਉਹਨਾਂ ਵਿੱਚ ਸੱਤਿਆ ਦੀ ਹੈ। ਲੋੜ ਪੈਣ ਉੱਤੇ ਉਹ ਉਸ ਦਾ ਜਲਵਾ ਵੀ ਦਿਖਾ ਦੇਂਦੇ ਹਨ। ਇੱਕ ਵਾਰ ਾਹੌਰ ਸੰਤ ਮੋਹਨ ਸਿੰਘ ਜੀ ਦਾ ਦਿਵਾਨ ਲੱਗਾ ਹੋਇਆ ਸੀ। ਸਰੋਤੇ ਆਪਣੇ ਰੰਗ ਿੱਚ ਬੈਠੇ ਰਸ ਸੁਆਦ ਮਾਣ ਰਹੇ ਸਨ। ਕੁਝ ਲੰਘਦੇ ਜਾਂਦੇ ਮਨਚਲੇ ਸ਼ਰਾਬੀਆਂ ਨੇ ਲੀ ਮਾਰੀ, "ਐਵੇਂ ਢੋਂਗ ਹੈ, ਕੂਕੇ ਮਸਤ ਕਰ ਦੇਂਦੇ ਹਨ। ਕੋਈ ਮਸਤੀ ਨਹੀਂ ਾਉਂਦੀ, ਸਭ ਝੂਠ ਹੈ, ਪਾਖੰਡ ਹੈ।"

ਸੰਤ ਜੀ ਨੇ ਕੀਰਤਨ ਬੰਦ ਕਰ ਦਿੱਤਾ। ਉਹਨਾਂ ਸ਼ਰਾਬੀਆਂ ਨੂੰ ਇਸ਼ਾਰਾ ਕੀਤਾ । ਜੋੜੇ ਲਾਹ ਕੇ ਅਗੇ ਆ ਜਾਓ। ਉਹ 'ਤਮਾਸ਼ਾ' ਵੇਖਣ ਲਈ ਅਗੇ ਵਧੇ। ਸੰਤਾਂ ਅਕਾਲ ਪੁਰਖ ਦਾ ਧਿਆਨ ਧਰ ਕੇ 2-3 ਨੂੰ ਭਜਨ ਦੇ ਦਿੱਤਾ। ਉਹ ਲੋਟ ਪੋਟ ਏ ਵਾਹਵਾ ! ਵਾਹਵਾ ! ਅਤੇ ਧੰਨ ਹੋ ! ਧੰਨ ਹੋ ! ਕਹਿਣ ਲੱਗੇ। ਉਹਨਾਂ ਦੇ ਨਾਲ ਦੇ ਰਾਨ ਹੋ ਗਏ। ਉਹ ਇਹ ਕਹਿੰਦੇ ਭੱਜ ਗਏ ਕਿ, "ਨੱਸੋ ਕਿਤੇ ਕੂਕਾ ਨਾ ੜ ਜਾਵੇ।"

1938 ਈ: ਦੇ ਸ਼ੇਖ਼ੂਪੁਰੇ ਦੇ ਹੋਲੇ ਉੱਤੇ ਸਤਿਗੁਰੂ ਜੀ ਦੇ ਹੁਕਮ ਨੁਸਾਰ ਪਰਚਾਰਕਾਂ ਨੇ ਸੰਗਤ ਨੂੰ ਗੁਰਮਰਯਾਦਾ ਬਾਰੇ ਫਿਰ ਦ੍ਰਿੜ੍ਹਾਇਆ ਾਂ ਕਿ ਜੇ ਕਿਸੇ ਸਿੱਖ ਦਾ ਮਨ ਹੋਰਾਂ ਦੀ ਵੇਖਾ ਵੇਖੀ ਡੋਲਣ ਲੱਗੇ ਤਾਂ ਟਿਕਾਅ ਵਿੱਚ ਾ ਜਾਵੇ।

ਸਾਧ ਸੰਗਤ ਨੂੰ, ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਦੀ ਥਾਂ ਉੱਤੇ, ਗ਼ਲਤ ਤੇ ਵਗਾੜ ਕੇ ਛਾਪੇ ਗਏ, ਹੁਕਮਨਾਮਿਆਂ ਉੱਤੇ, ਵਿਸ਼ਵਾਸ਼ ਨਾ ਕਰਨ ਲਈ ਕਿਹਾ ਿਆ। ਦੱਸਿਆ ਗਿਆ ਕਿ ਉਹ ਹੁਕਮਨਾਮੇ, ਨਾਮਧਾਰੀ ਪੰਥ ਵਿਚੋਂ ਛੇਕੇ ਗਏ, ਹਿਲ ਸਿੰਘ ਨੇ, ਸਿੰਘ ਸਭਾ ਵਾਲਿਆਂ ਨਾਲ, ਮਤਾ ਮੇਲ ਕੇ, ਤੋੜ-ਮਰੋੜ ਕੇ, ਛਾਪੇ ਨ। ਉਹਨਾਂ ਵਿੱਚ ਕਈ ਭੁਲੇਖੇ ਪਾਊ ਗੱਲਾਂ ਜੋੜੀਆਂ ਗਈਆਂ ਸਨ। ਕਿਸੇ ਾਮਧਾਰੀ ਨੂੰ ਉਹਨਾਂ ਨੂੰ ਪੜ੍ਹ, ਸੁਣ ਕੇ ਗੁਮਰਾਹ ਹੋਣ ਤੋਂ ਸਾਵਧਾਨ ਰਹਿਣ ਲਈ ਚੇਤ ਕੀਤਾ ਗਿਆ ਸੀ।

ਹੋਲੇ ਦੇ ਅਖ਼ੀਰਲੇ ਦਿਨ ਆਦਿ ਸ੍ਰੀ ਗ੍ਰੰਥ ਸਾਹਿਬ ਦੇ 101 ਅਤੇ ਦਸਮ ਗ੍ਰੰਥ ਸਾਹਿਬ 8 ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਨਾਮਧਾਰੀ ਦਰਬਾਰ ਨੇ ਆਪਣੀਆਂ ਕੱਤਰਤਾਵਾਂ ਵਿੱਚ ਵਿਚਾਰੇ ਤੇ ਪ੍ਰਵਾਨ ਕੀਤੇ ਗਏ ਪੰਜ ਮਤਿਆਂ ਬਾਰੇ ਇਸ ਤਰ੍ਹਾਂ ੱਸਿਆ,

ਪਹਿਲਾ :—ਸ਼ਹੀਦ ਗੰਜ ਲਾਹੌਰ ਦਾ ਝਗੜਾ ਅੰਗਰੇਜ਼ਾਂ ਦੀ ਛਹਿ ਤੇ ਮੁਸਲਮਾਨਾਂ ਛੇੜਿਆ ਸੀ। ਇਹ ਮਸਲਾ ਸਾਰੇ ਸਿੱਖਾਂ ਦਾ ਸਾਂਝਾ ਸੀ। ਇਸ ਕਰਕੇ ਸਾਰੇ ਾਮਧਾਰੀ ਇਸ ਮਸਲੇ ਵਿੱਚ ਸਿੱਖਾਂ ਦੇ ਹਰ ਸੰਘਰਸ਼ ਵਿੱਚ ਸ਼ਰੀਕ ਹੋਣ।



Namdhari Elibrary NamdhariElibrary@gmail.com

ਦੂਜਾ :—ਟੀਕਾ ਲੁਆਉਣਾ ਨਾਮਧਾਰੀ ਮਰਯਾਦਾ ਦੇ ਅਨੁਕੂਲ ਨਹੀਂ ਸੀ । ਸੋ ਟੀਕੇ ਦੀ ਵਰਤੋਂ ਨਾ ਕੀਤੀ ਜਾਵੇ ।

ਤੀਜਾ :—ਜਿਹੜਾ ਵੀ ਸਿੱਖ, ਕਿਸੇ ਥਾਂ ਤੇ ਵੀ ਸ੍ਰੀ ਭੈਣੀ ਸਾਹਿਬ ਡੇਰੇ ਦੇ ਨਾਂ ਜ਼ਮੀਨ ਲੁਆਉਣੀ ਚਾਹਵੇ ਸਰਕਾਰ ਉਸ ਦੇ ਰਸਤੇ ਵਿੱਚ ਰੋੜਾ ਨਾ ਅਟਕਾਵੇ ।

ਚੌਥਾ :—ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਬਣਾਏ ਗਏ ਸਥਾਨਾਂ ਵਿੱਚ ਉਸ ਦਾ ਪ੍ਰਕਾਸ਼ ਕੀਤਾ ਜਾਵੇ । ਉਸ ਨੂੰ ਆਦਰ ਸਤਿਕਾਰ ਦੇਣ ਦੀ ਭਾਵਨਾ ਨਾਲ ਉੱਥੇ ਕੋਈ ਵੀ ਆਪਣੇ ਚਰਨ ਧੋਤੇ ਬਿਨਾ ਨਾ ਜਾਵੇ । ਉਸ ਸਥਾਨ ਦੇ ਦਰਵਾਜ਼ੇ ਉੱਤੇ 'ਧਰਮਸਾਲਾ ਲਿਖਿਆ ਜਾਵੇ ।

ਪੰਜਵਾਂ :—ਨਾਮਧਾਰੀ ਮਰਯਾਦਾ ਅਨੁਸਾਰ ਬੱਚੇ ਨੂੰ ਜੰਮਦੇ ਨੂੰ ਹੀ ਭਜਨ ਦੇਣ ਦੀ ਰੀਤ ਤਾਂ ਚਾਲੂ ਰੱਖੀ ਜਾਵੇ । ਇਸ ਰੀਤ ਦੇ ਨਾਲ ਨਾਲ ਉਸ ਬੱਚੇ ਦੇ ਹੋਸ਼ ਸੰਭਾਲਣ ਉੱਤੇ 5-7 ਸਾਲਾਂ ਦੀ ਉਮਰ ਵਿੱਚ ਕਿਸੇ ਬੰਦਗੀ ਵਾਲੇ ਸਾਧੂ ਤੋਂ ਦੁਬਾਰਾ ਭਜਨ ਦਿਵਾਇਆ ਜਾਵੇ ਤਾ ਕਿ ਉਸ ਨੂੰ ਸੋਝੀ ਰਹੇ ।

ਅਪਰੈਲ 1939 ਈ: ਵਿੱਚ ਆਪ ਨੇ ਸ੍ਰੀ ਭੈਣੀ ਸਾਹਿਬ ਵਰਨੀਆਂ ਦਾ ਪ੍ਰਯੋਗ ਸ਼ੁਰੂ ਕੀਤਾ । ਮੇਲੇ ਵਿੱਚ ਆਈ ਸਾਧ ਸੰਗਤ ਨੂੰ ਗੜਵਾ, ਡੋਰੀ, ਮਾਲਾ, ਪਊਏ, ਆਸਣ ਆਦਿ ਰੱਖਣ ਦਾ ਹੁਕਮ ਸੁਣਾਇਆ ਗਿਆ । ਆਪ ਨੇ ਗੁਰੂ ਹਰੀ ਸਿੰਘ ਤੱਕ ਦਾ ਪੂਰਾ ਅਰਦਾਸਾ ਛਾਪ ਕੇ ਸਿੱਖਾਂ ਵਿੱਚ ਵੰਡਿਆ । ਭਵਿੱਖਤ ਵਿੱਚ ਇਸ ਅਨੁਸਾਰ ਹੀ ਅਰਦਾਸਾ ਕਰਨ ਦੀ ਪੱਕੀ ਕੀਤੀ ।

ਇਹਨਾਂ ਦਿਨਾਂ ਵਿਚ ਦੇਸ ਪਰਦੇਸ ਸਭ ਥਾਵਾਂ ਉੱਤੇ ਤਬਦੀਲੀਆਂ ਆ ਰਹੀਆਂ ਸਨ, ਧੜੇ-ਬੰਦੀਆਂ ਹੋ ਰਹੀਆਂ ਸਨ । ਦੇਸ ਵਿੱਚ ਧਰਮ ਦੇ ਨਾਂ ਤੇ ਵਧ ਰਹੀਆਂ ਛੁਰੇ-ਬਾਜ਼ੀ ਦੀਆਂ ਘਟਨਾਵਾਂ, ਧੁੰਦਲੇ ਭਵਿੱਖਤ ਦਾ ਹੀ ਪਰਤੀਕ ਸਨ । ਜਪਾਨ, ਚੀਨ ਦੀ ਲੱਗੀ ਲੜਾਈ ਤੋਂ ਵਿਸ਼ਵ ਯੁੱਧ ਦਾ ਖ਼ਤਰਾ ਭਾਸ ਰਿਹਾ ਸੀ । ਸਤਿਗੁਰੂ ਜੀ ਨੇ ਆਉਣ ਵਾਲੇ ਮਾੜੇ ਸਮੇਂ ਦੀ ਮਾਰ ਤੋਂ ਬਚਨ ਲਈ ਸਿੱਖਾਂ ਨੂੰ ਸੁਹੇਵੇ ਸਾਹਿਬ ਜਾਂ ਰਵਾਲਸਰ ਵੱਲ ਜਾਣ ਦੀ ਸਲਾਹ ਦਿੱਤੀ ।

ਕਾਂਗਰਸ ਚੋਣਾਂ ਵਿੱਚ ਜਿੱਤ ਤੋਂ ਬਾਅਦ ਛੇ ਸੂਬਿਆਂ ਵਿੱਚ ਆਪਣੀ ਸਰਕਾਰ ਚਲਾ ਰਹੀ ਸੀ । ਉਹਨਾਂ ਸਰਕਾਰਾਂ ਨੂੰ ਅਸਫ਼ਲ ਸਿੱਧ ਕਰਨ ਲਈ, ਵੱਖ ਵੱਖ ਧਰਮਾਂ ਤੇ ਫ਼ਿਰਕਿਆਂ ਦੇ ਲੋਕਾਂ ਨੂੰ ਆਪਸ ਵਿੱਚ ਲੜਾਉਣ ਦੇ ਮਨਸੂਬੇ ਬਣਾਉਂਦੀ, ਬਰਤਾਨਵੀ ਹਕੂਮਤ ਆਪਣੇ ਯਤਨਾਂ ਵਿੱਚ ਕਾਮਯਾਬ ਹੋ ਰਹੀ ਸੀ । ਸਤਿਗੁਰੂ ਜੀ ਮਹਿਸੂਸ ਕਰ ਰਹੇ ਸਨ ਕਿ ਦੇਸ ਦੇ ਮੁਸਲਮਾਨ ਆਗੂਆਂ ਦੀ ਸੁਰ ਵੱਖਰੀ ਜਿਹੀ ਹੁੰਦੀ ਜਾ ਰਹੀ ਸੀ । ਆਪ ਨੇ ਮੇਲੇ ਦੇ ਭੋਗ ਵਾਲੇ ਦਿਨ ਸਿੱਖਾਂ ਨੂੰ ਸਭ ਨਾਲ ਮਿਲਵਰਤਣ ਰੱਖ ਕੇ ਭਰਾਤਰੀ ਭਾਵ ਬਣਾਈ ਰੱਖਣ ਦੇ ਬਚਨ ਕੀਤੇ ।

ਇੱਕ ਵਾਰ ਲਾਹੌਰ, ਦੇਸ ਦੇ ਦਰਦ ਰੱਖਣ ਵਾਲੇ ਆਗੂ, ਸ਼ੀਸ਼ ਮਹਿਲ ਰੋਡ ਤੇ ਗੋਸਵਾਮੀ ਗਣੇਸ਼ ਦੱਤ ਦੇ ਘਰ ਬੈਠੇ ਹੋਏ ਸਨ । ਇਹਨਾਂ ਵਿੱਚ ਸੱਚੇ ਪਾਤਸ਼ਾਹ ਜੀ ਅਤੇ ਮਾਸਟਰ ਤਾਰਾ ਸਿੰਘ ਜੀ ਵੀ ਸਨ । ਸਭ ਆਪਸ ਵਿੱਚ ਜੁੜੇ ਰਹਿਣ ਦੇ ਹੱਕ ਵਿੱਚ ਸਨ । ਸਭਾ ਬਰਖ਼ਾਸਤ ਹੋਣ ਬਾਅਦ ਗੋਸਵਾਮੀ ਜੀ ਨੇ ਸਤਿਗੁਰੂ ਜੀ ਤੇ ਮਾਸਟਰ



Namdhari Elibrary NamdhariElibrary@gmail.com

। ਨੂੰ ਰੋਕ ਕੇ ਸਿੱਖ ਧਰਮ ਦੇ ਇੱਕ ਮਸਲੇ ਬਾਰੇ ਵਿਚਾਰ ਜਾਨਣੇ ਚਾਹੇ । ਉਹ ਮਸਲਾ । ਆਦਿ ਸ੍ਰੀ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦਾ ਆਦਰ ਸਤਿਕਾਰ ਅਤੇ ਮਾਣਿਕਤਾ ਦਾ । ਉਸ ਨੇ ਚਰਚਾ ਸ਼ੁਰੂ ਕੀਤੀ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਾਮਧਾਰੀ ਦੋਹਾਂ ਨੂੰ ਸਮਾਨ ਦਰਜਾ ਦੇਂਦੇ ਸਨ, ਦੋਹਾਂ ਨੂੰ ਗੁਰੂਆਂ ਦਾ ਗ੍ਰੰਥ ਮੰਨਦੇ ਨ । ਮਾਸਟਰ ਜੀ ਦੇ ਵਿਚਾਰ ਵੱਖਰੇ ਸਨ । ਉਹ ਆਦਿ ਗ੍ਰੰਥ ਨੂੰ ਗੁਰਬਾਣੀ ਅਤੇ ਸਮ ਗ੍ਰੰਥ ਨੂੰ ਕਵੀਆਂ ਦੀ ਬਾਣੀ ਮੰਨਦੇ ਸਨ । ਉਹਨਾਂ ਨੇ ਇਸ ਬਾਰੇ ਕੋਈ ਤਿਹਾਸਕ ਪ੍ਰਮਾਣ ਦੇਣ ਦੀ ਥਾਂ ਉੱਤੇ, ਆਪਣੀ ਦਲੀਲ ਦੀ ਕਸਵੱਟੀ ਨਾਲ ਾਪਣੇ ਨੁਕਤੇ ਦੀ ਪ੍ਰੋੜ੍ਹਤਾ ਕੀਤੀ ਤਾਂ ਗੋਸਵਾਮੀ ਜੀ ਨੇ ਉਹਨਾਂ ਨਾਲ ਅਸਹਿਮਤੀ ਗਟ ਕੀਤੀ ।

ਸਤਿਗੁਰੂ ਜੀ ਦਸਮ ਪਾਤਸ਼ਾਹ ਦੀ ਬਾਣੀ ਦੀ ਮਹਾਨਤਾ ਨੂੰ ਸਮਝਦੇ ਸਨ । ਉਹ ਖੀ ਰਹਿਤ ਮਰਯਾਦਾ ਅਨੁਸਾਰ ਚਲਾਉਂਦੇ ਸਨ । ਅੰਮ੍ਰਿਤ ਤਿਆਰ ਕਰਨ ਵੇਲੇ, ਜਾ ਵਿਚੋਂ ਤਿੰਨ ਬਾਣੀਆਂ, ਜਾਪੁ ਸਾਹਿਬ, ਚੌਪਈ, ਪੁਨ ਰਾਛਸ ਅਤੇ ਸਵਈਏ ਪਾ: 10 ਦਸਮ ਦੀਆਂ ਹੀ ਬਾਣੀਆਂ ਸਨ । ਜੇ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਉੱਤੇ ਸ਼ੰਕਾ ਤਾ ਜਾਵੇ ਤਾਂ ਅੰਮ੍ਰਿਤ ਦੀ ਪ੍ਰੰਪਰਾ ਨੂੰ ਵੀ ਸੁਆਲੀਆ ਚਿੰਨ ਲਗ ਜਾਵੇਗਾ । ਣਨ ਕਰਨ ਵੇਲੇ ਵੀ ਸਿੱਖ ਸੱਤਾਂ ਵਿੱਚੋਂ ਛੇ ਬਾਣੀਆਂ—ਜਾਪੁ ਸਾਹਿਬ, ਚੌਪਈ, ਪੁਨ ਛਸ, ਅਕਾਲ ਉਸਤਿਤ, ਚੰਡੀ ਚਰਿਤ੍ਰ ਦੂਜਾ, ਚੰਡੀ ਦੀ ਵਾਰ, ਉਗ੍ਰਦੰਤੀ—ਦਸਮ ਰਬਾਰ ਦੀਆਂ ਹੀ ਪੜ੍ਹਦੇ ਹਨ ।

ਸਤਿਗੁਰੂ ਜੀ ਸਿੱਖਾਂ ਨੂੰ ਆਦਿ ਸ੍ਰੀ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੋਵੇਂ ਗ੍ਰੰਥ ਾ ਪਾਠ ਸਰਲ, ਸ਼ੁਧ ਤੇ ਸਪੱਸ਼ਟ ਕਰਾਉਣ ਲਈ ਅਭਿਆਸ ਕਰਵਾਉਂਦੇ ਰਹਿੰਦੇ 5 । ਆਪ ਨੇ ਆਪਣੇ ਚਲੀਹੇ ਦੇ ਨੇਮ ਸਮੇਂ ਰੋਜ਼ ਸਾਧ ਸੰਗਤ ਤੋਂ ਪਾਠਾਂ ਦਾ ਭਿਆਸ ਕਰਵਾਇਆ । ਆਪ ਨੇ ਪਾਠ ਕਰਨ ਦਾ ਪਰਵਾਹ ਚਲਾ ਦਿੱਤਾ । 40 ਨ ਲਗਾਤਾਰ ਭਜਨ ਬੰਦਗੀ ਤੋਂ ਇਲਾਵਾ ਪਾਠ ਵੀ ਹੁੰਦੇ ਰਹੇ । ਜਿਉਂ ਜਿਉਂ ਠੀ ਵਧਦੇ ਗਏ ਪੋਥੀਆਂ ਦੀ ਗਿਣਤੀ ਵੀ ਵਧਾਈ ਜਾਂਦੀ ਰਹੀ । ਭੋਗ ਵਾਲੇ ਦਿਨ ਸਿਆ ਗਿਆ ਕਿ ਸਾਧ ਸੰਗਤ ਨੇ 5 ਲਖ 25 ਹਜ਼ਾਰ ਚੰਡੀ ਦੀ ਵਾਰ ਦੇ, ਚੌਪਈ 3000, ਜਾਪੁ ਸਾਹਿਬ ਦੇ 4000, ਅਕਾਲ ਉਸਤਤ ਦੇ 125 ਚੰਡੀ ਚਰਿਤ੍ਰ ਦੇ 25 ਅਤੇ ਉਗ੍ਰਦੰਤੀ ਦੇ 4500, ਪਾਠ ਕੀਤੇ ਸਨ । ਇਸ ਤੋਂ ਇਲਾਵਾ ਦਸਮ ਗ੍ਰੰਥ ਹਿਬ ਦੇ 10 ਅਖੰਡ ਪਾਠਾਂ ਦੇ ਭੋਗ ਵੀ ਪਾਏ ਗਏ ਸਨ । ਆਦਿ ਸ੍ਰੀ ਗ੍ਰੰਥ ਸਾਹਿਬ 91 ਪਾਠ ਵੀ ਕੀਤੇ ਗਏ ਸਨ । ਹੋਰ ਧਾਰਮਿਕ ਪ੍ਰਕ੍ਰਿਰਿਆ ਤਾਂ ਸਦਾ ਵਾਂਗ ਲਣੀ ਹੀ ਸੀ ।

ਸਤਿਗੁਰਾਂ ਨੇ ਪਤਲੇ ਕੱਪੜੇ ਪਾ ਕੇ ਸਾਧ ਸੰਗਤ ਵਿੱਚ ਆਉਣ ਤੇ ਰੋਕ ਲਗਾ ਤੀ । ਆਪ ਦਾ ਸਖ਼ਤ ਹੁਕਮ ਸੀ ਕਿ ਜਿਸ ਬਸਤਰ ਵਿੱਚੋਂ ਪਿੰਡਾ ਜਾਂ ਕੇਸ ਸਣ ਉਹ ਕੱਪੜੇ ਪਾ ਕੇ ਸਾਧ ਸੰਗਤ ਵਿੱਚ ਆਉਣ ਦੀ ਇਜਾਜ਼ਤ ਨਹੀਂ । ਕਈ ਖ ਵੀ ਮਲਮਲ ਦੇ ਕੁੜਤੇ ਹੇਠਾਂ ਰੰਗਦਾਰ ਬਨੈਣ ਪਾਈ ਫਿਰਦੇ ਸਨ । ਹਨਾਂ ਨੂੰ ਵੀ ਸਾਧ ਸੰਗਤ ਵਿੱਚ ਸਾਊਆਂ ਵਾਲੇ ਕੱਪੜੇ ਪਾ ਕੇ ਆਉਣ ਲਈ



Namdhari Elibrary NamdhariElibrary@gmail.com

ਕਿਹਾ ਗਿਆ।

ਭੋਗ ਵਾਲੇ ਦਿਨ ਮੇਲੇ ਵਿੱਚ ਸਾਮੂਹਿਕ ਅਨੰਦ ਕਾਰਜ ਕੀਤੇ ਗਏ।

17 ਫਰਵਰੀ ਨੂੰ 1939 ਈ: ਨੂੰ ਲੁਧਿਆਣੇ ਸਟੇਟ ਪੀਪਲਜ਼ ਕਾਨਫ਼ਰੰਸ ਕੀਤੀ ਗਈ ਸੀ। ਇਸ ਕਾਨਫ਼ਰੰਸ ਵਿੱਚ ਵੱਡੀ ਗਿਣਤੀ ਵਿੱਚ ਨਾਮਧਾਰੀ ਸਿੱਖਾਂ ਨੇ ਵੀ ਹਿੱਸਾ ਲਿਆ। ਜਿਸ ਦਾ ਵੇਰਵਾ ਅਗਲੇ ਕਾਂਡ ਵਿੱਚ ਹੈ।

ਇਹਨਾਂ ਦਿਨਾਂ ਵਿੱਚ ਹੀ ਗੁਰਦੁਆਰਿਆਂ ਦੀਆਂ ਚੋਣਾਂ ਹੋਈਆਂ ਸਨ। ਨਾਮਧਾਰੀ ਸਿੱਖਾਂ ਦੀਆਂ ਵੋਟਾਂ ਮੰਗਣ ਵਾਸਤੇ, ਨਾਮਧਾਰੀ ਸਿੱਖਾਂ ਨਾਲ ਸਾਂਝ ਰੱਖਣ ਵਾਲੇ, ਸਾਂਝੇ ਅਤੇ ਏਥੋਂ ਤੱਕ ਕਿ ਇਹਨਾਂ ਦਾ ਵਿਰੋਧ ਕਰਨ ਵਾਲੇ ਆਗੂ ਸ੍ਰੀ ਭੈਣੀ ਸਾਹਿਬ ਆਏ। ਉਹਨਾਂ ਨੂੰ ਪਤਾ ਸੀ ਕਿ ਸਿੱਖਾਂ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੀ ਵੋਟਾਂ ਪਾਉਣੀਆਂ ਸਨ ਸੋ ਸਭ ਨੇ ਆਪ ਜੀ ਕੋਲ ਹੀ ਚੱਕਰ ਕੱਟੇ। ਆਪ ਨੇ ਅਕਾਲੀਆਂ ਦੀਆਂ ਗੁਰਦੁਆਰਿਆਂ ਲਈ ਕੀਤੀਆਂ ਕੁਰਬਾਨੀਆਂ ਦੀ ਕਦਰ ਕਰਦਿਆਂ ਹੋਇਆਂ, ਉਹਨਾਂ ਅੰਦਰ ਅਣਖ ਤੇ ਧਰਮ ਦੀ ਕਣੀ ਪਛਾਣਦਿਆਂ ਹੋਇਆਂ, ਉਹਨਾਂ ਦੇ ਹੱਕ ਵਿੱਚ, ਵੋਟਾਂ ਪਾਉਣ ਦਾ, ਨਾਮਧਾਰੀ ਸਿੱਖਾਂ ਨੂੰ ਆਦੇਸ਼ ਦਿੱਤਾ। ਹੋਰ ਜਮਾਤਾਂ ਦੇ ਆਗੂਆਂ ਨੂੰ ਵੀ ਆਪ ਨੇ ਤਹਿ ਦਿਲੋਂ, ਜੀ ਆਇਆਂ ਨੂੰ, ਕਿਹਾ। ਆਪ ਨੇ ਉਹਨਾਂ ਨੂੰ ਆਪਣਾ ਫ਼ੈਸਲਾ ਵੀ ਦੱਸ ਦਿੱਤਾ। ਸਾਰੇ ਨਾਮਧਾਰੀਆਂ ਨੇ ਆਪ ਜੀ ਦੀ ਆਗਿਆ ਦਾ ਪਾਲਣ ਕਰ ਕੇ ਵੋਟਾਂ ਪਾਈਆਂ।

ਸਤਿਗੁਰੂ ਜੀ ਨੇ 1939 ਈ: ਦਾ ਹੋਲਾ ਤਲਹਾੜੇ, ਸਿਆਲਕੋਟ ਕੀਤਾ। ਏਥੇ ਹੀ ਇਕ ਹੋਰ ਧਿਰ ਨੇ, ਨਾਮਧਾਰੀ ਵਿਰੋਧੀ ਹੋਲਾ ਵੀ ਆਰੰਭ ਕੀਤਾ ਸੀ। ਭਾਵੇਂ ਉਥੇ ਹਾਜ਼ਰੀ ਨਾ ਮਾਤਰ ਹੀ ਸੀ ਪਰ ਉਹ ਖੜਗ ਸਿੰਘ ਸਿਆਲਕੋਟ ਅਤੇ ਸੁਖਦੇਵ ਸਿੰਘ ਡਸਕੇ ਦੀ ਅਗਵਾਈ ਹੇਠ ਆਪਣੀ ਕਾਰਵਾਈ ਪਾ ਰਹੇ ਸਨ ਉਹਨਾਂ ਨੇ ਪਿੰਡ ਦੇ ਮੁਸਲਮਾਨਾਂ ਨੂੰ ਵੀ ਚੁੱਕਿਆ ਕਿ ਕੂਕੇ ਸਿੱਖ ਤੁਹਾਡੀਆਂ ਫ਼ਸਲਾਂ ਦਾ ਉਜਾੜਾ ਕਰਨਗੇ। ਸੰਤ ਭਗਤ ਸਿੰਘ ਜੀ ਦੇ ਭਰੋਸਾ ਦੁਆਉਣ ਤੇ ਕਿ ਕੋਈ ਨਾਮਧਾਰੀ ਜਾਣ ਕੇ ਨੁਕਸਾਨ ਨਹੀਂ ਕਰੇਗਾ, ਉਹ ਗੱਲ ਸਮਝ ਗਏ ਅਤੇ ਆਈ ਸਾਧ ਸੰਗਤ ਨੂੰ ਆਪਣੀ ਖ਼ੁਸ਼ਕਿਸਮਤੀ ਜਾਤਾ। ਫਿਰ ਵੀ ਇੱਕ ਘਰ ਅੜਿਆ ਰਿਹਾ। ਕਰਨਾ ਰੱਬ ਦਾ ਹੋਲੇ ਤੋਂ ਦੋ ਦਿਨ ਪਹਿਲਾਂ ਟਾਂਡੇ ਭੰਨ ਮੀਂਹ ਪਿਆ, ਜਲ ਥਲ ਹੋ ਗਿਆ, ਪਰ ਫ਼ਸਲ ਦਾ ਨੁਕਸਾਨ ਵਿਰੋਧ ਕਰਨ ਵਾਲੇ ਪਰਵਾਰ ਦਾ ਹੀ ਹੋਇਆ।

ਸਤਿਗੁਰੂ ਜੀ ਦੀ ਆਗਿਆ ਦਾ ਪਾਲਨ ਕਰ ਕੇ ਵਿਰੋਧੀਆਂ ਦੇ ਬੋਲ-ਕੁਬੋਲ ਨੂੰ ਸੁਣਿਆਂ ਅਣਸੁਣਿਆਂ ਕਰ ਕੇ, ਭਜਨ ਕਰਦੇ ਹੋਏ ਜਾਂ ਸ਼ਬਦ ਪੜ੍ਹਦੇ ਹੋਏ ਕੂਕੇ ਸਿੱਖ ਆਪਣੇ ਪੰਡਾਲ ਵਿੱਚ ਹੀ ਪਹੁੰਚਦੇ ਸਨ। ਉਹਨਾਂ ਨੇ ਦੂਜੀ ਧਿਰ ਨੂੰ ਲੜਾਈ ਝਗੜਾ ਕਰਨ ਦਾ ਕੋਈ ਮੌਕਾ ਨਾ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰੋ: ਗੰਗਾ ਸਿੰਘ ਅਤੇ ਸ੍ਰ. ਤੇਜਾ ਸਿੰਘ ਅਕਰਪੁਰੀ ਨੂੰ ਨਾਮਧਾਰੀ ਦਿਵਾਨ ਵਿੱਚ ਆਪਣਾ ਪੱਖ ਪੇਸ਼ ਕਰਨ ਲਈ ਭੇਜਿਆ। ਉਹਨਾਂ ਨੇ ਸਾਧ ਸੰਗਤ ਸਾਹਮਣੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਨਾਮਧਾਰੀ-ਵਿਰੋਧੀ ਸ਼ਕਤੀਆਂ ਨਾਲ ਜਾਂ ਉਹਨਾਂ ਦੇ ਹੋਲੇ ਨਾਲ ਉਹਨਾਂ ਦਾ ਦੂਰ ਦਾ ਵਾਸਤਾ ਵੀ ਨਹੀਂ



Namdhari Elibrary NamdhariElibrary@gmail.com

। ਉਹ, ਚੋਣਾਂ ਹਾਰੇ ਹੋਏ, ਕੁਝ ਸਰਕਾਰੀ ਸਿੱਖ ਹੀ, ਆਪਣਾ ਗੁੱਸਾ ਵਿਖਾ
ਹੇ ਸਨ ।

ਮਾਤਾ ਫ਼ਤਿਹ ਕੌਰ ਜੀ ਬਿਮਾਰ ਸਨ । ਸਤਿਗੁਰੂ ਜੀ ਨੇ ਉਹਨਾਂ ਦਾ ਆਖ਼ਰੀ ਮਾਂ ਨੇੜੇ ਆਇਆ ਜਾਣ ਕੇ ਉਹਨਾਂ ਨੂੰ ਸਿੱਖਾਂ ਸੇਵਕਾਂ ਦੀਆਂ ਸੁਚੇਤ ਜਾਂ ਅਚੇਤ ਈਆਂ ਭੁੱਲਾਂ ਬਖ਼ਸ਼ ਦੇਣ ਦਾ ਬਚਨ ਕੀਤਾ । ਮਾਤਾ ਜੀ ਨੇ ਇੱਕ ਉਂਗਲ ਖੜੀ ਰ ਕੇ ਸਿਰ ਹਿਲਾ ਦਿੱਤਾ । ਭਾਵ ਇੱਕ ਨੂੰ ਛਡ ਕੇ—ਕਾਰ ਮੁਖ਼ਤਿਆਰ, ਗੁਰਮੁਖ ਘ ਝੱਬਰ—ਜਿਸ ਨੇ ਉਹਨਾਂ ਦੇ ਬਣਵਾਏ ਹੋਏ ਲੱਡੂ ਵਿਦਿਆਲੇ ਦੇ ਵਿਦਿਆਰਥੀਆਂ ਨਹੀਂ ਸਨ ਖਾਣ ਦਿੱਤੇ—ਸਭ ਨੂੰ ਖ਼ਿਮਾ ਕਰ ਰਹੇ ਸਨ । ਮਾਤਾ ਜੀ 29 ਭਾਦਰੋਂ ਪ੍ਰਲੋਕ ਸਿਧਾਰ ਗਏ ਸਨ ।

ਉਸ ਰਾਤ ਹੀ ਇੱਕ ਹੋਰ ਬਿਰਧ ਮਾਈ ਦਿਆਲਾਂ ਵੀ, ਡੇਰੇ ਵਿੱਚ, ਚੜ੍ਹਾਈ ਰ ਗਈ ਸੀ । ਉਸ ਦਾ ਕੋਈ ਅੰਗ ਸਾਕ ਨਹੀਂ ਸੀ । ਉਂਜ ਵੀ ਸਾਰੀ ਸਾਧ ਗਤ, ਮਾਤਾ ਜੀ ਦੀਆਂ ਤਿਆਰੀਆਂ ਵਿੱਚ ਲੱਗੀ ਹੋਈ ਸੀ । ਹੋਰ ਸਿੱਖ ਵੀ ਉਹਨਾਂ ਦੇ ਰੇ ਵੱਲ ਹੀ ਜਾ ਰਹੇ ਸਨ । ਵਿਚਾਰੀ ਮਾਈ ਦਿਆਲਾਂ ਦਾ ਕਿਸੇ ਨੂੰ ਚਿੱਤ ਚੇਤਾ ਵੀ ਹੀਂ ਸੀ । ਸਤਿਗੁਰੂ ਜੀ ਨੂੰ ਪਤਾ ਲੱਗਾ ਆਪ ਨੇ ਬਚਨ ਕੀਤਾ, "ਮਾਈ ਦਿਆਲਾਂ ਦਾ ਤਰ ਮੈਂ ਹਾਂ ।" ਇਹ ਕਹਿ ਕੇ ਆਪ ਕੁਝ ਮਾਈਆਂ, ਸਿੱਖਾਂ ਨੂੰ ਸੱਦ ਕੇ ਉਹਨਾਂ ਦਾ ਸ਼ਨਾਨ ਪਾਣੀ ਕਰਵਾ ਕੇ ਅੰਤਿਮ ਤਿਆਰੀ ਕਰਵਾਈ । ਦੋਹਾਂ ਦੇ ਬਬਾਣ ਇਕੱਠੇ ਸ਼ਮਸ਼ਾਨ ਭੂਮੀ ਪਹੁੰਚੇ । ਸਸਕਾਰ ਕਰਕੇ ਦੋਹਾਂ ਦੇ ਪਾਠ ਰੱਖੇ ਗਏ ਅਤੇ ਕੜਾਹ ਰਸ਼ਾਦ ਵਰਤਾਇਆ ਗਿਆ । ਸਾਧ ਸੰਗਤ ਭਲੀ ਭਾਂਤ ਸਮਝ ਚੁੱਕੀ ਸੀ ਕਿ ਜਿਸ ਾ ਕੋਈ ਨਹੀਂ ਹੁੰਦਾ ਗੁਰੂ ਉਸਦਾ ਵੀ ਹੁੰਦਾ ਹੈ ।

ਗੁਰਬਾਣੀ ਦਾ ਵਾਕ ਹੈ,

ਅਠਸਠ ਤੀਰਥ ਸਗਲ ਪੁੰਨ,
ਜੀਅ ਦਇਆ ਪ੍ਰਵਾਨ ।

ਸੱਚੇ ਪਾਤਸ਼ਾਹ ਨੇ ਸਦਾ ਹੀ ਜੀਵ ਅਹਿੰਸਾ ਤੇ ਜੀਵ ਰੱਖਿਆ ਦੀ ਸਿੱਖਿਆ ਤੱਤੀ ਸੀ । ਆਪ ਨੇ ਲਾਭਪ੍ਰਦ ਪਸ਼ੂਆਂ ਦੀ ਤਾਂ ਰੱਖਿਆ ਕਰਨੀ ਹੀ ਸੀ । ਆਪ ਪਾਂ ਅਤੇ ਅਠੂਹਿਆਂ ਨੂੰ ਮਾਰਨ ਦੀ ਵੀ ਇਜਾਜ਼ਤ ਨਹੀਂ ਸੀ ਦੇਂਦੇ । ਆਪ ਜੀ ਦੀ ਪਸਿਆ ਸਮੇਂ, ਕਈ ਵਾਰ ਸੱਪ ਕੋਲੋਂ ਵੀ ਲੰਘ ਜਾਂਦੇ ਸਨ । ਆਪ ਉਸ ਨੂੰ ਲਦੇ ਹੀ ਨਾ ।

ਇੱਕ ਵਾਰ ਕੁੱਤੇ ਮਾਰਨ ਵਾਲੇ ਕਰਮਚਾਰੀ ਸ੍ਰੀ ਭੈਣੀ ਸਾਹਿਬ ਆਏ । ਉਹਨਾਂ ਨੂੰ ਰਿਓਂ ਪਰਸ਼ਾਦ-ਪਾਣੀ ਛਕਾਇਆ ਗਿਆ । ਸਿੱਖਾਂ ਦੇ ਪੁੱਛਣ ਤੇ ਉਹਨਾਂ ਨੇ ਆਪਣੇ ਾਉਣ ਦਾ ਮਨੋਰਥ ਦੱਸਿਆ । ਸਤਿਗੁਰੂ ਜੀ ਨੇ ਉਹਨਾਂ ਨੂੰ ਸੱਦਿਆ ਅਤੇ ਬਚਨ ੀਤਾ, "ਜੇ ਕੁੱਤੇ ਭਾਰੂ ਹਨ ਤਾਂ ਭਾਵੇਂ ਆਲੇ ਦੁਆਲੇ ਦੇ ਪਿੰਡਾਂ ਦੇ ਕੁੱਤੇ ਵੀ ਏਥੇ ਡ ਜਾਓ ।" ਉਹ ਨਿੰਮੋਝੂਣੇ ਹੋਏ ਅਤੇ ਚੁੱਪ ਚਾਪ ਚਲੇ ਗਏ । ਨਹੀਂ ਤਾਂ ਉਹ ਤੇ ਮਾਰਨ ਦੀ—ਜੀਵ ਹੱਤਿਆ ਜ਼ਰੂਰ ਕਰਦੇ ।

ਆਪ ਨੇ 20 ਤੋਂ 23 ਮਾਰਚ, 1941 ਈ: ਦੇ ਦਿਨਾਂ ਵਿੱਚ ਸ੍ਰੀ ਭੈਣੀ



Namdhari Elibrary NamdhariElibrary@gmail.com

ਸਾਹਿਬ ਹੋਲਾ-ਮੱਹਲਾ ਕੀਤਾ । ਇਸ ਹੋਲੇ ਸਮੇਂ ਆਪ ਨੇ ਪਾਠ ਮੁਕਾਬਲਾ ਕਰਵਾਇਆ। ਆਪ ਜੀ ਦੀ ਹਜ਼ੂਰੀ ਵਿੱਚ 50 ਪਾਠੀਆਂ ਨੇ ਸ਼ੁਧ ਪਾਠ ਸੁਣਾਏ । ਸੰਤ ਤੇਜਾ ਸਿੰਘ ਨਿਰਮਲਾ, ਅੰਮ੍ਰਿਤਸਰ ਦੇ ਪਾਠਾਂ ਦੀ ਸ਼ੁਧਤਾ, ਸਪੱਸ਼ਟਤਾ, ਸਰਲਤਾ ਬਾਰੇ ਨਿਰਨਾ ਲੈਂਦਿਆਂ ਕ੍ਰਮਵਾਰ ਸਰਵ ਸ੍ਰੀ ਰਜਿੰਦਰ ਸਿੰਘ ਗੁਰੂ ਸਰ, ਗੁਰਚਰਨ ਸਿੰਘ, ਮੀਹਾਂ ਸਿੰਘ ਗੁਰੂ ਸਰ ਅਤੇ ਸੁਰੈਣ ਸਿੰਘ ਨੂੰ ਵਧੀਆ ਪਾਠੀ ਮੰਨਿਆ । ਇਹਨਾਂ ਨੂੰ ਇਨਾਮ ਵੀ ਦਿੱਤੇ ਗਏ ।

ਸੂਤ ਪ੍ਰਤਿਯੋਗਤਾ ਵਿੱਚ 70 ਬੀਬੀਆਂ ਨੇ ਵਧੀਆ ਸੂਤ ਕੱਤ ਕੇ ਲਿਆਂਦਾ । ਜਿਹਨਾਂ ਵਿੱਚੋਂ ਚਾਰ ਵਧੀਆ ਕੱਤਣ ਵਾਲੀਆਂ ਨੂੰ ਇਨਾਮ ਦਿੱਤੇ ਗਏ । ਏਸੇ ਤਰ੍ਹਾਂ ਵਧੀਆ ਕਵੀਆਂ ਨੂੰ ਵੀ ਸੱਚੇ ਪਾਤਸ਼ਾਹ ਨੇ ਇਨਾਮ ਦੇ ਕੇ ਨਿਵਾਜਿਆ ।

ਇਸ ਹੋਲੇ ਉੱਤੇ ਕੀਤੇ ਗਏ ਪਾਠਾਂ, ਫੇਰੀਆਂ ਗਈਆਂ ਮਾਲਾਵਾਂ, ਕੀਤੇ ਗਏ ਸਿਮਰਨ, ਦਾ ਵੇਰਵਾ ਤਰਨ ਸਿੰਘ ਵਹਿਮੀ ਨੇ ਇੰਜ ਦਿੱਤਾ ਹੈ —ਭਗੌਤੀ ਦੀ ਮਾਲਾ ਤਿੰਨ ਕਰੋੜ; ਸਧਾਰਨ ਪਾਠ ਆਦਿ ਸ੍ਰੀ ਗ੍ਰੰਥ ਸਾਹਿਬ 2100, ਜਿਨ੍ਹਾਂ ਵਿੱਚੋਂ 1200 ਦਾ ਭੋਗ-ਇੱਕ ਸੌ ਦਾ ਮਾਤਾ ਫ਼ਤਿਹ ਕੌਰ ਦੀ ਸਮਰਿਤੀ ਵਿੱਚ, ਇੱਕ ਲੱਖ ਪਾਠ,-ਪੁਨ ਰਾਛਸ ਕਾ ਕਾਟਾ ਸੀਸਾ, ਦੂਖ ਨਾ ਤਿਸੈ ਬਿਆਪਤ ਕੋਈ ਤੱਕ, ਹਜ਼ਾਰਾਂ ਪਾਠ, 'ਤੁਮ ਘਰਿ ਆਵਹੁ ਮੇਰੇ ਮੀਤ' ਦੇ ਕੀਤੇ ਗਏ । ਕਿੱਡੀ ਵੱਡੀ ਮਿਸਾਲ ਸੀ ਸਿੱਖਾਂ ਨੂੰ ਨਾਮਬਾਣੀ ਵੱਲ ਜੋੜਨ ਦੀ ।

1940 ਈ: ਦੀ ਵਸਾਖੀ ਦੇ ਦਿਨ ਆਪ ਜੀ ਦੀ ਹਜ਼ੂਰੀ ਵਿੱਚ ਚਾਰ ਅਨੰਦ ਕਾਰਜ ਹੋਣੇ ਸਨ । ਆਪ ਨੇ ਚਹੁੰ ਜੋੜਿਆਂ ਤੋਂ, ਪੁੱਛੇ ਗਏ ਭਜਨ ਬਾਰੇ ਦਰਿਆਫ਼ਤ ਕੀਤਾ । ਇੱਕ ਲੜਕਾ ਤੇ ਇੱਕ ਲੜਕੀ ਐਸੇ ਸਨ ਜਿਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਭਜਨ ਕੀ ਹੁੰਦਾ ਹੈ । ਬਚਪਨ ਵਿੱਚ ਕਿਸੇ ਨੇ ਦਿੱਤਾ ਸੀ ਜਿਸ ਦਾ ਚਿੱਤ-ਚੇਤਾ ਕਿਸਨੂੰ ਸੀ ?

ਆਪ ਨੇ ਫਿਰ ਦ੍ਰਿੜ੍ਹਾਇਆ ਕਿ ਮਤਿਬੁਧ ਸੰਭਲਣ ਤੇ ਬੱਚੇ ਨੂੰ ਭਜਨ ਜ਼ਰੂਰ ਦਿਓ । ਉਂਜ ਆਪ ਨੇ ਸ਼ੇਖ਼ੂਪੁਰ ਬੇਦਾਦ ਦੇ ਹੋਲੇ ਉੱਤੇ ਅਨੰਦ ਕਾਰਜ ਸਮੇਂ ਜੋੜੇ ਨੂੰ ਭਜਨ ਦੇਣਾ ਲਾਜ਼ਮੀ ਕਰ ਦਿੱਤਾ ਸੀ । ਇਸ ਵਸਾਖੀ ਤੇ ਤਾਂ ਇਹ ਮਰਯਾਦਾ ਦਾ ਹਿੱਸਾ ਬਣਾ ਦਿੱਤਾ ਗਿਆ, ਤਰਨ ਸਿੰਘ ਵਹਿਮੀ ਦੇ ਸ਼ਬਦਾਂ ਵਿੱਚ ਆਪ ਨੇ ਬਚਨ ਕੀਤਾ :

"ਅਸੀਂ ਅੱਜ ਤੋਂ ਮਰਯਾਦਾ ਹੀ ਜ਼ਰੂਰੀ ਕਰ ਦੇਂਦੇ ਹਾਂ ਕਿ ਭਜਨ ਭੀ ਅਨੰਦ ਜੋਗ ਬੈਠੇ ਜੋੜੇ ਨੂੰ ਅੰਮ੍ਰਿਤ ਛਕਣ ਵੇਲੇ ਦੱਸਿਆ ਜਾਵੇ ਤੇ ਸਿੱਖ ਸਾਧਾਂ ਨੂੰ ਹੁਕਮ ਦਿੰਦੇ ਹਾਂ ਕਿ ਜਿਸ ਘਰ ਜਾਵੋ ਜ਼ਰੂਰ ਪੁੱਛੋ ਕਿ ਕੋਈ ਬੱਚਾ ਬਿਨਾ ਭਜਨ ਪੁੱਛੇ ਦੇ ਤਾਂ ਨਹੀਂ ਹੈ । ਜੇ ਹੋਵੇ ਉਸ ਨੂੰ ਅਰਦਾਸ ਕਰ ਕੇ, ਜ਼ਰੂਰ ਭਜਨ ਦੱਸੋ । ਇਹ ਸਭ ਤੋਂ ਜ਼ਰੂਰੀ ਗੁਰਮੱਤ ਹੈ ।"

—ਜੱਸ-ਜੀਵਨ ਭਾਗ ਤੀਜਾ

ਭਜਨ ਗੁਰ ਮੰਤਰ ਹੈ ਜਿਸ ਨੂੰ ਕੰਨ ਵਿੱਚ ਦਸਣ ਦੀ ਹੀ ਮਰਯਾਦਾ ਹੈ । ਗੁਰਬਾਣੀ ਵਿੱਚ ਲਿਖਿਆ ਹੈ,



Namdhari Elibrary NamdhariElibrary@gmail.com

ਮਨਹ ਪ੍ਰਗਾਸ ਭਇਓ ਭ੍ਰਮ ਨਾਸਿਓ
ਮੰਤਰ ਦੀਓ ਗੁਰ ਕਾਨ ।

ਸੱਚੇ ਪਾਤਸ਼ਾਹ ਜੀ, ਸਤਿਗੁਰੂ ਨਾਨਕ ਦੇਵ ਜੀ ਦੇ ਬਖ਼ਸ਼ੇ ਸਤਿਗੁਰੂ ਸਿੰਘ ਜੀ ਦੇ ਹੁਕਮ ਨਾਲ ਦਿੱਤੇ ਗਏ ਚੁਅੱਖਰੇ ਮੰਤਰ ਦੇ ਧਾਰਨੀ ਨੂੰ ਹੀ ਭਾਗਾ ਮੰਨਦੇ ਸਨ ।

ਆਪ ਨੇ ਆਪਣੇ ਸਿੱਖਾਂ ਨੂੰ ਮਰਯਾਦਾ ਦ੍ਰਿੜ੍ਹਾ ਕੇ ਉਹਨਾਂ ਨੂੰ ਮਨਮੱਤ ਤੋਂ ਹਟਾ ਸਾਰਕ ਬੰਧਨਾਂ ਤੋਂ ਮੁਕਤ ਕੀਤਾ ।



Namdhari Elibrary NamdhariElibrary@gmail.com

# ਜੁੜਨ-ਜੋੜਨ ਪ੍ਰਕਿਰਿਆ

ਸਤਿਗੁਰੂ ਪਰਤਾਪ ਸਿੰਘ ਜੀ ਭਲੀ ਭਾਂਤ ਸਮਝਦੇ ਸਨ ਕਿ ਲੋਕਾਂ ਦੀਆਂ ਦੁੱਖਾਂ ਤਕਲੀਫ਼ਾਂ ਦਾ ਕਾਰਨ ਆਪਸ ਵਿੱਚ ਲੜਨਾ, ਝਗੜਨਾ ਤੇ ਵੈਰ ਰੱਖਣਾ ਹੈ। ਪਰ ਆਪ ਤਾਂ 'ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ' ਅਨੁਸਾਰ ਹੀ ਸਿੱਖਾਂ ਨੂੰ ਚਲਾਉਣ ਦਾ ਉਪਰਾਲਾ ਕਰਦੇ ਰਹਿੰਦੇ ਸਨ। ਆਪ ਦੇਸ਼ ਦੇ ਭਲੇ ਲਈ ਹਰ ਦੇਸ਼-ਭਗਤ, ਰਾਜਨੀਤਿਕ ਦਲ ਜਾਂ ਵਿਅਕਤੀ ਨਾਲ ਮੇਲ ਮਿਲਾਪ ਰੱਖਦੇ ਸਨ। ਆਪ ਕਦੀ ਉਸ ਦੀ ਕੰਡ ਨਹੀਂ ਸਨ ਲਗਣ ਦੇਂਦੇ, ਕੌਮ ਦੇ ਭਲੇ ਲਈ ਸਭ ਨੂੰ ਇੱਕ ਝੰਡੇ ਹੇਠ ਰੱਖਣ ਦੀਆਂ ਯੋਜਨਾਵਾਂ ਨੂੰ ਅਮਲੀ ਰੂਪ ਦੇਂਦੇ ਰਹਿੰਦੇ ਸਨ। ਅਕਾਲ ਪੁਰਖ ਨਾਲ ਮਨੁਖ ਨੂੰ ਜੋੜਨ ਲਈ ਨਾਮ ਜਪਾਉਂਦੇ। ਆਪਣੇ ਵਿਰਸੇ ਨੂੰ ਯਾਦ ਰਖਵਾਉਣ ਤੇ ਅਪਨਾਈ ਰੱਖਣ ਲਈ ਆਦਿ ਤੇ ਦਸਮ ਗ੍ਰੰਥ ਦਾ ਪਾਠ ਕਰਦੇ ਉਸ ਵਿਚ ਆਏ ਪੌਰਾਣਕ, ਰਮਾਇਣ, ਮਹਾਂਭਾਰਤ ਦੀ ਵਿਆਖਿਆ ਕਰਾਉਂਦੇ। ਸੂਰਜ ਪ੍ਰਕਾਸ਼ ਦੀ ਕਥਾ ਕਰਦੇ ਤੇ ਨਾਮਧਾਰੀ ਸਿੱਖ ਨੂੰ ਸਭੇ ਸਾਂਝੀਵਾਲ ਸਦਾਇਣ ਤੇ ਸਭ ਦੇ ਨਾਲ ਬਣਾਈ ਰੱਖਣ ਦੀ ਸੁਮੱਤ ਬਖ਼ਸ਼ਦੇ ਸਨ।

ਰਾਜਨੀਤਿਕ ਪੱਖੋਂ, ਆਪ ਕਾਂਗਰਸ ਦੀ ਅਗਵਾਈ ਵਿੱਚ ਚਲਣੋਂ ਪਰਹੇਜ਼ ਤੇ ਗੁਰੇਜ ਨਹੀਂ ਸਨ ਕਰਦੇ ਪਰ ਉਸ ਨੂੰ ਵੀ ਆਪਣੇ ਵਿਰਸੇ ਨਾਲ ਜੋੜੀ ਰੱਖਦੇ ਸਨ। ਇਸੇ ਲਈ ਆਪ ਨੇ ਸਟੇਟ ਪੀਪਲਜ਼ ਕਾਨਫਰੰਸ ਲੁਧਿਆਣਾ ਵਿੱਚ 17 ਫਰਵਰੀ 1939 ਦੇ ਜਲੂਸ ਵਿੱਚ, ਪੰ. ਜਵਾਹਰ ਲਾਲ ਨਹਿਰੂ ਨਾਲ, ਘੋੜਿਆਂ ਉ[illegible] ਸਵਾਰ ਹੋ ਕੇ, ਜਲੂਸ ਦੀ ਅਗਵਾਈ ਕੀਤੀ। ਆਪ ਨੇ ਸਵਾਰੀ ਲਈ ਹੋਰ ਵੀ ਘੋ[illegible] ਦਿੱਤੇ। ਇਸ ਸ਼ਾਨਦਾਰ ਕਾਨਫਰੰਸ ਵਿੱਚ ਨਹਿਰੂ ਦੇ ਨਾਲ ਨਾਲ ਡਾ. ਸੈਫ਼ੂਦੀ[illegible] ਕਿਚਲੂ, ਡਾ. ਪਟਾ ਭਿ ਸੀਤਾ ਰਾਮਈਆ, ਮਾਸਟਰ ਤਾਰਾ ਸਿੰਘ ਆਦਿ ਨੇ ਵੀ ਹਿੱਸ ਲਿਆ। ਇਹ ਆਗੂ 18 ਫਰਵਰੀ ਨੂੰ, ਸ੍ਰੀ ਭੈਣੀ ਸਾਹਿਬ ਪਧਾਰੇ। ਸਤਿਗੁਰੂ ਜੀ [illegible] ਉਹਨਾਂ ਦੇ ਗੱਲਾਂ ਵਿੱਚ ਉੱਨ ਦੀਆਂ ਮਾਲਾਵਾਂ ਪਾ ਕੇ, ਜੀ ਆਇਆਂ ਨੂੰ, ਕਿਹਾ। ਉਹਨ ਦੀ ਕਾਰ ਦੇ ਨਾਲ ਸ੍ਰ. ਆਤਮਾ ਸਿੰਘ ਸ੍ਰ. ਦਇਆ ਸਿੰਘ, ਸੰਤ ਨਿਧਾਨ ਸਿੰਘ ਆਲਮ ਸੰਤ ਇੰਦਰ ਸਿੰਘ ਚਕਰਵਰਤੀ, ਸ੍ਰ. ਲਛਮਣ ਸਿੰਘ ਆਦਿ ਪੰਥਕ ਆਗੂ ਸਨ ਤੇ ਪਿ[illegible]



Namdhari Elibrary NamdhariElibrary@gmail.com

ਾਰਾਂ ਦੀ ਗਿਣਤੀ ਵਿੱਚ ਨਾਮਧਾਰੀ । ਉਹ ਡਿਓੜੀ ਉੱਤੇ ਮੱਥਾ ਟੇਕ ਕੇ ਜੈਕਾਰੇ ਾਉਂਦੇ ਆ ਰਹੇ ਸਨ । ਆਪ ਨੇ ਸਤਿਗੁਰੂ ਰਾਮ ਸਿੰਘ ਦੇ ਮੰਦਰ, ਲੋਹ-ਲੰਗਰ- ਾ ਵਰਤ, ਦੇ ਦਰਸ਼ਨ ਕੀਤੇ ਤੇ ਨਮਸਕਾਰ ਕੀਤੀ । ਆਪ ਨੂੰ ਨਾਮਧਾਰੀ ਤਹਾਸ-ਫ਼ਾਂਸੀ ਲਗਾ ਕੇ ਤੇ ਤੋਪਾਂ ਅੱਗੇ ਉੱਡ ਕੇ ਸ਼ਹੀਦੀਆਂ ਪ੍ਰਾਪਤ ਕਰਨ, 50 ; ਪੁਲਿਸ ਚੌਕੀ ਦੀਆਂ ਸਖ਼ਤੀਆਂ ਸਹਿਤ ਸੁਣਾਇਆ ਗਿਆ । ਸਤਿਗੁਰੂ ਦਾ ਔਖੇ ਭਿਆਨਕ ਸਮੇਂ ਨੂੰ ਮੂਰਤੀਮਾਨ ਕਰਦੇ ਹੋਏ ਤਾਂ ਗਲਾ ਭਰ ਹੀ ਆਉਂਦਾ ਪੰਡਤ ਜੀ ਤੇ ਹੋਰ ਆਗੂ ਵੀ ਹਉਕਾ ਭਰਦੇ ਤੇ ਉਹਨਾਂ ਦੇ ਨੇਤਰ ਵੀ ਸਜਲ ਂ ਨਾ ਰਹਿੰਦੇ ।

ਸਤਿਗੁਰੂ ਜੀ ਦੀ ਆਗਿਆ ਅਨੁਸਾਰ ਇਹ ਇਕੱਠ ਨੇਤਾਵਾਂ ਦੀ ਸੁਆਗਤੀ ਾ ਦੇ ਰੂਪ ਵਿੱਚ ਬਦਲ ਗਿਆ । ਇਸ ਸਭਾ ਵਿੱਚ ਚਕਰਵਰਤੀ ਜੀ ਸਟੇਜ ਤਰ ਸਨ ਅਤੇ ਆਲਮ ਜੀ ਨੇ ਮਾਣ ਪੱਤਰ ਪੜ੍ਹਿਆ । ਪੰ. ਜਵਾਹਰ ਲਾਲ ਰੂ, ਡਾ. ਪਟਾ ਭਿ ਸੀਤਾ ਰਾਮਈਆ, ਡਾ. ਸੈਫੂਦੀਨ ਕਿਚਲੂ, ਮਾਸਟਰ ਾ ਸਿੰਘ, ਕਿਸ਼ਨ ਸਿੰਘ ਐਮ. ਐਲ. ਏ. ਮਾਸਟਰ ਕਾਬਲ ਐਮ. ਐਲ ਏ. ਸ੍ਰ. ਸੋਹਣ ਸਿੰਘ ਜੋਸ਼ ਐਮ. ਐਲ. ਏ., ਸ੍ਰ. ਕਪੂਰ ਸਿੰਘ ਐਮ. ਐਲ. ਏ., ਾਨਾ ਹਬੀਬਉਲ ਰਹਿਮਾਨ, ਪੰ. ਮੁਨੀ ਲਾਲ ਕਾਲੀਆ, ਲਾਲਾ ਦੇਵ ਰਾਜ ਸੇਠੀ, ਾ ਅਗਾਥਾ ਹੈਰੀਸਨ, ਕਪੂਰ ਸਿੰਘ ਧੂਤ ਆਦਿ ਆਗੂਆਂ ਨੂੰ ਦਸ ਾਰ ਨਾਮਧਾਰੀਆ ਨੇ ਸੁਣਿਆਂ, ਦੋਹਾਂ ਸਾਹਿਬਜ਼ਾਦਿਆਂ ਤੇ ਹੋਰ ਵਿਦਿਆਰਥੀਆਂ ਰਾਗ ਵਿੱਚ ਸ਼ਬਦ ਕੀਰਤਨ ਸੁਣਾਇਆ ।

ਨਾਮਧਾਰੀਆਂ ਦੀਆਂ ਕੁਰਬਾਨੀਆਂ ਦੀ, ਰਾਗ ਵਿੱਦਿਆ ਦੀ ਤੇ ਸ੍ਰੀ ਭੈਣੀ ਹਬ ਦੇ ਵੈਦਿਕ ਆਸ਼ਰਮ ਤੇ ਇਸ ਵਿੱਚ ਚਲਦੇ ਸਦਾ ਵਰਤ ਦੀ ਪ੍ਰਸੰਸਾ ਕੀਤੀ । ਸੁਤੰਤਰਤਾ ਦੀ ਮਹਿਕ ਭਰੀ ਮਿੱਟੀ ਤੋਂ ਅੱਗੇ ਲਈ ਹੋਰ ਕੁਰਬਾਨੀਆਂ ਕਰਨ ਜਜ਼ਬਾ ਲੈ ਕੇ ਦੇਸ ਦੇ ਆਗੂ ਵਿਦਿਆ ਹੋਏ ।

ਸਤਿਗੁਰੂ ਜੀ ਘੁੜ-ਦੌੜ ਵਿੱਚ ਆਪਣੀ ਪਛਾਣ ਬਣਾ ਕੇ ਰੱਖਣ ਵਾਲੇ ਘੋੜੇ ਦੇ ਰਹਿੰਦੇ ਸਨ । ਆਪ ਜੀ ਦਾ ਆਦਰ ਸਭ ਵੱਡੇ ਅੰਗਰੇਜ਼ ਅਧਿਕਾਰੀ ਵੀ ਦੇ ਸਨ । ਪੰਜਾਬ ਦਾ ਗਵਰਨਰ ਸਰ ਹੈਨਰੀ ਕਰੇਕ ਦੇ ਵੀ ਆਪ ਨਾਲ ਚੰਗੇ ਧ ਸਨ । ਉਸ ਨੇ ਪੰ. ਨਹਿਰੂ ਤੇ ਹੋਰ ਆਗੂਆਂ ਦੇ ਭੈਣੀ ਆਉਣ ਬਾਰੇ ਕਿੰਤੂ ਤੀ ਤਾਂ ਆਪ ਨੇ ਕਿਹਾ ਕਿ, "ਉਹਨਾਂ ਦਾ ਆਪਣਾ ਘਰ ਹੈ ਉਹ ਕਦੇ ਵੀ ਆ ਦੇ ਹਨ ।" ਉਸ ਨੇ ਫੇਰ ਆਪ ਨਾਲ ਉਹਨਾਂ ਦੀਆਂ ਗੱਲਾਂ ਬਾਤਾਂ ਬਾਬਤ ਛਿਆ ਤਾਂ ਆਪ ਨੇ ਉੱਤਰ ਦਿੱਤਾ ਸੀ, "ਜੋ ਉਨ ਕੋ ਤਕਲੀਫ਼ ਥੀ ਵੋ ਉਨਹੋਂ ਨੇ ਸੇ ਕਹੀ, ਜੋ ਹਮ ਕੋ ਥੀ ਹਮ ਨੇ ਉਨ ਕੋ ਕਹੀ ।" ਕਰੇਕ ਨੇ ਚੁੱਪ ਕਰ ਕੇ ਰਹਿਣ ਰ ਹੀ ਭਲਾ ਜਾਤਾ । ਉਸ ਨੇ ਸਮਝ ਲਿਆ ਕਿ ਘੁੜ-ਦੌੜ ਸਮੇਂ ਦੀ ਦੋਸਤੀ ਾ ਦੇ ਦੇਸ਼ ਦੀ ਸੁਤੰਤਰਤਾ ਸੰਗਰਾਮ ਦੇ ਕਾਰਜਾਂ ਵਿੱਚ ਰੁਕਾਵਟ ਪੈਦਾ ਨਹੀਂ ਸਕੇਗੀ ।

1940 ਈ: ਵਿੱਚ ਸਤਿਗੁਰੂ ਜੀ ਨੇ ਸਭ ਬਾਲਗ ਸਿੱਖਾਂ, ਮਾਈਆਂ, ਬੀਬੀਆਂ ਨੂੰ



Namdhari Elibrary NamdhariElibrary@gmail.com

ਪੜ੍ਹਾਉਣ ਦੀ ਯੋਜਨਾ ਬਣਾਈ। ਆਪ ਨੇ ਨਾਮਧਾਰੀ ਸਿੱਖਾਂ ਵਿੱਚੋਂ ਅਨਪੜ੍ਹਤਾ ਖ਼ਤਮ ਕਰਨ ਲਈ ਆਪਣੇ ਰਾਮ ਹਰੀ ਪ੍ਰੈਸ ਤੋਂ ਬਾਲ ਉਪਦੇਸ਼ ਛਪਵਾਏ। ਹਰ ਨਾਮਧਾਰੀ ਨੂੰ ਅਰਦਾਸ ਕਰਨੀ ਆਉਣੀ ਵੀ ਜ਼ਰੂਰੀ ਸੀ ਸੋ ਉਸ ਦੇ ਵਿੱਚ ਹੀ 12 ਪਾਤਸਾਹੀਆ ਦਾ ਅਰਦਾਸਾ, ਸਿੱਧਾਂ-ਸਾਧਾਂ ਦੀਆਂ ਕੁਝ ਸਾਖੀਆਂ ਵੀ ਛਪਵਾਈਆਂ ਜਿਨ੍ਹਾਂ ਨੂੰ ਪੜ੍ਹਨ ਦਾ ਸਾਰੇ ਸਿੱਖਾਂ ਨੂੰ ਹੁਕਮ ਦਿੱਤਾ ਗਿਆ।

ਆਪ ਨੇ ਦੁਸਹਿਰੇ ਦੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਸਾਧ ਸੰਗਤ ਨੂੰ ਸੰਦੇਸ ਦਿੱਤਾ ਕਿ ਸਵਾ ਲੱਖ ਪਾਠ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਕਰਨਾ ਹੈ। ਹਰ ਜ਼ਿਲ੍ਹੇ ਵਿੱਚ ਆਲਮ ਜੀ ਨੇ, ਸਤਿਗੁਰੂ ਜੀ ਦੇ ਦੱਸੇ ਅਨੁਸਾਰ ਜੁਗਤ ਸਮਝਾ ਦੇਣੀ ਸੀ। ਹੁਣ ਸਿੱਖਾਂ ਨੂੰ ਧਿਆਨ ਆਇਆ ਕਿ ਆਪ ਪੜ੍ਹਨ ਵੱਲ ਕਿਉਂ ਜ਼ੋਰ ਦੇਂਦੇ ਸਨ।

ਇਹਨੀਂ ਦਿਨੀਂ ਦੂਜਾ ਵਿਸ਼ਵ-ਯੁੱਧ ਜ਼ੋਰਾਂ ਤੇ ਸੀ। ਪਹਿਲੇ ਵਿਸ਼ਵ ਯੁੱਧ ਵਾਂਗ ਇਸ ਯੁੱਧ ਵਿੱਚ ਵੀ ਸਰਕਾਰ ਨੂੰ ਭਰਤੀ ਦੀ ਲੋੜ ਸੀ। ਡਿਪਟੀ ਕਮਿਸ਼ਨਰ ਅਸੂ ਦੇ ਮੇਲੇ ਦੇ ਭੋਗ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਆਇਆ। ਉਸ ਨੇ ਆਪ ਨੂੰ ਭਰਤੀ ਦੇਣ ਲਈ ਕਿਹਾ, ਆਪ ਨੇ ਜੁਆਬ ਦਿੱਤਾ, "ਗੋਰੇ ਦੀ ਰੱਖਿਆ ਦੀ ਨਹੀਂ, ਉਸ ਨੂੰ ਦੇਸੋਂ ਕੱਢਣ ਦੀ ਮਦਦ ਕਰਾਂਗਾ।"

ਸੱਚੇ ਪਾਤਸ਼ਾਹ ਤੋਂ ਆਗਿਆ ਲੈ ਕੇ, ਸੁਕੇਤ ਨੂੰ ਵਧੀਆ ਰਮਣੀਕ ਪਹਾੜੀ ਥਾਂ ਜਾਣ ਕੇ ਕੂਕੇ ਓਧਰ ਵੱਸਣ ਲੱਗੇ। ਕੁਝ ਨਾਮਧਾਰੀ ਆਲੇ-ਦੁਆਲੇ ਦੇ ਜ਼ਹਿਰੀਲੇ ਵਾਤਾਵਰਣ ਦੀ ਮਾਰ ਤੇ ਉਸ ਦੇ ਭੈਅ ਤੋਂ ਬਚਣ ਲਈ ਸ੍ਰੀ ਭੈਣੀ ਸਾਹਿਬ ਆ ਗਏ ਜਾਂ ਕੁਝ ਸਿੱਖਾਂ ਦੇ ਘਰ ਬੀਕਾਨੇਰ ਦੇ ਇਲਾਕੇ ਟਿੱਬੀ ਵਿੱਚ ਆ ਵੱਸੇ। ਕੁਝ ਵੱਸੋਂ ਨੋਹਰ ਵਿੱਚ ਵੀ ਹੋਣ ਲੱਗੀ। ਉੱਥੇ ਸੰਗਤ ਮਾਤਾ ਜੀਵਨ ਕੌਰ ਜੀ ਦੀ ਅਗਵਾਈ ਹੇਠ ਇਕੱਠੀ ਹੋ ਰਹੀ ਸੀ। ਉੱਥੇ ਗੁਰੂ ਗੋਬਿੰਦ ਸਿੰਘ ਜੀ ਦਾ ਇਤਿਹਾਸਕ ਗੁਰਦੁਆਰਾ ਵੀ ਸੀ। ਵਸੋਂ ਬਾਗੜੀਆਂ ਦੀ ਹੀ ਸੀ। ਏਥੇ ਸਤਿਗੁਰੂ ਜੀ ਨੇ ਕੁਝ ਦੁਰਲਭ ਗ੍ਰੰਥ ਵੀ ਸੰਭਾਲਣ ਹਿਤ ਭੇਜ ਦਿੱਤੇ ਸਨ।

ਨਾਮਧਾਰੀ ਸੁੱਚ ਪਵਿੱਤਰਤਾ ਬਹੁਤ ਵਰਤਦੇ ਸਨ। ਉਹਨਾਂ ਦੇ ਸੋਧ ਦੇ ਜਲ ਉੱਤੇ ਜੇ ਕਿਸੇ ਦੂਸਰੇ ਦੇ ਜਲ ਦੀ ਛਿੱਟ ਵੀ ਪੈ ਜਾਏ ਤਾਂ ਜਲ ਜੂਠਾ ਹੋਇਆ ਸਮਝਿਆ ਜਾਂਦਾ ਹੈ।

> ਕਹੁ ਨਾਨਕ ਸਚੁ ਧਿਆਈਐ,
> ਸੁਚ ਹੋਵੈ ਤਾਂ ਸਚੁ ਪਾਈਐ।

ਤੁੱਕਾਂ ਅਨੁਸਾਰ ਸੁੱਚ ਪਵਿੱਤਰਤਾ ਦੀ ਮਹਾਨਤਾ ਤਾਂ ਹੈ ਹੀ।

ਨੋਹਰ ਕਬੂਤਰਸਰ ਗੁਰਦੁਆਰੇ ਖੂਹ ਉੱਤੇ ਬਾਗੜੀ ਬ੍ਰਾਹਮਣਾਂ ਦਾ ਪਾਣੀ ਦੀ ਸੁੱਚਮ ਤੋਂ ਨਾਮਧਾਰੀ ਸਿੱਖਾਂ ਨਾਲ ਝਗੜਾ ਹੋ ਗਿਆ। ਗੱਲ ਤਸੀਲਦਾਰ ਕੋਲ ਗਈ। ਉਸ ਨੇ ਸਿੱਖਾਂ ਨੂੰ ਝਗੜੇ ਦਾ ਕਾਰਨ ਪੁੱਛਿਆ। ਸਿੱਖਾਂ ਸੱਚ ਸੱਚ ਦਸ ਦਿੱਤਾ ਕਿ ਉਹ ਸੁੱਚਮਤਾ ਦੇ ਧਾਰਨੀ ਸਨ, ਮਾਤਾ ਜੀ ਦੀ ਅਗਵਾਈ ਹੇਠ ਸਾਫ਼ ਸੁਥਰਾ ਖਾ ਕੇ, ਪਹਿਨ ਕੇ, ਨਾਮ ਜਪ ਕੇ, ਜੀਵਨ ਸਫਲਾ ਸਮਝਦੇ ਸਨ, ਕਿਸੇ ਦਾ ਦਿਲ ਦੁਖਾਣਾ



Namdhari Elibrary NamdhariElibrary@gmail.com

ਹਨਾਂ ਦਾ ਆਸ਼ਾ ਬਿਲਕੁਲ ਨਹੀਂ ਸੀ। ਤਸੀਲਦਾਰ ਮੌਕੇ ਤੇ ਆਇਆ ਉਸ ਨੇ ਖਿਆ ਕਿ ਮਾਤਾ ਜੀ ਸਭ ਨੂੰ ਦੁੱਧ, ਦਹੀਂ, ਲੱਸੀ, ਦਾਲ-ਪਰਸ਼ਾਦ ਬਿਨਾਂ ਵਿਤਕਰੇ ਂ ਵਰਤਾਉਂਦੇ ਸਨ। ਸ਼ਬਦ ਕੀਰਤਨ ਦਾ ਰਸ ਸੁਆਦ ਵੀ ਤਸੀਲਦਾਰ ਨੂੰ ਨਮੋਹਕ ਲੱਗਾ। ਉਹ ਮਾਤਾ ਜੀ ਦੇ ਚਰਨੀਂ ਲੱਗਾ, ਭਜਨ ਲਿਆ। ਉਸ ਨੇ ਾਗੜੀਆਂ ਨੂੰ ਵੀ, ਪਾਣੀ ਦੀ ਵਾਰੀ ਬੰਨ੍ਹ ਕੇ ਸ਼ਾਂਤ ਕੀਤਾ। ਨੌਹਰ ਮਾਤਾ ਜੀ ਦੇ ਸ਼ੁਭ ਰਮਾਂ ਦੀ ਕੀਰਤੀ ਫੈਲਦੀ ਗਈ। ਉਹਨਾਂ ਦੇ ਸਖੀ ਸੁਭਾ, ਮਿਠ ਬੋਲੜੇ ਬਚਨਾਂ ਨੇ ਰ ਹਿੰਦੂ ਘਰਾਂ ਦੀ ਆਪ ਤੇ ਸ਼ਰਧਾ ਵਧਾਈ।

ਗੁਰਦੁਆਰਾ ਕਬੂਤਰਸਰ ਇੱਕ ਨਿਹੰਗ ਰਹਿੰਦਾ ਸੀ। ਉਸ ਦੀ ਕਿਸੇ ਨਾਲ ਂਝ ਨਹੀਂ ਸੀ। ਸਭ ਵਲੋਂ ਵੀ ਕੌੜ ਹੀ ਵਰਤਦਾ ਸੀ। ਨਾਮਧਾਰੀਆਂ ਦਾ ਜਲੌ ਖ ਕੇ ਉਹ ਵੀ ਕਿਨਾਰਾ ਕਰ ਗਿਆ।

ਸਤਿਗੁਰੂ ਜੀ ਨੇ ਵੀ ਨੌਹਰ ਦਰਸ਼ਨ ਦਿੱਤੇ। ਆਪ ਦੇ ਸ਼ਰਧਾਲੂ ਨਿਹਾਲ ਹੋ ਏ, ਸਣੇ ਤਸੀਲਦਾਰ ਦੇ।

ਕੁਝ ਧਨਾਡ ਲੋਕਾਂ ਨੂੰ ਸਿੱਖਾਂ ਦੇ ਲੁਟਣ ਖੋਹਣ ਦੇ ਸੁਭਾ ਦਾ ਹੀ ਭੈਅ ਬਣਿਆ ਇਆ ਸੀ। ਉਹਨਾਂ ਨੇ ਡਰ ਕੇ ਅਰਜ਼ੀ ਦੇ ਦਿੱਤੀ ਕਿ ਉਹਨਾਂ ਕੋਲ ਹਥਿਆਰ ਸਨ। ਰ ਹਰਨਾਮ ਸਿੰਘ ਨਥਾਣੀਏ ਨੇ ਕਿਹਾ ਕਿ ਉਹਨਾਂ ਕੋਲ ਕੇਵਲ ਮਾਲਾ ਹੈ। ਸਤਿਗੁਰੂ ੀ ਨੂੰ ਪਤਾ ਲੱਗਾ ਉਹਨਾਂ ਨੇ ਸ੍ਰੀ ਭੈਣੀ ਸਾਹਿਬੋਂ ਲਿਖ ਭੇਜਿਆ ਕਿ ਨਥਾਣੀਏ ਵੀ ਚ ਕਿਹਾ ਸੀ ਕਿ ਉਸ ਕੋਲ ਕੋਈ ਹਥਿਆਰ ਨਹੀਂ ਸੀ। ਉਂਜ ਕੂਕੇ ਹਥਿਆਰ ਖਦੇ ਹਨ, ਟਕੂਏ, ਡਾਂਗਾਂ, ਤਲਵਾਰਾਂ ਤੇ ਕੋਈ ਕੋਈ ਲੁਕਾ ਕੇ ਬੰਦੂਕ ਵੀ। ਪਰ ਕਸੇ ਨੂੰ ਨੁਕਸਾਨ ਪਹੁੰਚਾਉਣ ਲਈ ਨਹੀਂ, ਆਪਣੀ ਹਿਫ਼ਾਜ਼ਤ ਲਈ ਤੇ ਗ਼ਰੀਬ ਦੀ ੱਖਿਆ ਲਈ ਰੱਖਦੇ ਹਨ।

ਸਤਿਗੁਰੂ ਜੀ—ਟਿੱਬੀ ਜਾਂ ਹਨੂਮਾਨਗੜ੍ਹ ਵਲੋਂ ਦੌਰੇ ਤੇ ਜਾਂਦੇ ਸਨ ਜਾਂ ਸਰਸੇ ਲੋਂ। ਸਰਸੇ ਦਾ ਪੈਂਡਾ ਕਾਰ ਰਾਹੀਂ ਹੀ ਸਿੱਧਾ ਤੇ ਸੌਖਾ ਕੱਟਿਆ ਜਾਂਦਾ ਸੀ। ਾਹ ਕੁਝ ਕੱਚਾ ਸੀ, ਕੁਝ ਨਹਿਰ ਦੀ ਪਟੜੀਏ-ਪਟੜੀ ਸੀ। ਇੱਕ ਵਾਰ ਨਹਿਰੋ ਹਿਰੇ ਜਾਂਦਿਆਂ ਆਪ ਨੇ ਜਗਮਲੇਰਾ, ਅਲੀਪੁਰ, ਕੰਜ ਵਾਲੇ ਦੇ ਪੁਲਾਂ ਤੋਂ ਖਲੋ ਕੇ, ਹ ਇਲਾਕੇ ਦੀ ਰੇਤਲੀ, ਔੜ ਮਾਰੀ ਧਰਤੀ ਨੂੰ ਗਹੁ ਨਾਲ ਤੱਕਿਆ ਤੇ ਆਪਣੇ ਾਲ ਦੇ ਸੇਵਕਾਂ ਸ: ਲਾਲ ਸਿੰਘ ਡਰਾਇਵਰ, ਸੰਤ ਰਤਨ ਸਿੰਘ, ਭਾਈ ਵਜ਼ੀਰ ਸੰਘ, ਸੰਤ ਚਨਣ ਸਿੰਘ ਨੰਬਰਦਾਰ, ਮੁਕੰਦ ਸਿੰਘ, ਸ: ਕਿਹਰ ਸਿੰਘ ਰਾਥ ਨਾਲ ਚਨ ਕੀਤਾ ਕਿ ਧਰਤੀ ਮਿਹਨਤੀ ਮੁਸ਼ਕਤੀ ਹੱਥਾਂ ਨੂੰ ਤਰਸਦੀ ਸੀ। ਨਾਮਧਾਰੀ ਸੱਖਾਂ ਨੇ ਇਸ ਨੂੰ ਖ਼ਰੀਦ ਕੇ, ਮਿੱਟੀ ਨਾਲ ਮਿੱਟੀ ਹੋ ਕੇ ਜਤਨ ਕਰਿਆ ਸੁਖ ਦੇਣਾ ੀ। ਭਵਿੱਖਤ ਵਿੱਚ ਇਹ ਪਿੰਡ ਖਰੀਦੇ ਗਏ ਸਨ ਤੇ ਸੁਆਰੇ ਗਏ ਸਨ।

ਬੀਕਾਨੇਰ ਇੱਕ ਡਿੱਗੀ ਸੀ ਕਿ ਜਿਸ ਦੇ ਪਾਣੀ ਦੀ ਸੌਂਪਣਾ ਉੱਥੋਂ ਦੇ ਸੇਠ ਨੇ ਏੱਕ ਪੰਡਤ ਨੂੰ ਕੀਤੀ ਹੋਈ ਸੀ। ਜਦ ਵੀ ਨਾਮਧਾਰੀ ਉਸ ਵਿਚੋਂ ਪਾਣੀ ਭਰਦੇ ਹ ਬੜਾ ਔਖਾ ਹੁੰਦਾ। ਇੱਕ ਦਿਨ ਮਾਤਾ ਜੀ ਤੇ ਕੁਝ ਸੇਵਕ ਹਨੂਮਾਨਗੜ੍ਹ ਗੱਡੀ ਤੋਂ ਉਤਰੇ ਸਨ ਤਾਂ ਸਿੱਖ ਉਹਨਾਂ ਨੂੰ ਛਕਾਣ ਲਈ ਦੁੱਧ ਲੈ ਕੇ ਆਏ, ਉੱਥੇ ਹੀ



Namdhari Elibrary NamdhariElibrary@gmail.com

ਡਿੱਗੀ ਦਾ ਪ੍ਰਬੰਧਕ ਬ੍ਰਾਹਮਣ ਵੀ ਬੈਠਾ ਸੀ। ਸਿੱਖਾਂ ਨੇ ਉਹਨੂੰ ਦੁੱਧ ਪਿਆਇਆ ਸੀ। ਆਪਣੇ ਇਲਾਕੇ ਦੇ ਲੋਕਾਂ ਨੂੰ ਉਹ ਜਾਣਦਾ ਹੀ ਸੀ ਕਿ ਉਹ ਤਾਂ ਕਿਸੇ ਨੂੰ ਫੋਕਾ ਪਾਣੀ ਵੀ ਨਹੀਂ ਸੀ ਪੁਛਦੇ। ਕਿਸੇ ਨੂੰ ਰਾਮ ਰਾਮ, ਕੋਈ ਵਿਚਾਰਾ, ਉਹ ਹੀ ਕਰਦਾ ਸੀ ਜਿਸ ਨੂੰ ਪਿਆਸ ਲੱਗੀ ਹੁੰਦੀ ਸੀ। ਉਸ ਦੀ ਕੋਈ ਸੁਣੇ ਜਾਂ ਨਾ। ਉਸ ਨੂੰ ਇਹ ਮਾਤਾ ਜੀ ਦਾ ਪਰਤਾਪ ਹੀ ਲਗਿਆ। ਉਸ ਨੇ ਮਾਤਾ ਜੀ ਨੂੰ ਅਰਜ਼ ਕੀਤੀ ਕਿ ਉਸ ਵਿੱਚ ਵੀ ਨਿੱਘੇ ਸੁਭਾਅ ਤੇ ਸਦਗੁਣਾਂ ਦੀ ਬਖਸ਼ਸ ਕੀਤੀ ਜਾਵੇ। ਮਾਤਾ ਜੀ ਨੇ ਉਸ ਨੂੰ ਭਜਨ ਦਿਵਾ ਦਿੱਤਾ ਅਤੇ ਤਮਾਕੂ ਛਡਣ ਦਾ ਪ੍ਰਣ ਲਿਆ, ਉਸ ਨੇ ਸਿਗਰਟਾਂ ਦੀ ਡੱਬੀ ਸੁੱਟ ਦਿੱਤੀ ਤੇ ਮਾਤਾ ਜੀ ਦੇ ਇਸ ਪਰਉਪਕਾਰ ਉੱਤੇ ਸੁਕਰ ਗੁਜਾਰ ਹੋਣ ਲੱਗਾ।

ਸਤਿਗੁਰੂ ਜੀ ਨੇ 1941 ਈ: ਵਿੱਚ ਪੱਤਰਾ ਪਾਠ ਦੀ ਜੁਗਤ ਵਰਤੀ ਕਿਉਂਕਿ ਆਪ ਸਮਝ ਰਹੇ ਸਨ ਕਿ ਉਸ ਤਰ੍ਹਾਂ ਪਾਠ ਨਾ ਛੇਤੀ ਹੋ ਰਹੇ ਸਨ ਨਾ ਪੂਰੇ। ਸਾਰੇ ਨਾਮਧਾਰੀ ਸਰਲ, ਸਪੱਸ਼ਟ, ਸ਼ੁੱਧ, ਚਲੰਤ ਪਾਠ ਵੀ ਨਹੀਂ ਸਨ ਕਰ ਸਕਦੇ। ਆਪ ਨੇ ਵਜ਼ੀਰ ਹਿੰਦ ਪ੍ਰੈੱਸ ਅਤੇ ਹੋਰ ਛਾਪੇ ਖਾਨਿਆਂ ਤੋਂ ਦਰਬਾਰ ਸਾਹਿਬ ਦੀ ਜਿਲਦ ਬੱਝਣ ਤੋਂ ਪਹਿਲਾਂ ਹੀ ਪੱਤਰੇ ਖਰੀਦ ਕੇ ਲੈ ਆਂਦੇ, ਸਾਰੇ ਪਾਠ ਕਰਨ ਦੇ ਚਾਹਵਾਨ ਤੇ ਪਾਠ ਕਰ ਸਕਣ ਦੀ ਸਮਰੱਥਾ ਰੱਖਣ ਵਾਲੇ ਸਿੱਖਾਂ ਨੂੰ ਪੱਤਰੇ ਵੰਡ ਦਿੱਤੇ ਗਏ। ਸਭ ਨੂੰ ਹੁਕਮ ਦਿੱਤਾ ਕਿ ਆਪਣਾ ਆਪਣਾ ਪੱਤਰਾ ਆਦਰ ਸਤਿਕਾਰ ਨਾਲ ਰੱਖਣਾ ਹੈ, ਸੁੱਚੇ ਸੁਹਣੇ ਸਾਫ਼ ਰੁਮਾਲੇ ਵਿੱਚ ਲਪੇਟ ਕੇ। ਪਾਠ ਕਰਨ ਸਮੇਂ ਕੇਸੀ ਇਸ਼ਨਾਨ ਕਰਕੇ, ਜੋੜਾ ਉਤਾਰ ਕੇ ਚੌਕੜਾ ਮਾਰ ਕੇ ਬੈਠਣਾ ਹੈ। 25 ਪਾਠ ਰੋਜ਼ ਦੇ ਕਰਨੇ ਸਨ। ਪਰ ਮਰਯਾਦਾ ਦੀ ਕੁਤਾਹੀ ਨਹੀਂ ਸੀ ਕਰਨੀ।

ਸਿੱਖਾਂ ਘਰੀਂ ਪਹੁੰਚਾਏ ਗਏ ਪੱਤਰਿਆਂ ਦੀ ਗਿਣਤੀ ਦਾ ਧਿਆਨ ਰਖਿਆ ਜਾਂਦਾ ਸੀ। ਮਰਯਾਦਾ, ਸਤਿਜੁਗ ਰਾਹੀਂ ਛਾਪ ਕੇ ਹਰ ਇੱਕ ਤੱਕ ਪਹੁੰਚਾ ਦਿੱਤੀ ਗਈ ਸੀ।

ਇਸ ਪੱਤਰਾ ਪਾਠ ਦਾ ਚਰਚਾ ਸਾਰੇ ਲੋਕਾਂ ਵਿੱਚ ਹੋਣ ਲੱਗਾ। ਨਾਮਧਾਰੀ ਤਾਂ ਸਤਿਗੁਰੂ ਪਰਤਾਪ ਸਿੰਘ ਜੀ ਦਾ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਪਾਠ ਕਰਨ ਦਾ ਹੁਕਮ ਮੰਨ ਕੇ, ਇਸ ਚੰਗੇ ਪਾਸੇ ਜੁੜ ਗਏ। ਹੋਰ ਲੋਕ ਵੀ ਇਸ ਦੀ ਪ੍ਰਸੰਸਾ ਕਰਨ ਲੱਗੇ। ਲੇਕਿਨ ਨਾਮਧਾਰੀ ਸਿੱਖਾਂ ਦੇ ਵਿਰੋਧੀ ਅਤੇ ਦੋਖੀ ਲੋਕਾਂ ਨੂੰ ਇਹ ਚਾਲ ਨਾ ਭਾਈ। ਉਹਨਾਂ ਇਹਨਾਂ ਦੇ ਖ਼ਿਲਾਫ ਲਿਖਣਾ ਸ਼ੁਰੂ ਕੀਤਾ। ਅਖ਼ਬਾਰਾਂ ਵਾਲਿਆਂ ਨੇ ਗੱਲ ਚੁੱਕ ਲਈ। ਸਤਿਗੁਰੂ ਜੀ ਵਲੋਂ ਸਤਿਜੁਗ ਵਿੱਚ ਛਪਵਾਇਆ ਗਿਆ ਕਿ 1600 ਬੀੜਾਂ ਮਿਲ ਜਾਣ ਤਾਂ ਨਾਮਧਾਰੀ ਸਿੱਖ ਨੂੰ ਉਹਨਾਂ ਤੋਂ ਵੀ ਪਾਠ ਕਰਨ ਨੂੰ ਤਿਆਰ ਸਨ। ਭਾਵੇਂ ਕੋਈ ਵੀ ਬੀੜਾਂ ਦਾ ਪ੍ਰਬੰਧ ਕਰ ਦੇਵੇ।

1941 ਦੀ ਵਸਾਖੀ ਤੇ ਹਰ ਸਾਲ ਵਾਂਗ ਸਤਿਗੁਰੂ ਜੀ ਨੇ ਅੰਮ੍ਰਿਤਸਰ ਹੀ ਮੇਲਾ ਕੀਤਾ। ਮੇਲੇ ਵਿੱਚ 14 ਅਪਰੈਲ ਨੂੰ ਸ਼੍ਰੋਮਣੀ ਕਮੇਟੀ ਵਲੋਂ ਅਕਾਲੀਆਂ ਦੇ ਨਾਲ ਸਿੰਘ ਸਭਾ ਵਾਲੇ ਵੀ ਪੱਤਰਾ ਪਾਠ ਬਾਰੇ ਇਤਰਾਜ਼ ਲੈ ਕੇ ਆਏ। ਸਤਿਗੁਰੂ ਜੀ ਦਾ ਬਚਨ ਮੰਨ ਕੇ ਆਪ ਦੇ ਹਜ਼ੂਰ, ਇੱਕ ਗੁਰਸਿੱਖ ਪਿਆਰਾ, ਪੂਰੇ ਅਦਬ ਨਾਲ ਪੱਤਰਾ



Namdhari Elibrary NamdhariElibrary@gmail.com

ਂ ਕੇ ਆਇਆ, ਜਿਸ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ, ਬੜੇ ਪ੍ਰਭਾਵਤ ਏ। ਸਤਿਗੁਰੂ ਜੀ ਨੇ ਬੀੜਾਂ ਤੋਂ ਪਾਠ ਕਰਨ ਦਾ ਆਪਣਾ ਬਚਨ ਵੀ ਦੁਹਰਾਇਆ ਰ ਤਾਂ ਜੋ ਏਨੀਆਂ ਬੀੜਾਂ ਉਧਾਰ ਮਿਲ ਜਾਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 5 ਮਈ, 1941 ਨੂੰ ਐਲਾਨ ਕੀਤਾ। ਜਸ ਨੂੰ ਤਰਨ ਸਿੰਘ ਵਹਿਮੀ ਨੇ ਇੰਝ ਲਿਖਿਆ ਹੈ, "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ 'ਮੇਟੀ ਬਾਬਾ ਪਰਤਾਪ ਸਿੰਘ ਜੀ ਦੇ ਇਸ ਉੱਦਮ ਦੀ ਸਲਾਘਾ ਕਰਦੀ ਹੈ ਜੋ ੲਹਨਾਂ ਸਵਾ ਲੱਖ ਪਾਠ ਬਾਣੀ ਦਾ ਆਰੰਭ ਕੀਤਾ ਹੈ ਤੇ ਜੋ ਉਹਨਾਂ ਪਾਠੀਆਂ ਨੂੰ ਸੁੱਚ ੲਸ਼ਨਾਨ ਦੀ ਪੱਕੀ ਕੀਤੀ ਹੈ, ਉਹੋ ਗੁਰਬਾਣੀ ਦੇ ਅਦਬ ਦੀ ਸੂਚਕ ਹੈ। ਹਰ ਸਿੱਖ ਾ ਫਰਜ਼ ਹੈ ਜਿੱਥੋਂ ਤੇ ਜਿੰਨੀਆਂ ਕਿਸੇ ਕੋਲ ਹੋਣ, ਬੀੜਾਂ 1430 ਪੰਨੇ ਦੀਆਂ, ਾਮਧਾਰੀਆਂ ਨੂੰ ਦੇਵੇ ਤਾਂਕਿ ਸਾਲ ਵਿੱਚ ਨਾਮਧਾਰੀ ਪਾਠ ਪੂਰੇ ਕਰ ਸਕਣ।"

—ਜੱਸ-ਜੀਵਨ ਹਿੱਸਾ ਤੀਜਾ

ਇਸ ਦੇ ਬਾਵਜੂਦ ਵੀ ਕਈ ਮਨਾਂ ਵਿੱਚ ਕੜਵਾਹਟ ਬਣੀ ਰਹੀ। ਖਾਲਸਾ ਮਾਚਾਰ ਤੇ ਲਾਲ ਗਜ਼ਟ ਨੇ ਨਾਮਧਾਰੀਆਂ ਦਾ ਵਿਰੋਧ ਕਰਨਾ ਜਾਰੀ ਰਖਿਆ। ਾਮਧਾਰੀ ਸਿੱਖਾਂ ਵਲੋਂ ਵੀ ਸਤਿਜੁਗ ਵਿੱਚ ਲਿਖ ਕੇ, ਦਿਵਾਨਾਂ ਵਿੱਚ ਵਖਿਆਨ ੇ ਕੇ ਬੜਾ ਸਮਝਾਇਆ ਜਾਂਦਾ ਕਿ ਗੁਰਬਾਣੀ ਦੀਆਂ ਤੁਕਾਂ, ਸ਼ਬਦ, ਬਾਰਾਂ ਮਾਂਹ ਤੇ ੋਰ ਬਾਣੀਆਂ ਵੱਖਰੀਆਂ ਕਰਕੇ ਵੀ ਛਾਪੀਆਂ ਤੇ ਵੰਡੀਆਂ ਜਾਂਦੀਆਂ ਸਨ, ਗੁਟਕੇ ਵੀ ਛਪਦੇ ਸਨ। ਡਾਇਰੀਆਂ ਵੀ ਛਪਦੀਆਂ ਸਨ, ਕਾਲਜਾਂ ਦੀਆਂ ਪੁਸਤਕਾਂ ਵਿੱਚ ਵੀ ਗੁਰਬਾਣੀ ਦੇ ਸ਼ਬਦ ਪੜ੍ਹਨੇ ਕੋਰਸ ਦਾ ਹਿੱਸਾ ਸੀ ਜਿਸ ਨੂੰ ਵਿਦਿਆਰਥੀ ਬਿਨਾ ਮਰਯਾਦਾ ਦਾ ਧਿਆਨ ਰੱਖੇ ਆਮ ਪੁਸਤਕ ਵਾਂਗ ਹੀ ਪੜ੍ਹਦੇ ਸਨ, ਨਾਮਧਾਰੀ ਸਿੱਖਾਂ ਦੇ ਪਾਠ ਕਰਨ ਤੇ ਇਤਰਾਜ਼ ਤੇ ਸ਼ੰਕਾ ਨਿਰਮੂਲ ਸੀ।

ਇਹਨਾਂ ਗੱਲਾਂ ਨਾਲ ਵਿਰੋਧੀਆਂ ਨੂੰ ਤਾਂ ਸੋਝੀ ਨਾ ਆਈ ਪਰ ਜਨ ਸਧਾਰਨ ਤੇ ਨਿਰਪੱਖ ਲੋਕਾਂ ਨੂੰ ਸਾਰੀ ਗੱਲ ਸਮਝ ਆ ਗਈ। ਉਹਨਾਂ ਵੀ ਨਾਮਧਾਰੀ ਸਿੱਖਾਂ ਦੇ ਹੱਕ ਵਿੱਚ ਲਿਖਣਾ ਤੇ ਬੋਲਣਾ ਸ਼ੁਰੂ ਕੀਤਾ। ਇਹਨਾਂ ਵਿਚੋਂ ਸ੍ਰ. ਈਸ਼ਰ ਸਿੰਘ ਦਰਦ ਮੁੱਖ ਸੰਪਾਦਕ ਕੌਮੀ ਸੁਤੰਤਰ ਤੇ ਗਿਆਨੀ ਅਬਾਦੁੱਲਾ ਕਾਦੀਆਂ ਵੀ ਸਨ।

ਦੂਜੇ ਪਾਸੇ ਭਾਈ ਰਣਧੀਰ ਸਿੰਘ ਤੇ ਸਿੰਘ ਸਭਾ ਵਲੋਂ ਅਕਾਲੀਆਂ ਕੋਲ ਪੱਤਰਾ ਪਾਠ, 'ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਤੇ ਤੇ' ਇੱਕ ਪ੍ਰਤੀਨਿਧ ਮੰਡਲ ਲੈ ਕੇ ਗਏ। ਭਾਈ ਰਣਧੀਰ ਸਿੰਘ ਨੇ ਤਾਂ ਮੰਦੇ ਸ਼ਬਦ ਵੀ ਲਿਖੇ। ਨਾਮਧਾਰੀਆਂ ਵਲੋਂ ਸੰਤ ਨਿਧਾਨ ਸਿੰਘ ਆਲਮ ਨੇ ਢੁਕਵਾਂ ਉੱਤਰ ਵੀ ਦਿੱਤਾ। ਥਾਂ ਥਾਂ ਨਾਮਧਾਰੀ ਪਰਚਾਰਕ ਜਥੇ ਤਿਆਰ ਕੀਤੇ ਜਾਣ ਲੱਗੇ। ਦੁਵੱਲੀ ਤੇਜ਼ੀ ਫਿਰ ਵੀ ਨਾ ਘਟੀ, ਵਧਦੀ ਹੀ ਗਈ।

ਸਤਿਗੁਰੂ ਜੀ ਨੇ ਸਥਿਤੀ ਦੀ ਗੰਭੀਰਤਾ ਨੂੰ ਧਿਆਨ ਵਿੱਚ ਰਖ ਨਾਮਧਾਰੀ ਸਿੱਖਾਂ ਲਈ ਹੁਕਮਨਾਮਾ, 9 ਸਉਣ ਵੀਰਵਾਰ, 1998 ਬਿ: ਨੂੰ ਜਾਰੀ ਕੀਤਾ। ਇਹ ਹੁਕਮਨਾਮਾ ਸਤਿਜੁਗ ਵਿੱਚ ਛਪਿਆ।



Namdhari Elibrary NamdhariElibrary@gmail.com

"ਮੇਰੀ ਇਹ ਦਿਲੀ ਇੱਛਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਪਵਿੱਤਰ ਫੁਲਵਾੜੀ ਦੀ ਨੀਂਹ ਰਖੀ ਹੈ ਅਤੇ ਜਿਸ ਨੂੰ ਸਾਡੇ ਦੂਜੇ ਸਤਿਗੁਰੂ ਨੇ ਆਪਣੀ ਸ਼ਾਹ-ਰਗ ਦਾ ਖ਼ੂਨ ਪਾ ਕੇ ਸਿੰਜਿਆ ਹੈ, ਉਹ ਸਦਾ ਵਧੇ ਫੁਲੇ। ਇਸ ਫੁਲਵਾੜੀ ਨੂੰ ਸਰਸਬਜ਼ ਕਰਨ ਲਈ ਜਿਥੇ ਹੋਰ ਸ਼ਕਤੀਆਂ ਦਾ ਹੋਣਾ ਜ਼ਰੂਰੀ ਹੈ, ਉਥੇ ਪਰਸਪਰ ਪਿਆਰ ਤੇ ਪ੍ਰੇਮ ਦੀ ਬਹੁਤ ਭਾਰੀ ਲੋੜ ਹੈ। ਏਸੇ ਖਿਆਲ ਨੂੰ ਲੈ ਕੇ ਸ੍ਰੀ ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ ਕੀਤੀ ਸੀ। ਇਸ ਮਿਲਾਪ ਸੰਬੰਧੀ ਮੈਂ ਹੁਣ ਵੀ ਹਰ ਇੱਕ ਯਤਨ ਕਰਨ ਲਈ ਸਦਾ ਤਿਆਰ ਹਾਂ। ਨਾਮਧਾਰੀ ਸੰਗਤ ਸਮੇਂ ਦੀ ਨਜ਼ਾਕਤ ਤੇ ਭਿਆਨਕਤਾ ਵੱਲ ਤੱਕ ਕੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਿ ਨਾਮ ਤੇ ਬਾਣੀ ਸਾਰਿਆਂ ਦੁੱਖਾਂ ਦਾ ਦਾਰੂ ਹੈ, ਸਵਾ ਲੱਖ ਪਾਠ ਕਰਨ ਦਾ ਜੋ ਫੈਸਲਾ ਕੀਤਾ, ਮੈਨੂੰ ਇਹ ਵੇਖ ਕੇ ਬੜਾ ਦੁੱਖ ਤੇ ਹੈਰਾਨੀ ਹੋਈ ਹੈ ਕਿ ਕੁਝ ਪ੍ਰੇਮੀਆਂ ਨੇ ਪਾਠ ਦੇ ਤਰੀਕੇ ਨੂੰ ਨਾ ਪਸੰਦ ਕੀਤਾ ਹੈ। ਮੈਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਮੈਂ ਉਹਨਾਂ ਦੀ ਪ੍ਰਸੰਨਤਾ ਲਈ ਅਤੇ ਪੰਥਕ ਪਿਆਰ ਨੂੰ ਸਦਾ ਲਈ ਅਟੁੱਟ ਰੱਖਣ ਲਈ ਨਾਮਧਾਰੀ ਸੰਗਤ ਨੂੰ ਪੂਰੀ ਹਦਾਇਤ ਕਰਾ ਦਿੱਤੀ ਹੈ ਕਿ ਪਾਠ ਪਵਿੱਤਰ ਬੀੜਾਂ ਜਾਂ ਪੋਥੀਆਂ ਤੋਂ ਹੋਣ ਤਾਕਿ ਪੰਥਕ ਸੀਰਾਜ਼ਾ ਕਿਸੇ ਤਰ੍ਹਾਂ ਵੀ ਬਿਖੇਰਿਆ ਨਾ ਜਾ ਸਕੇ। ਮੈਂ ਵੇਖਦਾ ਹਾਂ ਬਹੁਤ ਸਾਰੇ ਕਾਬਲੇ-ਇਤਰਾਜ਼ ਲੇਖ ਨਾਮਧਾਰੀ ਜਨਤਾ ਨੂੰ ਉਕਸਾਉਣ ਵਾਲੇ ਸਿੱਖ ਪ੍ਰੈਸਾਂ ਵਿੱਚ ਲਿਖੇ ਜਾ ਰਹੇ ਹਨ। ਮੈਂ ਨਾਮਧਾਰੀ ਸੰਗਤ ਨੂੰ ਦੱਸ ਦੇਣਾਂ ਚਾਹੁੰਦਾ ਹਾਂ ਕਿ ਸਿੱਖ ਪੰਥ ਦੀ ਸਮੁੱਚੇ ਤੌਰ ਤੇ ਸ਼ਾਨ ਨੂੰ ਕਾਇਮ ਰਖਣਾ ਸਾਡਾ ਜ਼ਰੂਰੀ ਫਰਜ਼ ਹੈ ਅਤੇ ਕਿਸੇ ਤਰ੍ਹਾਂ ਵੀ ਨਾ-ਇਤਫਾਕੀ ਕੌਮ ਵਿੱਚ ਕਮਜ਼ੋਰੀ ਦਾ ਕਾਰਨ ਬਣ ਸਕਦੀ ਇਸ ਲਈ ਤੁਸੀਂ ਆਪਣੇ ਵਿਰੋਧੀ ਨਾਲ ਵੀ ਅਜਿਹਾ ਪਿਆਰ ਕਰੋ ਜਿਸ ਦੇ ਵਹਿਣ ਵਿੱਚ ਪਿਆ ਉਹ ਆਪ ਹੀ ਵਹਿ ਜਾਵੇ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਪੱਥਰ ਖਾ ਕੇ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਤੀਆਂ ਲੋਹਾਂ ਤੇ ਬੈਠ ਕੇ ਭੀ ਵਿਰੋਧੀਆਂ ਦਾ ਬੁਰਾ ਨਹੀਂ ਮੰਨਿਆ। ਮੇਰਾ ਜ਼ਾਤੀ ਤਜ਼ਰਬਾ ਹੈ ਅਤੇ ਮੈਨੂੰ ਯਕੀਨ ਹੈ ਕਿ ਸੱਚਾ ਪਿਆਰ ਮਾਰ ਖੋਰੇ ਪਸ਼ੂਆਂ ਨੂੰ ਵੀ ਵਸ ਕਰ ਲੈਂਦਾ ਹੈ। ਮਨੁੱਖ ਦੀ ਤਾਂ ਗੱਲ ਹੀ ਕੀ ਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਗਤ ਜਲੰਦੇ ਦੀ ਭਲਾਈ ਲਈ ਅਰਦਾਸ ਕਰਦਿਆਂ ਬਖ਼ਸ਼ਸ਼ ਦੀ ਦਰਖ਼ਾਸਤ ਕੀਤੀ ਏ। ਅਸਾਂ ਸਾਰੀ ਦੁਨੀਆਂ ਨੂੰ ਸ੍ਰੀ ਸਤਿਗੁਰੂ ਜੀ ਦੇ ਪਾਵਨ ਝੰਡੇ ਹੇਠਾਂ ਲਿਆਉਣਾ ਹੈ। ਉਹ ਕੇਵਲ ਪਿਆਰ ਨਾਲ ਹੀ ਹੋ ਸਕਦਾ ਹੈ। ਤੁਸੀਂ, "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ", ਇਹ ਸ਼ਬਦ ਯਾਦ ਰਖੋ। ਨਾਮ ਜਪਦੇ ਅਰ ਬਾਣੀ ਪੜ੍ਹਦੇ ਰਹੋ, ਤੁਹਾਡਾ ਰੱਖਿਅਕ ਗੁਰੂ ਹੈ।"

ਇਸ ਹੁਕਮਨਾਮੇ ਵਿੱਚ ਫਰੀਦ ਦੀਆਂ ਤੁਕਾਂ ਨੂੰ ਦ੍ਰਿੜ੍ਹਾਉਣ ਦਾ ਅਹਿਸਾਸ ਹੁੰਦਾ ਹੈ ਕਿ :

> 'ਫ਼ਰੀਦਾ ਬੁਰੇ ਦਾ ਭਲਾ ਕਰਿ।'

ਮਾਲਵੇ ਦੀ ਨਾਮਧਾਰੀ ਸੰਗਤ ਦੀ ਅਰਜ਼ ਪ੍ਰਵਾਨ ਕਰਕੇ ਸਤਿਗੁਰੂ ਜੀ ਨੇ



Namdhari Elibrary NamdhariElibrary@gmail.com

ਤਸਰ ਮੇਲਾ ਰਖਿਆ। ਉਸ ਮੇਲੇ ਵਿੱਚ, ਨਿਰਮਲੇ ਨਿਹੰਗ, ਅਕਾਲੀ, ਉਦਾਸੀ, ਹਜਧਾਰੀ ਵੀ ਵੱਡੀ ਗਿਣਤੀ ਵਿਚ ਆਏ। ਇਸ ਮੇਲੇ ਦੇ ਭੋਗ ਤੇ ਪ੍ਰਾਪਤ ੜਾਂ ਤੋਂ 108 ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਚਾਰ ਮਤੇ ਸਰਬ ਸੰਮਤੀ ਨਾਲ ਸ ਕੀਤੇ ਗਏ।

ਪਹਿਲਾ : ਜਿਹੜੇ ਗੁਰੂ ਨਾਨਕ ਜੀ ਦੇ ਇਤਿਹਾਸਕ ਡੇਰੇ ਉਦਾਸੀ ਸਿੱਖਾਂ ਕੋਲ ਨ, ਨਵੇਂ ਕਾਨੂੰਨ ਬਣਨ ਤੋਂ ਬਾਅਦ ਵੀ ਉਹਨਾਂ ਕੋਲ ਹੀ ਰਹਿਣ।

ਦੂਜਾ : ਗੁਜਰਾਂਵਾਲੇ ਵਿੱਚ ਜੇਠ ਸੁਦੀ ਚੌਥ 1998 ਬਿ: ਨੂੰ ਚਾਰ ਬੀੜਾਂ ਸਾੜੀਆਂ ਈਆਂ ਸਨ। ਉਸ ਤੇ ਰੋਸ ਪ੍ਰਗਟ ਕਰਨ ਤੇ ਅਪਰਾਧੀਆਂ ਨੂੰ ਸਜ਼ਾ ਦੇਣ ਦਾ ਮਤਾ ਤ ਕੀਤਾ।

ਤੀਜਾ : ਸਤਿਗੁਰੂ ਜੀ ਦੇ ਸ਼ਾਂਤ ਰਹਿਣ ਦੇ ਹੁਕਮ ਦੀ ਪਾਲਣਾ ਕਰਨ ਦਾ ਰੋਸਾ ਦਿਵਾਇਆ ਗਿਆ।

ਚੌਥਾ : ਪਾਠਾਂ ਦੇ ਬਹਾਨੇ ਝੂਠਾ ਪ੍ਰਾਪੇਗੰਡਾ ਕਰਨ ਵਾਲਿਆਂ ਨੂੰ ਪੰਥਕ ਮਾਮਲਿਆਂ 'ਚ ਮੇਲ ਮਿਲਾਪ ਰੱਖਣ ਦੀ ਅਪੀਲ ਕੀਤੀ ਗਈ।

ਇਹਨਾਂ ਮਤਿਆਂ ਨਾਲ ਤੇ ਮੇਲੇ ਵਿੱਚ ਕੀਤੇ ਐਲਾਨ ਨਾਲ ਬਹੁਤ ਸਾਰੇ ਵਿਰੋਧੀ ੜੇ ਹੋ ਗਏ।

ਸਤਿਗੁਰੂ ਜੀ ਨੇ ਦੇਸੀ ਕੱਪੜੇ ਤੇ ਖਾਸ ਕਰਕੇ ਖੱਦਰ ਨੂੰ ਪਰਚਲਤ ਕਰਨ ਲਈ ਭੈਣੀ ਸਾਹਿਬ ਵਿਖੇ ਅਕਤੂਬਰ 1941 ਈ: ਨੂੰ ਅਸੂ ਦੇ ਮੇਲੇ ਸਮੇਂ ਖ਼ਦਰ ਭੰਡਾਰ ਧੀਵਤ ਚਾਲੂ ਕੀਤਾ! ਇਸ ਦਾ ਉਦਘਾਟਨ ਪੰਜਾਬ ਕਾਂਗਰਸ ਦੇ ਪ੍ਰਧਾਨ ਡਾ: ਪੀ ਚੰਦ ਭਾਰਗਵ ਨੇ ਕੀਤਾ। ਉਹਨਾਂ ਨਾਲ ਪਾਰਟੀ ਦੇ ਹੋਰ ਕਾਰਕੁਨ ਤੇ ਪੰਜਾਬ ਐਮ. ਐਲ. ਏ. ਵੀ ਆਏ। ਉਹਨਾਂ ਨੂੰ ਦੇਸੀ ਸਮਾਨ ਤਿਆਰ ਕਰਨ ਵਾਲੇ ਕੋਲੂ, ਰਖੇ, ਚੱਕੀਆਂ, ਇੰਜਣ ਖੱਡੀਆਂ ਆਦਿ ਦਾ ਵੀ ਅਵਲੋਕਨ ਕਰਾਇਆ ਗਿਆ। ਹਨਾਂ ਭਾਰਤ ਦੇ ਭਵਿੱਖਤ ਨੂੰ ਨਾਮਧਾਰੀ ਵਿਦਿਆਲੇ ਵਿੱਚ ਪੜ੍ਹਾਈ ਕਰਦਿਆਂ, 'ਗ ਸਿਖਦਿਆਂ, ਸਾਜ ਵਜਾਉਂਦਿਆਂ, ਵਰਨੀ ਕਰਦਿਆਂ ਵੀ ਵੇਖਿਆ। ਇਸ ਸਭ ਝ ਨੇ ਉਹਨਾਂ ਨੂੰ ਬਹੁਤ ਹੀ ਪ੍ਰਭਾਵਤ ਕੀਤਾ। ਸਤਿਗੁਰੂ ਜੀ ਨੇ ਆਪਣੇ ਬਚਨਾਂ 'ਹੀਂ ਇਤਫ਼ਾਕ ਦਾ ਪੱਲਾ ਨਾ ਛੱਡਣ ਤੇ ਜ਼ੋਰ ਦਿੱਤਾ।

20 ਅਕਤੂਬਰ, 1941 ਨੂੰ ਸੋਮਵਾਰ, ਦਿਵਾਲੀ ਵਾਲੇ ਦਿਨ ਮਾਸਟਰ ਤਾਰਾ ਘਿ ਜੀ ਦੇ ਉੱਦਮ ਨਾਲ ਇੱਕ ਮਿਲਾਪ ਕਾਨਫਰੰਸ ਕੀਤੀ ਗਈ, ਜਿਸ ਵਿੱਚ ਸਭ ਥਾਂ ਦੇ ਸਿੱਖ ਸ਼ਾਮਲ ਹੋਏ। ਨਾਮਧਾਰੀ ਸਿੱਖਾਂ ਵਲੋਂ ਸਤਿਗੁਰੂ ਜੀ ਦੇ ਹੁਕਮ ਨੁਸਾਰ ਸ: ਆਤਮਾ ਸਿੰਘ, ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਕਰਵਰਤੀ ਜੀ ਵੀ ਗਏ। ਉਦਾਸੀਆਂ ਦੇ ਗੁਰੂ ਨਾਨਕ ਜੀ ਦੇ ਡੇਰਿਆਂ ਦੀ ਥਾਂ ਉੱਤੇ, 'ਦਿ ਬਹਾਦਰ ਗੋਬਿੰਦ ਦਾਸ ਦੇ ਮੰਦਰ ਬਣਾਉਣ ਦੇ ਫੈਸਲੇ ਨੂੰ ਰੱਦ ਕੀਤਾ ਆ। ਉਹਨਾਂ ਨੂੰ ਉਦਾਸੀਆਂ ਕੋਲ ਹੀ ਰਹਿਣ ਦੇਣ ਦਾ ਮਤਾ ਪਾਸ ਕੀਤਾ ਗਿਆ।

ਦਿਵਾਲੀ ਦਾ ਨਾਮਧਾਰੀ ਸਿੱਖਾਂ ਦਾ ਮੇਲਾ 19, 20 ਅਕਤੂਬਰ ਦਾ, ਤੀਰਥ 'ਹ ਦੇ ਹਾਤੇ ਵਿੱਚ ਸੀ। ਏਥੇ ਦਿਵਾਨ ਵਿੱਚ ਇੱਕ ਮੋਨੇ ਨੂੰ ਇਸ ਕਰਕੇ ਆਉਣੋਂ



Namdhari Elibrary NamdhariElibrary@gmail.com

ਰੋਕਿਆ ਗਿਆ ਕਿ ਉਹ ਸਿਗਰਟ ਦੀ ਡੱਬੀ ਸੁੱਟ ਕੇ ਕਰੂਲੀ ਕਰਕੇ ਦਿਵਾਨ ਵਿੱਚ ਆਵੇ ਤਾਂ ਕਿ ਕਿਸੇ ਨੂੰ ਮੰਦੀ ਹਵਾੜ ਨਾ ਆਏ। ਉਹ ਤਾਂ ਸਤਿਸੰਗ ਦਾ ਪ੍ਰੇਮੀ ਸੀ ਸੋ ਪਹਿਰੇਦਾਰਾਂ ਦੀ ਗੱਲ ਮੰਨ ਲਈ ਪਰ ਨਾਲ ਹੀ ਉਸ ਕਿਹਾ ਕਿ ਚਾਹ ਪੀਣ ਵਾਲੇ ਦੇ ਅੰਦਰੋਂ ਤਾਂ ਮੁਸ਼ਕ ਨਹੀਂ ਜਾਂਦੀ। ਸਤਿਗੁਰੂ ਜੀ ਦੇ ਪੁੱਛਣ ਤੇ ਉਸ ਨੇ ਦੱਸਿਆ ਕਿ ਚਾਹ ਦਾ ਭਾਰ, ਰੰਗ ਤੇ ਅਮਲ ਵਧਾਉਣ ਲਈ ਪੁਰਾਣੇ ਟੁੱਟੇ ਭੱਜੇ ਛਿਤਰਾਂ ਦਾ ਚੰਮ ਤੇ ਤਮਾਕੂ ਕੁਤਰ ਕੇ ਪਾਇਆ ਜਾਂਦਾ ਸੀ ਕਿਉਂਕਿ ਉਹ ਚਾਹ ਦੇ ਕਾਰਖਾਨੇ ਵਿੱਚ ਨੌਕਰੀ ਕਰਦਾ ਸੀ, ਇਸ ਕਰਕੇ ਉਸ ਨੂੰ ਸਭ ਪਤਾ ਸੀ। ਉਸ ਨੇ ਚਕਰਵਰਤੀ ਨੂੰ ਉਹ ਗੁਪਤ ਕੋਠੜੀ ਵੀ ਵਿਖਾਈ ਜਿੱਥੇ ਟੁੱਟੇ ਭੱਜੇ ਛਿਤਰ ਪਏ ਸਨ। ਭੋਗ ਵਾਲੇ ਦਿਨ ਸਾਧ ਸੰਗਤ ਨੂੰ ਚਾਹ ਤੋਂ ਤੋਬਾ ਕਰਨ ਦੀ ਸੁਮੱਤ ਦਿੱਤੀ ਗਈ।

ਬੰਬਈ ਦੇ ਸਾਬਕਾ ਵਜ਼ੀਰ ਸ੍ਰੀ ਕੇ. ਐਮ. ਮੁਨਸ਼ੀ ਨੇ ਮੁਨੀ ਲਾਲ ਕਾਲੀਆ ਆਦਿ ਸਾਰੇ ਦੇਸ ਵਾਸੀਆਂ ਨੂੰ ਏਕਤਾ ਦੇ ਸੂਤਰ ਵਿੱਚ ਬੰਨ੍ਹਣ ਲਈ ਭਾਰਤ ਦੇ ਦੌਰੇ ਉੱਤੇ ਨਿਕਲ ਪਏ ਸਨ। ਪੰਜਾਬ ਵਿੱਚ ਤਾਂ ਜੁੜਨ-ਜੋੜਨ ਦੀ ਪ੍ਰਕ੍ਰਿਆ ਸਤਿਗੁਰੂ ਪਰਤਾਪ ਸਿੰਘ ਜੀ ਨੇ ਚਾਲੂ ਕਰ ਹੀ ਰੱਖੀ ਸੀ ਸੋ ਉਹ ਇਹਨਾਂ ਦੀ ਕਰਮ ਭੂਮੀ, ਸ੍ਰੀ ਭੈਣੀ ਸਾਹਿਬ ਵੀ ਪਧਾਰੇ। ਉੱਥੋਂ ਦੇ ਹਰੇ ਭਰੇ ਖੇਤ, ਉਹਨਾਂ ਵਿੱਚ ਵੱਡੇ-ਵੱਡੇ ਸੰਘਣੀ ਛਾਂ ਦੇਣ ਵਾਲੇ ਰੁੱਖ, ਕੱਚੇ ਘਰ, ਉਹਨਾਂ ਵਿੱਚ ਰਹਿਣ ਵਾਲੇ ਖਦਰ ਧਾਰੀ ਭਰਵੇਂ ਦਾੜ੍ਹੇ ਵਾਲੇ ਲੰਮੇ ਲੰਮੇ ਮਨੁੱਖ ਮੰਤਰ ਪੜ੍ਹਦੇ, ਰਾਗ ਰਸ ਗਾਉਂਦੇ ਮਾਹੌਲ ਨੂੰ ਮੁਨਸ਼ੀ ਜੀ ਨੇ ਵੈਦਿਕ ਆਸ਼ਰਮ ਹੀ ਸਮਝਿਆ ਸੀ। ਉਹਨਾਂ 4 ਦਸੰਬਰ, 1941 ਦੇ ਸ਼ੋਸ਼ਲ ਵੈਲਫੇਅਰ ਦੇ ਪਰਚੇ ਵਿੱਚ ਅਗੇ ਲਿਖਿਆ ਕਿ :

"ਲੁਧਿਆਣੇ ਤੋਂ 16 ਮੀਲ ਦੂਰ ਏਹੋ ਜਿਹਾ ਆਸ਼ਰਮ ਮੈਂ ਆਪਣੀਆਂ ਅੱਖਾਂ ਨਾਲ 1 ਨਵੰਬਰ, 1941 ਈ: ਨੂੰ ਵੇਖਿਆ। ਜਿੱਥੇ ਨਾਮਧਾਰੀ ਸਿੱਖਾਂ ਦੇ ਸਤਿਗੁਰੂ ਪਰਤਾਪ ਸਿੰਘ ਜੀ ਰਹਿੰਦੇ ਹਨ। ਉਸ ਥਾਂ ਦਾ ਨਾਂ ਸ੍ਰੀ ਭੈਣੀ ਸਾਹਿਬ ਹੈ।

ਮੈਂ ਜਦੋਂ ਉੱਥੇ ਪਹੁੰਚਿਆ ਚੰਨ ਚਾਨਣੀ ਰਾਤ ਸੀ। ਪੂਰਾ ਭਰਮ ਭੁਲੇਖਾ ਸੀ। ਮੈਨੂੰ ਇਤਬਾਰ ਹੀ ਨਹੀਂ ਸੀ ਆਉਂਦਾ ਕਿ ਇਹੋ ਜਿਹੀ ਨਵੇਕਲੀ, ਸਕੂਨ ਦੇਣ ਅਤੇ ਵੈਦਿਕ ਰਾਤ ਦੀ ਖ਼ੂਬਸੂਰਤੀ ਵਾਲੀ ਵਿਰਸੇ ਵਿੱਚ ਮਿਲੀ ਥਾਂ ਪੰਜਾਬ ਦੇ ਇੱਕ ਪਿੰਡ ਵਿੱਚ ਲਭੀ ਜਾ ਸਕਦੀ ਹੈ।

ਗੁਰੂ ਜੀ ਦੇ ਚਿੱਟੇ ਸਾਫ ਖੱਦਰ ਵਿੱਚ, ਉੱਨ ਦੀ ਮਾਲਾ ਨਾਲ ਸੁਸਜਿੱਤ ਚਮਤਕਾਰੀ ਸ਼ਖ਼ਸੀਅਤ ਸਾਨੂੰ ਰਿਗਵੇਦ ਸੰਘਿਤਾ ਵਿੱਚ ਲੈ ਜਾਂਦੀ ਹੈ। ਇਸ ਸੰਜੀਦਾ ਚਿਹਰੇ-ਮੁਹਰੇ ਵਾਲੀ ਕਦਾਵਰ ਹਸਤੀ ਜਿਸ ਦੀ ਮਿੱਠੀ ਮੁਸਕਾਨ ਤੁਹਾਨੂੰ ਖੇੜਾ ਬਖਸ਼ਦੀ ਹੈ ਵਿੱਚ ਜੀਵਨ ਭਰ ਆਪਣੀ ਸੰਪ੍ਰਦਾਇ ਦੇ ਕੰਮ ਆਉਣ ਦੀ ਨਿਰਮਾਣਤਾ ਹੈ। ਆਪ ਜੀ ਦਾ ਸੱਤ ਲੱਖ ਨਾਮਧਾਰੀਆਂ ਤੇ ਪ੍ਰਭਾਵ ਮੰਨਿਆ ਹੋਇਆ ਹੈ ਕਿਉਂਕਿ ਉਹਨਾਂ ਲਈ ਆਪ ਜੀ ਦਾ ਬਚਨ ਰੱਬੀ ਕਲਾਮ ਹੈ। ਉਸ ਸੰਪ੍ਰਦਾਇ ਵਿੱਚ ਕੋਈ ਕਾਨੂੰਨ ਦਾ ਸਹਾਰਾ ਨਹੀਂ ਲੈਂਦਾ। ਗੁਰੂ ਜੀ ਦੇ ਸ਼ਬਦ ਹੀ ਉਹਨਾਂ ਲਈ ਅੰਤਿਮ ਫੈਸਲਾ ਹਨ।"

ਮਿਲਵਰਤਨ ਦਾ ਬਣਦਾ ਮਾਹੌਲ ਸਰਕਾਰ ਭਗਤਾਂ ਨੂੰ ਨਾਪਸੰਦ ਸੀ। ਜਿਸ ਦਾ



Namdhari Elibrary NamdhariElibrary@gmail.com

ਤ ਮਾਸਟਰ ਤਾਰਾ ਸਿੰਘ ਨੇ ਨਨਕਾਣੇ ਸਾਹਿਬ ਆਪਣੀ ਤਕਰੀਰ ਵਿੱਚ ਵੀ ' । ਉਹਨਾਂ ਆਖਿਆ ਕਿ ਨਾਮਧਾਰੀ ਸਿੱਖਾਂ ਦਾ ਉਹਨਾਂ ਨਾਲ ਮਿਲਵਰਤਨ 'ਨਵੀ ਪ੍ਰਸ਼ਾਸਨ ਭਗਤਾਂ ਨੂੰ ਨਾ ਪਸੰਦ ਸੀ ।

9 ਨਵੰਬਰ ਦੀ, ਖ਼ਾਲਸਾ ਸਿੱਖ ਨੈਸ਼ਨਲ ਕਾਲਜ ਲਾਹੌਰ, ਦੀ ਇਕੱਤਰਤਾ ਵੀ 'ਵਪੂਰਨ ਸੀ ਇਸ ਵਿੱਚ ਵੀ ਸਭ ਪੰਥਾਂ ਤੇ ਪਾਰਟੀਆਂ ਦੇ ਸਿੱਖਾਂ ਨੇ ਇਕੱਠੇ ਚਲਣ ਦਾ ਹੀ ਤਹਈਆ ਕੀਤਾ ਸੀ। ਇਸ ਜੁੜਨ-ਜੋੜਨ ਦਾ ਸਿਹਰਾ ਗੁਰੂ ਪਰਤਾਪ ਸਿੰਘ ਸਿਰ ਹੀ ਸੀ ।

ਸਤਿਗੁਰੂ ਜੀ ਚੰਗੀ ਤਰ੍ਹਾਂ ਸਮਝਦੇ ਸੀ ਕਿ ਆਪਸੀ ਭਾਈਚਾਰਾ ਤੇ ਮੇਲ 'ਪ ਹੀ ਔਖੇ ਸਮੇਂ ਸੁਖ ਦੇ ਸਕਦਾ ਸੀ । ਆਪ ਨੇ 30, 31 ਮਾਰਚ 1, 2 ਲ 1942 ਈ: ਨੂੰ ਹੋਲੇ ਉੱਤੇ ਸ੍ਰੀ ਭੈਣੀ ਸਾਹਿਬ ਕਾਨਫਰੰਸ ਦਾ ਪ੍ਰੋਗਰਾਮ ਆ । ਆਪ ਨੇ ਮਿਲਾਪ ਕਾਨਫਰੰਸ ਤੇ ਪਰਚਾਰ ਕਾਨਫਰੰਸਾਂ ਕੀਤੀਆਂ, ਸੂਤਰ 'ਠਾਂ ਦੀ ਪਰਖ ਕੀਤੀ । ਵਧੀਆ ਪਸ਼ੂਆਂ ਨੂੰ ਇਨਾਮ ਦਿੱਤੇ । ਸਤਿਗੁਰਾਂ ਵਲੋਂ ਫਰੰਸਾਂ ਵੇਲੇ ਹਰ ਮੱਤ ਦੇ ਆਗੂ ਆ ਕੇ ਆਪਣੇ ਧੰਨ ਭਾਗ ਸਮਝਦੇ ਸਨ । ਧਾਰੀ ਦਿਵਾਨ ਤਾਂ ਚਿੱਟੀ ਚਾਦਰ ਹੀ ਹੁੰਦਾ ਸੀ ਪਰ ਕਾਨਫਰੰਸ ਤਾਂ ਰੰਗ ੀ ਫੁਲਕਾਰੀ ਹੁੰਦੀ ਸੀ । ਇਸ ਹੋਲੇ ਵਿਚ ਸਤਿਗੁਰਾਂ ਨੇ ਪਾਠ ਪਰਵਾਹ ਦੇ 105 ਪਾਠਾਂ ਦੇ ਭੋਗ ਪੁਆਏ ਸਨ । ਉਹ ਵੀ ਇੱਕ ਰਿਕਾਰਡ ਸੀ ਇਸ ਤੋਂ ਤਾਂ ਦੇ ਸਿੱਖ ਇਤਿਹਾਸ ਵਿੱਚ ਕਦੀ ਵੀ ਉੱਦਮ ਦੇ ਕੇ ਐਨੇ ਪਾਠ ਕਰਨ ਦਾ ਤ ਨਹੀਂ ਆਉਂਦਾ ।

1942 ਈ: ਤਕ ਦੇਸ਼ ਕਈ ਤਰ੍ਹਾਂ ਦੇ ਉਲਟ ਫੇਰਾਂ ਵਿਚੋਂ ਲੰਘ ਰਿਹਾ ਸੀ । 'ਨਵੀ ਸਰਕਾਰ ਵਿਸ਼ਵ ਯੁਧ ਦੇ ਚਕਰਵਿਊ ਵਿਚ ਉਲਝੀ ਹੋਈ ਸੀ । ਮਹਾਤਮਾ ' ਨੇ ਸਮੇਂ ਦੀ ਨਬਜ਼ ਨੂੰ ਪਛਾਣਦੇ ਹੋਏ, ਅੰਗਰੇਜ਼ੋ ਭਾਰਤ ਛੱਡੋ, ਦਾ ਨਾਅਰਾ ਲਾ ' ਸੀ । ਸਰਕਾਰ ਨੇ ਸਖ਼ਤੀ ਸ਼ੁਰੂ ਕਰ ਦਿੱਤੀ ਸੀ, ਪੁਲਿਸ ਮਾਰਦੀ ਕੁਟਦੀ, ਕੈਦ ੀ, ਜਾਇਦਾਦਾਂ ਕੁਰਕ ਕਰਦੀ ਤੇ ਜੰਗ ਲਈ ਜ਼ਬਰੀ ਚੰਦੇ ਵਸੂਲ ਕਰਦੀ ਸੀ ।

ਸਾਰੇ ਪੰਜਾਬ ਦੀ ਹੇਠਲੇ ਪੱਧਰ ਤੇ ਦਫਤਰੀ ਭਾਸ਼ਾ ਉਰਦੂ ਸੀ। ਵੱਡੇ 'ਰਾਂ ਵਿਚ ਅੰਗ੍ਰੇਜ਼ੀ ਹੀ ਅਪਨਾਈ ਜਾ ਰਹੀ ਸੀ। ਇਸ ਧਰਤੀ ਦੀ ਭਾਸ਼ਾ ਬੀ ਵਿਚਾਰੀ ਦੀ ਕੋਈ ਕਦਰ ਹੀ ਨਹੀਂ ਸੀ । ਆਗੂਆਂ ਦਾ ਵੀ ਇਸ ਪਾਸੇ ਧਿਆਨ ਹੀ ਨਹੀਂ ਸੀ । ਸਤਿਗੁਰੂ ਜੀ ਤਾਂ ਗੁਰੂ ਰਾਮ ਸਿੰਘ ਦੇ ਹੁਕਮ ਕਿ ਖੀ ਅੱਖਰ ਸਭ ਪੜ੍ਹਨ, ਦੀ ਮਹਾਨਤਾ, ਆਪਣੀ ਭਾਸ਼ਾ, ਆਪਣੇ ਧਰਮ ਗ੍ਰੰਥ ਦੇ ਅਤੇ ਇਸ ਦਾ ਸਰਕਾਰੇ ਦਰਬਾਰੇ ਉੱਚਿਤ ਥਾਂ ਦਿਵਾਉਣ ਵਾਸਤੇ ਜ਼ਰੂਰੀ ਦੇ ਸਨ ।

ਆਪ ਨੇ 6 ਸਤੰਬਰ 1942 ਨੂੰ ਸ਼ਿਮਲੇ ਪੰਜਾਬੀ ਕਾਨਫਰੰਸ ਰੱਖੀ। ਉਸ ਫਰੰਸ ਵਿਚ ਚੋਟੀ ਦੇ ਕਵੀਆਂ ਨੇ ਪੰਜ ਘੰਟੇ ਆਪਣੀਆਂ ਕਵਿਤਾਵਾਂ ਸੁਣਾ ਕੇ ਭਰੇ ਾਲ ਦੇ ਦਰਸ਼ਨਾਂ ਨੂੰ ਬੰਨ੍ਹੀ ਰੱਖਿਆ। ਇਸ ਕਾਨਫਰੰਸ ਦੇ ਪ੍ਰਧਾਨ ਭਾਈ 'ਨ ਸਿੰਘ ਜੀ ਬਾਗੜੀਆਂ ਅਤੇ ਸਟੇਜ ਸਕੱਤਰ ਪ੍ਰੋ. ਅਬਦੁਲ ਮਜੀਦ ਸਨ ।



Namdhari Elibrary NamdhariElibrary@gmail.com

ਇਸ ਸਮੇਂ ਪੰਜਾਬੀ ਨੂੰ ਤਰੱਕੀ ਦੇਣ ਲਈ ਦਲੇਰੀ ਭਰੀਆਂ ਤਕਰੀਰਾਂ ਮਹਾਸ਼ਾ ਖੁਸ਼ਹਾਲ ਚੰਦ, ਪ੍ਰੋ. ਗੰਗਾ ਸਿੰਘ, ਗਿਆਨੀ ਕਰਤਾਰ ਸਿੰਘ ਤੇ ਚਕਰਵਰਤੀ ਆਦਿ ਨੇ ਕੀਤੀਆਂ ਸਨ।

ਇਸ ਕਾਨਫਰੰਸ ਵਿੱਚ ਸਰਬ ਸੰਮਤੀ ਨਾਲ ਤਿੰਨ ਮੱਤੇ ਪਾਸ ਕੀਤੇ ਗਏ ਪਹਿਲਾ : ਦਿੱਲੀ ਅਤੇ ਲਾਹੌਰ ਰੇਡੀਓ ਸਟੇਸ਼ਨ ਤੋਂ ਪੰਜਾਬੀ ਲਾਗੂ ਕੀਤੀ ਜਾਵੇ।

ਦੂਜਾ : ਯੂਨੀਵਰਸਿਟੀ ਪੱਧਰ ਤਕ ਪੰਜਾਬੀ ਲਾਗੂ ਕੀਤੀ ਜਾਵੇ।

ਤੀਜਾ : ਸਰਕਾਰ ਪੰਜਾਬੀ ਪ੍ਰਤੀ ਸੁਹਿਰਦਾ ਪੂਰਨ ਰਵਈਆ ਅਖ਼ਤਿਆਰ ਕਰਨ ਵਾਲੇ ਨਵੇਂ ਅਹੁਦੇਦਾਰਾਂ ਦੀ ਚੋਣ ਕਰੇ ਤਾਕਿ ਉਹ ਪੰਜਾਬੀ ਨੂੰ ਇਸ ਦਾ ਯੋਗ ਥਾਂ ਦੁਆਉਣ ਵਿਚ ਸਹਾਇਕ ਸਿੱਧ ਹੋਣ।

ਭਾਵੇਂ ਪੰਜਾਬੀ ਕਿਸੇ ਧਰਮ ਵਿਸ਼ੇਸ਼ ਦੀ ਨਹੀਂ ਸਗੋਂ ਇਲਾਕੇ ਦੀ ਬੋਲੀ ਸੀ ਪਰ ਸਰਕਾਰ ਤਾਂ ਉਸ ਥਾਂ ਤੇ ਵੀ ਲੋਕਾਂ ਨੂੰ ਇਕੱਠਾ ਨਹੀਂ ਹੋਣ ਦੇਣਾ ਚਾਹੁੰਦੀ। ਉਸ ਦੇ ਬੰਦਿਆਂ ਨੇ ਹਿੰਦੂਆਂ, ਮੁਸਲਮਾਨਾਂ ਨੂੰ ਵਰਗਲਾਉਣਾ ਸ਼ੁਰੂ ਕਰ ਦਿਤਾ ਸੀ ਕਿ ਉਹਨਾਂ ਦੀ ਬੋਲੀ ਹਿੰਦੀ ਤੇ ਉਰਦੂ ਸੀ ਪੰਜਾਬੀ ਤਾਂ ਮੁੱਠੀ ਭਰ ਸਿੱਖਾਂ ਦੀ ਹੀ ਬੋਲੀ ਸੀ। ਇਹ ਐਸਾ ਸੇਹ ਦਾ ਤੱਕਲਾ ਗੱਡਿਆ ਜਾ ਰਿਹਾ ਸੀ ਜਿਸ ਨੇ ਇੱਕ ਦੂਜੇ ਪ੍ਰਤੀ ਹੋਰ ਨਫ਼ਰਤ ਵਧਾ ਦੇਣੀ ਸੀ।

ਆਪ ਨੇ ਇੱਕ ਕੱਤਕ ਨੂੰ ਸ੍ਰੀ ਭੈਣੀ ਸਾਹਿਬ ਵੀ ਪੰਜਾਬੀ ਦਾ ਦਰਦ ਰਖਣ ਵਾਲਿਆਂ ਦੀ ਇਕੱਤਰਤਾ ਕੀਤੀ ਜਿਸ ਦੀ ਪ੍ਰਧਾਨਗੀ ਸ੍ਰ. ਬਲਦੇਵ ਸਿੰਘ ਪੰਜਾਬ ਦੇ ਵਜ਼ੀਰ ਤੋਂ ਕਰਵਾਈ ਸੀ। ਦੋ ਕੱਤਕ ਨੂੰ ਸਭ ਮੇਲ ਮਿਲਾਪ ਬਾਰੇ ਬੋਲੇ ਸਨ। ਪੰਜਾਬੀ ਨੂੰ ਆਪਣੀ ਉੱਨਤੀ ਦਾ ਵਸੀਲਾ ਬਣਾਉਣ ਲਈ ਹਰ ਸ਼ਹਿਰ ਵਿਚ ਇਸ ਤਰ੍ਹਾਂ ਦੀਆਂ ਕਾਨਫ਼ਰੰਸਾਂ ਕਰਨ ਦੇ ਮਤੇ ਪਾਸ ਕੀਤੇ ਗਏ। ਇਸ ਤੋਂ ਪਿੱਛੋਂ ਸਰਬ ਧਰਮ ਪ੍ਰਾਰਥਨਾ ਸਭਾ ਕੀਤੀ ਗਈ ਜਿਸ ਵਿਚ ਹਰ ਵਿਚਾਰਧਾਰਾ ਦੇ ਆਗੂ ਨੇ ਆਪਣੇ ਆਪਣੇ ਅਕੀਦੇ ਅਨੁਸਾਰ ਰੱਬ ਅੱਗੇ ਅਰਦਾਸ ਕੀਤੀ। ਪ੍ਰੋ. ਅਬਦੁਲ ਮਜ਼ੀਦ ਨੇ ਮੁਸਲਮਾਨੀ ਢੰਗ ਦੀ, ਰਣਬੀਰ ਜੀ ਨੇ ਆਰੀਆ ਸਮਾਜੀ ਤਰੀਕੇ ਦੀ, ਪ੍ਰਿੰਸੀਪਲ ਜੋਧ ਸਿੰਘ ਨੇ ਸਿੱਖ ਮੱਤ ਦੀ ਤੇ ਮਿਸਟਰ ਏ. ਪ੍ਰਸਾਦ ਨੇ ਖੁਦਾਵੰਦ ਦੀ ਪਾਕ ਰੂਹ ਤੋਂ ਦੁਆ ਸ਼ੁਰੂ ਕੀਤੀ। ਸਭ ਦੀ ਪ੍ਰਾਰਥਨਾ ਸੀ ਕਿ ਅਕਾਲ ਪੁਰਖ ਉਹਨਾਂ ਨੂੰ ਪ੍ਰੇਮ ਪਿਆਰ ਨਾਲ ਰਹਿਣ ਦੀ ਸਮਰੱਥਾ ਤੇ ਸ਼ਕਤੀ ਬਖ਼ਸ਼ੇ। ਕੋਈ ਕਿਸੇ ਨੂੰ ਆਪਣੀ ਮਰਯਾਦਾ ਦੇ ਉਲਟ ਗੱਲ ਨਹੀਂ ਕਰਨ ਦੇਂਦਾ ਪਰ ਸਤਿਗੁਰੂ ਪਰਤਾਪ ਸਿੰਘ ਤਾਂ ਸਾਂਝੀਵਾਲਤਾ ਦਾ ਸੰਦੇਸ਼ ਫੈਲਾਉਣਾ ਚਾਹੁੰਦੇ ਸਨ। ਉਹਨਾਂ ਵਿਸ਼ਾਲ ਹਿਰਦੇ ਦ ਸਬੂਤ ਦੇਂਦਿਆਂ ਸਭ ਨੂੰ ਖਿੜੇ ਮੱਥੇ ਜੀ ਆਇਆਂ ਨੂੰ ਕਿਹਾ ਸੀ।

ਅੰਨ ਪੂਰਨਾ ਮਾਤਾ ਜੀਵਨ ਕੌਰ ਜੀ 1 ਚੇਤਰ 1999 ਬਿ: (9 ਮਾਰਚ 1943 ਈ:) ਨੂੰ ਦੇਹ ਦਾ ਉਹਲਾ ਕਰ ਗਏ। ਬਰਤਾਨਵੀ ਹਾਕਮ ਤਾਂ ਉਹਨਾਂ ਹਿੰਦੂ ਸਿੱਖਾਂ ਨੂੰ ਵੀ ਪਾੜੀ ਰਖਣਾ ਚਾਹੁੰਦੇ ਸਨ ਜਿਨ੍ਹਾਂ ਦੀ ਰੋਟੀ ਬੇਟੀ ਦੀ ਸਾਂਝ ਸੀ। ਸਤਿਗੁਰੂ ਪਰਤਾਪ ਸਿੰਘ ਉਹਨਾਂ ਨੂੰ ਇਕੱਠਿਆਂ ਕਰੀ ਰੱਖਣਾ ਚਾਹੁੰਦੇ ਸਨ. ਆਪ ਨੇ ਸ੍ਰੀ ਭੈਣੀ ਸਾਹਿਬ ਹੋਲੇ ਉਤੇ 20 ਮਾਰਚ 1943 ਈ: ਨੂੰ ਹਿੰਦੂ ਸਿੱਖ ਮਿਲਾਪ



Namdhari Elibrary NamdhariElibrary@gmail.com

ਨਫਰੰਸ ਕੀਤੀ । ਇਸ ਕਾਨਫਰੰਸ ਦੀ ਪ੍ਰਧਾਨਗੀ ਸੇਠ ਜੁਗਲ ਕਿਸ਼ੋਰ ਬਿਰਲਾ ਨੇ
ਤੀ । ਇਸ ਵੇਲੇ, ਮੇਲ-ਮਿਲਾਪ, ਗਊ ਰੱਖਿਆ ਤੇ ਸੁਦੇਸ਼ੀ ਪਹਿਰਾਵੇ ਨੂੰ ਨਿਤ
ਤੋਂ ਲਈ ਅਮਲ ਵਿਚ ਲਿਆਉਣ ਤੇ ਵਿਚਾਰ ਪੇਸ਼ ਕੀਤੇ ਗਏ ।

ਇਸ ਮੇਲੇ ਤੇ ਹੀ ਮਾਤਾ ਜੀਵਨ ਕੌਰ ਨਮਿਤ 225 ਪਾਠਾਂ ਦੇ ਭੋਗ ਪੁਆਏ ਗਏ ।
ਹੰਗਮਾਂ ਨੂੰ ਬਸਤਰ, ਜੋੜੇ, ਪਉਏ ਆਦਿ ਪ੍ਰਦਾਨ ਕੀਤੇ ਗਏ । ਮੇਲੇ ਦੇ ਭੋਗ ਵਾਲੇ
ਨ ਕੜਾਹ ਪਰਸ਼ਾਦ ਤਿਆਰ ਕਰਕੇ ਖੁੱਲ੍ਹਾ ਵਰਤਾਇਆ ਗਿਆ ।

ਸਤਿਗੁਰੂ ਜੀ ਨੇ ਨਾਮਧਾਰੀ ਸਿੱਖਾਂ ਨੂੰ ਬੱਚਿਆਂ-ਬੱਚੀਆਂ ਦੇ ਅਨੰਦ ਮੇਲਿਆਂ
'ਚ ਕਰਨ ਦਾ ਹੁਕਮ ਵੀ ਕਰ ਦਿੱਤਾ ਸੀ । ਕੁਝ ਸਿੱਖ ਇਸ ਕਰੜੀ ਮਰਯਾਦਾ
'ਚ ਨਰਮਾਈ ਚਾਹੁੰਦੇ ਸਨ । ਉਹਨਾਂ ਦੀ ਭਾਵਨਾ ਨੂੰ ਆਲਮ ਜੀ ਨੇ ਆਪ ਅੱਗੇ
ਅਕਤ ਕੀਤਾ ਤਾਂ ਸੱਚੇ ਪਾਤਸ਼ਾਹ ਨੇ ਤੇਜ਼ ਹੋ ਕੇ ਬਚਨ ਕੀਤਾ ਕਿ ਸਿੱਖਾਂ ਨੂੰ ਵਿਖਾਲੇ
ਉੱਜੜਨ ਦਾ ਹੀ ਪਤਾ ਸੀ, ਇਸ ਕਰਕੇ ਰਿਆਇਤ ਦਾ ਸੁਆਲ ਹੀ ਪੈਦਾ ਨਹੀਂ
ਸਾ । ਉਹਨਾਂ ਮਾੜੇ ਸਿੱਖਾਂ ਦਾ ਉਹਲਾ ਤੇ ਲੱਜ ਪੱਤ ਰੱਖਣ ਲਈ ਸਖ਼ਤੀ
ਤੀ ਸੀ ।

ਸਤਿਗੁਰੂ ਜੀ ਵੱਡੇ ਬਾਬਾ ਜਗਜੀਤ ਸਿੰਘ ਜੀ ਦਾ ਅਨੰਦ ਕਾਰਜ ਵੀ ਮੇਲੇ ਵਿੱਚ
ਤਾ । ਇਹ ਮੇਲਾ ਦੁਆਬੇ ਦੀ ਸਾਧ ਸੰਗਤ ਵਲੋਂ ਸੱਚੇ ਪਾਤਸ਼ਾਹ ਨੂੰ ਅਰਜ਼ ਕਰਕੇ
-21 ਮਾਰਚ, 1944 ਨੂੰ ਮੁਠਡੇ ਕੀਤਾ ਗਿਆ । ਬਾਬਾ ਜੀ ਤੇ ਬੀਬੀ ਰਜਿੰਦਰ
ੀ ਨੂੰ ਸੰਤ ਮੋਹਨ ਸਿੰਘ ਤੇ ਸੰਤ ਆਲਾ ਸਿੰਘ ਨੇ ਅੰਮ੍ਰਿਤ ਛਕਾਇਆ, ਸੰਤ
ਾਦਰ ਸਿੰਘ ਨੇ ਭਜਨ ਦਿੱਤਾ ਸੀ । ਗੁਰ ਮਰਯਾਦਾ ਨਾਲ ਅਨੰਦ ਸੰਪੰਨ ਹੋਇਆ ।

ਸਤਿਗੁਰੂ ਜੀ ਆਪਣੇ ਹਰ ਸਿੱਖ ਨੂੰ ਐਸੀ ਹਰ ਗੱਲ ਤੋਂ ਬਚਣ ਲਈ ਆਖਦੇ
ਿ ਜਿਸ ਨਾਲ ਆਪ ਜੀ ਦੀ ਜੁੜਨ-ਜੋੜਨ ਪ੍ਰਕਿਰਿਆ ਵਿੱਚ ਵਿਘਨ ਪੈ ਸਕਦਾ
ੈ । ਸੱਚੇ ਪਾਤਸ਼ਾਹ ਨੇ ਸ: ਪਰਤਾਪ ਸਿੰਘ ਦੀ ਅਰਜ਼ ਮੰਨ ਕੇ ਮਟਵੀਂ ਭਾਈ ਦੀ
ਜ਼ਰਾਂਵਾਲੇ ਚਰਨ ਪਾਏ । ਸ: ਪਰਤਾਪ ਸਿੰਘ ਨੇ ਆਸਾ ਦੀ ਵਾਰ ਸਾਂਝੇ ਗੁਰਦੁਆਰੇ
ਮਾਈ । ਆਲਮ ਜੀ ਇਤਫ਼ਾਕ ਉੱਤੇ ਬੋਲੇ, ਜਨ ਸਾਧਾਰਨ ਨੇ ਉਹਨਾਂ ਦੀ ਤਕਰੀਰ
ਪ੍ਰਭਾਵ ਕਬੂਲਿਆ । ਅਕਾਲੀ ਨਹੀਂ ਆਏ । ਸਤਿਗੁਰਾਂ ਨੇ ਉਹਨਾਂ ਦੇ ਨਾ
ਉਣ ਦਾ ਕਾਰਨ ਪੁੱਛਿਆ । ਸਿੱਖਾਂ ਨੇ ਸਤਿਗੁਰੂ ਜੀ ਨੂੰ ਚੌਰ ਹੋਣਾ ਦੱਸਿਆ ।
ਚੇ ਪਾਤਸ਼ਾਹ ਨੇ ਬਚਨ ਕੀਤਾ, "ਅਸਾਂ ਕਿਸੇ ਦਾ ਦਿਲ ਨਹੀਂ ਦੁਖਾਉਣਾ, ਜੇ
ਹਨਾਂ ਨੂੰ ਮੇਰੇ ਚੌਰ ਕਰਵਾਉਣ ਤੇ ਇਤਰਾਜ਼ ਸੀ ਤਾਂ ਆਪਾਂ ਉਹਨਾਂ ਨੂੰ ਕਿਉਂ ਔਖੇ
ਨਾ ਸੀ, ਨਾ ਚੌਰ ਕਰਵਾਉਂਦੇ ।"

ਇਹ ਵੀ ਮੇਲ ਮਿਲਾਪ ਲਈ ਆਪ ਦੀ ਦਰਿਆ ਦਿਲੀ ਦਾ ਹੀ ਸਬੂਤ ਸੀ ।



Namdhari Elibrary NamdhariElibrary@gmail.com

# ਬਾਹ ਪਕਰਿ ਕਢਿ ਲੀਨੇ

ਦੂਜੀ ਵੱਡੀ ਜੰਗ, 1939-1945, ਵਿੱਚ ਭਾਵੇਂ ਦੋ ਵੱਡੀਆਂ ਤਾਕਤਾਂ ਦੀ ਆਪਸ ਵਿੱਚ ਲੜਾਈ ਸੀ ਪਰ ਅੰਗਰੇਜ਼ ਦੇ ਦੰਦ ਖੱਟੇ ਇੱਕ ਤੀਜੀ ਤਾਕਤ ਵੀ ਕਰ ਰਹੀ ਸੀ, ਅਜ਼ਾਦ ਹਿੰਦ ਫ਼ੌਜ। ਸੁਭਾਸ਼ ਚੰਦਰ ਬੋਸ ਦੀ ਕਮਾਨ ਹੇਠ ਇਹ ਤਾਕਤ ਅੰਗਰੇਜ਼ਾਂ ਨੂੰ ਕਮਜ਼ੋਰ ਕਰ ਕੇ ਭਾਰਤ ਵਿੱਚੋਂ ਕੱਢਣਾ ਚਾਹੁੰਦੀ ਸੀ। ਅੰਗਰੇਜ਼ ਤੇ ਸਾਥੀ ਤਾਕਤਾਂ ਭਾਵੇਂ ਲੜਾਈ ਜਿੱਤ ਗਈਆਂ ਸਨ ਫਿਰ ਵੀ ਅੰਗਰੇਜ਼ ਬੜਾ ਕਮਜ਼ੋਰ ਹੋ ਗਿਆ ਸੀ। ਦੇਸ ਅੰਦਰ ਚਲ ਰਹੇ ਸਤਿਆਗ੍ਰਹਿਆਂ ਨੇ ਵੀ ਉਸ ਦੇ ਨੱਕ ਵਿੱਚ ਦਮ ਕਰ ਦਿੱਤਾ ਸੀ। ਉਹ ਹੁਣ ਭਾਰਤੀ ਆਗੂਆਂ ਨੂੰ ਅਜ਼ਾਦੀ ਦੇ ਕੇ ਬਾਇਜ਼ਤ ਵਾਪਸ ਜਾਣ ਦਾ ਰਾਹ ਲਭ ਰਿਹਾ ਸੀ। ਵਾਇਸਰਾਇ ਲਾਰਡ ਵੇਵਲ ਨੇ ਭਾਰਤ ਦੀਆਂ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦੀ ਇੱਕ ਬੈਠਕ 25 ਜੂਨ 1945 ਨੂੰ ਸ਼ਿਮਲੇ ਸੱਦੀ। ਇਸ ਵਿੱਚ ਕਾਂਗਰਸ ਮੁਸਲਮ ਲੀਗ, ਅਕਾਲੀ ਦਲ ਆਦਿ ਸਾਰੀਆਂ ਸਿਆਸੀ ਪਾਰਟੀਆਂ ਦੇ ਲੀਡਰ ਪਹੁੰਚੇ ਹੋਏ ਸਨ।

ਸਾਰੇ ਆਗੂ ਆਪਣੀਆਂ ਪਾਰਟੀਆਂ ਦੀਆਂ ਵੱਖਰੀਆਂ-ਵੱਖਰੀਆਂ ਮੀਟਿੰਗਾਂ ਵੀ ਕਰ ਰਹੇ ਸਨ। ਮੁਸਲਮ ਲੀਗ ਤਾਂ ਆਪਣਾ ਵਖਰਾ ਮੁਲਕ ਚਾਹੁੰਦੀ ਸੀ। ਸਿੱਖ ਵੀ ਆਪਣੀ ਵੱਖਰੀ ਸਟੇਟ ਮੰਗਦੇ ਸੀ। ਕਾਂਗਰਸ ਪੱਖੀ ਆਪਣੀ ਨੀਤੀ ਨਿਰਧਾਰਤ ਕਰਨ ਲਈ ਵੱਖਰੀ ਮੀਟਿੰਗ ਸਮਰ ਹਿਲ ਤੇ ਕਰ ਰਹੇ ਸਨ। ਪਰ ਉਹ ਦੇਸ਼ ਦੀ ਵੰਡ ਦੇ ਸੁਆਲ ਤੇ ਸੋਚੀਂ ਪਏ ਹੋਏ ਸਨ।

ਸਤਿਗੁਰੂ ਪਰਤਾਪ ਸਿੰਘ ਜੀ ਵੀ ਡਾਕ ਘਰ .ਵਿੱਚ ਦਰਸ਼ਨ ਦੇ ਰਹੇ ਸਨ। ਮੀਂਹ ਪੈਣ ਕਾਰਣ ਪੰਡਤ ਨਹਿਰੂ ਅਤੇ ਮੌਲਾਨਾ ਅਜ਼ਾਦ ਹੋਰੀਂ ਥੋੜ੍ਹੀ ਦੇਰ ਲਈ ਸ੍ਰੀ ਸਤਿਗੁਰੂ ਜੀ ਪਾਸ ਆ ਕੇ ਠਹਿਰੇ। ਦੇਸ਼ ਦੀ ਸੁਤੰਤਰਤਾ ਅਤੇ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦੀਆਂ ਮੰਗਾਂ ਉੱਤੇ ਨਹਿਰੂ ਜੀ ਨੇ ਚਿੰਤਾਪੂਰਵਕ ਵਿਚਾਰ ਦਸੀ। ਉਹਨਾਂ ਦੇ ਪੁੱਛਣ ਤੇ ਸ੍ਰੀ ਸਤਿਗੁਰੂ ਜੀ ਨੇ ਕਿਹਾ ਕਿ ਸਾਡੀ ਇਹੋ ਹੀ ਮੰਗ ਹੈ ਕਿ ਦੇਸ਼ ਅਜ਼ਾਦ ਹੋਵੇ, ਹੋਰ ਕੋਈ ਕੰਮ ਨਹੀਂ। 'ਮੈਂ ਕੋਰੇ ਕਾਗਜ਼ ਤੇ ਦਸਤਖਤ ਕਰ ਦਿੰਦਾ ਹਾਂ, ਤੁਸੀਂ ਜੋ ਚਾਹੋ ਲਿਖ ਲਵੋ।' ਸਤਿਗੁਰਾਂ ਦੇ ਨਿਸਸਵਾਰਥ ਦੇਸ਼ ਪਿਆਰ ਨੂੰ ਵੇਖ



Namdhari Elibrary NamdhariElibrary@gmail.com

ਕ ਮਾਰ ਨੇਤਾ ਅਤਿ ਪ੍ਰਭਾਵਤ ਹੋਏ ।

ਅਗਸਤ 1945 ਈ: ਦੇ ਅਖ਼ੀਰ (ਦਸ ਭਾਦਰੋਂ) ਨੂੰ ਬਾਬਾ ਜਗਜੀਤ ਸਿੰਘ ਜੀ ਦੇ ਜੀਵਨ ਸਾਥਣ, ਮੰਡੀ ਵਿੱਚ ਪ੍ਰਲੋਕ ਸਿਧਾਰ ਗਏ । ਉਹਨਾਂ ਨਮਿੱਤ ਆਦਿ ਸ੍ਰੀ ਗ੍ਰੰਥ ਸਾਹਿਬ ਦੇ 16 ਪਾਠ ਕਰਕੇ ਭੋਗ ਪੁਆਏ ਗਏ ਤੇ ਬਿਹੰਗਮਾਂ ਨੂੰ ਬਸਤਰ ਆਦਿ ਪ੍ਰਦਾਨ ਕੀਤੇ ਗਏ ।

ਆਪ ਨੇ, ਨਾਮਧਾਰੀ ਸਿੱਖਾਂ ਨੂੰ, ਆਪਣੇ ਬੱਚੇ ਬੱਚੀਆਂ ਨੂੰ ਪੜ੍ਹਾਉਣ ਲਈ ਪੱਕੀ ਕੀਤੀ । ਆਪ ਨੇ ਐਲਾਨ ਕਰਵਾਇਆ ਕਿ ਅਨਪੜ੍ਹ ਬੱਚੇ-ਬੱਚੀ ਦਾ ਅਨੰਦ-ਕਾਰਜ ਨਹੀਂ ਕੀਤਾ ਜਾਵੇਗਾ । ਇਸ ਨਾਲ ਪੜ੍ਹਾਈ ਵਲ ਉਚੇਚਾ ਧਿਆਨ ਦਿੱਤਾ ਜਾਣ ਲੱਗਾ । ਉਹ ਪੜ੍ਹਾਈ ਬਰਤਾਨੀਆਂ ਦੇ ਚਲਾਏ ਸਕੂਲਾਂ ਵਿੱਚ ਨਹੀਂ ਸਗੋਂ ਘਰ ਜਾਂ ਧਰਮਸ਼ਾਲਾ ਵਿੱਚ ਸੰਥਾ ਦੇ ਕੇ ਕਰਵਾਈ ਜਾਂਦੀ ਸੀ । ਪੜ੍ਹਾਈ ਵੀ ਬਹੁਤੀ ਗੁਰਬਾਣੀ ਦੀ ਕਾਰਵਾਈ ਜਾਂਦੀ ਸੀ ।

ਆਪ ਜੀ ਨੇ 1946 ਈ: ਦੀ ਬਸੰਤ ਪੰਚਮੀ ਦਾ ਮੇਲਾ ਰੋੜੇ ਜ਼ਿਲਾ ਫ਼ਿਰੋਜ਼ਪੁਰ ਵਿਖੇ ਕੀਤਾ । ਇਸ ਮੇਲੇ ਦੀ ਮਹਾਨਤਾ ਹੋਰ ਵੀ ਵਧ ਗਈ ਜਦੋਂ ਬਾਬਾ ਜਗਜੀਤ ਸਿੰਘ ਜੀ ਦਾ ਅਨੰਦ ਕਾਰਜ ਵੀ ਏਸੇ ਮੇਲੇ ਵਿੱਚ ਹੀ ਕੀਤਾ ਗਿਆ ।

ਆਪ ਜੀ ਦਾ ਅਨੰਦ ਕਾਰਜ ਬੇਬੇ ਚੰਦ ਕੌਰ ਜੀ ਨਾਲ ਹੋਇਆ ।

15,16,17 ਮਾਰਚ 1946 ਦੇ ਚੁਗਾਵੇਂ ਦੇ ਹੋਲੇ ਸਮੇਂ ਸਤਿਗੁਰੂ ਜੀ ਨੇ ਨਾਮਧਾਰੀ ਪ੍ਰੋਗ੍ਰੈਸਿਵ ਪਾਰਟੀ ਦੀ ਹੋਂਦ ਨੂੰ ਉੱਚਿਤ ਨਾ ਜਾਤਾ । ਆਪ ਨੇ ਇਸ ਵਿੱਚ ਕੰਮ ਕਰਨ ਵਾਲੇ ਮੁਖੀਆਂ ਨੂੰ ਤਨਖਾਹੀਏ ਕਰਾਰ ਦਿੱਤਾ । ਸੰਤ ਮੰਗਲ ਸਿੰਘ ਲਾਇਲ-ਪੁਰੀ ਤੇ ਸੰਤ ਪ੍ਰੀਤਮ ਸਿੰਘ ਕਵੀ ਨੇ ਤਨਖਾਹ ਲੁਆ ਲਈ । ਕੁਝ ਆਗੂ ਮਨਮਤ ਵਰਤ ਕੇ ਨਾਮਧਾਰੀ ਪੰਥ ਤੋਂ ਦੂਰ ਹੋ ਗਏ ਅਤੇ ਉਹਨਾਂ ਨੇ ਇਸ਼ਤਿਹਾਰ ਤੇ ਪੈਂਫਲਿਟ ਕੱਢੇ ।

ਆਪ ਨੇ ਸਿੱਖ ਪ੍ਰਤਿਨਿਧ ਬੋਰਡ ਬਣਾਉਣ ਵਿੱਚ ਮਹੱਤਵਪੂਰਨ ਅਗਵਾਈ ਕੀਤੀ । ਇਸ ਬੋਰਡ ਦੇ ਮੁਖੀ ਕਰਨਲ ਨਿਰੰਜਨ ਸਿੰਘ ਗਿੱਲ ਅਤੇ ਮੈਂਬਰ ਸਰਵ ਸ੍ਰੀ ਊਧਮ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ, ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਗੁਰਮੁਖ ਸਿੰਘ ਮੁਸਾਫ਼ਰ, ਪਰਤਾਪ ਸਿੰਘ ਕੈਰੋਂ ਅਤੇ ਸੰਤ ਨਿਧਾਨ ਸਿੰਘ ਆਲਮ ਆਦਿ ਸਨ । ਇਸ ਬੋਰਡ ਨੇ ਹੀ ਕਾਂਗਰਸ ਅਤੇ ਮੁਸਲਮ ਲੀਗ ਵਾਂਗ ਹੀ ਅਜ਼ਾਦ ਭਾਰਤ ਵਿੱਚ ਸਿੱਖਾਂ ਦੀ ਪ੍ਰਤਿਨਿਧਤਾ ਬਾਰੇ ਭਾਰਤ ਦੇ ਵਾਇਸਰਾਇ ਲਾਰਡ ਵੇਵਲ, ਨਾਲ ਗੱਲਬਾਤ ਕਰਨੀ ਸੀ । ਦੇਸ਼ ਦੀ ਅਜ਼ਾਦੀ ਲਈ ਇੱਕ ਮੁੱਠ ਹੋਣ ਦਾ ਸਬੂਤ ਦੇਣਾ ਸੀ । ਪਰ ਜਦੋਂ ਅੰਗਰੇਜ਼ ਪੱਖੀਆਂ ਦੇ ਆਖੇ ਲੱਗ ਕੇ ਇਹ ਬੋਰਡ ਭਟਕ ਗਿਆ, ਆਈਨ ਸਾਜ਼ ਅਸੈਂਬਲੀ ਦੇ ਬਾਈਕਾਟ ਦਾ ਹੀ ਮਤਾ ਪਾਸ ਕਰ ਬੈਠਾ, ਤਾਂ ਸਤਿਗੁਰੂ ਸੱਚੇ ਪਾਤਸ਼ਾਹ ਨੇ ਇਸ ਬੋਰਡ ਦੇ ਮੈਂਬਰਾਂ ਨੂੰ 16 ਜੁਲਾਈ 1946 ਈ: ਨੂੰ ਲਾਹੌਰ ਸ੍ਰ. ਸੰਪੂਰਨ ਸਿੰਘ ਦੇ ਘਰ ਸੱਦ ਕੇ, ਕਾਂਗਰਸ ਨਾਲ ਜੁੜੇ ਰਹਿਣ ਵਿੱਚ ਹੀ ਸਭ ਦਾ ਭਲਾ ਸਮਝਾ ਕੇ, ਆਈਨ ਸਾਜ਼ ਅਸੈਂਬਲੀ ਦੇ ਵਿਰੋਧ ਦਾ ਮਤਾ ਵਾਪਸ



Namdhari Elibrary NamdhariElibrary@gmail.com

ਲੈਣ ਬਾਰੇ ਮਨਾ ਕੇ, ਵਾਰਧਾ ਜਾਣ ਲਈ ਤਿਆਰ ਕੀਤਾ ।

ਸਤਿਗੁਰੂ ਜੀ ਦੀ ਸਭ ਵਿੱਚ ਮੇਲ ਮਿਲਾਪ ਪੈਦਾ ਕਰਨ ਦੀ ਭਾਵਨਾ ਨੂੰ ਧਿਆਨ ਵਿੱਚ ਰੱਖ ਕੇ ਬੋਰਡ ਵੱਲੋਂ ਥਾਪੇ ਗਏ ਆਗੂ ਕਰਨਲ ਨਿਰੰਜਨ ਸਿੰਘ ਗਿੱਲ ਨੂੰ, ਪੰਡਤ ਨਹਿਰੂ ਨੇ ਵੀ ਸਿੱਖਾਂ ਦਾ ਨੁਮਾਇੰਦਾ ਪ੍ਰਵਾਨ ਕਰ ਕੇ ਹਰ ਸਿਆਸੀ ਮਸਲੇ ਵਿੱਚ ਉਸ ਨੂੰ ਨਾਲ ਰੱਖਣ ਦਾ ਮਨ ਬਣਾਇਆ ।

ਮਹਾਤਮਾ ਗਾਂਧੀ, ਅਬੁਲ ਕਲਾਮ ਅਜ਼ਾਦ ਆਦਿ ਕਾਂਗਰਸੀ ਆਗੂ ਭਾਰਤ ਨੂੰ ਸੁਲਾਹ ਸਫ਼ਾਈ ਨਾਲ ਇੱਕ ਦੇਸ਼ ਵਜੋਂ ਹੀ ਅਜ਼ਾਦ ਕਰਾਉਣਾ ਚਾਹੁੰਦੇ ਸਨ । ਦੂਜੇ ਪਾਸੇ ਕੁਝ ਹੋਰ ਸਿਆਸੀ ਪਾਰਟੀਆਂ ਵੋਟਾਂ ਸੀਟਾਂ ਦੇ ਰਾਖਵੇਂਕਰਨ ਦੀ ਮੰਗ ਉੱਤੇ ਡੱਟੀਆਂ ਰਹੀਆਂ । ਇਸ ਵਿਸ਼ੈਲੇ ਮਾਹੌਲ ਤੋਂ ਸਤਿਗੁਰਾਂ ਨੂੰ ਸੁਖਾਵੇਂ ਭਵਿੱਖਤਾ ਦੀ ਆਸ ਨਹੀਂ ਸੀ ਲਗਦੀ । ਉਂਜ ਇਹ ਮਾਹੌਲ ਬਰਤਾਨਵੀ ਹਾਕਮ ਨੂੰ ਵਾਰਾ ਖਾਂਦਾ ਸੀ ।

ਸਤਿਗੁਰੂ ਜੀ ਨੇ ਮਹਿਸੂਸ ਕੀਤਾ ਕਿ ਉਹ ਇਲਾਕਾ ਜਿੱਥੇ ਸਿੱਖ ਘੱਟ ਗਿਣਤੀ ਵਿੱਚ ਸਨ, ਉਹਨਾਂ ਲਈ ਸੁਰੱਖਿਅਤ ਥਾਂ ਨਹੀਂ ਸੀ । ਇਸ ਕਰ ਕੇ ਆਪ ਨੇ ਸਿੱਖਾਂ ਨੂੰ ਸੁਰੱਖਿਅਤ ਥਾਂ ਇਕੱਠੇ ਕਰਨ ਦੀ ਵਿਉਂਤ ਬਣਾਈ । ਆਪ ਜੀ ਦੀ ਯੋਜਨਾ ਅਨੁਸਾਰ ਪੰਜਾਂ ਦਰਿਆਵਾਂ ਤੋਂ ਵਿੱਥ ਉੱਤੇ ਜਾ ਕੇ ਵੱਸਣਾ ਵਧੇਰੇ ਸੁਖਦਾਇਕ ਰਹਿਣਾ ਸੀ । ਆਪ ਆਪਣੇ ਦੌਰਿਆਂ ਸਮੇਂ ਕਿਸੇ ਇਹੋ ਜਿਹੇ ਵੱਡੇ ਖ਼ਿੱਤੇ ਦੀ ਭਾਲ ਵਿੱਚ ਰਹਿੰਦੇ ਸਨ ਜਿਥੇ ਆਪਣੇ ਸਿੱਖਾਂ ਨੂੰ ਆਪ ਦੁਨੀਆਂ ਦੀ ਤੱਤੀ ਵਾ ਤੋਂ ਬਚਾ ਕੇ ਰੱਖ ਸਕਣ ।

ਇੱਕ ਵਾਰ ਆਪ ਨਿਜੀ ਸੇਵਕਾਂ ਸਹਿਤ ਸਰਸਿਉਂ (ਪੰਜਾਬ ਤੋਂ ਰਾਜਸਥਾਨ) ਵੱਲ ਜਾ ਰਹੇ ਸਨ । ਓਟੂ ਲੰਘ ਕੇ ਆਪ ਨੇ ਰਾਹ ਵਿੱਚ ਹੀ ਕਾਰ ਰੁਕਵਾਈ । ਸਾਰੇ ਜਣੇ ਕਾਰ ਵਿੱਚੋਂ ਬਾਹਰ ਆਏ । ਆਪ ਨੇ ਚੌਫੇਰੇ ਨਜ਼ਰ ਦੌੜਾਈ । ਜ਼ਮੀਨ ਬੇਆਬਾਦ ਸੀ, ਰੇਤੀਲੀ ਤੇ ਬੰਜਰ ਜਾਂ ਫਿਰ ਮਲ੍ਹੇ-ਝਾੜੀਆਂ, ਵਣ ਤੇ ਕਰੀਰ ਆਦਿ ਦਾ ਜੰਗਲ ਸੀ । ਇਹ ਕਿਰਤੀ ਕਾਮੇ ਮਿਹਨਤੀ-ਮੁਸ਼ਕਤੀ ਹੱਥਾਂ ਦੀ ਛੋਹ ਨੂੰ ਤਰਸਦੀ ਜ਼ਮੀਨ ਆਪ ਨੂੰ ਭਾ ਗਈ । ਆਪ ਨੇ ਭਾਈ ਵਜ਼ੀਰ ਸਿੰਘ, ਰਤਨ ਸਿੰਘ ਆਦਿ ਸੇਵਕਾਂ ਨੂੰ ਧਰਤੀ ਦੇ ਉਪਜਾਊ ਹੋਣ ਬਾਰੇ ਦੱਸਿਆ । ਇਸ ਜੁਗਾਂ ਪੁਰਾਣੀ, ਸਰਾਪੀ ਹੋਈ ਧਰਤੀ ਨੂੰ ਆਪਣੀ ਚਰਨ ਛੋਹ ਨਾਲ ਤਾਰਨ ਦਾ ਆਪ ਨੇ, ਮਨ ਬਣਾ ਲਿਆ ਸੀ ।

ਆਪ ਨੂੰ ਦੱਸਿਆ ਗਿਆ ਕਿ ਇਹ ਇਲਾਕਾ ਚੁਰੂ (ਰਾਜਸਥਾਨ) ਦੇ ਦੋ ਸੇਠਾਂ ਧਨਪਤ ਸਿੰਘ ਅਤੇ ਚੰਪਾ ਲਾਲ ਦੀ ਮਲਕੀਅਤ ਸੀ । ਉਹਨਾਂ ਦਾ ਸਰਸੇ ਰਹਿੰਦਾ ਮੁਖ਼ਤਿਆਰ ਹੀ ਜ਼ਮੀਨ ਦੀ ਦੇਖ ਭਾਲ ਕਰਦਾ ਸੀ । ਸੱਚੇ ਪਾਤਸ਼ਾਹ ਜੀ ਸਰਸੇ ਜਾ ਕੇ ਇਸ ਇਲਾਕੇ ਦੀ ਜ਼ਮੀਨ ਖ਼ਰੀਦਣ ਦੀ ਭਾਵਨਾ ਨਾਲ ਡੂਗਰ ਦਲਾਲ ਨੂੰ ਮਿਲੇ ।

ਸਤਿਗੁਰੂ ਪਰਤਾਪ ਸਿੰਘ ਜੀ ਨੇ ਜ਼ਮੀਨ ਬਾਰੇ ਪੂਰੀ ਛਾਣ-ਬੀਣ ਕਰਨ, ਉਸ ਦਾ ਰਕਬਾ ਪਤਾ ਕਰਨ, ਸੇਠਾਂ ਦਾ ਜ਼ਮੀਨ ਵੇਚਣ ਬਾਰੇ ਮਨ ਟਟੋਲਣ, ਭਾਅ-ਭੱਤਾ ਕਰਨ ਦੀ ਜ਼ੁੰਮੇਵਾਰੀ ਚੰਨਣ ਸਿੰਘ ਬਰਾੜ ਵਾਲੇ ਦੀ ਲਾਈ । ਏਸੇ ਇਲਾਕੇ ਵਿੱਚ ਇੱਕ



Namdhari Elibrary NamdhariElibrary@gmail.com

ਪਿੰਡ ਅਮਰਾਸਰ ਦੇ ਜ਼ਿਮੀਦਾਰ ਜ਼ਹੀਰੁਦੀਨ ਨਾਲ ਉਸ ਦਾ ਤਾਲਮੇਲ ਸੀ ਕਿਉਂਕਿ ਜ਼ਹੀਰੁ ਦੀਨ ਨਾਲ ਚੰਨਣ ਸਿੰਘ ਦੇ ਪਿਤਾ ਸ੍ਰ. ਦਿਆਲ ਸਿੰਘ (ਮਾਤਾ ਜੀਵਨ ਕੌਰ ਜੀ ਦਾ ਭਤੀਜਾ) ਦੀ ਪੱਗ ਵੱਟੀ ਹੋਈ ਸੀ । ਚੰਨਣ ਸਿੰਘ ਨੇ ਜਦ ਜ਼ਰੂਰੀ ਪੁੱਛ ਪੜਤਾਲ, ਜ਼ਮੀਨ ਬਾਰੇ, ਕੀਤੀ ਤਾਂ ਉਸ ਨੇ ਵੀ ਜ਼ਮੀਨ ਖਰੀਦਣ ਬਾਰੇ ਉਤਸ਼ਾਹ ਵਧਾਇਆ ।

ਸਤਿਗੁਰਾਂ ਨੇ ਇਲਾਕਾ ਵੇਖਣ ਲਈ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤਾ, ਸੂਬਾ ਸੁਹੇਆ ਸਿੰਘ, ਕਿਹਰ ਸਿੰਘ ਅਰਾਕ ਆਦਿ ਨੂੰ ਵੀ ਭੇਜਿਆ ਕਿਉਂਕਿ ਸੰਤ ਮੰਗਲ ਸਿੰਘ ਜੀ ਪਟਵਾਰੀ ਰਹੇ ਸਨ, ਉਹ ਜ਼ਮੀਨਾਂ ਦੇ ਮਾਮਲੇ ਵਿੱਚ ਸੱਭ ਬਰੀਕੀਆਂ ਤੋਂ ਵਾਕਫ਼ ਸਨ ਸੋ ਸਤਿਗੁਰਾਂ ਨੇ ਉਸ ਨੂੰ ਮੁਖ਼ਤਿਆਰ ਬਣਾਇਆ ।

ਸਭ ਨੇ ਸ੍ਰੀ ਭੈਣੀ ਸਾਹਿਬ ਪਹੁੰਚ ਕੇ ਆਪਣੀ-ਆਪਣੀ ਸਮਝ ਅਨੁਸਾਰ ਸਲਾਹ ਦਿੱਤੀ । ਸੱਚੇ ਪਾਤਸ਼ਾਹ ਜੀ ਸੰਤ ਆਲਾ ਸਿੰਘ, ਲਾਭ ਸਿੰਘ ਵਰਨ, ਚੰਨਣ ਸਿੰਘ, ਮੁਕੰਦ ਸਿੰਘ ਨਾਲ ਜਾ ਕੇ ਦੁਬਾਰਾ ਜ਼ਹੀਰੁਦੀਨ ਨੂੰ ਮਿਲੇ, ਸਾਰੀ ਗੱਲਬਾਤ ਕੀਤੀ ਤੇ ਜ਼ਮੀਨ ਖਰੀਦਣ ਦਾ ਫ਼ੈਸਲਾ ਪੱਕਾ ਕੀਤਾ ।

ਜ਼ਮੀਨ ਦਾ ਭਾਅ 5500/-ਰੁਪੈ ਪ੍ਰਤੀ ਮੁਰੱਬਾ ਤਹਿ ਕੀਤਾ ਗਿਆ । ਵੱਡੇ ਬਾਬਾ (ਸਤਿਗੁਰੂ ਜਗਜੀਤ ਸਿੰਘ) ਜੀ ਅਤੇ ਮਾਸਟਰ ਬਲਵੰਤ ਸਿੰਘ ਜੀ ਨੂੰ ਰਕਮ ਸੰਭਾਲਣ ਅਤੇ ਖਰੀਦਣ ਵਾਲੇ ਸਿੱਖਾਂ ਦਾ ਨਾਂ ਪਤਾ ਆਦਿ ਵੇਰਵਾ ਤਿਆਰ ਕਰਨ ਦੀ ਜ਼ਿੰਮੇਂਵਾਰੀ ਸੰਭਾਲੀ ਗਈ । ਇਸ ਬਾਰੇ ਸੂਚਨਾ ਤੇ ਜਾਣਕਾਰੀ ਸਪਤਾਹਿਕ ਸਤਿਜੁਗ ਵਿੱਚ ਪ੍ਰਕਾਸ਼ਿਤ ਕੀਤੀ ਗਈ । ਸਤਿਗੁਰੂ ਜੀ ਨੇ ਆਪਣੇ ਦੌਰਿਆਂ ਸਮੇਂ ਸਿੱਖਾਂ ਨੂੰ ਖਰੀਦਣ ਲਈ, ਰਕਮਾਂ ਜਮ੍ਹਾਂ ਕਰਾਉਣ ਦਾ ਹੁਕਮ ਦਿੱਤਾ । ਲਾਹੌਰ ਅਤੇ ਸ੍ਰੀ ਭੈਣੀ ਸਾਹਿਬ ਦੇ ਮੇਲਿਆਂ ਵਿੱਚ ਵੀ ਇਸ ਬਾਰੇ ਐਲਾਨ ਕੀਤਾ ਗਿਆ ।

ਸਭ, ਜ਼ਮੀਨ ਖਰੀਦਣ ਲਈ ਸਮਰੱਥ ਤੇ ਚਾਹਵਾਨ, ਸਿੱਖਾਂ ਨੂੰ ਤਾਕੀਦ ਕੀਤੀ ਗਈ ਕਿ ਉਹ ਆਪਣੀ-ਆਪਣੀ ਰਕਮ 31 ਦਸੰਬਰ 1946 ਤੱਕ ਸ੍ਰੀ ਭੈਣੀ ਸਾਹਿਬ ਪਹੁੰਚਾ ਦੇਣ ਤਾਂਕਿ ਛੇਤੀ ਤੋਂ ਛੇਤੀ ਜ਼ਮੀਨ ਦੀ ਰਜਿਸਟਰੀ ਕਰਵਾ ਲਈ ਜਾਵੇ ਅਤੇ ਵਰਤਣ ਵਾਲੀ ਵਿਹੋ ਵਲਿੱਸੀ ਵਾ ਤੋਂ ਬਚਣ ਲਈ ਟਿਕਾਣਾ ਬਣਾ ਲਿਆ ਜਾਵੇ । ਸਤਿਗੁਰੂ ਦਾ ਬਚਨ ਸਿੱਖਾਂ ਲਈ ਖ਼ਸਮ ਦੀ ਬਾਣੀ ਸੀ । ਜਿਹੜਾ ਸਿੱਖ ਆਪ ਪਹੁੰਚ ਕੇ ਰਕਮ ਨਹੀਂ ਸੀ ਪਹੁੰਚਾ ਸਕਦਾ ਉਸ ਨੇ ਕਿਸੇ ਦੂਸਰੇ ਸਿੱਖ ਹੱਥ ਰਕਮ ਭੇਜ ਦਿੱਤੀ । ਐਨਾ ਭਰੋਸਾ ਕਿ ਕਿਸੇ ਦੁਹਰਾ ਕੇ ਨਹੀਂ ਪੁੱਛਿਆ ਕਿ ਰਕਮ ਪਹੁੰਚੀ ਸੀ ਕਿ ਨਹੀਂ ।

ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਬਲਦੀ ਅੱਗ ਵਿੱਚੋਂ ਕੱਢਣਾ ਚਾਹੁੰਦੇ ਸਨ । ਉਹ ਜ਼ਮੀਨ ਖਰੀਦਣ ਲਈ ਹਰ ਇੱਕ ਨੂੰ ਅਪਣਤ ਨਾਲ ਕਹਿੰਦੇ । ਮੁਰੱਬੇ ਖਰੀਦਣ ਬਾਰੇ, ਤਰਨ ਸਿੰਘ ਵਹਿਮੀ ਅਨੁਸਾਰ ਸਤਿਗੁਰਾਂ ਨੇ ਸਿੱਖਾਂ ਨਾਲ ਇਹ ਬਚਨ ਕੀਤੇ,

"ਸਤਿਗੁਰੂ ਜੀ ਹਰ ਜ਼ਮੀਨ ਲੈਣ ਵਾਲੇ ਨੂੰ ਹਰ ਜ਼ਿਲ੍ਹੇ ਤੋਂ ਲਾਹੌਰ ਸੱਦ ਸਮਝਾਉਂਦੇ ਤੇ ਦੱਸਦੇ ਸੀ । ਜ਼ਮੀਨ ਇੱਕ ਪੱਕੀ ਕੋਠੀ ਸੀ । ਕੁਛ ਦਾਣੇ ਪਾਣ ਜੋਗੇ ਤੇ ਅੰਨ ਪਕਾਉਣ ਜੋਗੇ ਮਕਾਨ ਹਨ । ਦਵਾਲੇ ਭੀ ਪੱਕੀ ਦੀਵਾਰ ਹੈ । ਉਹ ਨਹੀਂ ਕਿਸੇ ਨੂੰ ਅਸਾਂ ਦੇਣੀ । ਸਭ ਰੁੱਖ ਸਾਡੇ ਹੋਣਗੇ, ਵੰਡੀ ਜ਼ਮੀਨ ਬਾਅਦ ਜੋ ਰੁੱਖ ਕਿਸੇ



Namdhari Elibrary NamdhariElibrary@gmail.com

ਖੇਤ ਵਿਚ ਆਵੇ, ਉਸ ਦਾ ਹੋਵੇਗਾ। ਨਾਮਧਾਰੀ ਬਿਨਾ ਕਿਸੇ ਹੋਰ ਨੂੰ ਨਹੀਂ ਰਲਾਉਣ। ਜੋ ਕੂਕਾ ਬਣ ਕਿਸੇ ਸੰਬੰਧੀ ਨਾਲ ਲੈਣੀ ਚਾਹੇ ਸੋ ਭੀ ਕੂਕੇ ਨੂੰ ਜ਼ਮਾਨ ਦੇ, ਸਿੱਖ ਹੋ, ਹੀ ਰਹੇਗਾ।...ਲੰਗਰ ਭੀ ਕੁਝ ਦਿਨ ਤੇ ਕੰਮ ਭੀ, ਇਕੱਠਾ ਹੀ ਚਲੇਗਾ। ਉਥੇ ਰਹਿਣਾ ਤੇ ਖਹਿਣਾ ਪਵੇਗਾ। ਉਹ ਲੋਕ ਮੁਸਲਮਾਨ ਮੂੰਹਜ਼ੋਰ ਹਨ। ਹੋ ਸਕਦਾ ਹੈ ਉਹ ਚੋਰੀ ਤੇ ਜ਼ੋਰ ਭੀ ਕਰਨ ਤੇ ਕਤਲ ਭੀ ਹੋਣ। ਜਿਸ ਬਾਅਦ ਨਸਣਾ ਹੋਵੇ ਉਹ ਨਾ ਰਹਵੇ। ਮੇਰੇ ਕਹੇ ਅਨੁਸਾਰ, ਇਤਿਫ਼ਾਕ, ਸਲੂਕ, ਕੂਕ ਪੁਣੇ ਵਿੱਚ ਰਹਿਣਾ ਪਵੇਗਾ।"

—ਜੱਸ-ਜੀਵਨ ਹਿੱਸਾ ਚੌਥਾ

ਸਤਿਗੁਰਾਂ ਨੇ ਇਸ ਤੋਂ ਬਿਨਾਂ, ਬੇਮਾਲਕਾਂ, ਕੰਬੋਆਂ, ਸੈਣੀਆਂ ਨੂੰ ਮੱਲਵੀਂ ਤੇ ਅੱਧੇ ਮੁਰੱਬੇ ਤੋਂ ਘੱਟ ਵਾਲਿਆਂ ਨੂੰ ਪਿੰਡ ਦੇ ਨੇੜੇ ਜ਼ਮੀਨ ਦੇਣ ਦੀ ਵਿਉਂਤ ਵੀ ਦੱਸੀ। ਜਿਸ ਨੂੰ 'ਸਤਿ ਬਚਨ' ਕਹਿ ਮੰਨ ਕੇ, ਸਾਰਿਆਂ ਨੇ ਪਰਵਾਨ ਕੀਤਾ।

1947 ਈ: ਦੇ ਬਸੰਤ ਦੇ ਮੇਲੇ ਸਮੇਂ ਸੱਚੇ ਪਾਤਸ਼ਾਹ ਜੀ ਮੀਆਂ ਪੀਰ ਵਾਲੀ ਛੋਟੀ ਕੋਠੀ ਵਿੱਚ, ਲਾਹੌਰ ਧੁੱਪੇ ਬੈਠੇ ਸਨ। ਬਾਬਾ ਜੈਮਲ ਸਿੰਘ ਜੀ ਮਾਂਗਾ, ਜਿਨ੍ਹਾਂ ਦੀ ਅਕਾਲ ਪੁਰਖ ਨਾਲ ਲਿਵ ਲੱਗੀ ਰਹਿੰਦੀ ਸੀ ਆਏ, ਸੱਚੇ ਪਾਤਸ਼ਾਹ ਨੂੰ ਨਮਸਕਾਰ ਕੀਤੀ ਅਤੇ ਵਹਿਮੀ ਦੇ ਸ਼ਬਦਾਂ ਵਿੱਚ ਜ਼ਮੀਨ ਬਾਰੇ ਇੰਜ ਅਰਜ਼ ਕੀਤੀ, "ਤੁਸੀਂ ਆਖਦੇ ਹੋ ਅਸਾਂ ਸਿੱਖੀ ਦੇ ਸੁਖ ਤੇ ਬਚਾਅ ਵਾਸਤੇ ਸੋਚ ਇਹ ਕੰਮ ਕੀਤਾ ਹੈ। ਮੈਨੂੰ ਗੋਬਿੰਦ ਜਣਾਦਾ ਹੈ, ਚੰਗਾ ਨਹੀਂ ਹੋਇਆ। ਸਤਿਗੁਰੂ ਜੀ ਉੱਤਰ ਦਿੱਤਾ, ਮਨੋ ਭਲੇ ਨੂੰ ਭਲੀ ਸੋਚ ਤੁਰਨਾ ਚਾਹੀਦਾ ਹੈ। ਅਸਾਂ ਤਿਵੇਂ ਕੀਤਾ ਹੈ। ਪਰ ਸਭ ਚੰਗੇ ਜਾਂ ਮੰਦੇ ਪ੍ਰੋਗਰਾਮ ਉਸ ਕਰਤੇ ਰਾਮ ਦੇ ਹੱਥ ਹਨ। ਤਾਂ ਬਾਬਾ ਜੈਮਲ ਸਿੰਘ ਰੋਣ ਲੱਗ ਪਿਆ ਤੇ ਕਿਹੋ ਸੂ ਤੁਸੀਂ ਤੇ ਸੁਖ ਦਾ ਸਾਧਨ ਕੀਤਾ ਹੈ। ਇਹ ਸਿੱਖ ਆਪੋ ਵਿੱਚ ਲੜਨਗੇ, ਤੁਹਾਨੂੰ ਭੀ ਸਿੱਧੇ ਹੋਣਗੇ। ਤੁਹਾਡੀ ਤੇ ਸਿੱਖਾਂ ਦੀ ਆਪੋ ਵਿੱਚ ਸ਼ਰਧਾ ਨਹੀਂ ਰਹੇਗੀ। ਮੈਨੂੰ ਗੋਬਿੰਦ ਆਂਹਦਾ ਏ। ਸੁਣ ਸਤਿਗੁਰੂ ਜੀ ਬਚਨ ਕੀਤਾ ਜੋ ਹੋਣਾ ਸੀ ਸੋ ਗਿਆ। ਜੋ ਸਿਰ ਪਵੇਗੀ, ਸਹਿ ਲਵਾਂਗੇ।"

—ਜੱਸ-ਜੀਵਨ ਹਿੱਸਾ ਚੌਥਾ

ਜ਼ਮੀਨ ਦਾ ਕੁੱਲ ਰਕਬਾ 12430 ਏਕੜ ਖਰੀਦਿਆ ਗਿਆ ਚਚਾਲ ਕੋਟਲੀ, ਜਗਮਲੇਰਾ, ਅਲੀਪੁਰ ਦੀ ਰਜਿਸਟਰੀ, 24 ਜਨਵਰੀ 1947 ਨੂੰ ਅਤੇ ਕੰਜਰਵਾਲ ਦੀ ਰਜਿਸਟਰੀ, 18 ਫਰਵਰੀ 1947, ਨੂੰ ਸਤਿਗੁਰੂ ਪਰਤਾਪ ਸਿੰਘ ਦੇ ਨਾਂ ਹੋਈ। ਰਜਿਸਟਰੀ ਕਰਵਾਉਣ ਗਏ ਸਿੱਖਾਂ ਦੀ ਅਗਵਾਈ ਛੋਟੇ ਬਾਬਾ (ਮਹਾਰਾਜ ਬੀਰ ਸਿੰਘ) ਜੀ ਕਰ ਰਹੇ ਸਨ। ਸਰਸੇ ਤੋਂ ਗੁਰਦੁਆਰੇ ਵਿੱਚੋਂ ਆਦਿ ਸ੍ਰੀ ਗ੍ਰੰਥ ਸਾਹਿਬ ਦੀਆਂ ਬੀੜਾਂ ਮੰਗਵਾ ਕੇ ਚਚਾਲ ਕੋਟਲੀ, 101 ਅਖੰਡ ਪਾਠ ਕੀਤੇ ਗਏ। ਹਵਨ ਅਤੇ ਇੱਕ ਘੰਟਾ ਨਾਮ ਸਿਮਰਨ ਰੋਜ਼ਾਨਾ ਹੋਣ ਲੱਗਾ, ਲੋਹ ਲੰਗਰ ਤਪਣ ਲੱਗਾ। ਆਲੇ ਦੁਆਲੇ ਦੇ ਲੋਕਾਂ ਉੱਤੇ ਇਹਨਾਂ ਦਾ ਪ੍ਰਭਾਵ ਪੈਣ ਲੱਗਾ।

ਕੁਝ ਸਮੇਂ ਪਿੱਛੋਂ, ਸੱਚੇ ਪਾਤਸ਼ਾਹ ਜੀ ਨੇ, ਸਿੱਖਾਂ ਦੀ ਅਰਜ਼ ਪ੍ਰਵਾਨ ਕਰ ਕੇ ਇਹਨਾਂ ਪਿੰਡਾਂ ਦੇ ਨਾਂ, ਸ੍ਰੀ ਜੀਵਨ ਨਗਰ (ਚਚਾਲ ਕੋਟਲੀ) ਸੰਤ ਨਗਰ (ਜਗ ਮਲੇਰ), ਹਰੀ ਪੁਰ (ਅਲੀਪੁਰ) ਅਤੇ ਦਮਦਮਾ (ਕੰਜਰਵਾਲ) ਰੱਖੇ।



Namdhari Elibrary NamdhariElibrary@gmail.com

ਦਸ਼ ਦੇ ਬਦਲਦੇ ਹਾਲਾਤ ਰਾਜਨੀਤਕ ਜੋੜ-ਤੋੜ ਤਾਂ ਸਤਿਗੁਰੂ ਜੀ ਨੂੰ ਭਿਆਨਕ ਤਬਾਹੀ ਦਾ ਸੰਕੇਤ ਦੇ ਰਹੇ ਸਨ। ਆਪ ਨੇ 1947 ਈ: ਦੇ ਸ਼ੇਖੂਪੁਰ ਬੇਦਾਦ, ਗੁਜਰਾਂ ਵਾਲੇ ਦੇ ਹੋਲੇ ਤੇ ਸਾਰੇ ਸਿੱਖਾਂ ਨੂੰ ਰਾਵੀਓਂ ਪਾਰ ਹੋਣ ਦ ਤਾਕੀਦ ਕੀਤੀ। ਵਹਿਮੀ ਦੇ ਸ਼ਬਦਾਂ ਵਿੱਚ, "ਕੋਈ ਕੂਕਾ ਇਹ ਨਾ ਕਹੇ ਕਿ ਕਿਸੇ ਨੂੰ ਪਤਾ ਨਹੀਂ ਦਿੱਤਾ। ਜੇ ਭਲਾ ਚਾਹੁੰਦੇ ਹੋ ਅੱਬਲ ਤਾਂ ਬਿਆਸ ਤੋਂ ਪਾਰ ਹੋ ਜਾਓ ਨਹੀਂ ਤਾਂ ਰਾਵੀਓਂ ਜ਼ਰੂਰ ਪਾਰ ਹੋ ਜਾਓ, ਜਿਸ ਬਚਣਾ ਹੈ। ਜੇ ਥੁਹੜਾ ਭੀ ਉੱਦਮ ਕਰੇ, ਉਹ ਬਾਲ ਬੱਚਾ, ਮਾਲ ਤਾਂ ਜ਼ਰੂਰ ਹੀ ਸਾਂਭ ਲਾਹੌਰ ਦੇ ਜ਼ਿਲੇ, ਤੋਂ ਪਾਰ ਕਰ ਲੈਣ। ਇਹ ਭੀ ਬਚਨ ਕੀਤਾ ਕਿ ਕੂਕਿਓ ਤੁਸਾਂ ਕਿਸੇ ਨੂੰ ਨਾ ਮਾਰਨਾ, ਨਾ ਕਿਸੇ ਦ ਕੋਈ ਚੀਜ਼ ਚੁਰਾਉਣੀ, ਖੋਹਣੀ, ਤੁਹਾਡਾ ਬੁਰਾ ਸਮਝਦਾਰ ਘੱਟ ਕਰੇਗਾ।"

—ਜੱਸ-ਜੀਵਨ ਹਿੱਸਾ ਚੌਥ

ਸਿੱਖ ਤਾਂ ਘਰਾਂ ਦਾ ਮੋਹ ਘੱਟ ਤਿਆਗ ਰਹੇ ਸਨ। ਜਿੰਨੀ ਛੇਤੀ ਸਤਿਗੁਰੂ ਜ ਉਨ੍ਹਾਂ ਨੂੰ ਕੱਢਣਾ ਚਾਹੁੰਦੇ ਸਨ ਉਹ ਨਹੀਂ ਸਨ ਨਿਕਲ ਰਹੇ। ਆਪ ਨੂੰ ਤਾਂ ਸਭ ਸੋਝ ਸੀ, ਸਿੱਖ ਅਣਭੋਲ, ਅਨਜਾਣ, ਅਵੇਸਲੇ ਤੇ ਬੇਸਮਝ ਸਨ। ਆਪ ਪਿੰਡ-ਪਿੰਡ ਗਏ ਛੇਤੀ ਨਿਕਲਣ ਲਈ ਉਹਨਾਂ ਨੂੰ ਕਿਹਾ, "ਮੇਰੇ ਤੇ ਤਰਸ ਕਰੋ" ਕਹਿੰਦਿਆਂ ਆਪ ਦੇ ਨੇਤਰ ਸਜਲ ਹੋ ਜਾਂਦੇ। ਆਪ ਚੇਤਾਵਨੀ ਦੇਂਦੇ ਕਿ ਕੱਛ ਸੰਭਾਲਣੀ ਨਾ ਮਿਲੂ ਮਹਾਰਾਜ ਬੀਰ ਸਿੰਘ ਜੀ ਦੇ ਸ਼ਬਦਾਂ ਵਿੱਚ, "ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜ ਪੱਛਮੀ ਪੰਜਾਬ ਦੇ ਜ਼ਿਲ੍ਹਾ ਸ਼ੇਖ਼ੂਪੁਰ, ਗੁਜਰਾਂਵਾਲਾ, ਸਰਗੋਧਾ, ਸਿਆਲਕੋਟ ਲਾਇਲਪੁਰ ਅਤੇ ਮਿੰਟਗੁਮਾਰੀ ਦੇ ਕਈ ਪਿੰਡਾਂ ਵਿੱਚ ਆਪ ਜਾ ਕੇ ਸਿੱਖਾਂ ਨੂੰ ਆਖਿਅ ਕਿ ਹੁਣ ਵਕਤ ਹੈ ਆਪਣੇ ਬਾਲ ਬੱਚੇ ਤੇ ਜ਼ਰੂਰੀ ਸਮਾਨ ਏਧਰੋਂ ਲੈ ਚੱਲੋ। ਘਟੋ ਘੱਟ ਰਾਵੀ ਤੋਂ ਪਾਰ ਜ਼ਰੂਰ ਲੰਘ ਚਲੋ। ਕਿਸੇ ਕਿਸੇ ਜਗ੍ਹਾ ਵਰਤਮਾਨ ਸਤਿਗੁ ਜਗਜੀਤ ਸਿੰਘ ਜੀ ਨੂੰ ਭੀ ਭੇਜਿਆ।" —ਨਾਮਧਾਰੀ ਅਤੇ ਕਾਂਗਰਸ

ਅੰਤਰਜਾਮੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੂੰ ਸੋਝੀ ਸੀ ਕਿ ਕੁਵੇਲੇ, ਪੱਛਮ ਪੰਜਾਬ ਵਿੱਚੋਂ ਨਿਕਲ ਕੇ ਆਉਣ ਵਾਲੇ ਹਿੰਦੂ ਸਿੱਖਾਂ ਦੇ ਬੁਰੇ ਹਾਲ ਬਾਂਕੇ ਦਿਹਾੜੇ ਹੋਣੇ ਸਨ। ਉਹਨਾਂ ਕੋਲ ਨਾ ਕੁਝ ਖਾਣ ਨੂੰ ਹੋਣਾ ਸੀ ਨਾ ਪਹਿਨਣ ਨੂੰ, ਗ਼ੈਰਸਮਾਜ ਅਨਸਰ ਜਾਨੀ, ਮਾਲੀ ਤੇ ਇਜ਼ਤ ਆਬਰੂ ਦਾ ਨੁਕਸਾਨ ਵੀ ਕਰ ਸਕਦੇ ਸਨ। ਆਪ ਉਹਨਾਂ ਦੇ ਫ਼ਿਕਰ ਵਿੱਚ ਕਦੀ ਸ੍ਰੀ ਭੈਣੀ ਸਾਹਿਬ, ਕਦੀ ਸ੍ਰੀ ਜੀਵਨ ਨਗਰ ਤੇ ਕਦ ਹੋਰ ਇਲਾਕਿਆਂ ਵਿੱਚ ਦੌਰੇ ਕਰਦੇ ਸਨ। ਆਪ ਨੇ ਅੰਮ੍ਰਿਤਸਰ, ਸ੍ਰੀ ਭੈਣੀ ਸਾਹਿਬ ਸਰਸਾ, ਸ੍ਰੀ ਜੀਵਨ ਨਗਰ ਆਉਣ ਵਾਲੇ ਲੋਕਾਂ ਲਈ ਲੋੜੀਂਦੇ ਲੰਗਰ ਪਾਣੀ ਦ ਪ੍ਰਬੰਧ ਕੀਤੇ। ਸੇਵਾਦਾਰਾਂ ਨੂੰ ਸਭ ਦੀ ਸੇਵਾ ਕਰਨ ਦਾ ਹੁਕਮ ਦਿੱਤਾ। ਅੰਮ੍ਰਿਤਸਰ ਇੱਕ ਰਾਤ ਨਾਮਧਾਰੀ ਧਰਮਸ਼ਾਲਾ ਦੇ ਮਹੰਤ ਨੂੰ ਸੁੱਤੇ ਪਏ ਨੂੰ ਉਠਾ ਕੇ ਕਿਹਾ ਕਿ ਉਸ ਨੇ ਸੁਚੇਤ ਰਹਿਣਾ ਸੀ ਕਿਉਂਕਿ ਗੜਬੜ ਹੋਈ ਸੀ, ਉਸ ਨੇ ਕੋਈ ਓਪਰਾ ਬੰਦ ਅੰਦਰ ਨਹੀਂ ਸੀ ਆਉਣ ਦੇਣਾ।

ਸ੍ਰੀ ਜੀਵਨ ਨਗਰ ਦੇ ਸਿੱਖਾਂ ਨੂੰ ਕਿਹਾ ਕਿ ਮੁਸਲਮਾਨਾਂ ਤੋਂ ਸਾਵਧਾਨ ਰਹਿਣ ਹਿੰਦੂਆਂ ਨਾਲ ਇਤਫ਼ਾਕ ਰੱਖਣ, ਪਰ ਵਰਤਾਅ ਪਿਆਰ ਤੇ ਸਲੂਕ ਵਾਲਾ ਹੀ ਰੱਖਣ



Namdhari Elibrary NamdhariElibrary@gmail.com

ਸਿਖ ਸਮਝਦੇ ਸਨ ਕਿ ਸਦਾ ਤੋਂ ਹਾਕਮ ਤਾਂ ਬਦਲਦੇ ਆਏ ਹਨ ਪਰ ਜਨਤਾ ਥੋੜ੍ਹਾ ਘਰ ਘਾਟ ਛੱਡ ਕੇ ਚਲੀ ਜਾਂਦੀ ਸੀ । ਉਹ ਆਪਣੇ ਭਰੇ ਘਰ ਛੱਡ ਕੇ ਕਿਉਂ ਜਾਣ ? ਪਰ ਸਤਿਗੁਰੂ ਜੀ ਤਾਂ ਬੇਚੈਨ ਸਨ । ਆਪ ਜੀ ਦੀ ਗੱਲ ਵਹਿਮੀ ਜੀ ਨੇ ਇੰਜ ਲਿਖੀ ਹੈ, "ਹਉਕਾ ਭਰ ਕਿਹਾ, ਮੈਂ ਕਈ ਵਾਰ ਤੁਹਾਨੂੰ ਕਹਿ ਖ਼ਸਮ ਵੱਲੋਂ ਸੱਚਾ ਹੋ ਗਿਆ ਹਾਂ । ਹਛਾ ! ਹੁਣ ਸ਼ਾਇਦ ਏਧਰ ਮੈਂ ਘੱਟ ਆਵਾਂ । ਜਦੋਂ ਹਲ-ਚਲ ਪਏ ਤੁਸਾਂ ਹਿਸਾਰ ਦੇ ਜ਼ਿਲ੍ਹੇ ਸਰਸੇ ਤਸੀਲ ਵਿੱਚ ਚੁਚਾਲ ਕੋਟਲੀ (ਸ੍ਰੀ ਜੀਵਨ ਨਗਰ) ਪੁੱਜਣਾ ਕਿਉਂਕਿ ਮੈਂ ਅੱਗੋਂ ਆ ਕੇ ਤੁਹਾਨੂੰ ਕੁਝ ਹੌਸਲਾ ਸਹੂਲਤ ਵੀ ਦਿਆਂਗਾ । ਤੁਸਾਂ ਭਜਨ ਬਾਣੀ ਨਾ ਭੁੱਲਣਾ । ਕਿਸੇ ਦੇ [ਮਾਲ, ਤਨ, ਧਨ ਤੇ ਨਾ ਡੁਲ੍ਹਣਾ ਸਾਬਤ ਰਹਿ ਦੱਸਣਾ, ਕੂਕਾ ਪਰਾਇਆ ਧਨ ਨਹੀਂ ਲੈਂਦਾ ਤੇ ਮਾਰ ਧਾੜ ਵਿੱਚ ਨਹੀਂ ਪੈਂਦਾ ।" —ਜੱਸ-ਜੀਵਨ ਹਿੱਸਾ ਚੌਥਾ ।

1 ਜੁਲਾਈ 1947 ਨੂੰ ਬਰਤਾਨਵੀ ਸ਼ਾਸਕਾਂ ਨੇ ਭਾਰਤੀਆਂ ਨੂੰ ਆਰਜ਼ੀ ਹਕੂਮ ਦੇ ਦਿੱਤੇ । ਹਾਲਾਤ ਤਾਂ ਵਿਗੜੇ ਹੀ ਹੋਏ ਸਨ । ਜਦੋਂ ਹੋਰ ਵਿਗੜ ਗਏ ਦੇਸ ਵਿੱਚ ਥਾਂ ਥਾਂ ਅੱਗਾਂ ਲੱਗਣ ਲਗੀਆਂ ਗੋਲੀਆਂ ਵਰਨ ਲਗੀਆਂ, ਛੁਰੇ ਅਤੇ ਬਰਛੇ ਜਾਨਾਂ ਲੈਣ ਲੱਗੇ ਤਾਂ ਸਰਕਾਰ ਨੇ ਕਈ ਸ਼ਹਿਰੀ ਕਰਫਿਊ ਲਾਏ । ਲੋਕਾਂ ਨੂੰ ਭਾਜੜਾਂ ਪੈ ਗਈਆਂ ਸਨ । ਸਤਿਗੁਰੂ ਜੀ ਐਸੇ ਭਿਆਨਕ ਸਮੇਂ ਆਪਣੇ ਸੁਖ ਅਰਾਮ ਵੱਲੋਂ ਬੇਪਰਵਾਹ ਜਾਨ ਹੂਲ ਕੇ ਵੀ ਸਿੱਖਾਂ ਨੂੰ ਬਚਾਉਂਦੇ ਫਿਰਦੇ, ਦੌਰੇ ਕਰਦੇ ਆਪ ਨੇ 2 ਅਗਸਤ 1947 ਨੂੰ ਸ੍ਰੀ ਜੀਵਨ ਨਗਰ ਦਰਸ਼ਨ ਦਿੱਤੇ । ਸਿੱਖਾਂ ਨੂੰ ਪਿੱਛੋਂ ਆਪਣੇ ਪਰਵਾਰ ਲੈ ਕੇ ਆਉਣ ਲਈ ਲਾਹੌਰ ਵੱਨੇ ਤੋਰਿਆ ਤੇ ਤਾਕੀਦ ਕੀਤੀ, "ਆਪਣੇ ਤੇ ਨਹੀਂ ਤਾਂ ਮੇਰੇ ਤੇ ਹੀ ਤਰਸ ਕਰਨਾ, ਛੇਤੀ ਪਰਤਣਾ, ਜਿਚਰ ਨਾ ਆਓਗੇ ਮੈਨੂੰ ਚਿੰਤਾ ਰਹੇਗੀ ।"

ਆਪ ਉਰੇਚਾ ਜਾ ਕੇ ਮਹਾਤਮਾ ਗਾਂਧੀ ਨੂੰ ਬਾਲਮੀਕੀ ਮੰਦਰ ਵਿੱਚ ਵੀ ਦੁਬਾਰਾ ਮਿਲੇ ਅਤੇ ਹਿੰਦ ਦਾ ਬਟਵਾਰਾ ਰੋਕਣ ਲਈ ਜ਼ੋਰ ਦਿੱਤਾ ਕਿਉਂਕਿ ਇਸ ਨਾਲ ਲੋਕਾਂ ਦਾ ਜਾਨੀ ਤੇ ਮਾਲੀ, ਬੜਾ ਨੁਕਸਾਨ, ਹੋਣਾ ਸੀ । ਗਾਂਧੀ ਜੀ ਨੇ ਸਗੋਂ ਇਹ ਕਹਿ ਕੇ ਸਭ ਘਾਟੇ ਪੂਰੇ ਹੋ ਜਾਣਗੇ, ਜਾਨੀ ਤੇ ਮਾਲੀ, ਲਾਪਰਵਾਹੀ ਵਿਖਾਈ । ਆਪ ਨੇ ਰੋਹ ਵਿੱਚ ਆ ਕੇ ਦੁਬਾਰਾ ਆਖਿਆ, "ਤੁਸੀਂ ਜਿਨ੍ਹਾਂ ਦੇ ਮੋਢਿਆਂ ਉੱਤੇ ਹੱਥ ਧਰ ਕੇ ਤੁਰੇ ਫਿਰਦੇ ਹੋ, ਜੇ ਕੋਈ ਇਹਨਾਂ ਦੀ ਇਜ਼ੱਤ ਲੁਟੇਗਾ ਤਾਂ ਇਸਦੀ ਪੂਰਤੀ ਕਿਵੇਂ ਕਰੋਗੇ ?" ਗਾਂਧੀ ਜੀ ਨਿਰੁਤਰ ਸਨ । ਕਹਿਣ ਲੱਗੇ, "ਇਹ ਤਾਂ ਠੀਕ ਹੈ ।" ਸਤਿਗੁਰੂ ਜੀ ਇਹ ਕਹਿ ਕੇ ਆ ਗਏ । ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ । 15 ਅਗਸਤ 1947 ਨੂੰ ਭਾਰਤ, ਹਿੰਦੁਸਤਾਨ-ਪਾਕਿਸਤਾਨ ਵਿੱਚ ਵੰਡਿਆ ਗਿਆ ।

18 ਅਗਸਤ 1947 ਨੂੰ ਦੇਸ਼ ਦੀ ਸੁਤੰਤਰਤਾ ਦੇ ਐਲਾਨ ਤੋਂ ਤਿੰਨ ਦਿਨ ਬਾਅਦ ਹਿੰਦ-ਪਾਕ ਹੱਦ ਦਾ ਐਲਾਨ ਹੋਇਆ । ਪਾਕਿਸਤਾਨ ਵਿੱਚੋਂ ਜਾਨਾਂ ਬਚਾਉਣ ਲਈ ਕਾਫ਼ਲੇ ਬਣਾ ਕੇ ਹਿੰਦੂ ਸਿੱਖ ਨਿਕਲਣ ਲੱਗੇ । ਕਾਫ਼ਲੇ ਕਈ-ਕਈ ਦਿਨ ਪੈਦਲ ਤੁਰ ਕੇ ਭੁੱਖੇ ਤਿਹਾਏ ਤਿੰਨੀ ਕਪੜੀ ਹਦੋਂ ਪਾਰ ਹੋਏ । ਕਈ ਵਿਚਾਰੇ ਤਾਂ ਜਾਨਾਂ ਤੇ ਇਜ਼ਤ ਆਬਰੂ ਵੀ ਨਾ ਬਚਾ ਸੱਕੇ । ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਸਨ । ਉਹਨਾਂ



Namdhari Elibrary NamdhariElibrary@gmail.com

ਸਭ ਕੁਝ ਸੁਣਿਆ ਆਪਣੇ ਲੋਕਾਂ ਦੀ ਦੁਖ ਤਕਲੀਫ਼ ਦੀ ਗੱਲ ਸੁਣ ਕੇ ਆਪ ਵ
ਦੁਖੀ ਹੋਏ ।

ਹੁਕਮ ਮੰਨ ਕੇ ਪਹਿਲਾਂ ਹੀ ਆ ਗਏ ਜਾਂ ਏਧਰ ਰਹਿੰਦੇ ਸਿੱਖਾਂ ਨੂੰ ਆਪ ਨ
ਹਿਦਾਇਤ ਕੀਤੀ, "ਹੁਣ ਕਿਉਂ ਆਇਆਂ ਏਂ, ਕਹਿ ਕੇ ਕਿਸੇ ਦੁਖੀ ਦਾ ਦਿਲ ਹੋ
ਨਹੀਂ ਦੁਖਾਉਣਾ ?"

ਸ੍ਰੀ ਜੀਵਨ ਨਗਰ ਦੇ ਰਸਤੇ ਮੁਸਲਮਾਨਾਂ ਦਾ ਕਾਫ਼ਲਾ ਕਈ ਦਿਨ ਲੰਘਦ
ਰਿਹਾ । ਸਤਿਗੁਰਾਂ ਦੇ ਹੁਕਮ ਨੂੰ ਮੰਨ ਕੇ ਕਿਸੇ ਨਾਮਧਾਰੀ ਸਿੱਖ ਨੇ ਕਿਸੇ ਵੱਲ ਅੱ
ਪੱਟ ਕੇ ਨਹੀਂ ਵੇਖਿਆ ਸਗੋਂ ਪਰਸ਼ਾਦੇ ਪਾਣੀ ਦੀ ਮਦਦ ਤੇ ਸੇਵਾ ਕੀਤੀ
ਜ਼ਹੀਰੁਦੀਨ ਨੂੰ ਤਾਂ ਸਿੱਖ ਆਪ ਫ਼ਾਜ਼ਲਕਾ ਲੰਘਾ ਕੇ ਆਏ ਤਾਂ ਕਿ ਉਹ ਸੁਰੱਖਿਅ
ਪਾਕਿਸਤਾਨ ਪਹੁੰਚ ਸੱਕੇ । ਫਿਰਕੂ ਫਸਾਦਾਂ ਤੋਂ ਨਾਮਧਾਰੀਆਂ ਦੇ ਦੂਰ ਰਹਿਣ ਬਾਰ
ਕਾਮਰੇਡ ਸੋਹਨ ਸਿੰਘ ਜੋਸ਼ ਨੇ ਲਿਖਿਆ ਕਿ, "1946-47 ਦੇ ਹਿੰਦੂ-ਮੁਸਲਿ
ਫਸਾਦਾਂ ਦੇ ਦਿਨ ਮੈਨੂੰ ਕਦੇ ਨਹੀਂ ਭੁਲ ਸਕਦੇ । ਉਹਨਾਂ ਦਿਨਾਂ ਵਿੱਚ ਜਾਂ ਮਹਾਰਾਜ
ਪਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਕੂਕੇ ਸਨ ਜਾਂ ਕਮਿਊਨਿਸਟ ਜਿਨ੍ਹਾਂ ਨੇ
ਆਪਣੇ ਸਿਰਾਂ ਉੱਤੇ ਫਿਰਕੂ ਭੂਤ ਨੂੰ ਸਵਾਰ ਨਹੀਂ ਹੋਣ ਦਿੱਤਾ ।...ਉਹ ਸ
ਇਹਨਾਂ ਫਸਾਦਾਂ ਵਿੱਚੋਂ ਹੋ ਕੇ ਰੋਕਣ ਲਈ ਛਾਤੀਆਂ ਤਾਣ ਕੇ ਖਲੋ ਗਏ । ਮਹਾਰਾਜ
ਜੀ ਦੀ ਇਸ ਅਸੂਲਪ੍ਰਸਤੀ ਉੱਤੇ ਜਿਨ੍ਹਾਂ ਵੀ ਪੰਜਾਬੀ ਮਾਣ ਕਰਨ ਥੋੜ੍ਹਾ ਹੈ ।"

—ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰ

ਸਤਿਗੁਰੂ ਪਰਤਾਪ ਸਿੰਘ ਜੀ ਨੇ ਉੱਜੜ ਕੇ ਆਏ ਸਿੱਖਾਂ ਦੀ ਬਾਂਹ ਫੜੀ
ਉਹਨਾਂ ਨੂੰ ਧੀਰਜ ਤੇ ਹੌਸਲਾ ਦਿੱਤਾ, ਜਿਸ ਕੋਲ ਨਹੀਂ ਸੀ, ਉਸ ਨੂੰ ਰਾਸ਼ਨ ਦਿੱਤਾ
ਕੱਪੜਾ ਦਿੱਤਾ ਅਤੇ ਮੁੜ ਵਸੇਬੇ ਲਈ ਹੋਰ ਵੀ ਮਦਦ ਕੀਤੀ । ਇਸ ਸਭ ਕੁਝ ਤੇ
ਸਤਿਗੁਰੂ ਜੀ ਨੇ ਕਾਫੀ ਖ਼ਰਚਾ ਕੀਤਾ ।

ਸਰਕਾਰ ਉੱਜੜ ਕੇ ਆਏ ਲੋਕਾਂ ਨੂੰ ਜ਼ਿਲ੍ਹੇ ਵਾਰ ਵੰਸਾ ਰਹੀ ਸੀ । ਪਰ
ਸਤਿਗੁਰੂ ਜੀ ਨੇ ਭੱਜ ਨੱਸ ਕਰ ਕੇ, ਮਹਿੰਦਰ ਸਿੰਘ ਰੰਧਾਵਾ ਅਤੇ ਮੁੜ ਵਸਾਊ
ਮਹਿਕਮੇ ਦੇ ਹੋਰ ਅਧਿਕਾਰੀਆਂ ਨੂੰ ਮਿਲ ਕੇ ਲਗਭਗ ਸਾਰੇ ਨਾਮਧਾਰੀ ਸਿੱਖਾਂ ਨੂੰ
ਜ਼ਿਲ੍ਹਾ ਹਿਸਾਰ ਆਉਣ ਦੀ ਖੁਲ੍ਹ ਦਿਵਾ ਦਿੱਤੀ । ਨਾਮਧਾਰੀ ਜ਼ਿਮੀਦਾਰਾਂ ਨੂੰ ਜ਼ਮੀਨਾ
ਤਾਂ ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਹੀ ਅਲਾਟ ਕਰਵਾ ਦਿੱਤੀਆਂ ਸਨ ।

ਹਿੰਦੁਸਤਾਨ ਆ ਗਏ ਲੋਕ ਤਾਂ ਭਾਵੇਂ ਆਪਣਾ ਆਪ ਸੰਭਾਲਣ ਲਗ ਪਏ ਸਨ
ਪਰ ਆਪ ਅਜੇ ਵੀ ਪ੍ਰੇਸ਼ਾਨ ਸਨ । ਆਪ ਨੇ ਬੈਂਕੋਕ ਵਿੱਚ 28 ਅਪਰੈਲ 1950 ਨੂੰ
ਆਪਣੇ ਭਾਸ਼ਣ ਵਿੱਚ ਕਿਹਾ, "ਸਾਡੀ ਵੀਹ ਹਜ਼ਾਰ ਲੜਕੀ ਓਧਰ ਬੈਠੀ ਹੈ ।" ਆਪ
ਨੂੰ ਉਹਨਾਂ ਦੀ ਹੀ ਚਿੰਤਾ ਸੀ । ਆਪ ਪਾਕਿਸਤਾਨ ਰਹਿ ਗਏ ਲੋਕਾਂ ਨੂੰ ਕੱਢ ਕੇ
ਲਿਆਉਣ ਲਈ ਸਰਕਾਰ ਉੱਤੇ ਜ਼ੋਰ ਪਾਉਂਦੇ ਰਹਿੰਦੇ ਸਨ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 8 ਸਤੰਬਰ 1990 ਨੂੰ ਸਤਿਗੁਰੂ ਪਰਤਾਪ
ਸਿੰਘ ਅਵਤਾਰ ਸ਼ਤਾਬਦੀ ਗੋਸ਼ਟੀ ਸਮੇਂ ਆਪ ਜੀ ਦੀ ਸਿੱਖਾਂ ਨੂੰ ਬਲਦੀ ਅੱਗ ਵਿੱਚੋਂ
ਕੱਢਣ ਦੀ ਨੱਸ-ਭੱਜ ਬਾਬਤ ਇੰਜ ਫੁਰਮਾਇਆ, "ਇੱਕ ਗੱਲ ਸਤਿਗੁਰੂ ਪਰਤਾਪ



Namdhari Elibrary NamdhariElibrary@gmail.com

ਸਿੰਘ ਜੀ ਨੇ ਆਖੀ ਕਿ ਪਾਕਿਸਤਾਨ ਤਾਂ ਬਣ ਹੀ ਜਾਣਾ ਹੈ। ਕਈਆਂ ਨੂੰ ਸੁਪਨੇ ਵਿੱਚ ਦਰਸ਼ਨ ਦੇ ਕੇ ਆਖਿਆ, ਕਈਆਂ ਨੂੰ ਸਪਰਤੱਖ ਆਖਿਆ, ਸੰਦੇਸ਼ ਭੇਜਿਆ ਕਿਸੇ ਸਿੱਖ ਦੇ ਹੱਥ। ਉਸ ਤੋਂ ਬਾਅਦ ਮੈਨੂੰ ਭੇਜਿਆ, ਫੇਰ ਜਿਸ ਤਰ੍ਹਾਂ ਚੈਨ ਨਹੀਂ ਆਉਂਦਾ ਫਿਰ ਉਹ ਆਪ ਗਏ ਵਰ੍ਹਦੀਆਂ ਗੋਲੀਆਂ ਵਿੱਚ। ਪਟਰੋਲ ਨਹੀਂ ਸੀ ਮਿਲਦਾ, ਬੜੀਆਂ ਤੰਗੀਆ ਦੇ ਬਾਵਜੂਦ ਜਾ ਕੇ ਸਾਰਿਆਂ ਨੂੰ ਆਖਿਆ, ਗ਼ੈਰ-ਨਾਮਧਾਰੀਆਂ ਉਹਨਾਂ ਨੂੰ ਵੀ ਆਖਿਆ ਜੇ ਮੇਰੀ ਗੱਲ ਠੀਕ ਨਾ ਹੋਵੇ ਤਾਂ ਦੋ ਤਿੰਨ ਮਹੀਨੇ ਬਾਅਦ ਤੁਸੀਂ ਵਾਪਸ ਆ ਜਾਇਓ। ਇਕ ਵੇਰ ਜ਼ਰੂਰ (ਰਾਵੀਓਂ ਪਾਰ) ਚਲੇ ਜਾਓ।''

—ਵੱਡ ਪਰਤਾਪੁ ਅਚਰਜ ਰੂਪ



Namdhari Elibrary NamdhariElibrary@gmail.com

# ਬਿਖੜੇ ਪੈਂਡੇ–ਲੰਮਾ ਰਸਤਾ

1947 ਈ: ਵਿੱਚ ਭਾਰਤ ਸੁਤੰਤਰ ਹੋ ਗਿਆ ਸੀ । ਹਰ ਸੂਝਵਾਨ ਵਿਅਕਤੀ ਰ ਇੱਕ ਦੀ ਸੁਤੰਤਰਤਾ ਸੰਗਰਾਮ ਲਈ ਕੀਤੀ ਜੱਦੋ–ਜਹਿਦ ਨੂੰ ਸਮਝਦਾ ਸੀ । ਹ ਤਿੰਨਾਂ ਗੁਰੂ ਸਹਿਬਾਨ ਦੀ ਅਗਵਾਈ ਹੇਠ ਨਾਮਧਾਰੀ ਸਿੱਖਾਂ ਦੀ ਅਹਿਮ ਭੂਮਿਕਾ ਵੀ ਪਛਾਣਦਾ ਸੀ । ਬਾਬਾ ਸੋਹਣ ਸਿੰਘ ਭਕਨਾ ਦੇ ਤਾਂ ਇਹ ਸ਼ਬਦ ਸਨ ਕਿ,

"ਨਾਮਧਾਰੀਆਂ ਦੀਆਂ ਅਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਤੱਕੜੀ ਦੇ ਇੱਕ ਲੜੇ ਵਿੱਚ ਪਾਈਆਂ ਜਾਣ ਅਤੇ ਬਾਕੀ ਹਿੰਦੁਸਤਾਨ ਦੀਆਂ ਦੂਸਰੇ ਵਿੱਚ ਜੇ ਇਹ ਰੀਆਂ ਨਾ ਹੋਈਆਂ ਤਾਂ ਘੱਟ ਕਦੀ ਨਹੀਂ ਹੋਣਗੀਆਂ ।"

ਪ੍ਰਧਾਨ ਮੰਤਰੀ, ਪੰ. ਜਵਾਹਰ ਲਾਲ ਨਹਿਰੂ, ਦੀ ਕੇਂਦਰੀ ਸਰਕਾਰ ਨੇ ਗਊ ਖਿਆ ਦੀ ਲੋੜ ਨੂੰ ਫ਼ੌਰੀ ਤੌਰ ਉੱਤੇ ਮਹਿਸੂਸ ਕੀਤਾ । ਇਸ ਸੰਬੰਧ ਵਿਚ ਵਟਾਂਦਰੇ ਈ, ਅਤੇ ਲੋੜੀਂਦੀ ਯੋਜਨਾ ਤਿਆਰ ਕਰਨ ਲਈ, 19 ਨਵੰਬਰ 1947 ਈ: ਨੂੰ ੱਕ ਕਮੇਟੀ ਬਣਾਈ ਗਈ । ਇਸ ਕਮੇਟੀ ਦੇ ਸਕੱਤਰ ਲਾਲਾ ਹਰਦੇਵ ਸਹਾਇ ਸਨ । ਾਮਧਾਰੀ ਸ਼ਹਾਦਤਾਂ ਦਾ ਤਾਂ ਮੁੱਢ ਹੀ ਗਊ ਰੱਖਿਆ ਲਈ ਕੀਤੀਆਂ ਕੁਰਬਾਨੀਆਂ ' ਬੱਝਾ ਸੀ ਸੋ ਕੌਮੀ ਪੱਧਰ ਦੀ 10 ਮੈਂਬਰੀ ਕਮੇਟੀ ਦੇ ਇੱਕ ਮੈਂਬਰ ਸਤਿਗੁਰੂ ਰਤਾਪ ਸਿੰਘ ਜੀ ਵੀ ਬਣਾਏ ਗਏ ਸਨ ।

ਪੰਜਾਬ ਦੇ ਕਿਸੇ ਆਗੂ ਨੂੰ ਤਾਂ ਨਾਮਧਾਰੀ ਸਿੱਖਾਂ ਦੀ ਦੇਣ ਬਾਰੇ ਕੋਈ ਭੁਲੇਖਾ । ਨਹੀਂ ਸੀ । ਇਸੇ ਕਰਕੇ ਸੁਤੰਤਰ ਭਾਰਤ ਦੀ ਪੰਜਾਬ ਦੀ ਵਜ਼ਾਰਤ ਦੇ ਮੰਤਰੀ . ਪਰਤਾਪ ਸਿੰਘ ਕੈਰੋਂ ਨੇ ਇੱਕ ਵਾਰ ਨਾਮਧਾਰੀ ਸਿੱਖਾਂ ਨੂੰ ਕਿਹਾ ਸੀ, "ਓ ! ਕਿਓ ! ਤੁਸੀਂ ਸੱਚੇ ! ਇਹ ਕਲਮ ਹੁਣ ਤੁਹਾਡੀ ਹੈ ।"

ਸਤਿਗੁਰੂ ਜੀ ਨੇ ਆਪਣਾ ਬਹੁਤਾ ਸਮਾਂ, ਉੱਜੜ ਕੇ ਆਏ ਸਿੱਖਾਂ ਨੂੰ ਹੌਸਲਾ ਤੇ ਮਿਤ ਦੇਣ ਲਈ, ਸ੍ਰੀ ਜੀਵਨ ਨਗਰ ਦੇ ਇਲਾਕੇ ਲਈ ਰੱਖਿਆ ਸੀ । ਆਪ ਨੇ ਹਨਾਂ ਨੂੰ ਲੱਕ ਬੰਨ੍ਹ ਕੇ ਲੱਗ ਕੇ, ਨਵੀਂ ਵੰਗਾਰ ਨੂੰ ਸਵੀਕਾਰ ਕਰਕੇ, ਅੱਗੇ ਵਧਣ ਈ ਹੱਲਾਸ਼ੇਰੀ ਦਿੱਤੀ । ਆਪ ਨੇ ਸ੍ਰੀ ਜੀਵਨ ਨਗਰ ਦਾ ਵੀ ਨਾਮਧਾਰੀ ਕੇਂਦਰ ਦੇ ਪ ਵਿੱਚ ਇਸ ਦਾ ਵਿਸਤਾਰ ਕੀਤਾ ।



Namdhari Elibrary NamdhariElibrary@gmail.com

ਏਥੇ ਲੋਹ-ਲੰਗਰ ਤਾਂ ਪਹਿਲਾਂ ਹੀ ਚੱਲਦਾ ਸੀ। ਆਪ ਨੇ, 'ਸਤਿਗੁਰੂ ਹਰੀ ਸਿੰਘ ਪਸ਼ੂ ਪਾਲਨ ਫਾਰਮ' ਦੀ ਸਥਾਪਨਾ ਕੀਤੀ। ਇਸ ਫਾਰਮ ਵਿੱਚ ਸ਼ੁੱਧ ਅਤੇ ਉੱਤਮ ਨਸਲ ਦੇ ਪਸੂਆਂ—ਗਊਆਂ, ਮੱਝਾਂ, ਘੋੜਿਆਂ—ਦੀਆਂ ਨਸਲਾਂ ਦੀ ਸੰਭਾਲ ਤੇ ਸੁਧਾਰ ਦੀ ਯੋਜਨਾ ਨੂੰ ਅਮਲੀ ਜਾਮਾ ਪਹਿਨਾਇਆ ਗਿਆ। ਆਪ ਦੇ ਪਸ਼ੂ, ਸਰਬ ਹਿੰਦ ਪਸ਼ੂ ਪਰਦਰਸ਼ਨੀਆਂ ਵਿੱਚ ਹਿੱਸਾ ਲੈਂਦੇ ਅਤੇ ਪਹਿਲੇ ਇਨਾਮ ਜਿੱਤਦੇ ਰਹੇ। 1952 ਈ: ਦੀ ਹਿਸਾਰ ਹੋਈ ਪਸ਼ੂ ਪਰਦਰਸ਼ਨੀ ਵਿੱਚ ਬਹੁਤੇ ਇਨਾਮ ਆਪ ਦੇ ਫਾਰਮ ਦੀਆਂ ਗਊਆਂ ਨੇ ਹੀ ਜਿੱਤੇ ਸਨ। ਡਾ. ਰਜਿੰਦਰ ਪਰਸ਼ਾਦ, ਰਾਸ਼ਟਰਪਤੀ ਭਾਰਤ ਸਰਕਾਰ ਨੇ ਇਨਾਮ-ਵੰਡ ਪਿੱਛੋਂ ਆਪਣੇ ਭਾਸ਼ਣ ਵਿੱਚ ਕਿਹਾ ਕਿ, "ਗਊ ਪਾਲਨ ਕਿਸੀ ਨੇ ਸੀਖਣਾ ਹੈ ਤੋ ਵੋ ਮਹਾਰਾਜ ਪਰਤਾਪ ਸਿੰਘ ਸੇ ਸੀਖੇ।...ਜੋ ਲੋਗ ਕਹਿਤੇ ਹੈਂ ਕਿ ਗਊ ਮਾਰੀ ਜਾਏ ਉਨਮੇਂ ਬਲ ਤੋ ਹੈ ਬੁਧੀ ਨਹੀਂ।"

ਸਤਿਗੁਰੂ ਜੀ ਦਾ ਬਚਨ ਸੀ ਕਿ ਗਊ ਦੀ ਪੂਜਾ ਹੀ ਕਾਫ਼ੀ ਨਹੀਂ। ਇਸਦੀ ਸੇਵਾ ਅਤੇ ਸੰਭਾਲ ਉਸ ਤੋਂ ਵਧ ਜ਼ਰੂਰੀ ਹੈ। ਆਪ ਨੇ 1953 ਈ: ਵਿੱਚ, ਬੈਂਕੋਕ ਵਿੱਚ ਸੰਗਤ ਨੂੰ ਉਪਦੇਸ਼ ਦੇਂਦਿਆਂ ਕਿਹਾ ਕਿ, "ਹੁਣ ਗਊ ਦੀ ਗੱਲ ਵੇਖ ਲਉ, ਹਿੰਦੂਆਂ ਵਿੱਚ ਗਊ ਦੀ ਪੂਜਾ ਰਹਿ ਗਈ ਹੈ ਸੇਵਾ ਨਹੀਂ। ਮੱਥਾ ਟੇਕ ਲੈਣਗੇ, ਕਹਿਣਗੇ ਸਾਡੀ ਮਾਤਾ ਹੈ ਲੇਕਿਨ ਪੱਠੇ ਕੌਣ ਪਾਵੇ ?"

ਦੇਸ਼ ਦੀ ਸਰਕਾਰ ਬਣਾਉਣ ਦਾ ਫ਼ੈਸਲਾ ਲੈਣ ਸਮੇਂ, ਆਪ ਨੇ ਵੋਟਾਂ ਪੈਣ ਸਮੇਂ ਕਾਂਗਰਸ ਦਾ ਸਾਥ ਦਿੱਤਾ। ਪਰ ਜੇ ਕੋਈ ਕਾਂਗਰਸੀ ਉਮੀਦਵਾਰ ਆਪ ਜੀ ਦੀਆਂ ਆਸਾਂ ਦੇ ਪ੍ਰਤਿਕੂਲ ਸੀ ਤਾਂ ਆਪ ਨੇ ਉਸ ਦਾ ਵਿਰੋਧ ਵੀ ਕੀਤਾ। ਆਪਣੇ ਸਿੱਖਾਂ ਦੀਆਂ ਵੋਟਾਂ ਉਸ ਦੇ ਖ਼ਿਲਾਫ਼ ਪੁਆਈਆਂ। ਗਊ ਰੱਖਿਆ ਦੇ ਮਸਲੇ ਵਿੱਚ ਆਪ ਨੇ, ਕਾਂਗਰਸ ਦੀ ਵਿਰੋਧੀ ਪਾਰਟੀ, ਜਨਸੰਘ ਦਾ ਵੀ ਸਾਥ ਨਿਭਾਇਆ।

ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਸਿੱਖਾਂ ਦਾ ਹੱਥ ਕੁਝ ਤੰਗ ਸੀ, ਉਹ ਨਵੀਂ ਜੂ ਬਾਲ ਕੇ ਸੇਕ ਰਹੇ ਸਨ। ਏਥੇ ਖੂਹਾਂ ਦੇ ਪਾਣੀ ਡੂੰਘੇ ਸਨ। ਧਰਤੀ ਤੋਂ ਪੈਦਾਵਾਰ ਲੈਣ ਲਈ ਵੀ ਲੱਕ ਬੰਨ੍ਹ ਕੇ ਮਿਹਨਤ ਕਰਨੀ ਪੈਣੀ ਸੀ। ਚੰਗਾ ਚੋਖਾ ਖਾਣ ਵਾਲੇ ਛੋਲੇ, ਬਾਜਰਾ ਆਦਿ ਮੋਟੇ ਅਨਾਜ ਨਾਲ ਹੀ ਸਬਰ ਸ਼ੁਕਰ ਕਰਦੇ ਸਨ। ਇਸ ਇਮਤਿਹਾਨ ਦੀ ਘੜੀ ਵਿੱਚ ਕੁਝ ਸਿੱਖ ਡੋਲ ਗਏ। ਉਹ ਵਾਪਸ ਜਾਣਾ ਚਾਹੁੰਦੇ ਸਨ, ਘੁੱਗ ਵੱਸਦੇ ਪੰਜਾਬ ਵਿੱਚ। ਸੱਚੇ ਪਾਤਸ਼ਾਹ ਸਮਝ ਰਹੇ ਸਨ ਕਿ ਕਾਹਲੇ ਸਿੱਖ ਦੂਰ ਦੀ ਨਹੀਂ ਸਨ ਸੋਚ ਰਹੇ। ਉਹਨਾਂ ਨੇ ਸਿੱਖਾਂ ਨੂੰ ਜਾਣ ਤੋਂ ਰੋਕਣ ਲਈ ਤਾੜਨਾ ਕੀਤੀ, "ਜ਼ਮੀਨ ਮੇਰੇ ਨਾਂ ਹੈ, ਜਿਹੜਾ ਚਲਾ ਜਾਵੇਗਾ ਉਸ ਦੀ ਜ਼ਮੀਨ ਕੱਟੀ ਜਾਵੇਗੀ।" ਸਿੱਖਾਂ ਦੇ ਮਨਾਂ ਦਾ ਦੁੱਧ ਦਾ ਉਬਾਲ ਇਸ ਜਲ ਦੇ ਛਿੱਟੇ ਨਾਲ ਹੀ ਠੀਕ ਹੋ ਗਿਆ। ਹੋਰ ਸਿੱਖਾਂ ਨੇ, ਇਸ ਇਲਾਕੇ ਵਿੱਚ ਨਾ ਆਉਣ ਦਾ, ਇਹ ਕਹਿ ਕੇ ਨਿਰਨਾ ਲਿਆ ਕਿ ਦਰਿਆਵਾਂ ਕੰਢੇ ਮੌਤ ਸੀ ਅਤੇ ਏਧਰ ਭੁੱਖ, ਉਹ ਭੁੱਖ ਤੋਂ ਡਰਦੇ ਸਨ। ਬਾਅਦ ਵਿੱਚ ਉਹ ਵੀ ਪਛਤਾਏ ਜਦੋਂ ਗ਼ਰੀਬੀ ਤਾਂ ਮਿਹਨਤ-ਮੁਸੱਕਤ ਨੇ ਦੂਰ ਕਰ ਦਿੱਤੀ ਸੀ ਪਰ ਮੌਤ ਦੇ ਪਰਛਾਵੇਂ ਖਾੜ੍ਹਾ ਨਹੀਂ ਸਨ ਛੱਡਦੇ।

ਇੱਕ ਵਾਰ ਸਤਿਗੁਰੂ ਜੀ ਕੋਲ ਸ਼ਿਕਾਇਤ ਗਈ ਕਿ ਸੂਬਾ ਲਾਭ ਸਿੰਘ ਡਫਰਕੇ



Namdhari Elibrary NamdhariElibrary@gmail.com

ਾਲਿਆਂ ਨੇ ਨਿਜੀ ਲਾਭ ਹਿਤ, ਸਾਝੀਆਂ ਲੱਕੜਾਂ ਵੇਚ ਦਿੱਤੀਆਂ ਸਨ । ਆਪ ਨੇ ਨਕੌੜੇ ਰਸ਼ਨ ਦਿੱਤੇ । ਉੱਥੇ ਆਪ ਨੇ ਸੂਬਾ ਜੀ ਕੋਲੋਂ ਇਸ ਸ਼ਿਕਾਇਤ ਸੰਬੰਧੀ ਪੁੱਛਿਆ । ਹਨਾਂ ਹਉਕਾ ਭਰ ਕੇ ਅਰਜ਼ ਕੀਤੀ, "ਗ਼ਰੀਬ-ਨਿਵਾਜ਼ ਪਰਵਾਰ ਵਿੱਚ ਥੁੜਾਂ ਸੀ । ਰੀਬੀ ਨੇ ਇਹ ਕਾਰਾ ਕਰਵਾਇਆ ਹੈ ।"

ਦੀਨਾਂਬੰਧੂ ਨੇ ਇੱਕ ਛਿਣ ਅੰਤਰ ਧਿਆਨ ਹੋ ਕੇ ਬਚਨ ਕੀਤਾ, "ਤੁਹਾਡੀ, ਸਭ ੀ ਗ਼ਰੀਬੀ ਕੱਟਣ ਲਈ ਹੀ ਤਾਂ ਮੈਂ ਭੱਜਾ-ਨੱਸਾ ਫਿਰਦਾ ਹਾਂ, ਇਹ ਨਹੀਂ ਰਹਿਣੀ ।"

ਆਪ ਨੇ ਸਾਂਝੀ ਖ਼ਰੀਦੀ ਜ਼ਮੀਨ, ਸਿੱਖਾਂ ਨੂੰ, ਉਹਨਾਂ ਦੀ ਜਮ੍ਹਾਂ ਕਰਵਾਈ ਰਕਮ ਨੁਸਾਰ, ਵੰਡ ਦਿੱਤੀ । ਆਪ ਨੇ ਮਾੜੇ, 1947 ਤੋਂ ਪਹਿਲਾਂ ਸਤਿਗੁਰੂ ਜੀ ਦਾ ੁਕਮ ਮੰਨ ਕੇ, ਵੋਟਾਂ ਪਾ ਕੇ ਬੇਦਖ਼ਲ ਹੋਏ ਮੁਜ਼ਾਰੇ, ਕਮੀਆਂ ਅਤੇ ਸੈਣੀਆਂ ਨੂੰ ਉਹਨਾਂ ੀ ਮਰਜ਼ੀ ਦੀ ਮੱਲਵੀ ਜ਼ਮੀਨ ਦਿੱਤੀ । ਵੱਡੇ, ਸਾਧਨ ਸੰਪਨ ਹੋਣ ਦੀ ਸਮੱਰਥਾ ਖਣ ਜੋਗੇ, ਜ਼ਿਮੀਦਾਰਾਂ ਨੂੰ ਪਿੰਡੋਂ ਵਿੱਥ ਉੱਤੇ ਜ਼ਮੀਨ ਦਿੱਤੀ, ਛੋਟਿਆਂ ਨੂੰ ਪਿੰਡ ਦੇ ੇੜੇ, ਹੋਰ ਛੋਟਿਆਂ ਨੂੰ ਖੂਹਾਂ ਉੱਤੇ ਪੈਲੀ ਦਿੱਤੀ । ਆਪ ਨੇ ਸਾਰਿਆਂ ਨੂੰ, ਉਹਨਾਂ ਦੇ ਜਣਾਂ-ਮਿੱਤਰਾਂ, ਰਿਸ਼ਤੇਦਾਰਾਂ ਨੂੰ ਗਰੁੱਪਾਂ ਵਿੱਚ ਇਕੱਠਾ ਕੀਤਾ ਤਾਂ ਕਿ ਉਹ ਪੁਰਾਣੀ ਾਂਝ ਦਾ ਸੁਖ ਵੀ ਲੈ ਸਕੱਣ । ਆਪ ਨੇ ਬੇਜ਼ਮੀਨੇ ਕਿਰਤੀਆਂ ਨੂੰ 400 ਏਕੜ ਥਾਂ ੱਖਰੀ ਵੰਡੀ । ਵਿਦਿਅਕ ਪਿਛੜੇਪਨ ਨੂੰ ਦੂਰ ਕਰਨ ਵਾਸਤੇ ਆਪ ਨੇ 500 ਏਕੜ ਾਂ ਵਿਦਿਆਲੇ ਲਈ ਰੱਖੀ । ਸਾਰੀ ਵੰਡ ਆਪ ਨੇ ਖ਼ੁਦ ਰਕਬਾ ਦੇਖ ਕੇ ਕੀਤੀ । ਇਸ ਵਿੱਚ, ਤਗੜਿਆਂ ਦੇ ਨਾਲ ਨਾਲ, ਆਰਥਕ ਅਤੇ ਸਮਾਜਕ ਪਖੋਂ, ਪਿਛੜੇ ਅਤੇ ਮਜ਼ੋਰ ਸਿੱਖਾਂ ਨੂੰ ਉਤਾਂਹ ਚੁੱਕਣ ਦੀ, ਆਪ ਦੀ ਰੀਝ ਵੀ ਫਲੀਭੂਤ ਹੋ ਰਹੀ ਸੀ ।

ਆਪ ਨੇ ਵੱਸੇ ਘਰਾਂ ਨੂੰ, ਨਵੇਂ ਵੱਸਣ ਵਾਲੇ ਘਰਾਂ ਦੀ ਮਦਦ ਕਰਨ ਲਈ, ਪ੍ਰੇਰਨਾ ੇਣ ਲਈ, ਦੇਸ਼ ਪ੍ਰਦੇਸ਼ ਦੇ ਦੌਰੇ ਕੀਤੇ। ਸਾਧਨ ਸੰਪਨ ਲੋਕਾਂ ਨੂੰ ਆਪ ਨੇ ਸਮਝਾਇਆ ਕ ਜੇ ਉਹ ਸਿਨੇਮਾ ਜਾਣਾ ਹੀ ਬੰਦ ਕਰ ਦੇਣ ਅਤੇ ਉਹ ਬਚਾਏ ਹੋਏ ਪੈਸੇ ਲੋੜਵੰਦਾਂ ੂੰ ਭੇਜ ਦੇਣ ਤਾਂ ਇਸ ਨਾਲ ਵੀ ਬਹੁਤ ਲੋਕਾਂ ਦਾ ਭਲਾ ਹੋ ਸਕਦਾ ਸੀ । ਆਪ ਜੀ ੇ 9 ਫਰਵਰੀ 1951 ਈ: ਨੂੰ ਬੈਂਕੋਕ ਉਪਦੇਸ਼ ਕਰਦਿਆਂ ਬਚਨ ਕੀਤਾ,

"ਇਹ ਪੈਸੇ ਤੁਹਾਡੇ, ਜਿਹੜੇ ਤੁਸੀਂ ਜਾ ਕੇ ਸਿਨਮੇ ਤੇ ਲਾਉਂਦੇ ਹੋ, ਤੁਸੀਂ ਏਨੇ ੈਸੇ ਹੀ ਮਿਹਰਬਾਨੀ ਕਰ ਕੇ, ਮੇਰੇ ਹੱਥੀ ਨਹੀਂ ਤਾਂ ਕਿਸੇ ਆਪਣੇ ਸੱਜਣ ਦੇ ਹੱਥੀਂ, ਜਿਹੜੇ ਹਿੰਦੁਸਤਾਨ ਵਿੱਚ ਤੁਹਾਡੇ ਭਰਾ ਓਧਰੋਂ ਆਏ ਹੋਏ ਹਨ; ਜਿਹੜੇ ਐਦਕਾਂ ੰਜਾਬ ਵਿੱਚ ਮਾਰੇ ਗਏ ਹਨ, ਕਾਲ ਪੈ ਗਿਆ ਹੈ । ਜਿਹੜੇ ਸਾਡੇ ਸੋਨੇ ਦੀ ਚਿੜੀ ਏਲਾਕੇ ਸੀ, ਹੜਾਂ ਨੇ ਤਬਾਹ ਕਰ ਦਿੱਤੇ ਹਨ। ਉਹਨਾਂ ਲੋਕਾਂ ਦੇ ਘਰ ਖਾਣ ਨੂੰ ਨਹੀਂ, ਉੱਤੇ ਲੈਣ ਨੂੰ ਲੀੜਾ ਨਹੀਂ, ਡੰਗਰਾਂ ਨੂੰ ਪੱਠਾ ਨਹੀਂ ਮਿਲਦਾ । ਤੁਸੀਂ ਅਗਰ (ਪੈਸੇ ਭੇਜ ਕੇ) ਏਨਾ ਰਹਿਮ ਉਹਨਾਂ ਲੋਕਾਂ ਤੇ ਕਰੋ ਤਾਂ ਖਵਰੇ ਸਤਿਗੁਰੂ ਤੁਹਾਡੀ ਕਿੱਡੀ ਹੋਰ ਸੁਣੇ ।"

ਸਤਿਗੁਰੂ ਪਰਤਾਪ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਬੀਰ ਸਿੰਘ ਜੀ ਦਾ ਅਨੰਦ ਕਾਰਜ ਗੁਰਮਤ ਅਨੁਸਾਰ ਹੀ 1951 ਈ: ਵਿੱਚ 10 ਕੱਤਕ 2008 ਬਿ: ਨੂੰ ਸ੍ਰੀ ਜੀਵਨ ਨਗਰ ਵਿੱਚ ਬੇਬੇ ਦਲੀਪ ਕੌਰ ਨਾਲ ਹੋਇਆ ।



Namdhari Elibrary NamdhariElibrary@gmail.com

ਸਿੱਖਾਂ ਨੂੰ ਬਰਤਾਨਵੀ ਹਕੂਮਤ ਸਮੇਂ, ਆਪ ਵੱਲੋਂ, ਉਹਨਾਂ ਦੀ ਨੌਕਰੀ ਕਰਨ ਦੀ ਖੁਲ੍ਹ ਨਹੀਂ ਸੀ। ਅਜ਼ਾਦ ਭਾਰਤ ਵਿੱਚ ਆਪ ਨੇ ਸਿੱਖਾਂ ਨੂੰ ਫ਼ੌਜ ਵਿੱਚ ਭਰਤੀ ਹੋਣ ਅਤੇ ਹੋਰ ਨੌਕਰੀਆਂ ਕਰਨ ਦੀ ਵੀ ਇਜਾਜ਼ਤ ਦੇ ਦਿੱਤੀ ਸੀ।

ਅੰਗਰੇਜ਼ਾਂ ਦੇ ਰਾਜ ਵਿੱਚ, ਨਾਮਧਾਰੀ ਪੰਥ ਨਾਲ ਜਾਤੀ ਅਤੇ ਜਮਾਤੀ ਤੌਰ ਉੱਤੇ ਧੱਕਾ ਹੁੰਦਾ ਰਿਹਾ ਸੀ। ਸੱਚੇ ਪਾਤਸ਼ਾਹ ਨੂੰ ਭਰੋਸਾ ਸੀ ਕਿ ਹੁਣ ਉਹ ਉਹਨਾਂ ਔਕੜਾਂ ਤੋਂ ਸੌਖਾ ਛੁਟਕਾਰਾ ਪਾ ਲੈਣਗੇ। ਆਪ ਦਾ ਇੱਕ ਪੁਰਾਣਾ ਮਸਲਾ ਨਾਭੇ ਦੀ ਬੀੜ ਮਡਾਰੜ੍ਹ ਦਾ ਸੀ। ਭਾਵੇਂ ਇਸ ਉੱਤੇ ਆਪ ਦਾ ਅਤੇ ਸਿੱਖਾਂ ਦਾ ਕਬਜ਼ਾ ਸੀ। ਪਰ ਮਲਕੀਅਤ ਬਾਰੇ ਅਜੇ ਵੀ ਰਸਤਾ ਸਾਫ਼ ਨਹੀਂ ਸੀ। ਪੰਜਾਬ ਦੀਆਂ ਰਿਆਸਤਾਂ ਦੀ ਪੈਪਸੂ ਸਰਕਾਰ ਨਾਲ ਗੱਲ ਕੀਤੀ ਗਈ ਪਰ ਆਸ ਦੇ ਅਨੁਕੂਲ ਮਿਲਵਰਤਨ ਨਾ ਮਿਲੀ। ਜ਼ਮੀਨ ਦੀ ਮਲਕੀਅਤ ਦੇ ਪੂਰੇ ਅਧਿਕਾਰ ਦੇਣ ਦੀ ਥਾਂ ਉੱਤੇ, ਉਸ ਧਰਤੀ ਉੱਤੇ ਚਰਾਉਣ ਲਈ ਡੰਗਰ ਛੱਡ ਦਿੱਤੇ ਗਏ। ਆਪ ਦੇ ਕਾਰਕੁਨ, ਕੇਂਦਰੀ ਮੰਤਰੀਆਂ ਨੂੰ ਮਿਲੇ, ਉਹਨਾਂ ਵੀ ਪੈਪਸੂ ਸਰਕਾਰ ਨੂੰ ਮਸਲਾ ਨਜਿੱਠਣ ਲਈ ਕਿਹਾ ਪਰ ਉਹਨਾਂ ਦੇ ਕਹੇ ਦਾ ਥਿੰਧੇ ਘੜੇ ਉੱਤੇ ਪਾਣੀ ਜਿੰਨਾ ਵੀ ਅਸਰ ਨਾ ਹੋਇਆ। ਸਗੋਂ ਮੁੱਖ-ਮੰਤਰੀ ਸ੍ਰੀ ਬ੍ਰਿਸ਼ ਭਾਨ ਨੇ ਧਰਤੀ ਨੂੰ ਨੀਲਾਮ ਕਰਾਉਣ ਦਾ ਹੁਕਮ ਜਾਰੀ ਕਰ ਦਿੱਤਾ।

ਅਜ਼ਾਦ ਭਾਰਤ ਵਿੱਚ, ਬੀੜ ਵਿੱਚ ਵੱਸੇ ਸਿੱਖਾਂ ਨੂੰ ਉੱਜੜਣ ਤੋਂ ਬਚਾਉਣ ਲਈ, ਸੱਚੇ ਪਾਤਸ਼ਾਹ ਜੀ ਦੇ ਸਾਹਿਬਜ਼ਾਦਿਆਂ ਬਾਬਾ ਜਗਜੀਤ ਸਿੰਘ ਅਤੇ ਬਾਬਾ ਬੀਰ ਸਿੰਘ ਜੀ ਨੇ ਬੜੀ ਭੱਜ ਨੱਸ ਕੀਤੀ। 10 ਮਈ 1955 ਨੂੰ ਕਾਨੂੰਨ ਦੀ ਮਦਦ ਲੈ ਕੇ ਨੀਲਾਮੀ ਰੁਕਵਾਈ ਗਈ। ਪੁਰਾਣਾ ਰਿਕਾਰਡ ਭਿਜਵਾਇਆ ਗਿਆ, ਗੁਆਹ ਪੇਸ਼ ਕੀਤੇ ਗਏ, ਮੁਕੱਦਮੇ ਦੀ ਪੈਰਵੀ ਕੀਤੀ ਗਈ ਅਤੇ ਜੱਜ ਨੇ 14 ਜੂਨ 1956 ਈ: ਨੂੰ ਡਿਗਰੀ ਕਰ ਦਿੱਤੀ।

ਮੁੱਖ-ਮੰਤਰੀ, ਬ੍ਰਿਸ਼ ਭਾਨ, ਨੇ ਇਸ ਫ਼ੈਸਲੇ ਦੇ ਖ਼ਿਲਾਫ਼, ਹਾਈ ਕੋਰਟ ਵਿੱਚ, ਅਪੀਲ ਕਰ ਦਿੱਤੀ। ਪੈਪਸੂ ਟੁੱਟਣ ਨਾਲ ਅਤੇ 2 ਸਤੰਬਰ 1958 ਨੂੰ ਅਪੀਲ ਖ਼ਾਰਜ ਹੋਣ ਨਾਲ, ਸਤਿਗੁਰੂ ਜੀ ਦੀ ਆਗਿਆ ਅਨੁਸਾਰ, ਬਾਬਾ ਜੀ ਦੀ ਅਗਵਾਈ ਹੇਠ ਦਿਨ ਰਾਤ ਇੱਕ ਕਰਨ ਵਾਲਿਆਂ ਨੂੰ ਅਤੇ ਬੀੜ ਵਿੱਚ ਵੱਸੇ ਪਰਵਾਰਾਂ ਨੂੰ ਸੁਖ ਦਾ ਸਾਹ ਆਇਆ।

ਭਾਰਤੀਆਂ ਨੇ ਦੇਸ਼ ਦਾ ਸ਼ਾਸਨ ਚਲਾਉਣ ਲਈ ਲੋਕ-ਤੰਤਰੀ ਪ੍ਰਣਾਲੀ ਅਪਨਾਈ ਸੀ। 1952 ਵਿੱਚ ਪਹਿਲੀਆਂ ਚੋਣਾਂ ਹੋਈਆਂ ਸਨ। ਪਰਜਾ ਨੂੰ ਆਸ ਸੀ ਕਿ, ਸਹੀ, ਇਮਾਨਦਾਰ, ਮਿਹਨਤੀ ਅਤੇ ਨਿਰਪੱਖ ਆਗੂ ਚੋਣਾਂ ਲੜ ਕੇ, ਜਿੱਤ ਕੇ ਦੇਸ਼ ਦਾ ਪ੍ਰਸ਼ਾਸਨ ਚਲਾਉਣਗੇ। ਪਰ ਚੋਣ-ਝਮੇਲਾ ਖੜ੍ਹਾ ਹੋ ਗਿਆ, ਧੜੇ ਬੰਦੀਆਂ ਬਣ ਗਈਆਂ। ਚੋਣਾਂ ਜਿੱਤਣ ਲਈ ਸਾਮ, ਦਾਮ, ਦੰਡ, ਭੇਦ ਹਰ ਹਥਿਆਰ ਵਰਤਿਆ ਜਾਣ ਲੱਗਾ। ਨਾਮਧਾਰੀ ਵੀ ਧੜੇਬੰਦੀ ਦੀ ਮਾਰ ਤੋਂ ਨਾ ਬਚ ਸਕੇ।

23 ਸਉਣ 2010 ਬਿ: ਅਗਸਤ 1953 ਈ: ਨੂੰ ਬਾਬਾ ਬੀਰ ਸਿੰਘ ਦੇ ਗ੍ਰਹਿ ਵਿਖੇ ਠਾਕਰ ਦਲੀਪ ਸਿੰਘ ਜੀ ਦਾ ਜਨਮ ਹੋਇਆ।



Namdhari Elibrary NamdhariElibrary@gmail.com

ਨਾਮਧਾਰੀਆਂ ਦੀ ਏਕਤਾ ਅਤੇ ਸਤਿਗੁਰੂ ਜੀ ਦੇ ਮੁਖਾਲਫ਼ਤ ਧੜੇ ਨੇ ਕੁਝ ਾਮਧਾਰੀਆਂ ਨੂੰ ਸਤਿਗੁਰੂ ਜੀ ਵਿਰੁਧ ਹੀ ਪਾੜ ਲਿਆ ਉਹਨਾਂ ਵਿੱਚ ਕੰਨਾਂ ਦੇ ੱਚੇ, ਕੁਝ ਆਗੂ ਵੀ ਸਨ। ਭਾਵੇਂ ਸੱਚੇ ਪਾਤਸ਼ਾਹ ਨੇ ਸਭ ਨੂੰ ਜ਼ਮੀਨ ਵੰਡ ਕੇ ਦੇ ਤੀ ਸੀ ਫਿਰ ਵੀ ਕੁਝ ਸਿੱਖਾਂ ਕੋਲੋਂ ਝੂਠੀਆਂ ਅਰਜ਼ੀਆਂ ਦੁਆਈਆਂ ਗਈਆਂ ਕਿ ਮੀਨ ਸਾਨੂੰ ਨਹੀਂ ਮਿਲੀ। ਕਲੇਮ ਵਿੱਚ ਆਈ ਜ਼ਮੀਨ ਬਾਰੇ ਕਰੀਵਾਲੇ ਦੇ ਕੁਝ ਸੱਖਾਂ ਇਹ ਲਿਖ ਕੇ, ਦੇ ਕੇ ਕਿ ਸਤਿਗੁਰੂ ਜੀ ਦੀ ਵੰਡ ਸਾਨੂੰ ਪਰਵਾਨ ਨਹੀਂ, ਰਕਾਰ ਕੋਲੋਂ ਵੰਡ ਕਰਵਾਈ।

ਕੁਝ ਸਿੱਖ ਗੁਰੂ ਤੋਂ ਹੀ ਬੇਮੁੱਖ ਹੋ ਗਏ। ਉਹਨਾਂ ਨੂੰ ਸਮਝਾਉਣ ਦੀ ਬੜੀ ਸ਼ਿਸ਼ ਕੀਤੀ ਗਈ ਪਰ ਪਤਾ ਨਹੀਂ ਉਹਨਾਂ ਨੂੰ ਕੀ ਪਾਣ ਚੜ੍ਹਾਈ ਗਈ ਸੀ; ਉਹ ਰਾਂ ਉੱਤੇ ਪਾਣੀ ਨਾ ਪੈਣ ਦੇਣ। ਉਹਨਾਂ ਦੀ ਸਗੋਂ, ਗੁਰੂ ਘਰ ਦੇ ਸ਼ਰਧਾਲੂ ਸਿੱਖਾਂ ਾਲ, ਰਿਸ਼ਤੇਦਾਰੀਆਂ ਹੋਣ ਦੇ ਬਾਵਜੂਦ, ਵਿੱਥ ਵਧਦੀ ਵਧਦੀ ਲੜਾਈ ਝਗੜਿਆਂ ੱਕ ਪਹੁੰਚਦੀ ਗਈ।

ਇੱਕ ਨਾਮਧਾਰੀ ਆਗੂ ਘਸੀਟਾ ਸਿੰਘ ਵੀ ਨਾਮਧਾਰੀ ਵਿਰੋਧੀ ਅਨਸਰ ਦਾ ਹੀ ਸਾ ਬਣ ਗਿਆ। ਸਤਿਗੁਰੂ ਜੀ ਤਾਂ ਇਲਾਕੇ ਵਿੱਚ ਪੁਲਿਸ ਦਾ ਪਰਛਾਵਾਂ ਵੀ ਹੀਂ ਸਨ ਪੈਣ ਦੇਣਾ ਚਾਹੁੰਦੇ, ਕਿਉਂਕਿ ਆਪ ਇਲਾਕੇ ਨੂੰ ਲੜਾਈ ਝਗੜਿਆਂ ਤੋਂ ਕਤ ਰੱਖਣ ਅਤੇ ਆਪਣੇ ਛੋਟੇ ਮੋਟੇ ਆਪਸੀ ਝਗੜੇ ਬਹਿ ਕੇ ਨਜਿੱਠਣ ਵਿਚ ਸੁਖ ਮਝਦੇ ਸਨ ਪਰ ਕਲਜੁਗ ਆ ਗਿਆ ਸੀ। ਪੁਲਿਸ ਨੇ ਪੈਰ ਪਸਾਰਨੇ ਸ਼ੁਰੂ ਕਰ ਦਤੇ ਸਨ।

ਸਤਿਗੁਰੂ ਤਾਂ ਸਭਨਾਂ ਦਾ ਭਲਾ ਮਨਾਉਂਦਾ ਹੈ। ਆਪ ਦਾ ਤਾਂ ਸਦਾ ਉਪਦੇਸ਼ ੈ ਕਿ ਕਿਸੇ ਦਾ ਬੁਰਾ ਕਰਨੋਂ ਬਚਿਆ ਜਾਵੇ। ਮਾੜੇ ਦੀ ਮਦਦ ਕੀਤੀ ਜਾਵੇ। ਾਪ ਆਪਣੇ ਸਿੱਖਾਂ ਨੂੰ ਗੁਰੂ ਦੀ ਸੇਵਾ ਨਾਲ ਵੀ ਗ਼ਰੀਬ ਦੀ ਸੇਵਾ ਨੂੰ ਪਹਿਲ ਦੇਣ ਾ ਉਪਦੇਸ਼ ਦੇਂਦੇ, ਰਹਿੰਦੇ ਸਨ ਇਕ ਸਮੇਂ ਆਪ ਨੇ ਬਚਨ ਕੀਤਾ, "ਗੁਰੂ ਦੀ ਵਾ ਹੈ, ਕਿਸੇ ਗ਼ਰੀਬ ਦੀ ਅਨਾਥ ਦੀ ਸੇਵਾ ਜਿਸ ਦਾ ਕੋਈ ਤੁਹਾਡੇ ਨਾਲ ਤੁਅੱਲਕ ਹੀਂ ਜਿਸ ਨੂੰ ਕੋਈ ਨਹੀਂ ਪੁੱਛਦਾ, ਉਸ ਦੀ ਸੇਵਾ ਕਰੋ, ਨਾ ਮਜ਼ਬ ਦੇਖੋ, ਨਾ ਧਰਮ ੇਖੋ, ਨਾ ਕੁਝ ਹੋਰ।"

ਬਿਹਾਰ ਵਿੱਚ ਭੁਚਾਲ ਆਉਣ ਨਾਲ ਬੜੀ ਤਬਾਹੀ ਮੱਚੀ। ਲੋਕਾਂ ਨੂੰ ਘਰ-ਘਾਟ, ੀੜੇ-ਕਪੜੇ, ਅੰਨ-ਪਾਣੀ ਦੀ ਤੋਟ ਆ ਗਈ। ਭਾਰਤ ਦੇ ਰਾਸ਼ਟਰਪਤੀ ਡਾ. ਾਜਿੰਦਰ ਪਰਸ਼ਾਦ ਜੀ, ਸ੍ਰੀ ਭੈਣੀ ਸਾਹਿਬ ਆਏ। ਭਾਵੇਂ ਸੱਚੇ ਪਾਤਸ਼ਾਹ ਉਦੋਂ ੍ਰੀ ਭੈਣੀ ਸਾਹਿਬ ਨਹੀਂ ਸਨ ਫਿਰ ਵੀ ਉਹਨਾਂ ਨੂੰ ਖੱਦਰ ਦਾ ਕਪੜਾ ਅਤੇ ਅਨਾਜ ਭਜਵਾਇਆ ਗਿਆ। ਏਸੇ ਤਰ੍ਹਾਂ ਬੰਗਾਲ ਦੇ ਅਕਾਲ ਪੀੜ੍ਹਤਾਂ ਦੀ ਮਦਦ ਲਈ .00 ਬੋਰੀ ਚੌਲ ਭਿਜਵਾਏ ਗਏ ਸਨ।

1956 ਵਿੱਚ ਪੰਜਾਬ ਵੀ ਹੜ੍ਹਾਂ ਦੀ ਮਾਰ ਹੇਠ ਆ ਗਿਆ। ਉਹਨਾਂ ਦੀ ਮਦਦ ੂ ਧਿਆਨ, ਵਿੱਚ ਰੱਖਦੇ ਹੋਏ ਆਪ ਨੇ ਹਰ ਪਰਕਾਰ ਦੀ ਸਹਾਇਤਾ ਕੀਤੀ।

ਸਤਿਗੁਰੂ ਜੀ ਨੇ ਲੋਕ ਪਰਲੋਕ ਸੁਆਰਨ ਲਈ ਹੋਲੇ ਦਾ ਮੇਲਾ ਪਹਿਲਾਂ ਵਾਂਗ



Namdhari Elibrary NamdhariElibrary@gmail.com

ਹੀ, ਮਿਲ ਕੇ ਕਰਨ ਦੀ ਬਿਰਤੀ ਬਣਾਈ ਰੱਖੀ। ਪਰ ਸ੍ਰੀ ਜੀਵਨ ਨਗਰ ਦੇ ਇਲਾਕੇ ਦੇ ਸਿੱਖਾਂ ਦੇ ਸੁਖ ਸਹੂਲਤ ਵੱਲ ਉਚੇਚਾ ਧਿਆਨ ਦੇਂਦਿਆਂ ਆਪ ਨੇ 6 ਹੋਲੇ ਏਸੇ ਇਲਾਕੇ ਵਿੱਚ ਕੀਤੇ। ਵਿਦੇਸ਼ਾਂ ਦੀਆਂ ਸੰਗਤਾਂ ਦੀਆਂ ਅਰਜਾਂ ਪਰਵਾਨ ਕਰ ਕੇ ਆਪ ਨੇ 2 ਹੋਲੇ—ਇਕ ਬੈਂਕੋਕ, ਥਾਈਲੈਂਡ ਅਤੇ ਇਕ ਕੰਪਾਲਾ, ਯੂਗੰਡਾ ਵਿੱਚ ਵੀ ਕੀਤਾ। ਨਾਮਧਾਰੀ ਸ਼ਹੀਦਾਂ ਦੀ ਥਾਂ ਮਲੇਰ ਕੋਟਲਾ ਵੀ ਸਿੱਖਾਂ ਲਈ ਹੁਣ ਵਰਜਿਤ ਥਾਂ ਨਹੀਂ ਸੀ। ਸੰਗਤ ਆਪ ਦੀ ਹਜ਼ੂਰੀ ਵਿੱਚ ਉਸ ਥਾਂ ਉੱਤੇ ਇਕੱਤਰ ਹੋ ਕੇ ਵੀ ਉਹਨਾਂ ਦੀ ਯਾਦ ਵਿੱਚ ਜੁੜ ਕੇ ਬੈਠਦੀ ਸੀ।

ਭਾਰਤ ਦੀਆਂ ਦੂਜੀਆਂ ਆਮ ਚੋਣਾਂ ਸਮੇਂ, ਪੰਜਾਬ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸਰਸੇ ਦੀ ਸੀਟ ਉੱਤੇ, ਕਾਂਗਰਸ ਵੱਲੋਂ ਸਤਿਗੁਰੂ ਜੀ ਦੀ ਮਰਜੀ ਦਾ ਅਤੇ ਸਹੀ ਉਮੀਦਵਾਰ ਨਹੀਂ ਸੀ। ਸ੍ਰੀ ਜੀਵਨ ਨਗਰ ਦਾ ਇਲਾਕਾ ਵੀ ਉਸੇ ਹਲਕੇ ਵਿੱਚ ਪੈਂਦਾ ਸੀ। ਸਾਧ ਸੰਗਤ ਨੇ, ਆਪ ਜੀ ਦੀ ਆਗਿਆ ਅਨੁਸਾਰ ਉਸ ਦੀ ਥਾ ਵੈਦ ਰਾਮ ਦਿਆਲ ਨੂੰ ਵੋਟਾਂ ਪਾ ਕੇ ਐਮ. ਐਲ. ਏ. ਦੀ ਸੀਟ ਤੋਂ ਜਿਤਾਇਆ। ਇਸ ਨਾਲ ਗੁਰੂ ਘਰ ਦੇ ਵਿਰੋਧੀ ਲੋਕਾਂ ਨੂੰ ਹੋਰ ਪਰੇਸ਼ਾਨੀ ਹੋ ਗਈ। ਉਹਨਾਂ ਆਪਣਾ ਗੁੱਸਾ ਕੱਢਣ ਲਈ ਘਸੀਟਾ ਸਿੰਘ ਨੂੰ ਹਥਿਆਰ ਬਣਾ ਕੇ ਵਰਤਣਾ ਸ਼ੁਰੂ ਕੀਤਾ। ਘਸੀਟਾ ਸਿੰਘ ਨੇ ਹਜ਼ਾਰਾ ਸਿੰਘ, ਸੰਤੋਖ ਸਿੰਘ ਨਾਲ ਸੰਤ ਨਗਰ ਤੋਂ ਹਾਰਨੀ ਜ਼ਮੀਨ ਦਾ ਤਬਾਦਲਾ ਕੀਤਾ ਸੀ। ਸਾਰੀ ਲਿਖਤ ਪੜ੍ਹਤ ਵੀ ਹੋ ਗਈ ਸੀ, ਲੈਣ ਦੇਣ ਵੀ ਨਜਿੱਠ ਲਿਆ ਗਿਆ ਸੀ ਕਬਜ਼ਾ ਵੀ ਲੈ ਦੇ ਲਿਆ ਸੀ। ਉਸ ਨੇ ਕਿਸੇ ਦੇ ਚੁੱਕੇ ਚੁੱਕਾਏ ਫਿਰ, ਸੰਤ ਨਗਰ ਵਾਲੀ ਜ਼ਮੀਨ ਲੈਣ ਲਈ ਅਰਜ਼ੀ ਦੇ ਦਿੱਤੀ। ਥਾਣੇਦਾਰ ਅਤੇ ਨਾਇਬ ਤਹਿਸੀਲਦਾਰ, ਹਾਈਕੋਰਟ ਵੱਲੋਂ ਦੂਜੀ ਧਿਰ ਨੂੰ ਮਿਲੇ ਆਰਜ਼ੀ ਸਟੇ ਦੇ ਬਾਵਜੂਦ ਉਸ ਨੂੰ ਕਬਜ਼ਾ ਦਿਵਾਉਣ ਲਈ, 20 ਮਈ 1958 ਨੂੰ ਦਲ ਬਲ ਨਾਲ ਸੰਤ ਨਗਰ ਗਏ। ਉਹ ਖੇਤਾਂ ਵਿੱਚ ਹੱਥਾਂ ਵਿੱਚ ਮਾਲਾ ਫੜ ਕੇ ਬੈਠੇ ਸਿੱਖਾਂ, ਉਸ ਸਮੇਂ ਆਈ ਲਾਲ ਸੁਰਖ ਹਨੇਰੀ ਅਗੇ, ਕਬਜ਼ਾ ਦਿਵਾਉਣ ਵਿੱਚ ਕਾਮਯਾਬ ਨਾ ਹੋ ਸੱਕੇ।

16 ਅਗਸਤ 1958 ਈ: ਨੂੰ ਬਾਬਾ ਬੀਰ ਸਿੰਘ ਦੇ ਗ੍ਰਿਹਿ ਵਿਖੇ ਇਕ ਹੋਰ ਸਪੁੱਤਰ ਨੇ ਜਨਮ ਲਿਆ ਜਿਸ ਦਾ ਨਾਂ ਠਾਕੁਰ ਉਦੇ ਸਿੰਘ ਰੱਖਿਆ ਗਿਆ।

ਗੁਰੂ ਘਰ ਅਤੇ ਗੁਰਸਿੱਖਾਂ ਲਈ ਪਰੇਸ਼ਾਨੀ ਪੈਦਾ ਕਰਨ, ਉਹਨਾਂ ਨੂੰ ਦੁਖੀ ਕਰਨ ਲਈ ਹੋਰ ਵੀ ਅਰਜ਼ੀਆਂ ਦਿੱਤੀਆਂ ਗਈਆਂ ਜਿਨ੍ਹਾਂ ਵਿਚ ਆਪਣੀ ਮਰਜ਼ੀ ਨਾਲ ਖੇਤ ਲੈ ਕੇ, ਉਸ ਦੇ ਖਿਲਾਫ਼ ਹੀ ਦਰਖਾਸਤਾਂ ਦਿੱਤੀਆਂ ਗਈਆਂ। ਇਸ ਸੰਕਟ ਸਮੇਂ ਹੀ ਘਸੀਟਾ ਸਿੰਘ ਦਾ ਕਤਲ ਹੋ ਗਿਆ। ਜਿਸ ਨਾਲ ਵਿਰੋਧੀਆਂ ਨੂੰ ਗੁਰੂ ਘਰ ਉੱਤੇ ਵਾਰ ਕਰਨ ਦਾ ਇਕ ਹੋਰ ਮੌਕਾ ਮਿਲ ਗਿਆ। ਉਹਨਾਂ ਨੇ ਕਾਤਲਾਂ ਵਿਚ ਬਾਬਾ ਬੀਰ ਸਿੰਘ ਜੀ ਦਾ ਨਾਂ ਵੀ ਲਿਖਾ ਦਿੱਤਾ।

ਗੁਰੂ ਘਰ ਸਮਝਦਾ ਸੀ ਕਿ ਸਰਕਾਰ ਕਿਸੇ ਓਪਰੇ ਦੀ ਨਹੀਂ ਸੀ, ਉਹਨਾਂ ਨਾਲ ਰਲ ਕੇ, ਸੁਤੰਤਰਤਾ ਸੰਗਰਾਮ ਕਰਨ ਵਾਲੇ, ਹਿੰਦੁਸਤਾਨੀਆਂ ਦੀ ਹੀ ਸੀ। ਉਸ ਸਰਕਾਰ ਦੇ ਹਾਕਮਾਂ ਨੂੰ ਸੱਚੋ ਸੱਚ ਦੱਸ ਕੇ ਹੁੰਦੇ ਅਨਿਆਂ ਤੋਂ ਬਚਿਆ ਜਾ ਸਕੇਗਾ। ਬਾਬਾ ਜਗਜੀਤ ਸਿੰਘ ਜੀ ਨੂੰ ਇਸ ਬਾਰੇ ਭੱਜ ਨੱਸ ਕਰਨੀ ਪਈ। ਉਹਨਾ ਪੈਰੀ



Namdhari Elibrary NamdhariElibrary@gmail.com

ਸੂਤੀ ਨਹੀਂ ਪਾਟੀ। ਅੰਨ-ਜਲ ਗ੍ਰਹਿਣ ਕਰਨ ਦੀ ਪਰਵਾਹ ਨਾ ਕਰਦਿਆਂ ਉਹਨਾਂ ਆਪਣੇ ਨਿਰਦੋਸ਼ ਭਰਾ ਅਤੇ ਨਿਰਦੋਸ਼ ਸਿੱਖਾਂ ਬਾਰੇ ਜਾ ਕੇ ਪੰਜਾਬ ਦੇ ਮੁੱਖ-ਮੰਤਰੀ ਸ੍ਰ. ਪਰਤਾਪ ਸਿੰਘ ਕੈਰੋਂ ਨਾਲ ਗੱਲਬਾਤ ਕੀਤੀ ਉਸ ਨੇ ਗੱਲ ਹੀ ਨਾ ਗੌਲੀ। ਆਪ ਪੰਡਤ ਜਵਾਹਰ ਲਾਲ ਨਹਿਰੂ, ਭਾਰਤ ਦੇ ਪ੍ਰਧਾਨ-ਮੰਤਰੀ ਕੋਲ ਵੀ ਗਏ, ਉਸ ਨੇ ਵੀ ਟਰਕਾ ਦਿੱਤਾ। ਬਾਬਾ ਜੀ ਅਤੇ ਸਿੱਖ ਪਰੇਸ਼ਾਨ ਸਨ। ਉਹਨਾਂ ਨੂੰ ਕੁਝ ਸੁਝ ਨਹੀਂ ਸੀ ਰਿਹਾ ਕਿ ਕੀ ਕਰਨ ਕਿਉਂਕਿ ਰਾਜ ਕਰਨ ਵੇਲੇ, ਤਪ ਕਰਨ ਵਾਲੀ ਬੁਧੀ ਨਹੀਂ ਸੀ ਰਹੀ।

ਆਪਣੇ ਵਕੀਲ ਨਾਲ ਮਤਾ ਮੇਲ ਕੇ ਬਾਬਾ ਬੀਰ ਸਿੰਘ ਜੀ 11 ਅਗਸਤ 1958 ਈ: ਨੂੰ ਸਰਸੇ ਦੀ ਅਦਾਲਤ ਵਿੱਚ ਹਾਜ਼ਰ ਹੋ ਗਏ। ਉਥੇ ਹੀ ਆਪ ਜੀ ਨੂੰ ਗਰਿਫ਼ਤਾਰ ਕਰ ਲਿਆ ਗਿਆ। ਭਾਵੇਂ ਬਾਬਾ ਜੀ ਦੇ ਨਾਂ ਉੱਤੇ ਕੋਈ ਜ਼ਮੀਨ ਜਾਇਦਾਦ ਨਹੀਂ ਸੀ ਫਿਰ ਵੀ ਡੇਰੇ ਦੀਆਂ ਕੀਮਤੀ ਗਊਆਂ, ਮੱਝਾਂ, ਘੋੜੇ, ਚੱਕੀ, ਪ੍ਰੈੱਸ ਆਦਿ ਕੁਰਕ ਕਰ ਲਏ ਗਏ ਸਨ। ਵੱਡੇ ਬਾਬਾ ਜੀ ਨੂੰ ਨਾ ਥਕੇਵਾਂ, ਨਾ ਚੈਨ ਬੱਸ ਭਾਜੜ ਹੀ ਭਾਜੜ। ਖੱਬੇ-ਪੱਖੀਆਂ ਦੇ ਆਗੂ ਹਰਕ੍ਰਿਸ਼ਨ ਸਿੰਘ ਸੁਰਜੀਤ ਨੇ ਇਸ ਅਨਿਆਂ ਅਤੇ ਧੱਕੇ ਵਿਰੁਧ ਅੰਦੋਲਨ ਕਰਨ ਲਈ ਪੇਸ਼ਕਸ਼ ਕੀਤੀ। ਸਤਿਗੁਰੂ ਜੀ ਨੇ ਕਿਸੇ ਵੀ ਪਾਰਟੀ ਵੱਲੋਂ ਮਦਦ ਲੈਣ ਤੋਂ ਸਾਫ਼ ਇਨਕਾਰ ਕਰ ਦਿੱਤਾ।

ਸਰਸੇ ਦੀ ਅਦਾਲਤ ਵਿੱਚੋਂ ਨਿਆਂ ਮਿਲਣ ਦੀ ਆਸ ਟੁੱਟ ਜਾਣ ਕਰਕੇ ਮੁਕੱਦਮਾ ਫ਼ਿਰੋਜ਼ਪੁਰ ਟ੍ਰਾਂਸਫਰ ਕਰਵਾਇਆ ਗਿਆ। ਉੱਥੇ ਬਾਬਾ ਜੀ ਨੂੰ ਪੰਜਾਬ ਦੇ ਵਜ਼ੀਰ ਮਿਲਣ ਤਾਂ ਆਏ ਪਰ ਧੇਲੇ ਦੀ ਮਦਦ ਨਾ ਕੀਤੀ। ਲੱਗਭਗ 8 ਮਹੀਨੇ ਬਾਅਦ ਜੱਜ ਦੇ ਫੈਸਲੇ ਅਨੁਸਾਰ, 29 ਅਪਰੈਲ, 1959 ਨੂੰ ਬਾਬਾ ਜੀ ਬਰੀ ਕਰ ਦਿੱਤੇ ਗਏ। ਸਾਧ ਸੰਗਤ ਨੇ ਘਿਉ ਦੇ ਦੀਵੇ ਬਾਲੇ। ਵੱਡੇ ਬਾਬਾ ਜੀ ਨੇ ਸੁੱਖ ਦਾ ਸਾਹ ਲਿਆ। ਮਹਾਰਾਜ (ਬਾਬਾ) ਬੀਰ ਸਿੰਘ ਜੀ ਨੇ ਉਸ ਦੌਰਾਨ ਕੀਤੀ ਗਈ ਸਾਧ ਸੰਗਤ ਵਲੋਂ ਬੰਦਗੀ ਦੀ ਇਹਨਾਂ ਸ਼ਬਦਾਂ ਵਿੱਚ ਸ਼ਲਾਘਾ ਕੀਤੀ :

"ਮੇਰੀ ਗਰਿਫ਼ਤਾਰੀ ਅਤੇ ਜੇਲ੍ਹ ਵਿੱਚ ਰਹਿਣ ਦੇ ਦੌਰਾਨ, ਨਾਮਧਾਰੀ ਸਾਧ ਸੰਗਤ ਵਿੱਚ ਬਹੁਤ ਬੇਚੈਨੀ ਬਣੀ ਰਹੀ। ਮੇਰੀਆਂ ਊਣਤਾਈਆਂ ਨੂੰ ਨਾ ਵੇਖਦਿਆਂ ਹੋਇਆਂ ਸਾਧ ਸੰਗਤ ਨੇ ਮੇਰੀ ਬੰਦਖ਼ਲਾਸੀ ਵਾਸਤੇ ਜੋ ਭਜਨ ਬੰਦਗੀ ਅਤੇ ਅਰਦਾਸੇ ਕੀਤੇ ਉਹਨਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਮੈਂ ਇਸ ਦਾ ਦੇਣਾ ਨਹੀਂ ਦੇ ਸਕਦਾ।"

—ਨਾਮਧਾਰੀ ਅਤੇ ਕਾਂਗਰਸ

29 ਅਪਰੈਲ, ਨੂੰ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਅਚਾਨਕ ਫ਼ਿਰੋਜ਼ਪੁਰ ਦੀ ਕਚਹਿਰੀ ਵਿੱਚ ਦਰਸ਼ਨ ਦਿੱਤੇ। ਬਾਬਾ ਬੀਰ ਸਿੰਘ ਜੀ ਨੇ ਵੀ ਆਪ ਦੇ ਚਰਨ ਪਰਸੇ, ਉਹਨਾਂ ਦੀ ਅਰਜ਼ ਮੰਨ ਕੇ ਆਪ ਨੇ ਜੇਲ੍ਹ ਵਿੱਚ ਹੋਰ ਕੈਦੀਆਂ ਨੂੰ ਵੀ ਦਰਸ਼ਨ ਦਿੱਤੇ।

ਸੱਚੇ ਪਾਤਸ਼ਾਹ ਜੀ, ਉਹਨਾਂ ਨੂੰ ਨਾਲ ਲੈ ਕੇ ਸ੍ਰੀ ਭੈਣੀ ਸਾਹਿਬ ਪਹੁੰਚੇ। ਉੱਥੇ ਗੱਦੀ ਅਤੇ ਲੋਹ ਨੂੰ ਮੱਥਾ ਟੇਕ ਕੇ ਸਰਸੇ ਅੱਪੜੇ, ਧਰਮਸ਼ਾਲਾ ਵਿੱਚ ਦਿਵਾਨ ਲੱਗਾ



Namdhari Elibrary NamdhariElibrary@gmail.com

ਹੋਇਆ ਸੀ । ਸੰਤ ਕਰਮ ਸਿੰਘ ਜੀ ਬਾਲਮ ਦੀ ਧਾਰਨਾ ਸੀ :

ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ।

ਉੱਥੇ ਦਰਸ਼ਨ ਦੇ ਕੇ, ਆਪ ਸ੍ਰੀ ਜੀਵਨ ਨਗਰ ਪਹੁੰਚੇ ।

ਗੁਰੂ ਘਰ ਦੇ ਦੋਖੀਆਂ ਲਈ ਭਾਵੇਂ ਇਹ ਵੱਡੀ ਹਾਰ ਸੀ ਪਰ ਇਸ ਨਾਲ ਵੀ ਉਹਨਾਂ ਅੜੂਹੇ ਵਾਲਾ ਸੁਭਾਅ ਨਹੀਂ ਛਡਿਆ । ਉਹਨਾਂ ਨੇ ਸਤਿਗੁਰੂ ਜੀ ਖ਼ਿਲਾਫ਼ ਦਿਵਾਨੀ ਦੇ 14 ਕੇਸ ਕਰ ਦਿੱਤੇ । ਉਹਨਾਂ ਕੇਸਾਂ ਵਿੱਚ ਵੀ ਝੂਠ ਹੀ ਝੂਠ ਸੀ । ਪਰ ਉਹ ਸਤਿਗੁਰੂ ਜੀ ਨੂੰ ਕਚਹਿਰੀ ਚੜ੍ਹਾਉਣਾ ਚਾਹੁੰਦੇ ਸਨ । ਉਂਜ ਲੱਗਭਗ ਸਾਰੇ ਕੇਸ ਮੁਖ਼ਤਿਆਰ ਜਾਂ ਵਕੀਲ ਹੀ ਲੜਦੇ ਹਨ ਪਰ ਪ੍ਰਤਿਵਾਦੀਆਂ ਦੇ ਜ਼ੋਰ ਦੇਣ ਉੱਤੇ ਜੱਜ ਨੇ 24 ਅਗਸਤ, 1959 ਈ; ਦੀ ਤਾਰੀਖ਼ ਪਾਈ ਅਤੇ ਸਤਿਗੁਰੂ ਜੀ ਦੇ ਆਪ ਹਾਜ਼ਰ ਹੋ ਕੇ ਬਿਆਨ ਦੇਣ ਬਾਰੇ ਕਹਿ ਦਿੱਤਾ ।

ਸਤਿਗੁਰੂ ਜੀ ਦਾ ਸਰੀਰ ਕੁਝ ਢਿੱਲਾ ਚੱਲ ਰਿਹਾ ਸੀ । ਪਤਾ ਨਹੀਂ ਉਹ ਆਪਣੇ ਮਨ ਉੱਤੇ ਕਿੰਨਾ ਕੁ ਭਾਰ ਲਈ ਫਿਰਦੇ ਸਨ ! ਪਰ ਆਪ ਇਹਨਾਂ ਕਚਹਿਰੀਆਂ ਨੂੰ ਸਦਾ ਝੂਠਾ ਕਹਿੰਦੇ ਸਨ । ਝੂਠੀ ਕਚਹਿਰੀ ਵਿੱਚ ਜਾ ਕੇ ਉਹਨਾਂ ਦਾ ਬਿਆਨ ਦੇਣਾ ਤਾਂ ਅਸੰਭਵ ਹੀ ਸੀ ।

ਆਪ ਨੇ ਅਰਾਮ ਕਰਨ ਲਈ, ਕੁਝ ਗਰਮੀ ਤੋਂ ਬਚਣ ਲਈ ਅਤੇ ਕੁਝ ਆਪਣੇ ਮਨ ਵਿੱਚ ਚਿਤਵੇ ਪ੍ਰੋਗਰਾਮਾਂ ਅਨੁਸਾਰ ਚੱਲਣ ਲਈ, 8 ਮਈ, 1959 ਈ: ਨੂੰ ਮੰਡੀ ਜਾਣ ਦਾ ਮਨ ਬਣਾਇਆ । ਉਹਨਾਂ ਨੇ ਸ੍ਰੀ ਜੀਵਨ ਨਗਰ ਤੋਂ ਤੁਰਨ ਸਮੇਂ, ਪ੍ਰੀਤਮ ਸਿੰਘ ਕਵੀ ਜੀ ਦੇ ਸ਼ਬਦਾਂ ਵਿੱਚ, ਸਿੱਖਾਂ ਨੂੰ ਇੰਜ ਫ਼ੁਰਮਾਇਆ, "ਮੇਰਾ ਕੋਈ ਪਤਾ ਨਹੀਂ ਕਦੋਂ ਆਵਾਂ ਜਾਂ ਨਾ ਆਵਾਂ । ਹੁਣ ਤੋਂ ਏਥੇ ਵੱਡੇ ਕਾਕੇ (ਸਤਿਗੁਰੂ ਜਗਜੀਤ ਸਿੰਘ) ਨੇ ਰਹਿਣਾ ਹੈ । ਜਿਸ ਦੀ ਉਸ ਨਾਲ ਬਣਦੀ ਹੈ ਉਹ ਰਹੇ ਜਾਂ ਜਿਸ ਬਣਾ ਕੇ ਰੱਖਣੀ ਹੈ । ਜਿਸ ਉਸ ਦੇ ਆਖੇ ਨਹੀਂ ਲਗਣਾ ਉਹ ਬੇਸ਼ਕ ਬਿਸਤਰਾ ਗੋਲ ਕਰ ਲਏ । ਸਾਡੀ ਉਸ ਤੇ ਹੀ ਖ਼ੁਸ਼ੀ ਹੋਵੇਗੀ ।" —ਬੀਤੇ ਦੀਆਂ ਪੈੜਾਂ-1

ਮੰਡੀ ਸੱਚੇ ਪਾਤਸ਼ਾਹ ਜੀ ਦਾ ਡੇਰਾ ਦਰਿਆ ਬਿਆਸ ਦੇ ਕੰਢੇ ਵਾਲੀ ਕੋਠੀ ਵਿੱਚ ਸੀ । ਨਿਜੀ ਸੇਵਕ, ਬਾਬਾ ਬੀਰ ਸਿੰਘ ਜੀ ਅਤੇ ਹੋਰ ਵੀ ਪਰਚਾਰਕ ਤੇ ਸਾਹਿਤਕਾਰ ਆਪ ਦੇ ਨੇੜੇ ਰਹਿੰਦੇ ਸਨ । ਨਿਤਨੇਮ ਅਤੇ ਸ਼ਬਦ ਕੀਰਤਨ ਰੋਜ਼ ਹੁੰਦਾ ਸੀ । ਆਪ ਰੋਜ਼ਾਨਾ ਦੋ ਵਾਰ ਟਬ ਬਾਥ ਵੀ ਕਰਦੇ ਸਨ ਪਰ ਆਪ ਜੀ ਦਾ ਸਰੀਰ ਥੱਲੇ ਹੀ ਥੱਲੇ ਜਾ ਰਿਹਾ ਸੀ ।

ਇੱਕ ਦਿਨ ਚਕਰਵਰਤੀ ਜੀ ਨੇ, ਆਪ ਜੀ ਦੀ ਗੱਦੀ ਨਸ਼ੀਨੀ ਤੱਕ, ਜੋੜ ਕਾ ਜਾਮਾ, ਪੁਸਤਕ ਸੁਣਾ ਕੇ, ਕੁਝ ਪੁੱਛਣ ਦੀ ਇਜਾਜ਼ਤ ਲੈ ਕੇ ਆਪ ਨਾਲ ਇੰਜ ਵਾਰਤਾਲਾਪ ਕੀਤਾ :

"ਮੇਰੀ ਅਰਦਾਸ ਹੈ ਕਿ ਆਪ ਹਜ਼ਾਰ ਸਾਲ ਸਾਨੂੰ ਦਰਸ਼ਨ ਦੇਂਦੇ ਰਹੋ ਤੇ ਇੱਕ ਇੱਕ ਸਾਲ ਦੇ ਦਿਨ ਹਜ਼ਾਰ ਹਜ਼ਾਰ ਹੋਣ ਪਰ..."

"ਅਸਾਂ ਗੱਲ ਸਮਝ ਲਈ ਹੈ । ਇਸ ਦਾ ਫੈਸਲਾ ਤਾਂ ਅਸੀਂ ਜੀਵਨ ਨਗਰ ਤੋਂ ਤੁਰਨ ਸਮੇਂ ਹੀ ਕਰ ਆਏ ਹਾਂ ।" ਹਜ਼ੂਰ ਨੇ ਸਾਦਰ ਕੀਤਾ । "...ਮੈਂ..."



Namdhari Elibrary NamdhariElibrary@gmail.com

"ਡਰ ਨਾ ਮੈਂ ਵੱਡੇ ਕਾਕੇ ਨੂੰ ਸਭ ਧਾਰਮਿਕ ਕੰਮਾ ਵਿੱਚ ਨਿਪੁੰਨ ਕਰ ਦਿੱਤਾ ਹੈ। ਛੋਟਾ ਦੁਨਿਆਵੀ ਕੰਮਾਂ ਵਿੱਚ ਬਹੁਤ ਸਿਆਣਾ ਹੈ। ਮੇਰੇ ਪੁੱਤਰਾਂ ਤੋਂ ਮੈਨੂੰ ਪੂਰਾ ਭਰੋਸਾ ਹੈ ਕਿ ਉਹ ਆਪੋ ਆਪਣੇ ਥਾਂ ਖਲੋ ਕੇ ਪਿਆਰ ਮੁਹੱਬਤ ਨਾਲ ਮਿਲਵਰਤਣ ਕਰਦੇ ਹੋਏ ਮੇਰੇ ਹੁਕਮ ਦੀ ਪਾਲਣਾ ਕਰਨਗੇ।" —ਅਟੱਲ ਪ੍ਰਤਾਪ

ਸਤਿਗੁਰੂ ਜੀ ਦੀ ਦੇਹ ਦੇ ਅਰੋਗ ਹੋਣ ਦੀ ਸੰਭਾਵਨਾ ਘਟਣ ਨਾਲ 17 ਅਗਸਤ 1959 ਈ: ਨੂੰ ਆਪ ਜੀ ਨੂੰ ਸ੍ਰੀ ਭੈਣੀ ਸਾਹਿਬ ਲਿਆਂਦਾ ਗਿਆ। ਗੋਲ ਮੰਦਰ ਆਪ ਜੀ ਦੀ ਰਿਹਾਇਸ਼ਗਾਹ ਬਣਾਈ ਗਈ। ਵੈਦ ਹਕੀਮ ਸੱਦੇ ਗਏ, ਉਹਨਾਂ ਇੱਕ ਦੋ ਦਿਨ ਆਪਣਾ ਚਾਰਾ ਲਾਇਆ ਪਰ ਮੋੜਾ ਨਾ ਪਿਆ। ਫਿਰ ਆਪ ਦੁਆਈ ਲੈਣੀ ਵੀ ਛੱਡ ਦਿੱਤੀ।

ਅੰਤ ਬਿਖੜੇ ਪੈਂਡੇ-ਲੰਮੇ ਰਸਤੇ ਤੈਅ ਕਰਦਾ ਇਹ ਸਰਗੁਣ ਸਰੂਪ ਆਪਣੀ ਨਿਰਗੁਣ ਅਵਸਥਾ ਵਿੱਚ ਆ ਗਿਆ। ਪ੍ਰੀਤਮ ਸਿੰਘ ਕਵੀ ਦੇ ਸ਼ਬਦਾਂ ਵਿੱਚ :

"69½ ਸਾਲ ਦੀ ਆਯੂ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਸਰਕਾਰੀ ਕੁਚੱਕਰਾਂ ਦੇ ਰੂਬਰੂ, ਆਪਣੇ ਸਵੈਮਾਣ, ਪਰੰਪਰਾ ਅਤੇ ਸੁਹਿਰਦਤਾ ਨੂੰ ਕਾਇਮ ਰਖਦੇ ਹੋਏ ਸ੍ਰੀ ਭੈਣੀ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ।" —ਵਡ ਪਰਤਾਪੁ ਅਸਚਰਜ ਰੂਪ

ਆਪ, 22 ਅਗਸਤ, 1959 ਈ: ਨੂੰ, ਅੰਮ੍ਰਿਤ ਵੇਲੇ 12-30 ਵਜੇ ਹੀ ਨਾਮਧਾਰੀ ਪੰਥ ਨੂੰ ਰੋਂਦਿਆਂ, ਕੁਰਲਾਂਦਿਆਂ, ਵਿਲਕਦਿਆਂ, ਇਕੱਲਿਆਂ ਛੱਡ ਗਏ। ਇੱਕ ਵਾਰ ਤਾਂ ਬਿਜਲੀ ਕੜਕੀ ਅਤੇ ਘੁੱਪ ਹਨ੍ਹੇਰਾ ਹੋ ਗਿਆ। ਇੱਕ ਯੁਗ ਖ਼ਤਮ ਹੋ ਗਿਆ। ਆਪ ਜੀ ਦੇ ਸ਼ਰਧਾਵਾਨਾਂ ਨੇ, ਉਹਨਾਂ ਨੂੰ ਜਿਹੜੀ ਵੀ ਸਵਾਰੀ ਮਿਲੀ, ਲੈ ਕੇ ਆਪ ਜੀ ਦੇ ਅੰਤਮ ਦਰਸ਼ਨਾਂ ਨੂੰ ਸ੍ਰੀ ਭੈਣੀ ਸਾਹਿਬ ਨੂੰ ਧਾਈ ਕੀਤੀ। ਉਸੇ ਸ਼ਾਮ ਨੂੰ ਹੀ ਆਪ ਜੀ ਦੀ ਦੇਹ ਦਾ ਚੰਦਨ ਦੀ ਚਿਖਾ ਵਿੱਚ, ਅੰਤਮ ਸਸਕਾਰ ਕੀਤਾ ਗਿਆ।

23 ਅਗਸਤ, 1959 ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਨਵਾਂ ਸੂਰਜ ਉਦੇ ਹੋਇਆ; ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਗੱਦੀ ਨੂੰ ਸੁਸ਼ੋਭਤ ਕੀਤਾ। ਮਹਾਰਾਜ ਨਿਹਾਲ ਸਿੰਘ, ਬਾਬਾ ਜੰਗ ਸਿੰਘ ਜੀ ਮਹਾਰਾਜ, ਭਾਈ ਵਜ਼ੀਰ ਸਿੰਘ, ਸੰਤ ਰਤਨ ਸਿੰਘ, ਸੰਤ ਇੰਦਰ ਸਿੰਘ ਚਕਰਵਰਤੀ ਆਦਿ ਨੇ ਪਹਿਲੋਂ ਆਪ ਜੀ ਨੂੰ ਮੱਥਾ ਟੇਕਿਆ ਅਤੇ ਬਾਕੀ ਸੰਗਤ ਨੇ ਵੀ ਨਮਸਕਾਰ ਕੀਤੀ।

10 ਸਤੰਬਰ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਭੋਗ ਦਾ ਮੇਲਾ ਕੀਤਾ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ, ਧਾਰਮਿਕ, ਰਾਜਨੀਤਿਕ, ਸਮਾਜਕ ਆਗੂਆਂ, ਅਖਬਾਰਾਂ ਦਿਆਂ ਨੁਮਾਇੰਦਿਆਂ ਅਤੇ ਸ਼ਰਧਾਵਾਨ ਸਿੱਖਾਂ ਨੇ ਦਰਸ਼ਨ ਦਿੱਤੇ। ਇਸ ਦਿਨ ਹੀ ਮਹਾਰਾਜ ਬੀਰ ਸਿੰਘ ਦੇ ਸ਼ਬਦਾਂ ਵਿੱਚ :

"ਸ੍ਰੀ ਸਤਿਗੁਰੂ ਜੀ ਦੇ ਸਦਾ ਨਿਕਟਵਰਤੀ ਭਾਈ ਸਾਹਿਬ ਭਾਈ ਵਜ਼ੀਰ ਸਿੰਘ ਜੀ ਹੱਥੀਂ ਨਾਮਧਾਰੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦਸਤਾਰ ਅਰਪਣ ਕੀਤੀ ਗਈ।" —ਨਾਮਧਾਰੀ ਅਤੇ ਕਾਂਗਰਸ

ਨਾਮਧਾਰੀ ਸਿੱਖਾਂ ਵੱਲੋਂ ਦਸਤਾਰ ਭੇਟ ਕੀਤੇ ਜਾਣ ਉਪਰੰਤ, ਸਿੱਖ ਸਾਧ ਵੱਲੋਂ ਹੋਰ ਦਸਤਾਰ ਭੇਟ ਕੀਤੇ ਜਾਣ ਦੀ ਆਗਿਆ ਨਹੀਂ ਸੀ। ਗ਼ੈਰ-ਨਾਮਧਾਰੀ



Namdhari Elibrary NamdhariElibrary@gmail.com

ਸ਼ਖਸੀਅਤਾ, ਸੰਪਰਦਾਵਾ ਤੇ ਪੰਚਾਇਤਾਂ ਆਦਿ ਨੂੰ ਉਹਨਾਂ ਦੀਆ ਲਿਆਂਦੀਆਂ ਦਸਤਾਰਾਂ ਅਤੇ ਕੇਵਲ ਇੱਕ ਇੱਕ ਰੁਪਈਆ ਭੇਟ ਕਰਨ ਦੀ ਆਗਿਆ ਪ੍ਰਦਾਨ ਕਰ ਦਿੱਤੀ ਗਈ ਸੀ।

ਸਤਿਗੁਰੂ ਜਗਜੀਤ ਸਿੰਘ ਨੂੰ ਸੰਪਰਦਾਵਾਂ ਵਿੱਚੋਂ ਮੁੱਖ ਤੌਰ ਉੱਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਧਾ ਸੁਆਮੀ, ਬਿਆਸ ਤੇ ਆਗਰਾ, ਸਨਾਤਨ ਧਰਮ ਸਭਾ, ਨਿਰਮਲ ਮਹਾਂ ਮੰਡਲ ਉਦਾਸੀਨ ਮਹਾਂ ਮੰਡਲ, ਸੇਵਾ ਦਲ, ਅਡਣ ਸ਼ਾਹੀ ਆਦਿ, ਵਿਅਕਤੀ ਵਿਸ਼ੇਸ਼ ਵਿੱਚੋਂ ਭਾਈ ਸਾਹਿਬ ਭਾਈ ਅਰਦੁਮਨ ਸਿੰਘ ਜੀ ਬਾਗੜੀਆਂ, ਮਹਾਰਾਜਾ ਪਟਿਆਲਾ, ਗਿਆਨ ਸਿੰਘ ਰਾੜੇ ਵਾਲਾ, ਲਾਲਾ ਹਰਦੇਵ ਸਹਾਇ, ਜੇ. ਐਨ. ਮਾਨੇਕਰ, ਸ੍ਰ. ਭਗਵੰਤ ਸਿੰਘ ਜੀ ਹਰੀ, ਘੁਮੰਡੋ ਕੇ ਪਰਵਾਰ ਆਦਿ ਤੋਂ ਇਲਾਵਾ ਗੁਰੂ ਘਰ ਪ੍ਰਤੀ ਸ਼ਰਧਾ ਪਿਆਰ ਰਖਣ ਵਾਲੀਆਂ ਪੰਚਾਇਤਾਂ ਨੇ ਆਪ ਜੀ ਦੇ ਸਨਮੁੱਖ ਪੱਗਾਂ ਦਾ ਢੇਰ ਲਾ ਦਿੱਤਾ। ਸੱਚੇ ਪਾਤਸ਼ਾਹ ਜੀ ਨੇ ਦਸਤਾਰ ਸਜਾ ਕੇ ਦਰਸ਼ਨ ਦਿੱਤੇ ਤਾਂ ਡੇਢ ਲੱਖ ਸਾਧ ਸੰਗਤ ਦਾ ਇਕੱਠ ਚਾਅ ਅਤੇ ਉਤਸ਼ਾਹ ਨਾਲ ਆਪਣੀ ਥਾਂ ਤੋਂ ਹੀ ਆਪ ਨੂੰ ਨਤਮਸਤਕ ਹੋਇਆ।

10 ਸਤੰਬਰ 1959 ਨੂੰ ਸਤਿਗੁਰੂ ਜੀ ਦੇ ਸਤਿਕਾਰ ਵਿੱਚ ਇਕੱਤਰ ਹੋਈ ਸਾਧ ਸੰਗਤ ਵਿੱਚ ਪ੍ਰਤਿਸ਼ਠਾਵਾਨ ਵਿਅਕਤੀਆਂ ਨੇ ਇੱਕ ਪਾਸੇ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਸ਼ਰਧਾਂਜਲੀਆਂ ਅਰਪਨ ਕੀਤੀਆਂ ਦੂਜੇ ਪਾਸੇ ਸਤਿਗੁਰੂ ਜੀ ਜਗਜੀਤ ਸਿੰਘ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਅਤੇ ਗੁਰਗੱਦੀ ਉੱਤੇ ਸੁਸ਼ੋਭਤ ਹੋਣ ਤੇ ਵਧਾਈ ਦਿਤੀ। ਮਾਸਟਰ ਤਾਰਾ ਸਿੰਘ ਜੀ ਦੇ ਸ਼ਬਦ ਸਨ, "ਹੁਣ ਮੈਂ ਬਾਬਾ ਜਗਜੀਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਤੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਆਪ ਨੂੰ ਬਰਕਤ ਬਖ਼ਸ਼ੇ ਜਿਸ ਨਾਲ ਮੁੜ ਉਹ ਬਰਕਤ ਕਾਇਮ ਰਹੇ।" "ਸ੍ਰ. ਸਵਰਨ ਸਿੰਘ ਜੀ ਦਾ ਕਹਿਣਾ ਸੀ ਕਿ, "ਮੈਨੂੰ ਆਸ ਹੈ ਕਿ ਮਹਾਰਾਜਾ ਜਗਜੀਤ ਸਿੰਘ ਜੀ ਦੇਸ਼ ਤੇ ਕੌਮ ਖ਼ਾਤਰ ਓਸੇ ਤਰ੍ਹਾਂ ਕੰਮ ਕਰਨਗੇ ਜਿਵੇਂ ਵੱਡੇ ਮਹਾਰਾਜ ਕੀਤਾ ਕਰਦੇ ਸਨ।" ਗਿਆਨੀ ਜ਼ੈਲ ਸਿੰਘ ਜੀ ਦੇ ਸ਼ਰਧਾ ਭਰੇ ਬੋਲ ਸਨ, "ਅੱਜ ਮੈਂ ਮਹਾਰਾਜ ਜਗਜੀਤ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਿਆਂ ਅਰਜ਼ ਕਰਾਂਗਾ ਕਿ ਇਹ ਗੱਦੀ ਕੇਵਲ ਸਾਧੂ ਮਹਾਤਮਾਵਾਂ ਦੀ ਹੀ ਨਹੀਂ ਸਗੋਂ ਇਸ ਗੱਦੀ ਨੇ ਤਾਂ ਭਾਰਤ ਵਿੱਚੋਂ ਇਕ ਇਨਕਲਾਬ ਪੈਦਾ ਕੀਤਾ ਸੀ ਇਸ ਗੱਦੀ ਦੀਆਂ ਕੂਕਾਂ ਨੇ ਹੀ ਤਾਂ ਇਨਕਲਾਬੀ ਲਹਿਰਾਂ ਉਠਾਈਆਂ ਸਨ। ਮਹਾਰਾਜਾ ਜਗਜੀਤ ਸਿੰਘ ਜੀ, ਤੁਹਾਡੀਆਂ ਜਿੰਮੇਵਾਰੀਆਂ ਵਧ ਗਈਆਂ ਹਨ। ਦੇਸ਼ ਤੇ ਉੱਠੇ ਖ਼ਤਰੇ ਲਈ ਹਿੰਦ ਦੀ ਰਾਖੀ ਲਈ ਤੁਸਾਂ ਹੀ ਸਭ ਤੋਂ ਮੂਹਰੇ ਹੋਣਾ ਹੈ।"

ਪੰਡਤ ਯਗ ਦੱਤ ਸ਼ਰਮਾ ਜੀ ਦੇ ਸ਼ਬਦ ਸਨ ਕਿ, "ਮੈਂ ਉਸ ਆਤਮਾ ਨੂੰ ਪੁਸ਼ਪ ਭੇਟ ਕਰਦਾ ਹਾਂ ਜਿਸ ਆਤਮਾ ਨੇ ਮਹਾਰਾਜ ਜਗਜੀਤ ਸਿੰਘ ਵਿਚ ਆਪਣਾ ਤੇਜ ਰੱਖਿਆ ਹੈ।"

ਭਾਈ ਅਰਦਮਨ ਸਿੰਘ ਬਾਗੜੀਆਂ ਦਾ ਕਹਿਣਾ ਸੀ ਕਿ, "ਮੈਂ ਉਮੀਦ ਕਰਦਾ ਹਾਂ ਕਿ ਮਹਾਰਾਜ ਜਗਜੀਤ ਸਿੰਘ ਜੀ, ਮਹਾਰਾਜ ਪਰਤਾਪ ਸਿਘ ਜੀ ਦੀ ਰੁਹਾਨੀ



Namdhari Elibrary NamdhariElibrary@gmail.com

ਸਕਤੀ ਨਾਲ ਥਾਂ ਪੂਰੀ ਕਰਨਗੇ ।''

ਮਹਾਰਾਜ ਕਿਰਪਾਲ ਸਿੰਘ ਜੀ ਰਾਧਾ ਸੁਆਮੀ ਨੇ ਬਚਨ ਕੀਤੇ ਕਿ, "ਮੇਰੇ ਅੰਦਰ ਉਹਨਾਂ ਦੀ ਮਹਾਨ ਇੱਜ਼ਤ ਹੈ ਤੇ ਖੁਸ਼ੀ ਹੈ ਕਿ ਮਹਾਰਾਜ ਦੀ ਜ਼ਿੰਦਗੀ ਦੀ ਪ੍ਰੇਰਨਾ ਜਗਜੀਤ ਸਿੰਘ ਨੂੰ ਵੀ ਮਿਲੇਗੀ ।"

ਸ੍ਰੀ ਜੇ. ਐਨ. ਮਾਨੇਕਰ ਅਤੇ ਲਾਲ ਹਰਦੇਵ ਸਹਾਇ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਪਹਿਲਾਂ ਵਾਂਗ ਹੀ ਗਊ-ਪ੍ਰੇਮ ਰੱਖਣ ਦੀ ਆਸ ਜ਼ਾਹਰ ਕੀਤੀ ।

ਗੁਰਸਿੱਖਾਂ ਲਈ ਕਾਇਆ ਪਲਟ ਕੇ ਆਈ ਉਸੇ ਜੋਤਿ ਅਤੇ ਜੁਗਤ ਪ੍ਰਤੀ ਆਪਣੀ ਆਸਥਾ ਰੱਖ ਕੇ ਸ਼ਰਧਾ ਭਾਵਨਾ ਪ੍ਰਗਟ ਕਰ ਕੇ, ਰੋਗ ਸੋਗ ਮਿਟਾਉਣ ਦੇ ਸੁਖਾਂ ਦੀ ਸ਼ੁਰੂਆਤ ਹੋ ਚੁੱਕੀ ਸੀ ।

ਸਜਲ ਨੇਤਰਾਂ ਅਤੇ ਭਰੇ ਦਿਲ ਨਾਲ ਸਾਧ ਸੰਗਤ ਇਸ ਮੇਲੇ ਤੋਂ ਵਿਦਿਆ ਹੋਈ ।



Namdhari Elibrary NamdhariElibrary@gmail.com

# ਸਾਹਿਬੁ ਗੁਣੀ ਗਹੇਰਾ

ਹਿੰਦੁਸਤਾਨ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਪਿਆ ਸੀ। ਬਰਤਾਨਵੀ ਹਕੂਮਤ ਦੀ ਜੀ ਹਜ਼ੂਰੀ ਕਰਨ ਵਾਲਿਆਂ ਦਾ ਬੋਲਬਾਲਾ ਸੀ। ਆਪਣੀ ਰਾਜਨੀਤਿਕ ਲੋੜ ਪੂਰੀ ਕਰਨ ਲਈ ਅੰਗਰੇਜ਼ ਹਾਕਮ ਨੇ 1885 ਈ: ਵਿੱਚ ਕਾਂਗਰਸ ਦੀ ਸਥਾਪਨਾ ਵੀ ਕਰ ਦਿੱਤੀ ਸੀ। ਦੇਸ਼-ਭਗਤ ਜਮਾਤ, ਕੂਕਿਆਂ ਲਈ ਆਪਣੀ ਅਕੀਦਤ ਅਨੁਸਾਰ, ਇਕੱਠੇ ਹੋ ਕੇ, ਸ਼ਬਦ ਕੀਰਤਨ ਕਰਨ, ਬਾਣੀ ਪੜ੍ਹਨ ਅਤੇ ਨਾਮ ਜਪਣ ਉੱਤੇ ਵੀ ਪਾਬੰਦੀ ਸੀ। ਉਹ ਆਪਣੇ ਧਾਰਮਿਕ ਰਹਿਨੁਮਾ ਸਤਿਗੁਰੂ ਹਰੀ ਸਿੰਘ ਕੋਲੋਂ, ਆਪਣੀ ਇੱਛਾ ਅਨੁਸਾਰ ਜਾ ਕੇ, ਰਹਿਨੁਮਾਈ ਨਹੀਂ ਸਨ ਲੈ ਸਕਦੇ, ਨਾ ਹੀ ਸਤਿਗੁਰੂ ਜੀ ਨੂੰ ਦੌਰੇ ਦੀ ਖੁਲ੍ਹ ਸੀ। ਇਸ ਤਰ੍ਹਾਂ ਦੇ ਸਮੇਂ ਵਿੱਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ, ਉੱਨੀਵੀਂ ਸਦੀ ਦੇ ਅਖ਼ੀਰ ਵਿੱਚ ਅਵਤਾਰ ਧਾਰਿਆ।

16 ਸਾਲ ਦੀ ਕਿਸ਼ੋਰ ਅਵਸਥਾ ਵਿੱਚ ਆਪ ਗੁਰਗੱਦੀ ਉੱਤੇ ਬਰਾਜਮਾਨ ਹੋਏ।

ਆਪ ਮਹਾਨ ਅਧਿਆਤਮਵਾਦੀ ਸਨ। ਆਪ ਆਪਣੇ ਅਮੀਰ ਵਿਰਸੇ ਨੂੰ ਪਛਾਣਦੇ ਸਨ ਆਪ ਸਮਝਦੇ ਸਨ ਕਿ ਰੂਹਾਨੀ ਸ਼ਕਤੀ ਲਈ ਇਕਾਗਰਚਿੱਤ ਹੋ ਕੇ ਅਕਾਲ ਪੁਰਖ ਨਾਲ ਲਿਵ ਲਾਉਣੀ ਜ਼ਰੂਰੀ ਸੀ। ਆਪ ਨੇ ਅਲਪ-ਆਹਾਰ ਕਰਕੇ, ਘੰਟਿਆਂ ਬਧੀ ਚੌਕੜਾ ਲਾ ਕੇ, ਸੰਸਾਰਕ ਸੁੱਖਾਂ ਵਲੋਂ ਮੂੰਹ ਮੋੜ ਕੇ ਤਿੰਨ ਸਾਲ ਉਗਰ ਤਪ ਕੀਤਾ। ਬਾਅਦ ਵਿੱਚ ਵੀ ਆਪ ਨੇ ਰੋਜ਼ਾਨਾ ਜੀਵਨ ਵਿੱਚ ਕੀਤੇ ਜਾ ਰਹੇ ਨਿੱਤਨੇਮ ਤੋਂ ਇਲਾਵਾ ਹਰ ਸਾਲ ਸਵਾ ਮਹੀਨਾ ਤਪ ਕਰਨ ਦਾ ਵੱਖਰਾ ਵਕਤ ਰੱਖਿਆ ਹੋਇਆ ਸੀ। ਆਪਣੇ ਸਿੱਖਾਂ ਲਈ ਹੀ ਨਹੀਂ ਸਗੋਂ ਸਭ ਧਰਮਾਂ ਲਈ ਆਪ ਜੀ ਦਾ ਸਾਂਝਾ ਉਪਦੇਸ਼ ਸੀ ਕਿ,

"ਹਿੰਦੂ ਹੈ, ਸਿੱਖ ਹੈ, ਸਮਾਜੀ ਹੈ, ਸਨਾਤਨੀ ਹੈ, ਅਕਾਲੀ ਹੈ, ਕੋਈ ਹੈ ਜਿਹੜਾ ਗੁਰੂ ਕਾ ਨਾਮ ਜਪੇਗਾ ਉਹੀ ਬਚੇਗਾ। ਉਥੇ ਲਿਹਾਜ਼ ਕਿਸੇ ਜਾਤ ਦਾ ਨਹੀਂ, ਮਜ਼ਹਬ ਦਾ ਨਹੀਂ।"

ਸਤਿਗੁਰੂ ਜਗਜੀਤ ਸਿੰਘ ਜੀ ਅਨੁਸਾਰ ਵੀ, "ਸਤਿਗੁਰੂ ਪਰਤਾਪ ਸਿੰਘ ਜੀ ਦੇ ਬਚਨ ਹਨ ਕਿ ਆਤਮਾ ਨਾਮ ਜਪ ਕੇ ਹੀ ਬਲਵਾਨ ਹੋ ਸਕਦੀ ਹੈ।"



Namdhari Elibrary NamdhariElibrary@gmail.com

ਆਤਮਕ ਬਲ ਵਾਲੇ ਸਤਿਗੁਰੂ ਬਾਰੇ, ਰਾਧਾ ਸੁਆਮੀ ਰਹਿਨੁਮਾ ਮਹਾਰਾ ਕਿਰਪਾਲ ਸਿੰਘ ਜੀ ਦੇ ਬਚਨ ਹਨ ਕਿ, "ਮਹਾਰਾਜ ਪਰਤਾਪ ਸਿੰਘ ਜੀ ਵਿੱਚ ਆਤ ਬਲ ਸੀ, ਉਹਨਾਂ ਵਿਚ ਸਿਮਰਨ ਦਾ ਮਹਾਨ ਬਲ ਸੀ। ਆਤਮਾ ਦੇ ਬਲ ਕਰਕੇ ਉਹਨਾਂ ਦਾ ਹਰੇਕ ਨਾਲ ਪ੍ਰੇਮ ਸੀ, ਇਹ ਗੱਲ ਹੀ ਉਹਨਾਂ ਤੋਂ ਸਿੱਖਣ ਜ਼ਰੂਰਤ ਹੈ।"

ਆਤਮਕ ਤੌਰ ਤੇ ਬਲਵਾਨ ਹੋ ਕੇ ਆਪ ਨੇ ਆਪਣੀ ਦੇਹ ਦੀ ਸੰਭਾਲ ਕੀਤੀ। ਚੰਗੀ ਖ਼ੁਰਾਕ ਅਤੇ ਨਰੋਆ ਆਹਾਰ ਕਰਨ ਕਰਕੇ, ਕਸਰਤ, ਘੋਲ, ਦੌੜ ਤੈਰਾਕੀ, ਘੁੜ-ਸਵਾਰੀ ਆਦਿ ਰਾਹੀਂ ਆਪ ਨੇ ਚੁਸਤੀ ਫੁਰਤੀ ਪੈਦਾ ਕੀਤੀ। ਆ ਕਦੀ ਵੀ ਸਰੀਰਕ ਮੁਸ਼ੱਕਤ ਕਰਦੇ ਨਾ ਅੱਕਦੇ, ਨਾ ਥੱਕਦੇ, ਆਪ ਸਭ ਤੋਂ ਵੱਧ ਕੰ ਕਰਦੇ ਸਨ। ਅੱਥਰੇ ਤੋਂ ਅੱਥਰਾ ਘੋੜਾ ਵੀ ਆਪ ਲਈ ਕਾਬੂ ਕਰ ਲੈਣਾ ਖੱਬੇ ਹੱਥ ਕੰਮ ਸੀ।

ਆਪ ਮਰਯਾਦਾ ਪੁਰਸ਼ੋਤਮ ਸਨ। ਸਾਰੀ ਜ਼ਿੰਦਗੀ ਆਪ ਨੇ ਸੁੱਚ-ਸੋਧ, ਨਿੱਤਨੇ ਦਾ ਨਿਭਾਅ ਕੀਤਾ ਅਤੇ ਸਿੱਖਾਂ ਨੂੰ ਵੀ ਮਰਯਾਦਾ ਵਿੱਚ ਰਹਿਣ ਦਾ ਹੀ ਉਪਦੇ ਦਿੱਤਾ।

ਆਪ ਗ਼ਰੀਬ-ਨਿਵਾਜ਼ ਸਨ। ਗ਼ਰੀਬਾਂ ਉੱਤੇ ਆਪ ਜੀ ਦੀ ਅਪਾਰ ਕਿਰਪਾ ਸ ਉਹਨਾਂ ਦੀ ਹਰ ਸੰਭਵ ਮਦਦ ਕਰਦੇ ਰਹਿੰਦੇ ਸਨ। ਆਪ ਨੇ ਮਹਾਰਾਜਾ ਨਾਭਾ ਵੱ ਭੇਟ ਕੀਤੀ ਬੀੜ ਦਾ ਬਹੁਤਾ ਹਿੱਸਾ 115-120 ਨਾਮਧਾਰੀ ਪਰਵਾਰਾਂ ਵਿੱਚ ਵੰ ਦਿੱਤਾ। ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਵੀ ਆਪ ਨੇ 400 ਏਕੜ ਜ਼ਮੀ ਬੇਜ਼ਮੀਨੇ ਅਤੇ ਆਰਥਕ ਪੱਖੋਂ ਕਮਜ਼ੋਰ ਪਰਵਾਰਾਂ ਨੂੰ ਵੰਡੀ। ਆਪ ਗ਼ਰੀਬ ਦੀ ਕੁ ਪੈਸੇ ਦੀ ਭੇਟਾ ਖੁਸ਼ੀ ਨਾਲ ਸਵੀਕਾਰ ਕਰਦੇ ਸਨ। ਆਪ ਗ਼ਰੀਬ ਦੀ ਸੇਵਾ ਨੂੰ ਗੁ ਦੀ ਸੇਵਾ ਦੇ ਬਰਾਬਰ ਦਰਜਾ ਦੇਂਦੇ ਸਨ। ਆਪ ਦੇ ਬਚਨ ਹਨ,

"ਗੁਰੂ ਦੀ ਸੇਵਾ ਹੈ ਕਿਸੇ ਗ਼ਰੀਬ ਦੀ ਅਨਾਥ ਦੀ ਸੇਵਾ। ਜਿਸ ਦਾ ਕੋਈ ਤੁਹਾ ਨਾਲ ਤੁਅਲਕ ਨਹੀਂ, ਜਿਸ ਨੂੰ ਕੋਈ ਨਹੀਂ ਪੁੱਛਦਾ, ਉਸ ਦੀ ਸੇਵਾ ਕਰੋ, ਨਾ ਮਜ਼੍ਹ ਦੇਖੋ ਨਾ ਧਰਮ ਦੇਖੋ, ਨਾ ਕੁਝ ਹੋਰ।"

ਆਪ ਬਖ਼ਸ਼ਿੰਦ ਪਿਤਾ ਸਨ। ਆਪ ਆਪਣੇ ਸਿੱਖਾਂ ਨਾਲ ਮਰਯਾਦਾ ਉਲੰਘਣਾ ਕਰਨ ਕਰਕੇ ਨਰਾਜ਼ ਹੋ ਜਾਂਦੇ। ਜਦੋਂ ਵੀ ਕੋਈ ਗੁਨਾਹ ਕਰਦਾ ਤਾਂ ਉਸ ਤਾੜਨਾ ਕਰਦੇ, ਪੰਥ ਵਿੱਚੋਂ ਛੇਕ ਦੇਂਦੇ ਪਰ ਪਸ਼ਚਾਤਾਪ ਕਰਨ ਅਤੇ ਖਿਮਾ ਮੰਗ ਵਾਲੇ ਨੂੰ ਆਪ ਬਖ਼ਸ਼ ਦੇਂਦੇ ਸਨ ਏਸੇ ਕਰਕੇ ਸਿੱਖ ਆਪ ਜੀ ਦੀ ਹਜ਼ੂਰੀ ਵਿੱਚ ਸ ਸੱਚ ਬੋਲਦੇ ਸਨ।

ਆਪ ਏਕਤਾ ਦੇ ਹਾਮੀ ਸਨ। ਆਪ ਨਫ਼ਰਤ ਨਾਲ ਨਹੀਂ ਸਗੋਂ ਪਿਆਰ ਨਾ ਕਿਸੇ ਦਾ ਦਿਲ ਜਿੱਤਣ ਦੇ ਹੱਕ ਵਿੱਚ ਸਨ। ਏਕਤਾ ਲਈ ਆਪ ਨੇ ਸਿੱਖ ਸੰਪਰਦਾ ਦੇ ਮੇਲ ਮਿਲਾਪ ਲਈ ਕਾਨਫ਼ਰੰਸਾਂ ਕੀਤੀਆਂ। ਹਿੰਦੂ-ਸਿੱਖਾਂ ਦੇ ਸਾਂਝੇ ਸਮਾਗਮ ਕੀਤੇ ਮਨੁੱਖੀ ਇੱਕਮੁੱਠਤਾ ਲਈ ਆਪ ਨੇ ਵੱਖ ਵੱਖ ਵਿਚਾਰਧਾਰਾਵਾਂ ਰੱਖਣ ਵਾਲੇ ਆਗੂ ਨੂੰ ਇਕੋ ਸਟੇਜ ਉੱਤੇ ਬਿਠਾਇਆ, ਆਪਣੇ ਹੀ ਘਰ ਵਿੱਚ ਆਪ ਨੇ ਬਾਰਾਂ ਦੀ



Namdhari Elibrary NamdhariElibrary@gmail.com

ਦਸਾ ਪਾਤਸਾਹੀਆਂ ਦਾ ਅਰਦਾਸਾ ਹੋਣਾ ਪਰਵਾਨ ਕੀਤਾ। ਆਪ ਜੀ ਦੇ ਯਤਨਾ ਨਾਲ ਇਕੱਠੇ ਹੋਣ ਨਾਲ ਮਨਾਂ ਵਿੱਚੋਂ ਵੈਰ-ਭਾਵ ਘਟੇ ਅਤੇ ਸੁੱਖ ਬਣਿਆ ਰਿਹਾ।

ਆਪ ਇੱਕ ਬਿਰਹਾ ਕੁੱਠੀ ਆਤਮਾ ਸਨ। ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਨੇ, ਅਸਹਿ ਹੋਣ ਕਾਰਨ ਆਪ ਨੂੰ ਵੀ ਵੈਰਾਗੀ ਕੀਤਾ ਹੋਇਆ ਸੀ। ਆਪ ਜਦ ਪਹਿਲੀ ਵਾਰ ਸਿਆਮ ਦੇ ਦੌਰੇ ਤੇ ਗਏ ਤਾਂ ਰੰਗੂਨ ਸਤਿਗੁਰੂ ਰਾਮ ਸਿੰਘ ਜੀ ਦੀਆਂ ਯਾਦਗਾਰਾਂ ਦੀ ਹੀ ਭਾਲ ਕਰਦੇ ਰਹੇ। ਸ੍ਰੀ ਭੈਣੀ ਸਾਹਿਬ ਵਿੱਚ ਆਪ ਨੇ ਪਹਿਲਾਂ ਲੱਖੀ, ਅਤੇ ਫਿਰ ਬਿਜਲੀ ਘੋੜੀ ਨੂੰ ਸਤਿਗੁਰੂ ਜੀ ਦੀ ਸਵਾਰੀ ਲਈ, ਉਹਨਾਂ ਦੀ ਉਡੀਕ ਵਿੱਚ ਸਿੰਗਾਰ ਕੇ ਰੱਖਦੇ ਸਨ। ਕਿਸੇ ਨੂੰ ਵੀ ਉਸ ਦੀ ਸਵਾਰੀ ਕਰਨ ਦੀ ਇਜਾਜ਼ਤ ਨਹੀਂ ਸੀ। ਆਪ ਨੇ ਚੀਨੀ ਵਾਲੇ ਪਾਤਸ਼ਾਹ ਦੇ ਦਰਸ਼ਨਾਂ ਨਮਿੱਤ, ਸਾਧ ਸੰਗ ਕੋਲੋਂ, ਨਾਮ ਸਿਮਰਨ ਕਰਵਾਇਆ, ਹਵਨ ਕਰਵਾਏ ਅਤੇ ਲੱਖਾਂ ਪਾਠਾਂ ਨੂੰ ਕਰਵਾ ਕੇ ਉਹਨਾਂ ਦੇ ਭੋਗ ਪੁਆਏ। ਉਹਨਾਂ ਨੂੰ ਯਾਦ ਕਰਦਿਆਂ ਹੀ, 'ਤੁਮ ਘਰ ਆਵੋ ਮੇਰੇ ਮੀਤ', ਆਸਾ ਦੀ ਵਾਰ ਬਾਅਦ ਸਦਾ ਪੜ੍ਹਨ ਦਾ ਹੁਕਮ ਵੀ ਆਪ ਜੀ ਦਾ ਹੀ ਦਿੱਤਾ ਹੋਇਆ ਹੈ।

ਆਪ ਜੀ ਦੀ ਯਾਦ ਸ਼ਕਤੀ ਬੜੀ ਤੀਖਣ ਸੀ। ਆਪ ਨੂੰ ਪੜ੍ਹੀ ਸੁਣੀ ਗੱਲ ਸਦਾ ਚੇਤੇ ਰਹਿੰਦੀ ਸੀ। ਬਚਪਨ ਵਿੱਚ ਹੀ ਆਪ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦਾ ਪਾਠ ਸਰਲ ਕਰ ਲਿਆ। ਆਪ ਨੂੰ ਪਸ਼ੂਆਂ ਅਤੇ ਮਨੁੱਖਾਂ ਦੀਆਂ ਦੁਆਈਆਂ ਦੇ ਨੁਸਖ਼ੇ ਜ਼ਬਾਨੀ ਯਾਦ ਸਨ। ਆਪ ਕਿਸੇ ਵੀ ਹੋਈ ਵਾਪਰੀ ਘਟਨਾ ਨੂੰ ਬਹੁਤ ਸਾਲਾਂ ਬਾਅਦ ਵੀ ਹੂ-ਬ-ਹੂ ਸੁਣਾ ਸਕਦੇ ਸਨ।

ਆਪ ਸਭ ਧਰਮਾ ਦਾ ਆਦਰ ਕਰਦੇ ਸਨ। ਆਪ ਕਿਸੇ ਦਾ ਵੀ ਦਿਲ ਨਹੀਂ ਸਨ ਦੁਖਾਉਂਦੇ। ਡਾ. ਹਰਿਭਜਨ ਸਿੰਘ ਦੇ ਸ਼ਬਦਾਂ ਵਿੱਚ, "ਇਹ ਤਾਂ ਧਰਮ ਦਾ ਆਦਰਸ਼ ਰੂਪ ਸਨ। ਇਹ ਦੂਜੇ ਧਰਮਾਂ ਨੂੰ ਬੁਰਾ ਨਹੀਂ ਸਨ ਸਮਝਦੇ, ਸਭ ਧਰਮਾਂ ਨੂੰ ਬਰਾਬਰ ਸਮਝਦੇ ਸਨ।" ਆਪ ਨੇ ਨਾਮਧਾਰੀ ਜਥੇਦਾਰਾਂ ਨੂੰ ਵੀ ਹਦਾਇਤ ਕੀਤੀ ਹੋਈ ਸੀ ਕਿ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਮੰਡਨ ਰੂਪ ਵਿਚ ਕਰਨਾ ਹੈ ਖੰਡਨ ਰੂਪ ਵਿੱਚ ਨਹੀਂ।

ਆਪ ਮਹਾਨ ਸਮਾਜ ਸੁਧਾਰਕ ਵੀ ਸਨ। ਆਪ ਨੇ ਆਪਣੇ ਸਿੱਖਾਂ ਨੂੰ ਰੂੜ੍ਹੀਵਾਦੀ ਸੋਚਾਂ, ਵਹਿਮਾਂ ਤੋਂ ਦੂਰ ਰੱਖਿਆ ਅਤੇ ਫ਼ਜ਼ੂਲ ਦੀਆਂ ਸਮਾਜਕ ਰਹੁ-ਰੀਤਾਂ ਤੋਂ ਛੁਟਕਾਰਾ ਦੁਆਇਆ। ਆਪ ਨੂੰ ਜਦੋਂ ਗੁਰੂ ਹਰੀ ਸਿੰਘ ਦੀ ਸਸਕਾਰ ਵਾਲੀ ਥਾਂ ਉੱਤੇ ਬਣੇ ਥੜ੍ਹੇ ਤੇ ਹੁੰਦੀ ਪੂਜਾ ਦਾ ਪਤਾ ਲੱਗਾ ਤਾਂ ਆਪ ਨੇ ਕਹੀ ਮੰਗਵਾ ਕੇ ਉਸ ਨੂੰ ਫ਼ੌਰਨ ਪੱਧਰ ਕਰਵਾ ਦਿੱਤਾ। ਆਪ ਨੇ ਵਿਆਹ ਸੁਧਾਰਾਂ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ, ਮੰਗਣੇ, ਅਰਦਾਸੇ, ਜੰਜਾਂ, ਮਿਲਣੀਆਂ, ਮਠਿਆਈ ਦੀਆਂ ਰੋਟੀਆਂ, ਬਿਲਕੁਲ ਬੰਦ ਕਰਵਾ ਦਿਤੀਆਂ। ਆਪ ਨੇ ਘਰਾਂ ਵਿੱਚ ਵਿਆਹ ਬੰਦ ਕਰਵਾ ਕੇ ਗੁਰੂ ਘਰ ਜਾਂ ਆਪ ਜੀ ਦੀ ਆਗਿਆ ਅਨੁਸਾਰ ਮੇਲਿਆਂ ਵਿੱਚ ਵਿਆਹ ਕਰਨ ਦਾ ਹੁਕਮ ਕੀਤਾ। ਆਪ ਨੇ ਵਿਆਹ ਤੋਂ ਬਾਅਦ ਕੁੜੀ ਨੂੰ 15 ਦਿਨ ਸਹੁਰੇ ਰਹਿਣ ਦਾ ਵੀ ਆਦੇਸ਼ ਦਿੱਤਾ। ਇਸ ਨਾਲ ਗ਼ਰੀਬ-ਅਮੀਰ ਦਾ ਇੱਕੋ ਵੇਦੀ ਤੇ ਅਨੰਦ ਕਾਰਜ ਹੋਣ ਲੱਗਾ। ਸਭ ਫ਼ਜ਼ੂਲ ਖ਼ਰਚ ਅਤੇ ਵਾਧੂ ਰਸਮਾਂ ਬੰਦ ਹੋ ਗਈਆਂ।



Namdhari Elibrary NamdhariElibrary@gmail.com

ਆਪ ਨੇ ਵਿਧਵਾ ਵਿਆਹ ਦਾ ਵੀ ਹੁਕਮ ਕੀਤਾ। ਸ੍ਰੀ ਭੈਣੀ ਸਾਹਿਬ ਡੇ ਰਹਿੰਦੀਆਂ ਕਈ ਵਿਧਵਾਵਾਂ ਦੇ ਅਨੰਦ ਕਰਵਾ ਦਿੱਤੇ। ਇਹਨਾਂ ਵਿਆਹ ਸੁਧਾਰਾਂ ਨਾ ਆਰਥਕ ਪਖੋਂ ਕਮਜ਼ੋਰ ਵਿਅਕਤੀ ਨੂੰ ਕੁਝ ਰਾਹਤ ਮਿਲੀ। ਨਿਰੰਜਨ ਸਿੰਘ ਜਯੋਤੀ ਸਬਦਾਂ ਵਿਚ, "ਸਮੁੱਚੇ ਤੌਰ ਤੇ ਸੰਗਤ ਵੱਲ ਨਜ਼ਰ ਮਾਰ ਕੇ ਵੇਖਿਆ ਜਾਏ ਤਾਂ ਪਤ ਚਲਦਾ ਹੈ ਕਿ ਗ਼ਰੀਬ ਲੋਕਾਂ ਨੂੰ ਇਹਨਾਂ ਸੁਧਾਰਾਂ ਨਾਲ ਬਹੁਤ ਫ਼ਾਇਦਾ ਪਹੁੰਚਿਆ।

1909 ਈ: ਵਿੱਚ ਬਣੇ ਅਨੰਦ ਮਰਯਾਦਾ ਐਕਟ ਵਿੱਚ ਆਪ ਦਾ ਮਹੱਤਵਪੂਰ ਯੋਗਦਾਨ ਸੀ। ਮਹਾਰਾਜਾ ਨਾਭਾ ਦੀ ਮੰਗ ਉੱਤੇ ਆਪ ਨੇ ਹੀ ਸਬੂਤ ਪੇਸ਼ ਕੀਤਾ ਕਿ ਇਹ ਮਰਯਾਦਾ ਪਿਛਲੇ 45-50 ਸਾਲਾਂ ਤੋਂ ਚੱਲੀ ਆ ਰਹੀ ਸੀ।

ਆਪ ਵਿੱਦਿਆ ਦੇ ਕਦਰਦਾਨ ਸਨ। ਆਪ ਵਿਦਿਆਰਥੀਆਂ ਨੂੰ ਕੇਵਲ ਅੱਖ ਗਿਆਨ ਹੀ ਨਹੀਂ ਸਗੋਂ ਕਿਸੇ ਕਿੱਤੇ ਵਿੱਚ ਹੱਥ ਸਿੱਧੇ ਕਰਨ ਦੀ ਸਿਖਲਾਈ ਦਿਵਾਉਂਦੇ ਸਨ। ਆਪ ਨੇ ਸ੍ਰੀ ਭੈਣੀ ਸਾਹਿਬ ਵਿਦਿਆਲਾ ਖੋਲ੍ਹਿਆ। ਦੇਸ਼ ਦ ਸੁਤੰਤਰਤਾ ਤੋਂ ਪਿੱਛੋਂ ਆਪ ਨੇ ਸ੍ਰੀ ਜੀਵਨ ਨਗਰ ਵਿੱਚ ਵੀ ਵਿਦਿਆਲਾ ਖੋਲ੍ਹਿਆ ਇਹਨਾਂ ਵਿਦਿਆਲਿਆਂ ਵਿੱਚ ਅਧਿਆਪਕ ਅੱਖਰ ਗਿਆਨ ਦੇ ਨਾਲ ਨਾ ਅਧਿਆਤਮਕ ਸਿੱਖਿਆ ਦੇਂਦੇ, ਸੁਚੱਜੀ ਰਹਿਣੀ-ਬਹਿਣੀ ਦੀ ਜਾਚ ਦੱਸਦੇ, ਕਿਰ ਕਰਨੀ ਸਿਖਾਉਂਦੇ ਅਤੇ ਸੇਵਾ ਕਰਨ ਦਾ ਸੁਭਾਅ ਬਣਾਉਂਦੇ ਸਨ।

ਇਹਨਾਂ ਵਿਦਿਆਲਿਆਂ ਵਿੱਚ ਉਸਤਾਦ ਕਲਾਕਾਰਾਂ ਕੋਲੋਂ ਗੁਰਮੱਤ ਅ ਸ਼ਾਸਤਰੀ ਸੰਗੀਤ ਦੀ ਸਿੱਖਿਆ ਵੀ ਦਿਵਾਈ ਜਾਂਦੀ ਸੀ। ਸ੍ਰੀ ਭੈਣੀ ਸਾਹਿਬ ਵਿਦਿਆਲੇ ਵਿੱਚੋਂ ਹੀ ਸੰਗੀਤ ਸਿੱਖਿਆ ਪ੍ਰਾਪਤ ਕਰਕੇ, ਆਪ ਅਭਿਆਸ ਕਰ ਸਤਿਗੁਰੂ ਜਗਜੀਤ ਸਿੰਘ ਅਤੇ ਮਹਾਰਾਜ ਬੀਰ ਸਿੰਘ ਨੇ ਆਪਣੀ ਨਵੇਕਲੀ ਥਾਂ ਬਣ ਲਈ ਹੈ। ਸਤਿਗੁਰੂ ਜੀ ਦਾ ਦਿਲਰੁਬਾ ਅਤੇ ਮਹਾਰਾਜ ਦੇ ਤਬਲਾ ਵਾਦਨ ਤੋਂ ਪ੍ਰਭਾਵ ਹੋ ਕੇ ਸਿਆਣੇ ਤੋਂ ਸਿਆਣਾ ਸੰਗੀਤਕਾਰ ਵੀ ਉਹਨਾਂ ਨੂੰ ਦਾਦ ਦੇਂਦਾ ਨਹੀਂ ਥੱਕਦਾ

ਆਪ ਨੇ ਵਿਦਿਆਲੇ ਦੀਆਂ ਖਰਚੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਜੀਵ ਨਗਰ ਵਿਦਿਆਲੇ ਦੇ ਨਾਂ 500 ਏਕੜ ਜ਼ਮੀਨ ਲਾ ਦਿੱਤੀ ਸੀ।

ਸਤਿਗੁਰੂ ਜੀ ਖ਼ੁਦ ਕਿਸੇ ਵਿਦਿਆਲੇ ਵਿੱਚ ਨਹੀਂ ਸਨ ਪੜ੍ਹੇ। ਇਸ ਦਾ ਇ ਮਤਲਬ ਨਹੀਂ ਕਿ ਆਪ ਨੂੰ ਗਿਆਨ ਦੀ ਘਾਟ ਸੀ। ਆਪ ਪੰਜਾਬੀ, ਹਿੰਦੀ, ਉਰ ਤਾਂ ਚੰਗੀ ਜਾਣਦੇ ਸਨ। ਆਪ ਨੂੰ ਅੰਗਰੇਜ਼ੀ ਦਾ ਵੀ ਲੋੜੀਂਦਾ ਗਿਆਨ ਸੀ।

ਆਪ ਜੀ ਦੀਆਂ ਨਜ਼ਰਾਂ ਵਿੱਚ ਮਾਤ-ਭਾਸ਼ਾ ਦੀ ਨਵੇਕਲੀ ਮਹਾਨਤਾ ਸੀ। ਏ ਕਰਕੇ ਆਪ ਪੰਜਾਬੀ ਨੂੰ ਪਰਚਾਰਦੇ ਅਤੇ ਪਰਸਾਰਦੇ ਸਨ। ਬੂਟਾ ਸਿੰਘ ਕਹਾਣੀਕਾਰ ਸ਼ਬਦਾਂ ਵਿੱਚ, "ਸਤਿਗੁਰੂ ਜੀ ਨੂੰ ਮਾਤ-ਭਾਸ਼ਾ ਦੀ ਉੱਨਤੀ ਦੀ ਉਸ ਵੇਲੇ ਵੀ ਲੋ ਭਾਸੀ ਜਿਸ ਵੇਲੇ ਅੰਗਰੇਜ਼ੀ ਦਾ ਡੰਕਾ ਵੱਜਦਾ ਸੀ। ਉਹ ਜਾਣਦੇ ਸਨ ਕਿ ਪੱਛ ਬੋਲੀ ਦੇ ਨਾਲ ਉਹਨਾਂ ਦੀ ਸਭਿਅਤਾ ਨੂੰ ਵੀ ਸੱਟ ਵਜੇਗੀ, ਜਿਸ ਨਾਲ ਉਹ ਕਦ ਉੱਠ ਨਹੀਂ ਸਕੇਗੀ।"

ਆਪ ਮਹਿਸੂਸ ਕਰਦੇ ਸਨ ਕਿ ਪੰਜਾਬ ਦੀ ਭਾਸ਼ਾ ਹੋਣ ਦੇ ਬਾਵਜੂਦ ਪੰਜਾਬੀ ਇਸ ਦੀ ਸਹੀ ਥਾਂ ਨਹੀਂ ਸੀ ਮਿਲੀ। ਆਪ ਨੇ ਸਰਬ ਹਿੰਦ ਪੰਜਾਬੀ ਕਾਨਫਰੰ



Namdhari Elibrary NamdhariElibrary@gmail.com

ਕੀਤੀ, ਪੰਜਾਬੀ ਦੇ ਲੇਖਕਾਂ ਦਾ ਹੌਂਸਲਾ ਵਧਾਇਆ। ਕਲਮਕਾਰਾਂ ਦੀ ਮਾਲੀ ਸਹਾਇਤਾ ਕੀਤੀ। ਉਹਨਾਂ ਨੂੰ ਮਾਣ ਬਖ਼ਸ਼ਿਆ। ਪੰਜਾਬੀ ਦਾ ਪ੍ਰੈੱਸ ਲਾਉਣ ਲਈ 5000/- ਰੁਪਈਏ ਦੇਣ ਦੀ ਪੇਸ਼ਕਸ਼ ਕੀਤੀ।

ਆਪ ਇੱਕ ਬਹੁਤ ਵੱਡੇ ਸੰਗੀਤਕਾਰ ਸਨ। ਆਪ ਨੂੰ ਗੁਰਮੱਤ ਅਤੇ ਸ਼ਾਸਤਰੀ ਸੰਗੀਤ ਦੀ ਪੂਰੀ ਸੂਝ ਸੀ। ਆਪ ਜੀ ਨੇ ਭਾਈ ਗੁਰਚਰਨ ਸਿੰਘ ਕੰਵਲ ਦੇ ਸ਼ਬਦਾਂ ਵਿੱਚ, "ਸਾਰੀ ਉਮਰ ਗੁਰੂ ਸਾਹਿਬਾਨ ਦੇ ਵਕਤ ਤੋਂ ਚੱਲ ਰਹੀ ਕੀਰਤਨ ਦੀ ਪਰੰਪਰਾ ਨੂੰ ਕਾਇਮ ਰੱਖਣ ਲਈ, ਗੁਰਮਤਿ ਕੀਰਤਨ ਦੀ ਜੋ ਵੱਖਰੀ ਸ਼ੈਲੀ ਹੈ, ਉਸ ਨੂੰ ਸੰਭਾਲਣ ਦੇ ਉਪਰਾਲੇ ਕਰਦੇ ਰਹੇ।" ਆਪ ਸੰਗੀਤ ਦੇ ਕਲਾਕਾਰਾਂ ਨੂੰ ਮਾਣ ਸਤਿਕਾਰ ਅਤੇ ਖੁਲ੍ਹੇ ਗੱਫੇ ਵੀ ਦੇਂਦੇ ਰਹੇ। ਉਸ ਸਮੇਂ ਦੇ ਮਸ਼ਹੂਰ ਗਵੱਈਏ, ਆਪ ਜੀ ਦੀ ਕ੍ਰਿਪਾ ਦੇ ਪਾਤਰ ਬਣੇ। ਆਪ ਜਿਸ ਰਾਗ ਦਾ ਸ਼ਬਦ ਹੁੰਦਾ ਉਸ ਰਾਗ ਵਿੱਚ ਹੀ ਗਾਉਂਦੇ ਅਤੇ ਸੁਣਦੇ ਸਨ।

ਆਪ ਬਹੁਤ ਵੱਡੇ ਰਾਜਨੀਤਕ ਰਹਿਨੁਮਾ ਸਨ। ਆਪ ਦੂਰ ਦੀ ਸੋਝੀ ਰੱਖਦੇ ਸਨ। ਆਪ ਚਿੰਤਨ ਕਰਕੇ ਸਮੇਂ ਸਿਰ ਸਹੀ ਨਿਰਨਾ ਲੈਂਦੇ ਸਨ। ਬਰਤਾਨਵੀ ਸਾਮਰਾਜ ਦਾ ਤਾਂ ਸਾਰਾ ਨਾਮਧਾਰੀ ਪੰਥ ਹੀ ਵਿਰੋਧੀ ਸੀ ਸਤਿਗੁਰੂ ਜੀ ਦੀ ਗੱਲ ਹੀ ਕੀ ਕਹਿਣੀ। ਆਪ ਅੰਗਰੇਜ਼ਾਂ ਦੀ ਕੁਟਲ ਨੀਤੀ ਨੂੰ ਸਮਝਦੇ ਸਨ। ਇਸ ਕਰਕੇ ਹੀ ਆਪ ਨੇ ਪਹਿਲੇ ਵਿਸ਼ਵ ਯੁੱਧ ਸਮੇਂ ਅੰਗਰੇਜ਼ਾਂ ਦੀ ਕੋਈ ਮਦਦ ਨਾ ਕੀਤੀ, ਜਦੋਂ ਕਿ ਸਣੇ ਕਾਂਗਰਸ—ਅੰਗਰੇਜ਼ਾਂ ਦੇ ਯੁੱਧ ਜਿੱਤਣ ਬਾਅਦ ਕੁਝ ਮਿਲਣ ਦੀ ਆਸ ਨਾਲ—ਸਭ ਨੇ ਉਹਨਾਂ ਲਈ ਭਰਤੀ ਹੋਣ ਲਈ ਭਾਰਤੀਆਂ ਨੂੰ ਉਤਸ਼ਾਹਤ ਕੀਤਾ। ਆਪ ਨੇ ਸਕੱਤਰ ਪੰਜਾਬ, ਮਿਸਟਰ ਕਰੇਕ ਨਾਲ ਨਿੱਜੀ ਸਾਂਝ ਦਾ ਵੀ ਲਿਹਾਜ ਨਾ ਕੀਤਾ। ਸ੍ਰ. ਗੁਰਬਖ਼ਸ਼ ਸਿੰਘ ਦੇ ਸ਼ਬਦਾਂ ਵਿੱਚ, "ਮਹਾਰਾਜ ਪਰਤਾਪ ਸਿੰਘ ਏਸ ਵੱਡੀ ਸਿਫਤ ਵਿੱਚ ਲਗਭਗ ਲਾਸਾਨੀ ਗਿਣੇ ਜਾਣਗੇ ਕਿ ਉਹਨਾ ਨੇ ਆਪਣੀ ਧਾਰਮਿਕ ਸੰਸਥਾ ਨੂੰ ਹਮੇਸ਼ਾ ਸਾਮਰਾਜ ਦਾ ਵਿਰੋਧੀ ਰੱਖਿਆ। ਨਾਮਧਾਰੀ ਕੱਟੜ-ਧਰਮੀ ਹੁੰਦਿਆਂ ਵੀ ਸਰਕਾਰ ਤੋਂ ਬਾਗ਼ੀ ਰਹੇ। ਇਹਨਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ। ਹਰ ਕੌਮੀ ਅੰਦੋਲਨ ਵਿੱਚ ਹਿੱਸਾ ਪਾਇਆ।"

ਆਪ ਨੇ ਕੌਮਾਂਤਰੀ ਪੱਧਰ ਉੱਤੇ ਸੁਤੰਤਰਤਾ ਸੰਗਰਾਮੀ ਸਿੱਖਾਂ ਦੀ ਪਛਾਣ ਕਾਇਮ ਰੱਖਣ ਲਈ, ਕੁਝ ਸਿੱਖ ਆਗੂਆਂ ਦੇ ਕਹਿਣ ਦੇ ਬਾਵਜੂਦ ਕਿ—1929 ਈ: ਦੇ ਲਾਹੌਰ ਕਾਂਗਰਸ ਸਮਾਗਮ ਵਿੱਚ ਹਿੱਸਾ ਲੈਣ ਵਾਲਾ ਸਿੱਖ ਨਹੀਂ—1929 ਦੇ ਸਮਾਗਮ ਵਿੱਚ ਪੂਰਨ ਸਹਿਯੋਗ ਦਿੱਤਾ।

ਅੰਗਰੇਜ ਸਰਕਾਰ ਨੇ ਜਦੋਂ ਵੀ ਜ਼ੁਲਮ ਕੀਤਾ ਆਪ ਨੇ ਉਸ ਦੇ ਵਿਰੁਧ ਅਵਾਜ਼ ਉਠਾਈ, ਉਹ ਜ਼ੁਲਮ ਭਾਵੇਂ ਗੁਰਦੁਆਰਿਆਂ ਦੇ ਮੁਕਤੀ ਅੰਦੋਲਨ ਸਮੇਂ ਸੀ ਜਾਂ ਹੋਰ ਕਿਸੇ ਵਕਤ। ਸੋਹਨ ਸਿੰਘ ਜੋਸ਼ ਨੇ ਲਿਖਿਆ ਹੈ ਕਿ, "ਜਿਸ ਤਰ੍ਹਾਂ ਜ਼ੁਲਮ ਦੇ ਖ਼ਿਲਾਫ਼ ਮਹਾਰਾਜ ਪਰਤਾਪ ਸਿੰਘ ਦੇ ਦਿਲ ਵਿਚ ਨਫ਼ਰਤ ਸੀ ਅਤੇ ਉਹ ਆਪਣੇ ਸਾਥੀਆਂ ਨਾਲ ਕੌਮੀ ਲੜਾਈ ਵਿੱਚ ਲੜੇ। ਉਹ ਭੁੱਲਣ ਵਾਲੀ ਗੱਲ ਨਹੀਂ।"

ਦੇਸ਼ ਦੀ ਵੰਡ ਸਮੇਂ ਵੀ ਆਪ ਨੇ ਹੀ ਅਹਿਸਾਸ ਕੀਤਾ ਕਿ ਇਸ ਸਮੇਂ ਭਾਰੀ



Namdhari Elibrary NamdhariElibrary@gmail.com

ਜਾਨੀ, ਮਾਲੀ ਅਤੇ ਲਜ-ਪੱਤ ਦਾ ਨੁਕਸਾਨ ਹੋ ਸਕਦਾ ਸੀ । ਏਸੇ ਕਰਕੇ ਆਪ ਨੇ ਸਿੱਖਾਂ ਨੂੰ ਵਾਰ ਵਾਰ ਕਿਹਾ ਕਿ ਉਹ ਆਪਣੇ ਬਚਾਅ ਲਈ ਹੀ ਰਾਵੀ ਪਾਰ ਕਰ ਜਾਣ ।

ਆਪ ਸਨਾਤਨੀ ਅਤੇ ਸਿੱਖੀ ਪਰੰਪਰਾ ਦੇ ਅਲਮਬਰਦਾਰ ਸਨ । ਆਪ ਗੁਰੂ ਨਾਨਕ ਦੀ ਕਥਣੀ, 'ਤਿਤ ਘਿਇ ਹੋਮ ਜਗ ਸਦ ਪੂਜਾ' ਨੂੰ ਸਮਝਦੇ ਸਨ । ਆਪ ਹਰ ਕਾਰਜ ਦੀ ਸਿੱਧੀ ਲਈ ਹਵਨ ਕਰਦੇ ਸਨ । 1937 ਈ: ਵਿੱਚ ਲਾਹੌਰ ਖੁਲ੍ਹਣ ਵਾਲੇ ਵੱਡੇ ਬੁੱਚੜਖਾਨੇ ਨੂੰ ਰੋਕਣ ਲਈ ਆਪ ਨੇ ਚੰਡੀ ਦੀ ਵਾਰ ਦੇ ਸਵਾ ਲੱਖ ਪਾਠਾਂ ਦਾ ਹਵਨ ਕੀਤਾ ।

ਆਪ ਇੱਕ ਸਫਲ ਕਿਸਾਨ ਸਨ । ਆਪ ਨੂੰ ਧਰਤੀ ਦੀ ਉਪਜਾਊ ਸ਼ਕਤੀ ਦੀ ਪਰਖ-ਪਹਿਚਾਨ ਸੀ । ਆਪ ਧਰਤੀ ਦੀ ਉਪਜਾਊ ਸ਼ਕਤੀ ਵਧਾਉਣ ਵਾਲੇ ਢੰਗਾਂ ਤਰੀਕਿਆਂ ਤੋਂ ਵੀ ਜਾਣੂ ਸਨ । ਏਸੇ ਕਰਕੇ ਧਰਤੀ ਨੂੰ ਪਛਾਣ ਕੇ ਆਪ ਨੇ ਉਹ ਥਾਂ ਖਰੀਦ ਕੇ ਸਿੱਖਾਂ ਨੂੰ ਵਸਾਇਆ ਜਿਥੇ ਪਾਣੀ ਦੂਰ ਸੀ, ਫਸਲ ਦੇ ਨਾਂ ਤੇ ਮੀਂਹ ਪੈਣ ਨਾਲ, ਬਾਜਰਾ ਛੋਲੇ ਹੀ ਹੁੰਦੇ ਸਨ ਅਤੇ ਫਲਾਂ ਦੇ ਨਾਂ ਉੱਤੇ, ਪੇਂਝੂ, ਪੀਲੂ, ਮਲ੍ਹਿਆਂ ਦੇ ਬੇਰਾਂ, ਖ਼ਰਬੂਜ਼ਿਆਂ, ਹਦਵਾਣਿਆਂ ਆਦਿ ਦੀ ਹੀ ਬਹੁਤਾਤ ਸੀ । ਉਹੀ ਧਰਤੀ ਸਮਾਂ ਪਾ ਕੇ ਕਪਾਹ, ਕਣਕ, ਝੋਨੇ, ਗੰਨੇ ਆਦਿ ਦੀਆਂ ਫ਼ਸਲਾਂ ਦਾ ਘਰ ਬਣ ਗਈ । ਫਲਾਂ ਦੇ ਨਾਂ ਤੇ ਵੀ, ਅੰਗੂਰਾਂ, ਸੰਤਰਿਆਂ, ਮਾਲਟਿਆਂ, ਕਿਨੂੰਆਂ ਆਦਿ ਦੇ ਬਾਗ ਲਾਏ ਜਾਣ ਲਗੇ । ਆਪ ਨੇ ਦੇਸੀ ਖਾਦ ਨਾਲ ਹੀ ਸਾਰੀਆਂ ਫ਼ਸਲਾਂ ਲੈਣ ਦੀ ਜਾਚ ਦੱਸੀ ।

ਆਪ ਸਮਝਦੇ ਸਨ ਕਿ ਰਸਾਇਣਕ ਖਾਦਾਂ ਦਾ ਭਾਵੇਂ ਵਕਤੀ ਤੌਰ ਤੇ ਲਾਭ ਹੁੰਦਾ ਸੀ, ਲੰਮੇ ਸਮੇਂ ਲਈ ਤਾਂ ਉਹ ਨੁਕਸਾਨਦਾਇਕ ਸਨ ।

ਆਪ ਨੂੰ ਖੇਤੀ ਦੇ ਮੁੱਖ ਅੰਗ ਪਸ਼ੂ ਧਨ ਦਾ ਵੀ ਭਰਪੂਰ ਗਿਆਨ ਸੀ । ਆਪ ਗਊਆਂ, ਮੱਝਾਂ, ਘੋੜਿਆਂ ਦੀਆਂ ਨਸਲਾਂ ਦੀ ਪਛਾਣ ਰੱਖਦੇ ਸਨ । ਉਂਜ ਵੀ ਗਊ ਰੱਖਿਆ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਮੁੱਲ ਰੱਖਦੀ ਹੈ । ਆਪ ਨੇ ਗਊ ਰੱਖਿਆ ਲਈ, ਕਾਂਗਰਸ ਜਿਸ ਨਾਲ ਆਪ ਰਾਜਨੀਤਿਕ ਸਾਂਝ ਰੱਖਦੇ ਸਨ, ਦੀ ਵਿਰੋਧੀ ਪਾਰਟੀ, ਜਨਸੰਘ ਨਾਲ ਵੀ ਸਾਂਝ ਰੱਖੀ ਅਤੇ ਅਲਾਹਾਬਾਦ ਸਮਾਗਮ ਵਿੱਚ ਹਿੱਸਾ ਲਿਆ । ਆਪ ਨੇ ਉੱਥੇ ਜਾਣ ਕਰ ਕੇ ਜੇ ਪੰਡਤ ਜਵਾਹਰ ਲਾਲ ਨਹਿਰੂ ਨਰਾਜ਼ ਹੋ ਜਾਣ ਤਾਂ ਉਸ ਦੀ ਵੀ ਪਰਵਾਹ ਨਾ ਕੀਤੀ । ਹੋਰ ਵੀ ਗਊ-ਭਗਤਾਂ ਨਾਲ ਆਪ ਨੇ ਤਾਲਮੇਲ ਵਧਾਇਆ । ਜੇ. ਐਨ. ਮਾਨੇਕਰ ਨੇ ਆਪ ਬਾਰੇ ਕਿਹਾ ਕਿ, "ਸਤਿਗੁਰੂ ਜੀ ਨਾਲ ਮੇਰਾ ਮੇਲ ਗਊ ਰੱਖਿਆ ਦੇ ਮਸਲੇ ਤੇ ਹੋਇਆ ਤੇ ਅਸਾਂ ਵੇਖਿਆ ਕਿ ਸਤਿਗੁਰੂ ਜੀ ਕਿੰਨੇ ਗਊ ਪ੍ਰੇਮੀ ਤੇ ਗੋਪਾਲ ਸਨ ।"

ਸਤਿਗੁਰੂ ਜੀ ਦੀ ਦੇਖ ਰੇਖ ਵਿਚ ਪਾਲੇ ਤੇ ਸੰਭਾਲੇ, ਆਪ ਦੇ ਫਾਰਮ ਦੇ ਪਸ਼ੂ, ਭਾਰਤ ਦੀਆਂ ਪਸ਼ੂ ਪਰਦਰਸ਼ਨੀਆਂ ਵਿੱਚ ਆਪਣੀ ਪਛਾਣ ਕਾਇਮ ਕਰ ਸੱਕੇ । ਮੱਝਾਂ ਅਤੇ ਗਊਆਂ ਵੱਧ ਦੁੱਧ ਦੇਣ ਵਾਲੀਆਂ ਸਨ । ਘੋੜੇ ਦੌੜਾਂ ਜਿੱਤ ਕੇ ਹੋਰਾਂ ਦੇ ਦਿਲਾਂ ਵਿਚ ਘਰ ਕਰ ਜਾਂਦੇ । ਜੇ ਕੋਈ ਪਸ਼ੂ ਬਿਮਾਰ ਹੋ ਜਾਂਦਾ ਤਾਂ ਆਪ ਉਸ ਦਾ ਇਲਾਜ



Namdhari Elibrary NamdhariElibrary@gmail.com

ਆਪਣੀ ਦੇਖ-ਰੇਖ ਵਿੱਚ ਆਪਣੇ ਨੁਸਖ਼ਿਆ ਨਾਲ ਕਰਵਾਉਂਦੇ ਸਨ ।

ਆਪ ਸਮਝਦੇ ਸਨ ਕਿ ਖ਼ੁਰਾਕ ਦੇ ਸਾਰੇ ਪੌਸ਼ਟਿਕ ਤੱਤ ਸ਼ਾਕਾਹਾਰੀ ਖ਼ੁਰਾਕ ਵਿਚ ਹਨ । ਆਪ ਜੀ ਦੇ ਅਨੁਯਾਈ ਤਾਂ ਕੱਟਰ ਸ਼ਾਕਾਹਾਰੀ ਅਤੇ ਨਸ਼ਿਆਂ ਤੋਂ ਦੂਰ ਸਨ ਹੀ ਆਪ ਨੇ ਗ਼ੈਰ-ਨਾਮਧਾਰੀਆਂ ਵਿੱਚ ਵੀ ਇਸ ਦਾ ਪ੍ਰਚਾਰ ਕੀਤਾ । ਬਾਹਰ ਦੇ ਦੇਸ਼ਾਂ ਵਿਚ ਤਾਂ ਸ਼ਾਕਾਹਾਰੀ ਹੋਣਾ ਹੀ ਕੋਈ ਪਰੀ ਕਹਾਣੀ ਸੀ । ਏਸੇ ਕਰ ਕੇ ਸੰਡੇ ਪੋਸਟ ਨੇ ਨਾਮਧਾਰੀ ਸਿੱਖਾਂ ਬਾਬਤ ਲਿਖਿਆ ਕਿ,

"ਭਾਵੇਂ ਇਤਬਾਰ ਕਰੋ ਜਾਂ ਨਾ ਪਰ ਐਸੇ ਸਿੱਖ ਹਨ ਜੋ ਮਾਸ ਨਹੀਂ ਖਾਂਦੇ ਜੋ ਸ਼ਰਾਬ ਨਹੀਂ ਪੀਂਦੇ । ਇਹ ਕੋਈ ਕਲਪਿਤ ਕਹਾਣੀ ਨਹੀਂ ਸਗੋਂ ਹਕੀਕਤ ਹੈ ।"

ਸਤਿਗੁਰੂ ਜੀ ਨੇ ਇੱਕ ਵਾਰ ਸ਼ਰਾਬ ਬਾਰੇ ਬੈਂਕੌਕ ਵਿਚ ਉਪਦੇਸ਼ ਕਰਦਿਆਂ ਕਿਹਾ ਕਿ, "ਬਈ ਸ਼ਰਾਬ ਵਲੋਂ ਖਿਮਾ ਕਰੋ, ਇਸ ਦਾ ਖਹਿੜਾ ਛੱਡੋ, ਬੜੀ ਬੁਰੀ ਚੀਜ਼ ਹੈ । ਹਿੰਦੂਆਂ ਨੂੰ ਇਜਾਜ਼ਤ ਨਹੀਂ, ਸਿੱਖਾਂ ਨੂੰ ਇਜਾਜ਼ਤ ਨਹੀਂ, ਮੁਸਲਮਾਨਾਂ 'ਚ ਇਜਾਜ਼ਤ ਨਹੀਂ ਪੀਵੇ ਕੋਈ ।"

ਆਪ ਨਾਮਧਾਰੀਆਂ ਨੂੰ ਵਧੀਆ ਸਿੱਖ ਬਣਨ ਲਈ ਪ੍ਰੇਰਦੇ ਰਹੇ । ਆਪ ਉਹਨਾਂ ਨੂੰ ਸਦਾ ਸਦਾਚਾਰਕ ਕਦਰਾਂ ਕੀਮਤਾਂ ਨੂੰ ਅਪਨਾਉਣ ਲਈ ਸਿੱਖਿਆ ਦੇਂਦੇ ਰਹੇ । ਆਪ ਉਹਨਾਂ ਨੂੰ ਸੱਚ ਸੁੱਚ ਸੰਜਮ ਨਾਲ ਜਿਉਂਣ ਬਾਰੇ ਸੁਮੱਤ ਦੇਂਦੇ ਸਨ । ਅਮਰ ਭਾਰਤੀ ਦੇ ਸ਼ਬਦਾਂ ਵਿਚ, "ਸਤਿਗੁਰੂ ਜੀ ਦੀ ਕਲਪਨਾ ਦਾ ਮਨੁੱਖ ਉਹ ਹੈ ਜਿਸ ਨੇ ਆਪਣੀਆਂ ਬਿਰਤੀਆਂ ਨੂੰ ਸੋਧਿਆ ਹੈ, ਸੋਧ ਕੇ ਉਹਨਾਂ ਉਪਰ ਅੰਕੁਸ਼ ਲਗਾਇਆ ਹੈ ।"

ਆਪ ਨੇ 10 ਨਵੰਬਰ 1952 ਨੂੰ ਬੈਂਕੌਕ ਦੀ ਸਾਧ ਸੰਗਤ ਨੂੰ ਸਰਬ ਸਾਂਝਾ ਉਪਦੇਸ਼ ਕਰਦਿਆਂ ਬਚਨ ਕੀਤੇ :—

"ਏਥੇ ਨਾ ਅਕਾਲੀ ਨਾ ਨਾਮਧਾਰੀ, ਨਾ ਹਿੰਦੂ, ਸਾਰੇ ਮਨੁੱਖ ਹੋ, ਸਾਰੇ ਸਿੱਖ ਹੋ । ਸਭ ਇਕ ਦੇ ਬਣਾਏ ਹੋ ਪ੍ਰਮਾਤਮਾ ਦੇ । ਅਗੋਂ ਜਿਸ ਤਰ੍ਹਾਂ ਵੀ ਮੰਨਦੇ ਹੋ ਕਿਸੇ ਗੁਰੂ ਨੂੰ ਕਿਸੇ ਤਰ੍ਹਾਂ ਕਹਿ ਮੰਨ ਲਵੋ । ਤੁਹਾਨੂੰ ਸਤਿਗੁਰੂ, ਮਹਾਂਪੁਰਸ਼ ਕੋਈ ਨਹੀਂ ਉਪਦੇਸ਼ ਦੇਂਦਾ ਕਿ ਜ਼ਬਾਨ ਕਰ ਕੇ ਫਿਰ ਜਾਓ, ਬੁਰਾ ਕਰੋ, ਝੂਠ ਬੋਲੋ, ਚੋਰੀ ਕਰੋ, ਯਾਰੀ ਕਰੋ, ਠੱਗੀ ਕਰੋ, ਮਾਸ ਖਾਓ, ਸ਼ਰਾਬ ਪੀਓ ।" ਇਹ ਬਚਨ ਤਾਂ ਜਿਹੜਾ ਵੀ ਇਹਨਾਂ ਉੱਤੇ ਅਮਲ ਕਰੇ ਸਭ ਨੂੰ ਸੁਖ ਦੇਂਦੇ ਸਨ ।

ਆਪ ਇਕ ਵਧੀਆ ਬੁਲਾਰੇ ਸਨ । ਆਪ ਜੀ ਦੀ ਬਾਣੀ ਵਿੱਚ ਕੀਲ ਲੈਣ ਦੀ ਸ਼ਕਤੀ ਸੀ । ਜਦੋਂ ਵੀ ਆਪ ਬਚਨ ਕਰਦੇ ਤਰਕ ਸੰਗਤ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਕਰਦੇ ਸਨ । ਆਪ ਦੀ ਸ਼ਬਦ ਚੋਣ ਅਤੇ ਗਿਆਨ ਸੁਣਨ ਵਾਲੇ ਨੂੰ ਆਪ ਦਾ ਉਪਦੇਸ਼ ਕਾਇਲ ਕਰ ਲੈਂਦਾ ਸੀ । ਜੇ ਆਪ ਕਥਾ ਕਰਦੇ ਤਾਂ ਉਸ ਨੂੰ ਸੁਣ ਕੇ ਵੀ ਸੰਗਤ ਅਨੰਦ ਲੈਂਦੀ ।

ਸਤਿਗੁਰੂ ਨਾਨਕ ਦੇਵ ਜੀ ਤੋਂ ਬਾਅਦ ਆਪ ਦੂਸਰੇ ਸਤਿਗੁਰੂ ਸਨ ਜਿਨ੍ਹਾਂ ਨੇ ਖਾਰੇ ਸਮੁੰਦਰੋਂ ਪਾਰ ਵੀ ਦਰਸ਼ਨ ਦਿੱਤੇ । ਸਿੱਖੀ ਦਾ ਪਰਚਾਰ ਕੀਤਾ ਏਕਤਾ ਅਤੇ ਮਿਲਵਰਤਨ ਦਾ ਸਬਕ ਦਿੱਤਾ । ਆਪ ਨੇ ਭਾਰਤ ਤੋਂ ਬਾਹਰ ਦੇ ਦੇਸਾਂ ਵਿੱਚ 27



Namdhari Elibrary NamdhariElibrary@gmail.com

ੇਰੇ ਕੀਤੇ । ਆਪ ਨੇ 22 ਵਾਰ ਥਾਈਲੈਂਡ, ਇਕ ਵਾਰ ਸਿੰਘਾਪੁਰ ਅਤੇ ਚਾਰ ਵਾਰ ਅਫਰੀਕਾ, ਕੀਨੀਆਂ ਯੁਗੰਡਾ ਆਦਿ ਦੀ ਧਰਤੀ ਨੂੰ ਆਪਣੀ ਚਰਨ ਛੋਹ ਬਖਸ਼ੀ ।

ਗੁਣੀ ਗਹੀਰ ਸਾਹਿਬ, ਸਤਿਗੁਰੂ ਪਰਤਾਪ ਸਿੰਘ ਜੀ ਸਿੱਖ ਗੁਰੂ ਸਾਹਿਬਾਨਾਂ ਵਿੱਚੋਂ ਗੁਰੂ ਨਾਨਕ ਤੋਂ ਬਾਅਦ ਸਭ ਤੋਂ ਵਧ ਸਮਾਂ ਗੁਰਗੱਦੀ ਉੱਤੇ ਬਿਰਾਜਮਾਨ ਰਹੇ । ਆਪ ਨੇ ਆਪਣੀ ਅਧਿਆਤਮਕ ਸ਼ਕਤੀ, ਦੈਵੀ ਬੱਲ, ਦਿਮਾਗੀ ਸਮਰਥਾ, ਰਾਜਨੀਤਿਕ ਰਹਿਨੁਮਾਈ, ਕੁਸ਼ਲ ਪ੍ਰਬੰਧ, ਅਪਾਰ ਬਖਸ਼ਸ਼, ਸੁਤੰਤਰ ਸੋਚ, ਸੰਗੀਤ ਦੀ ਕਦਰਦਾਨੀ, ਪਸ਼ੂ ਧਨ ਦੀ ਸੰਭਾਲ, ਮਰਯਾਦਾ ਦੀ ਸਰਵਉੱਚਤਾ, ਅਨੁਸ਼ਾਸਨ ਬਧ ਜੀਵਨ, ਲੋਕ ਹਿਤਕਾਰੀ ਅਮਲ, ਜੁੜਨ-ਜੋੜਨ ਪ੍ਰਕਿਰਿਆ, ਵਿਰਸੇ ਦੀ ਸੰਭਾਲ ਬੰਦਗੀ ਦੇ ਸੁਖ ਅਨੰਦ ਅਤੇ ਬੇਅੰਤ ਉਦਾਰਤਾ, ਨਾਲ ਮਾੜੇ ਦੀ ਮਦਦ ਦਾ ਅਹਿਸਾਸ ਕਰਵਾ ਕੇ, ਐਸੇ ਉਮਦਾ, ਆਦਰਸ਼ ਨਾਮਧਾਰੀ ਸਮਾਜ ਦੀ ਉਸਾਰੀ ਕੀਤੀ ਜਿਹੜਾ ਅਜੇ ਵੀ ਆਪ ਦੇ ਪਾਏ ਪੂਰਨਿਆਂ ਉੱਤੇ ਚਲ ਕੇ ਸੁੱਖ-ਸਾਗਰ ਵਿੱਚ ਤਾਰੀਆਂ ਲਾਉਂਦਾ ਹੈ ।



Namdhari Elibrary NamdhariElibrary@gmail.com

# ਸਹਾਇਕ ਪੁਸਤਕਾਂ ਤੇ ਪੱਤ੍ਰਿਕਾਵਾਂ


1. ਆਦਿ ਸ੍ਰੀ ਗ੍ਰੰਥ ਸਾਹਿਬ —ਸਤਿਗੁਰੂ ਅਰਜਨ ਦੇਵ
2. ਦਸਮ ਗ੍ਰੰਥ ਸਾਹਿਬ —ਸਤਿਗੁਰੂ ਗੋਬਿੰਦ ਸਿੰਘ
3. ਹੁਕਮ ਨਾਮੇ —ਸਤਿਗੁਰੂ ਰਾਮ ਸਿੰਘ
4. ਗ੍ਰੰਥ ਗੁਰੂ ਵਿਚਾਰ —ਮਹਾਰਾਜ ਬੀਰ ਸਿੰਘ
5. ਨਾਮਧਾਰੀ ਅਤੇ ਕਾਂਗਰਸ —ਮਹਾਰਾਜ ਬੀਰ ਸਿੰਘ
6. ਵਾਰਾਂ —ਭਾਈ ਗੁਰਦਾਸ
7. ਮਹਾਨ ਕੋਸ਼ —ਕਾਨ੍ਹ ਸਿੰਘ
8. ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ —ਸ਼ਾਹ ਮੁਹੰਮਦ
9. ਸਤਿਗੁਰੂ ਬਿਲਾਸ —ਬਾਬਾ ਸੰਤੋਖ ਸਿੰਘ
10. ਜੁਗ ਪਲਟਾਊ ਸਤਿਗੁਰੂ —ਨਿਧਾਨ ਸਿੰਘ ਆਲਮ
11. ਸ੍ਰੀ ਸਤਿਗੁਰੂ ਬਿਲਾਸ —ਸੰਤ ਧਿਆਨ ਸਿੰਘ ਮਿੰਟਗੁਮਰੀ
12. ਨਾਮਧਾਰੀ ਸਿੰਘਾਂ ਦਾ ਪੰਥ ਪ੍ਰਕਾਸ਼ —ਗਿਆਨੀ ਕਾਹਲਾ ਸਿੰਘ
13. ਕੂਕੇ ਸਿੱਖ ਤੇ ਅੰਗ੍ਰੇਜ਼ ਰਾਜ —ਗਿਆਨੀ ਕਾਹਲਾ ਸਿੰਘ
14. ਸੰਤ ਖਾਲਸਾ ਅਰਥਾਤ ਤਵਾਰੀਖ਼ ਨਾਮਧਾਰੀ —ਸੰਤ ਹਰਨਾਮ ਸਿੰਘ
15. ਸਿੱਖ ਇਤਿਹਾਸ ਤੇ ਕੂਕੇ – ਤੁਲਨਾਤਮਕ ਅਧਿਐਨ —ਅਮਰ ਭਾਰਤੀ
16. ਸਤਿਗੁਰ ਤਿਸਕਾ ਨਾਉ —ਅਮਰ ਭਾਰਤੀ
17. ਨਾਮਧਾਰੀ ਇਤਿਹਾਸ —ਨਾਹਰ ਸਿੰਘ
18. ਮਾਲਵੇਂਦਰ —ਸੰਤ ਇੰਦਰ ਸਿੰਘ ਚਕਰਵਰਤੀ
19. ਕੂਕਿਆਂ ਬਾਰੇ —ਸੰਤ ਇੰਦਰ ਸਿੰਘ ਚਕਰਵਰਤੀ
20. ਅਟਲ-ਪ੍ਰਤਾਪੀ —ਸੰਤ ਇੰਦਰ ਸਿੰਘ ਚਕਰਵਰਤੀ
21. ਸੀਤਲਤਾ ਦਾ ਸ੍ਰੋਤ —ਨਿਹਾਲ ਸਿੰਘ
22. ਸਪਤ ਸ੍ਰਿੰਗ —ਕਪੂਰ ਸਿੰਘ
23. ਬਾਬਾ ਰਾਮ ਸਿੰਘ ਨਾਮਧਾਰੀ —ਜਸਵੰਤ ਸਿੰਘ ਜੱਸ




Namdhari Elibrary NamdhariElibrary@gmail.com

24. ਦੇਸ ਭਗਤ ਬਾਬੇ —ਜਸਵੰਤ ਸਿੰਘ ਜੱ
25. ਕੂਕਿਆਂ ਦੀ ਵਿੱਥਿਆ —ਡਾ: ਗੰਡਾ ਸਿੰ
26. ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ-ਪੰਜਾਬ —ਡਾ: ਗੰਡਾ ਸਿੰ
27. ਸੰਖੇਪ ਸਿੱਖ ਇਤਿਹਾਸ —ਪਿਆਰਾ ਸਿੰਘ ਪਦ
28. ਪੰਜਾਬ ਦੀਆਂ ਲਹਿਰਾਂ —ਸ਼ਮਸ਼ੇਰ ਸਿੰਘ ਅਸ਼ੋ
29. ਅਕਾਲੀ ਮੋਰਚਿਆਂ ਦਾ ਇਤਿਹਾਸ —ਸੋਹਨ ਸਿੰਘ ਜੋ
30. ਬੀਤੇ ਦੀਆਂ ਪੈੜਾਂ, ਭਾਗ 1 ਤੇ 2 —ਪ੍ਰੀਤਮ ਸਿੰਘ ਕਵੰ
31. ਜੱਸ-ਜੀਵਨ ਭਾਗ ਇੱਕ ਤੋਂ ਚਾਰ ਤੱਕ —ਤਰਨ ਸਿੰਘ ਵਹਿਮ
32. ਸਭਹਨ ਕੇ ਸਿਰਮੌਰ —ਤਾਰਾ ਸਿੰਘ ਅਨਜਾਣ
33. ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਹਰੋ —ਜਸਵਿੰਦਰ ਸਿੰਘ, ਤਾਰਾ ਸਿੰਘ ਅਨਜਾਣ
34. ਵਡ ਪਰਤਾਪੁ ਅਚਰਜ ਰੂਪ
—ਤਾਰਾ ਸਿੰਘ ਕਾਮਿਲ, ਜਸਵਿੰਦਰ ਸਿੰਘ, ਤਾਰਾ ਸਿੰਘ ਅਨਜਾਣ
35. ਪਰਤਾਪ ਸਦਾ ਗੁਰ ਕਾ ਘਟਿ ਘਟਿ
—ਜਸਵਿੰਦਰ ਸਿੰਘ, ਤਾਰਾ ਸਿੰਘ ਅਨਜਾਣ
36. ਸਤਿਗੁਰੂ ਪਰਤਾਪ ਸਿੰਘ ਇਕ ਮਹਾਨ ਸਤਿਗੁਰੂ —ਡਾ: ਕਰਮ ਸਿੰਘ ਕਪੂਰ

1. Encyclopaedia Britannica Vol. VII & VIII
2. A History of the Sikhs —J. D. Cunningham
3. History of the Punjab —Syed Mohammad Latif
4. Guru Ram Singh & Kuka Sikhs Vol. I, II & III —Nahar Singh
5. Rebels Against the British Rule —Bhai Nahar Singh & Bhai Kirpal Singh
6. Kukas —M. M. Ahluwalia
7. Kuka Movement —Dr. Fauja Singh
8. A History of Sikhs Vol. I & II —Khuswant Singh
9. A History of the Sikh People —Dr. Gopal Singh
10. Kuka Movement —Jaswinder Singh
11. Kukas of Notes in the Punjab —Jaswinder Singh
12. History of Freedom Movement in India —R. C. Majumdar
13. Armed Struggle for Freedom —S. S. Apte
14. Haritage of the Sikhs —Harbans Singh
15. Advanced Study in the History of India Vol. II —G. S. Chhabra



Namdhari Elibrary NamdhariElibrary@gmail.com

16. An Advance Book of Religious Studies — G. S. Talib
17. Eminent Freedom Fighers of Punjab —Dr. Fauja Singh
18. Lord of Virtues and Fortunes —Nihal Singh
१. सिख इतिहास —देस राज ठाकुर
२. श्री भैणी साहिब —प्रीतम सिंह कवि
३. गुरु राम सिंह और कूका विद्रोह —राम सरण विद्यार्थी

ਸਤਿਜੁਗ ਦੇ ਅੰਕ
22 ਮਾਘ 1986 ਬਿ:
29 ਮਾਘ 1988 ਬਿ:
20 ਭਾਦਰੋਂ 1998 ਬਿ:
8 ਮਾਘ 2009 ਬਿ:
15 ਅਸੂ 2016 ਬਿ:
23 ਭਾਦਰੋਂ 2018 ਬਿ:
21 ਭਾਦਰੋਂ 2020 ਬਿ:
7 ਵਸਾਖ 2047 ਬਿ:

ਵਰਿਆਮ ਸਤਿਗੁਰੂ ਜਗਜੀਤ ਸਿੰਘ ਅੰਕ



Namdhari Elibrary NamdhariElibrary@gmail.com

Namdhari Elibrary NamdhariElibrary@gmail.com

Namdhari Elibrary NamdhariElibrary@gmail.com



ਤਾਰਾ ਸਿੰਘ ਅਨਜਾਣ

ਜਨਮ 1944

— ਪੰਜਾਬੀ ਦੀ ਐਮ. ਏ., ਬੀ. ਐਡ.

— ਭਿਵਾਨੀ, ਸਰਸਾ ਤੇ ਦਿੱਲੀ ਦੇ ਸਰਕਾਰੀ ਸਕੂਲਾਂ ਵਿੱਚ 25 ਸਾਲ ਦੇ ਪੰਜਾਬੀ-ਅਧਿਆਪਨ ਤੋਂ ਬਾਅਦ ਅੱਜ ਕੱਲ੍ਹ ਆਪ S. C. E. R. T. ਨਵੀਂ ਦਿੱਲੀ ਵਿੱਚ ਲੈਕਚਰਾਰ ਵਜੋਂ ਕੰਮ ਕਰ ਰਹੇ ਹਨ।

— ਪੰਜਾਬੀ ਭਾਸ਼ਾ ਅਧਿਆਪਕ ਐਸੋਸੀਏਸ਼ਨ ਦਿੱਲੀ ਦੇ ਲਗਭਗ ਡੇਢ ਦਹਾਕੇ ਤਕ ਜਨਰਲ ਸਕੱਤਰ ਜਾਂ ਪ੍ਰਧਾਨ ਦੇ ਪਦ ਉੱਤੇ ਸੇਵਾ ਕਰਦੇ ਰਹੇ ਹਨ। ਆਪ ਨੇ ਦਿੱਲੀ ਦੇ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਦੇ ਗੁਣਾਤਮਕ ਪੱਖ ਨੂੰ ਉਚੇਰਾ ਕਰਨ ਤੇ ਪੰਜਾਬੀ ਭਾਸ਼ਾ ਤੇ ਅਧਿਆਪਨ ਦੇ ਵਿਕਾਸ ਵੱਲ ਪ੍ਰਮਾਣਕ ਕੰਮ ਕੀਤਾ ਹੈ।

ਆਪ ਦੀਆਂ ਕੁਝ ਪ੍ਰਕਾਸ਼ਨਾ ਇਉਂ ਹਨ :

1. 'ਸਭਹਨ ਕੇ ਸਿਰਮੌਰ' — ਮੌਲਿਕ ਜੀਵਨੀ
2. ਕਥਾ-ਕਹਾਣੀ — ਸਹਿ-ਸੰਪਾਦਨ
3. 'ਬਡ ਪਰਤਾਪੁ ਸੁਣਿਓ ਪ੍ਰਭੁ ਤੁਮ੍ਹਰੋ' — ਸਹਿ-ਸੰਪਾਦਨ
4. 'ਵਡ ਪਰਤਾਪੁ ਅਚਰਜ ਰੂਪ' — ਸਹਿ-ਸੰਪਾਦਨ
5. ਪਰਤਾਪ ਸਦਾ ਗੁਰ ਕਾ ਘਟਿ ਘਟਿ — ਸਹਿ-ਸੰਪਾਦਨ
6. ਸਾਡੇ ਲਾਭਦਾਇਕ ਬੂਟੇ — ਅਨੁਵਾਦ
7. ਸਾਹਿਬੁ ਗੁਣੀ ਗਹੇਰਾ — ਮੌਲਿਕ ਜੀਵਨੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com